ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 11 | Issue 44 | 05 November 2021 to 11 November 2021 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com

# ਜਥੇਦਾਰਾਂ ਵੱਲੋਂ ਦੀਵਾਲੀ ਮੌਕੇ ਸਿੱਖ ਕੌਮ ਦੇ ਨਾਂ ਸੰਦੇਸ਼

**✪ ਜਥੇਦਾਰ ਹਰਪ੍ਰੀਤ ਸਿੰਘ ਨੇ ਧਰਮ ਪਰਿਵਰਤਨ 'ਤੇ ਪ੍ਰਗਟਾਈ ਚਿੰਤਾ ਤੇ ਕਿਹਾ ਕਿ ਸਿੱਖ ਕੌਮ ਬੰਦੀ ਸਿਖਾਂ ਦੀ ਰਿਹਾਈ ਲਈ ਸਰਕਾਰ 'ਤੇ ਦਬਾਅ ਬਣਾਵੇ ✪ ਭਾਈ ਮੰਡ ਨੂੰ ਪੁਲੀਸ ਨੇ ਸ੍ਰੀ ਹਰਿਮੰਦਰ ਸਾਹਿਬ ਸਮੂਹ ਅੰਦਰ ਨਹੀਂ ਜਾਣ ਦਿੱਤਾ ✪ ਬੰਦੀ ਛੋੜ ਦਿਵਸ ਮੌਕੇ ਵੱਡੀ ਗਿਣਤੀ ਵਿਚ ਸ਼ਰਧਾਲੂਆਂ ਨੇ ਹਰਿਮੰਦਰ ਸਾਹਿਬ ਮੱਥਾ ਟੇਕਿਆ**

**ਅੰਮ੍ਰਿਤਸਰ/ਏ.ਟੀ.ਨਿਊਜ਼:** ਬੰਦੀ ਛੋੜ ਦਿਵਸ ਤੇ ਦੀਵਾਲੀ ਦੀ ਸ਼ਾਮ ਨੂੰ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿੱਚ ਦੋ ਜਥੇਦਾਰਾਂ ਸ੍ਰੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਅਤੇ ਮੁਤਵਾਜ਼ੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਵਲੋਂ ਸਿੱਖ ਕੌਮ ਦੇ ਨਾਂ ਸੰਦੇਸ਼ ਜਾਰੀ ਕੀਤੇ ਗਏ ਹਨ। ਭਾਈ ਮੰਡ ਨੂੰ ਪੁਲੀਸ ਨੇ ਸ੍ਰੀ ਹਰਿਮੰਦਰ ਸਾਹਿਬ ਸਮੂਹ ਅੰਦਰ ਨਹੀਂ ਜਾਣ ਦਿੱਤਾ, ਜਿਸ ਕਾਰਨ ਉਨ੍ਹਾਂ ਬਾਹਰੋਂ ਹੀ ਸੰਦੇਸ਼ ਜਾਰੀ ਕੀਤਾ। ਇਸ ਦਿਵਸ ਮੌਕੇ ਵੱਡੀ ਗਿਣਤੀ ਵਿਚ ਸ਼ਰਧਾਲੂਆਂ ਨੇ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਿਆ।

ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ ਵਿੱਚ ਕਈ ਬੰਦੀ ਸਿੱਖ ਅਜਿਹੇ ਹਨ, ਜਿਨ੍ਹਾਂ ਦੀਆਂ ਅਦਾਲਤਾਂ ਵੱਲੋਂ ਦਿੱਤੀਆਂ ਸਜ਼ਾਵਾਂ ਪੂਰੀਆਂ ਹੋ ਚੁੱਕੀਆਂ ਹਨ ਪਰ ਭਾਰਤ ਸਰਕਾਰ ਉਨ੍ਹਾਂ ਨੂੰ ਰਿਹਾਅ ਨਹੀਂ ਕਰ ਰਹੀ। ਸਿੱਖ ਕੌਮ ਉਨ੍ਹਾਂ ਦੀ ਰਿਹਾਈ ਲਈ ਭਾਰਤ ਸਰਕਾਰ 'ਤੇ ਕੌਮੀ ਪੱਧਰ ਦਾ ਦਬਾਅ ਬਣਾਵੇ। ਉਨ੍ਹਾਂ ਲਾਲਚ ਵੱਸ ਕੀਤੇ ਜਾ ਰਹੇ ਧਰਮ ਪਰਿਵਰਤਨ 'ਤੇ ਚਿੰਤਾ ਪ੍ਰਗਟਾਉਂਦਿਆਂ ਕਿਹਾ, "ਕੌਮ ਇਸ ਪ੍ਰਤੀ ਸੁਚੇਤ ਹੋਵੇ। ਸਿੱਖ ਸੰਸਥਾਵਾਂ ਅਜਿਹੇ ਪ੍ਰੋਗਰਾਮ ਉਲੀਕਣ।

ਇਸ ਦੌਰਾਨ ਸ਼੍ਰੋਮਣੀ ਕਮੇਟੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਸੰਗਤਾਂ ਨੂੰ ਬੰਦੀ ਛੋੜ ਦਿਵਸ ਦੀਆਂ ਮੁਬਾਰਕਾਂ ਦਿਤੀਆਂ। ਇਸ ਮੌਕੇ ਸ੍ਰੀ ਹਰਿਮੰਦਰ ਸਾਹਿਬ ਨੂੰ ਪੂਰੀ ਤਰ੍ਹਾਂ ਰੁਸ਼ਨਾਇਆ ਗਿਆ ਸੀ ਅਤੇ ਕੁਝ ਮਿੰਟਾਂ ਲਈ ਆਤਿਸ਼ਬਾਜ਼ੀ ਵੀ ਕੀਤੀ





ਗਈ। ਪਰੰਪਰਾ ਮੁਤਾਬਕ ਨਿਹੰਗ ਜਥੇਬੰਦੀਆਂ ਦੇ ਮੁਖੀਆਂ ਨੂੰ ਸਨਮਾਨਿਤ ਕੀਤਾ ਗਿਆ।

ਮੁਤਵਾਜ਼ੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਨੇ ਸੂਚਨਾ ਕੇਂਦਰ ਨੇੜੇ ਸਿੱਖ ਕੌਮ ਦੇ ਨਾਂ ਸੰਦੇਸ਼ ਜਾਰੀ ਕਰਦਿਆਂ ਸਿੱਖ ਕੌਮ ਨੂੰ ਸੱਦਾ ਦਿੱਤਾ ਕਿ ਇਕ ਨਵੀਂ ਪੰਥਕ ਸਫ਼ਬੰਦੀ ਕੀਤੀ ਜਾਵੇ ਅਤੇ ਪੰਥਕ ਜਜ਼ਬਾਤ ਦੀ ਤਰਜਮਾਨੀ ਕਰਨ ਵਾਲੇ ਆਗੂਆਂ ਨੂੰ ਪੰਥ ਦੀ ਅਗਵਾਈ ਵਾਸਤੇ ਅੱਗੇ ਲਿਆਂਦਾ ਜਾਵੇ। ਉਨ੍ਹਾਂ ਕਿਹਾ ਕਿ ਮੌਜੂਦਾ ਸਰਕਾਰਾਂ ਕੋਲੋਂ ਨਾ ਤਾਂ ਬੇਅਦਬੀ ਮਾਮਲੇ ਵਿੱਚ ਇਨਸਾਫ਼ ਮਿਲਿਆ ਹੈ ਅਤੇ ਨਾ ਹੀ ਜੇਲ੍ਹਾਂ ਵਿੱਚ ਬੰਦੀ ਸਿੱਖ ਰਿਹਾਅ ਕੀਤੇ ਗਏ ਹਨ। ਕਿਸਾਨ ਵੀ ਇੱਕ ਸਾਲ ਤੋਂ ਨਿਆਂ ਮੰਗਦੇ ਹੋਏ ਸੜਕਾਂ 'ਤੇ ਰੁਲ ਰਹੇ ਹਨ। ਸਿੱਖ ਪੰਥ ਨੇ ਪੰਜਾਬ ਦੇ ਹੱਕ ਮੰਗਦਿਆਂ ਵੱਡਾ ਨੁਕਸਾਨ ਝੱਲਿਆ ਹੈ। ਉਨ੍ਹਾਂ ਨੇ ਕੇਂਦਰ ਸਰਕਾਰ ਵਲੋਂ ਬੀਐੱਸਐੱਫ ਦਾ ਅਧਿਕਾਰ ਖੇਤਰ ਵਧਾਉਣ ਦੇ ਫ਼ੈਸਲੇ ਦਾ ਵੀ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਮੌਜੂਦਾ ਹਾਲਾਤ ਵਿਚ ਸਮੁੱਚੀ ਕੌਮ ਨੂੰ ਖ਼ਾਲਸਈ ਨਿਸ਼ਾਨ ਹੇਠਾਂ ਇਕੱਠੇ ਹੋਣਾ ਚਾਹੀਦਾ ਹੈ, ਤਾਂ ਜੋ ਕੌਮ ਆਪਣਾ ਏਜੰਡਾ ਬਣਾ ਸਕੇ ਅਤੇ ਉਸਦੀ ਪ੍ਰਾਪਤੀ ਲਈ ਸੰਘਰਸ਼ ਕਰ ਸਕੇ।

**ਜਥੇਦਾਰ ਹਵਾਰਾ ਵੱਲੋਂ ਕੌਮ ਦੇ ਨਾਂ ਸੰਦੇਸ਼ ਜਾਰੀ**

ਹਵਾਰਾ ਕਮੇਟੀ ਨੇ ਬੰਦੀ ਛੋੜ ਦਿਵਸ ਤੋਂ ਇੱਕ ਦਿਨ ਪਹਿਲਾਂ ਹੀ ਮੁਤਵਾਜ਼ੀ ਜਥੇਦਾਰ ਜਗਤਾਰ ਸਿੰਘ ਹਵਾਰਾ ਦਾ ਕੌਮ ਦੇ ਨਾਂ ਸੰਦੇਸ਼ ਜਾਰੀ ਕਰ ਦਿੱਤਾ ਹੈ। ਸਾਬਕਾ ਪੰਜ ਪਿਆਰਿਆਂ ਵਿਚੋਂ ਭਾਈ ਸਤਨਾਮ ਸਿੰਘ ਝੰਜੀਆਂ ਨੇ ਇਹ ਸੰਦੇਸ਼ ਪੜ੍ਹਿਆ। ਸੰਦੇਸ਼ ਵਿਚ ਉਨ੍ਹਾਂ ਬੰਦੀ ਛੋੜ ਦਿਵਸ ਦਾ ਜ਼ਿਕਰ ਕਰਦਿਆਂ ਇਤਿਹਾਸ ਤੋਂ ਸੇਧ ਲੈਣ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਉਸ ਵੇਲੇ ਵੀ ਹਾਕਮਾਂ ਨੂੰ ਅਕਾਲ ਤਖ਼ਤ ਅਤੇ ਦਰਬਾਰ ਸਾਹਿਬ ਦੀ ਹੋਂਦ ਚੁਭਦੀ ਸੀ ਅਤੇ ਅੱਜ ਵੀ ਦਿੱਲੀ ਦੇ ਹਾਕਮਾਂ ਨੂੰ ਇਹ ਬਰਦਾਸ਼ਤ ਨਹੀਂ। ਕੋਈ ਇਸ ਨੂੰ ਇਮਾਰਤ ਸਮਝ ਕੇ ਹਮਲਾ ਕਰ ਰਿਹਾ ਅਤੇ ਕੋਈ ਸਿਧਾਂਤ ਨੂੰ ਢਾਹ ਲਾ ਰਿਹਾ ਹੈ। ਇਸ ਦੁਖਦਾਈ ਵਰਤਾਰੇ ਲਈ ਸਿਰਫ ਸਿੱਖ ਕੌਮ ਦੇ ਸਿਆਸੀ ਤੇ ਧਾਰਮਿਕ ਆਗੂ ਹੀ ਨਹੀਂ ਸਿੱਖਾਂ ਦਾ ਅਵੇਸਲਾਪਣ ਵੀ ਜ਼ਿੰਮੇਵਾਰ ਹੈ। ਕਿਸਾਨ ਸੰਘਰਸ਼ ਦਾ ਜ਼ਿਕਰ ਕਰਦਿਆਂ ਉਨ੍ਹਾਂ ਲਖੀਮਪੁਰ ਖੀਰੀ ਘਟਨਾ ਬਾਰੇ ਆਖਿਆ ਕਿ ਇਸ ਰਾਹੀਂ ਲੋਕਾਂ ਦੀ ਆਵਾਜ਼ ਨੂੰ ਜ਼ੁਲਮ ਦੀ ਤਾਕਤ ਨਾਲ ਦਬਾਇਆ ਜਾ ਰਿਹਾ ਹੈ। ਬੇਅਦਬੀ ਮਾਮਲਿਆਂ ਵਿਚ ਇਨਸਾਫ ਨਾ ਮਿਲਣ ਕਾਰਨ ਨਿਰਾਸ਼ਾ ਹੈ। ਉਨ੍ਹਾਂ ਕਿਹਾ ਕਿ ਇਸ ਪਾਵਨ ਦਿਹਾੜੇ 'ਤੇ ਆਪਸੀ ਦੂਰੀਆਂ ਖਤਮ ਕਰਨ ਦੀ ਲੋੜ ਹੈ।

# ਨਵਜੋਤ ਸਿੱਧੂ ਸੀਐੱਮ ਚੰਨੀ ਦੇ ਕੰਮਕਾਜ ਤੋਂ ਵੀ ਸੰਤੁਸ਼ਟ ਨਹੀਂ

**✪ ਦਿੱਤੀ ਚੁਣੌਤੀ, ਡਰੱਗਜ਼ ਰਿਪੋਰਟ ਜਨਤਕ ਕਰਨ ਦੀ ਹਿੰਮਤ ਨਹੀਂ ਤਾਂ ਮੈਨੂੰ ਦੇ ਦਿਉ, ਮੈਂ ਕਰ ਦਿਆਂਗਾ ਜਨਤਕ ✪ ਕੈਪਟਨ ਸਭ ਤੋਂ ਵੱਡਾ ਫਰਾਡ ਤੇ ਕਾਇਰ- ਨਵਜੋਤ ਸਿੱਧੂ ✪ ਸਿੱਧੂ ਦਾ ਦਾਅਵਾ ਕਿ ਵਿਧਾਨ ਸਭਾ ਚੋਣਾਂ 'ਚ ਉਹ ਕਾਂਗਰਸ ਨੂੰ 80 ਤੋਂ 100 ਸੀਟਾਂ ਜਿਤਾਉਣਗੇ ✪ ਸਿੱਧੂ ਗੁਰਦੁਆਰਾ ਬੁਰਜ ਜਵਾਹਰ ਸਿੰਘ ਵਾਲਾ ਨਤਮਸਤਕ ਹੋਏ**

**ਚੰਡੀਗੜ੍ਹ/ਏ.ਟੀ.ਨਿਊਜ਼:** ਕੈਪਟਨ ਅਮਰਿੰਦਰ ਸਿੰਘ ਨੂੰ ਮੁੱਖ ਮੰਤਰੀ ਦੀ ਕੁਰਸੀ ਤੋਂ ਲਾਹੁਣ 'ਚ ਅਹਿਮ ਭੂਮਿਕਾ ਨਿਭਾਉਣ ਵਾਲੇ ਨਵਜੋਤ ਸਿੰਘ ਸਿੱਧੂ ( ਹੁਣ ਨਵੇਂ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਹੁਣ ਤਕ ਦੇ ਕੰਮਕਾਜ ਤੋਂ ਵੀ ਸੰਤੁਸ਼ਟ ਨਹੀਂ ਹਨ। ਜਿਨ੍ਹਾਂ ਮੁੱਦਿਆ ਨੂੰ ਲੈ ਕੇ ਉਹ ਕੈਪਟਨ ਨੂੰ ਘੇਰਦੇ ਸਨ, ਉਨ੍ਹਾਂ ਮੁੱਦਿਆਂ 'ਤੇ ਉਨ੍ਹਾਂ ਨੇ ਚੰਨੀ 'ਤੇ ਹਮਲਾ ਕੀਤਾ। ਉਨ੍ਹਾਂ ਪਾਰਟੀ ਦੇ ਸੂਬਾਈ ਪ੍ਰਧਾਨ ਅਹੁਦੇ ਤੋਂ ਆਪਣਾ ਅਸਤੀਫ਼ਾ ਵਾਪਸ ਲੈਣ ਦਾ ਐਲਾਨ ਕੀਤਾ ਪਰ ਨਾਲ ਹੀ ਇਹ ਸ਼ਰਤ ਵੀ ਰੱਖ ਦਿੱਤੀ ਕਿ ਜਦੋਂ ਤਕ ਐਡਵੋਕੇਟ ਜਨਰਲ ਤੇ ਡੀਜੀਪੀ ਨਹੀਂ ਹਟਾਏ ਜਾਂਦੇ ਉਦੋਂ ਤਕ ਉਹ ਕਾਂਗਰਸ ਭਵਨ ਨਹੀਂ ਜਾਣਗੇ।

ਸਿੱਧੂ ਨੇ ਕਿਹਾ, 'ਦੋ ਮੁੱਦੇ ਸਨ, ਬੇਅਦਬੀ ਤੇ ਡਰੱਗਜ਼। ਇਕ ਮੁੱਖ ਮੰਤਰੀ ਨੂੰ ਹਟਾਇਆ, ਦੂਜੇ ਨੂੰ ਲਗਾਇਆ। 90 ਦਿਨਾਂ ਦੀ ਸਰਕਾਰ ਹੈ। 50 ਦਿਨ ਬੀਤ ਗਏ, ਪਰ ਇਨ੍ਹਾਂ ਦੋਵੇਂ ਮੁੱਦਿਆਂ 'ਤੇ ਕੁਝ ਨਹੀਂ ਹੋਇਆ।'ਸਿੱਧੂ ਨੇ ਪੰਜਾਬ ਸਰਕਾਰ ਨੂੰ ਚੁਣੌਤੀ ਦਿੰਦੇ ਹੋਏ ਕਿਹਾ, 'ਜੇਕਰ ਸਰਕਾਰ 'ਚ ਡਰੱਗਜ਼ ਮਾਮਲੇ ਦੀ ਰਿਪੋਰਟ ਜਨਤਕ ਕਰਨ ਦੀ ਹਿੰਮਤ ਨਹੀਂ ਹੈ, ਤਾਂ ਇਹ ਰਿਪੋਰਟ ਪਾਰਟੀ ਨੂੰ ਦੇਣ। ਮੈਂ ਜਨਤਕ ਕਰ ਦਿਆਂਗਾ। ਮੇਰੇ ਵਿਚ ਹਿੰਮਤ ਹੈ ਤੇ ਦਮ ਵੀ।'

ਸਿੱਧੂ ਨੇ ਕਿਹਾ, 'ਸਾਬਕਾ ਡੀਜੀਪੀ ਸੁਮੇਧ ਸੈਣੀ ਦੀ ਅੱਖ ਦਾ ਤਾਰਾ ਰਹੇ ਇਕਬਾਲ ਪ੍ਰੀਤ ਸਿੰਘ ਸਹੋਤਾ ਤੇ ਸੈਣੀ ਨੂੰ ਬਲੈਂਕੇਟ ਬੇਲ ਦਿਵਾਉਣ ਵਾਲੇ ਏਪੀਐੱਸ ਦਿਓਲ ਨੂੰ ਡੀਜੀਪੀ ਤੇ ਏਜੀ ਲਗਾਇਆ ਗਿਆ। ਇਨ੍ਹਾਂ ਨੇ ਬਾਦਲਾਂ ਨੂੰ ਸੁਰੱਖਿਆ ਕਵੱਚ ਦਿੱਤਾ। ਇਕਬਾਲ ਪ੍ਰੀਤ ਸਿੰਘ ਸਹੋਤਾ ਨੇ ਹੀ 2015 ਵਿਚ ਐੱਸਆਈਟੀ ਦਾ ਮੁਖੀ ਹੁੰਦੇ ਹੋਏ ਬਰਗਾੜੀ ਕਾਂਡ 'ਵਿਚ ਕਲੀਨ ਚਿੱਟ ਦੇ ਦਿੱਤੀ ਸੀ। ਸਾਨੂੰ



ਚੋਣਾਂ ਵਿਚ ਲੋਕਾਂ ਨੂੰ ਇਸ ਮੁੱਦੇ 'ਤੇ ਜਵਾਬ ਦੇਣਾ ਪਵੇਗਾ। ਡਰੱਗਜ਼ ਮੁੱਦੇ ਨੂੰ ਰੋਸ਼ਨੀ 'ਚ ਲਿਆਉਣ ਵਾਲੇ ਰਾਹੁਲ ਗਾਂਧੀ ਸਨ। ਸਾਨੂੰ ਹਾਈਕਮਾਨ ਦੀ ਸੋਚ 'ਤੇ ਪਹਿਰਾ ਦੇਣਾ ਪਵੇਗਾ।

**ਚਿਹਰਾ ਲੋਕ ਬਣਦੇ ਹਨ**

2022 ਦੀਆਂ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਪਾਰਟੀ ਦਾ ਚਿਹਰਾ ਕੌਣ ਹੋਵੇਗਾ, ਇਸ ਦੇ ਜਵਾਬ 'ਚ ਸਿੱਧੂ ਨੇ ਕਿਹਾ, 'ਫੇਸ ਲੋਕ ਬਣਾਉਂਦੇ ਹਨ। ਮੈਂ ਛੇ ਵਾਰੀ ਚੋਣ ਜਿੱਤਿਆ। ਕਾਂਗਰਸ ਵਿਚ ਆਉਣ ਤੋਂ ਪਹਿਲਾਂ 70 ਵਾਰੀ ਪ੍ਰਸ਼ਾਂਤ ਕਿਸ਼ੋਰ ਨੇ ਮੇਰੇ ਨਾਲ ਬੈਠਕ ਕੀਤੀ।'

**80 ਤੋਂ 100 ਸੀਟਾਂ ਉਤੇ ਜਿੱਤ ਹਾਸਲ ਕਰਾਂਗੇ: ਸਿੱਧੂ**

ਸਿੱਧੂ ਨੇ ਦਾਅਵਾ ਕੀਤਾ ਕਿ ਵਿਧਾਨ ਸਭਾ ਚੋਣਾਂ 'ਚ ਉਹ ਕਾਂਗਰਸ ਨੂੰ 80 ਤੋਂ 100 ਸੀਟਾਂ ਜਿਤਾਉਣਗੇ। ਪ੍ਰਸ਼ਾਂਤ ਕਿਸ਼ੋਰ ਕਾਂਗਰਸ ਲਈ ਰਣਨੀਤੀ ਬਣਾਉਣਗੇ ਜਾਂ ਨਹੀਂ, ਇਸ 'ਤੇ ਉਨ੍ਹਾਂ ਕਿਹਾ ਕਿ ਇਹ ਫ਼ੈਸਲਾ ਪਾਰਟੀ ਕਰੇਗੀ।

**500 ਵਾਅਦੇ ਕਰਨ ਜਾਂ ਲਾਲੀਪਾਪ ਦੇਣ ਨਾਲ ਗੱਲ ਨਹੀਂ ਬਣੇਗੀ**

ਸਿੱਧੂ ਨੇ ਕਿਹਾ ਕਿ 500 ਵਾਅਦੇ ਕਰਨ ਜਾਂ ਲਾਲੀਪਾਪ ਦੇਣ ਨਾਲ ਗੱਲ ਨਹੀਂ ਬਣੇਗੀ। ਇਹ ਤੈਅ ਕਰਨਾ ਪਵੇਗਾ ਕਿ ਪੰਜਾਬ ਨੂੰ ਇਕ ਵੈੱਲਫੇਅਰ ਸਟੇਟ ਬਣਾਉਣਾ ਹੈ ਜਾਂ ਸਿਰਫ਼ ਚੋਣ ਜਿੱਤਣ ਲਈ ਵਾਅਦੇ ਕਰਨੇ ਹਨ। ਇਸ 'ਤੇ ਪੱਤਰਕਾਰਾਂ ਨੇ ਸਵਾਲ ਪੁੱਛਿਆ ਤਾਂ ਸਿੱਧੂ ਨੇ ਕਿਹਾ, 'ਜੇਕਰ ਮੈਂ ਲਾਲੀਪਾਪ ਵਾਲੀ ਗੱਲ ਕਹਿੰਦਾ ਹਾਂ ਤਾਂ ਇਸ ਦਾ ਮਤਲਬ ਇਹ ਨਹੀਂ ਕਿ ਮੈਂ ਆਪਣੀ ਸਰਕਾਰ 'ਤੇ ਹਮਲਾ ਕਰ ਰਿਹਾ ਹਾਂ। ਅਰਵਿੰਦ ਕੇਜਰੀਵਾਲ ਪੰਜਾਬ ਆ ਕੇ 26 ਲੱਖ ਨੌਕਰੀਆਂ ਤੇ ਬਿਜਲੀ 'ਤੇ ਵਾਅਦੇ ਕਰ ਕੇ ਜਾਂਦੇ ਹਨ। ਮੈਂ ਨਾਂ ਨਹੀਂ ਲੈਂਦਾ ਤਾਂ ਇਸਦਾ ਮਤਲਬ ਇਹ ਨਹੀਂ ਕਿ ਮੈਂ ਮੁੱਖ ਮੰਤਰੀ 'ਤੇ ਹਮਲਾ ਕਰ ਰਿਹਾ ਹਾਂ।'

ਸਿੱਧੂ ਗੁਰਦੁਆਰਾ ਬੁਰਜ ਜਵਾਹਰ ਸਿੰਘ ਵਾਲਾ ਨਤਮਸਤਕ ਹੋਏ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੱਧੂ ਨੇ ਸ਼ੁੱਕਰਵਾਰ ਨੂੰ ਅਸਤੀਫ਼ਾ ਵਾਪਸ ਲੈਣ ਦਾ ਐਲਾਨ ਕੀਤਾ ਸੀ ਤੇ ਦੂਸਰੇ ਹੀ ਦਿਨ ਸ਼ਨਿਚਰਵਾਰ ਨੂੰ ਬਿਨਾਂ ਕਿਸੇ ਰਸਮੀ ਪ੍ਰੋਗਰਾਮ ਦੇ ਉਹ ਫ਼ਰੀਦਕੋਟ ਦੇ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਵਿਖੇ ਨਤਮਸਤਕ ਹੋਏ। ਇਸ ਬਾਰੇ ਉਨ੍ਹਾਂ ਸੋਸ਼ਲ ਮੀਡੀਆ 'ਤੇ ਤਸਵੀਰਾਂ ਸਾਂਝੀਆਂ ਕਰ ਕੇ ਜਾਣਕਾਰੀ ਦਿੱਤੀ।

ਬਾਕੀ ਸਫ਼ਾ 30 'ਤੇ

## ਸਿੰਘੂ ਬਾਰਡਰ 'ਤੇ ਗੁੰਡਿਆਂ ਵਲੋਂ ਪਟਾਕੇ ਸੁਟਣ ਕਾਰਨ ਤਿੰਨ ਟੈਂਟ ਅਤੇ ਇਕ ਟਰਾਲੀ ਸੜੀ

**ਸੋਨੀਪਤ/ਏ.ਟੀ.ਨਿਊਜ਼:** ਸੰਯੁਕਤ ਕਿਸਾਨ ਮੋਰਚੇ ਦੇ ਵਾਲੰਟੀਅਰਾਂ ਦੀ ਚੌਕਸੀ ਦੇ ਬਾਵਜੂਦ ਦੀਵਾਲੀ ਦੀ ਰਾਤ ਕੁੱਝ ਗੁੰਡੇ ਅਨਸਰ ਸਿੰਘੂ ਦੇ ਕਿਸਾਨ ਮੋਰਚੇ 'ਤੇ ਪਟਾਕੇ ਚਲਾਉਣ ਲੱਗ ਪਏ ਜਿਸ ਕਾਰਨ ਅੱਗ ਲੱਗ ਗਈ। ਕਿਸਾਨਾਂ ਵੱਲੋਂ ਲਾਏ ਗਏ ਆਰਜ਼ੀ ਟੈਂਟਾਂ ਵਿੱਚੋਂ ਤਿੰਨ ਟੈਂਟ ਅੱਗ ਕਾਰਨ ਸੜ ਗਏ ਅਤੇ ਇੱਕ ਟਰਾਲੀ ਵੀ ਨੁਕਸਾਨੀ ਗਈ। ਟਰਾਲੀ ਅਤੇ ਇੱਕ ਟੈਂਟ ਲਸਾੜਾ ਪਿੰਡ (ਜਲੰਧਰ) ਦੇ ਕਿਸਾਨਾਂ ਦਾ ਸੀ। ਬਾਕੀ ਦੋ ਟੈਂਟ ਪਿੰਡ ਪਾਲਾਂ (ਤਹਿਸੀਲ ਫਿਲੌਰ) ਅਤੇ ਚਹਿਲ ਖੁਰਦ (ਸ਼ਹੀਦ ਭਗਤ ਸਿੰਘ ਨਗਰ) ਦੇ ਕਿਸਾਨਾਂ ਦੇ ਸਨ। ਕਿਸਾਨ ਆਗੂਆਂ ਨੇ ਇਸ ਘਟਨਾ ਦੀ ਸਖ਼ਤ ਨਿੰਦਾ ਕਰਦਿਆਂ ਦੋਸ਼ ਲਾਇਆ ਹੈ ਕਿ ਸੱਤਾਧਾਰੀ ਧਿਰ ਦੇ ਕਥਿਤ ਇਸ਼ਾਰੇ 'ਤੇ ਸ਼ਰਾਰਤੀ ਅਨਸਰਾਂ ਨੇ ਦੀਵਾਲੀ ਮੌਕੇ ਜਾਣਬੁੱਝ ਕੇ ਪਟਾਕੇ ਟੈਂਟਾਂ ਵੱਲ ਚਲਾਏ।

ਕਿਸਾਨ ਆਗੂਆਂ ਨੇ ਸਵਾਲ ਖੜ੍ਹੇ ਕੀਤੇ ਹਨ ਕਿ ਹਰਿਆਣਾ ਸਰਕਾਰ ਵੱਲੋਂ ਜਿਨ੍ਹਾਂ 14 ਜ਼ਿਲ੍ਹਿਆਂ 'ਚ ਪਟਾਕੇ ਚਲਾਉਣ, ਵੇਚਣ ਅਤੇ ਭੰਡਾਰ ਕਰਨ ਦੀ ਮਨਾਹੀ ਕੀਤੀ ਗਈ ਸੀ, ਉਨ੍ਹਾਂ ਵਿੱਚ ਸੋਨੀਪਤ ਜ਼ਿਲ੍ਹਾ ਵੀ ਸ਼ਾਮਲ ਹੈ। ਸਿੰਘੂ ਮੋਰਚੇ 'ਤੇ ਜਿਹੜੀ ਥਾਂ ਉਪਰ ਟੈਂਟ ਸੁਆਹ ਹੋਏ ਹਨ, ਉਹ ਇਲਾਕਾ ਸੋਨੀਪਤ ਜ਼ਿਲ੍ਹੇ ਦੇ ਕੁੰਡਲੀ ਥਾਣੇ ਅਧੀਨ ਪੈਂਦਾ ਹੈ। ਜਾਣਕਾਰੀ ਅਨੁਸਾਰ ਦੀਵਾਲੀ ਦੀ ਰਾਤ ਸ਼ਾਮ 7 ਵਜੇ ਮਗਰੋਂ ਕੁੱਝ ਗੁੰਡੇ ਆਏ ਅਤੇ ਉਹ ਪਟਾਕੇ ਚਲਾਉਣ ਲੱਗ ਪਏ। ਉਨ੍ਹਾਂ ਇੱਕ ਮੰਦਰ ਕੋਲ ਵੀ ਪਟਾਕੇ ਚਲਾਏ ਪਰ ਪੁਜਾਰੀ ਵੱਲੋਂ ਰੋਕਣ 'ਤੇ ਉਹ ਕਥਿਤ ਸ਼ਰਾਰਤੀ ਅਨਸਰ ਉੱਥੋਂ ਚਲੇ ਗਏ। ਪਟਾਕਿਆਂ ਤੋਂ ਫੈਲੀ ਅੱਗ ਭੜਕ ਗਈ ਅਤੇ ਇੱਕ ਗੈਸ ਸਿਲੰਡਰ ਫਟਣ ਕਾਰਨ ਇਹ ਹੋਰ ਤੇਜ਼ੀ ਨਾਲ ਫੈਲੀ ਤੇ ਇੱਕ ਟਰਾਲੀ ਸਮੇਤ ਤਿੰਨ ਟੈਂਟ ਇਸ ਦੀ ਜ਼ੱਦ ਵਿੱਚ ਆ ਗਏ। ਟੈਂਟਾਂ ਵਿਚ ਰੱਖਿਆ ਸਾਰਾ ਸਾਮਾਨ ਸੁਆਹ ਹੋ ਗਿਆ। ਯੁਥ ਕਿਸਾਨ ਆਗੂ ਭੁਪਿੰਦਰ ਸਿੰਘ ਲੌਂਗੋਵਾਲ ਨੇ ਕਿਹਾ ਕਿ ਕਿਸਾਨਾਂ ਵੱਲੋਂ ਪਹਿਲਾਂ ਹੀ ਅੱਗ ਬੁਝਾਉਣ ਲਈ ਟੈਂਕੀਆਂ 'ਵਿਚ ਪਾਣੀ ਭਰ ਰੱਖਿਆ ਸੀ ਬਾਕੀ ਸਫ਼ਾ 30 'ਤੇ

**ਮਾਮਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦਾ**

## ਜਾਂਚ ਕਰ ਰਹੀ ਸਿੱਟ ਟੀਮ ਦੇ ਮੈਂਬਰਾਂ 'ਚ ਕੀਤਾ ਫੇਰਬਦਲ

**ਫਰੀਦਕੋਟ/ਏ.ਟੀ.ਨਿਊਜ਼:** 2015 ਦੇ ਬੇਅਦਬੀ ਮਾਮਲਿਆਂ ਦੀ ਜਾਂਚ ਕਰ ਰਹੀ ਵਿਸ਼ੇਸ਼ ਜਾਂਚ ਟੀਮ (ਸਿੱਟ) ਦੇ ਦੋ ਮੈਂਬਰਾਂ 'ਚ ਫੇਰਬਦਲ ਕੀਤੀ ਗਈ ਹੈ। ਡੀ.ਜੀ.ਪੀ. ਇਕਬਾਲ ਪ੍ਰੀਤ ਸਿੰਘ ਸਹੋਤਾ ਦੇ ਨਿਰਦੇਸ਼ਾਂ ਅਨੁਸਾਰ ਏ.ਆਈ.ਜੀ. ਰਜਿੰਦਰ ਸਿੰਘ ਸੋਹਲ ਅਤੇ ਕਮਾਂਡੈਂਟ ਉਪਿੰਦਰ ਸਿੰਘ ਘੁੰਮਣ ਨੂੰ ਤਬਦੀਲ ਕਰਕੇ ਐਸ.ਐਸ.ਪੀ. ਬਟਾਲਾ ਮੁਖਵਿੰਦਰ ਸਿੰਘ ਭੁੱਲਰ ਤੇ ਇੰਸਪੈਕਟਰ ਦਲਬੀਰ ਸਿੰਘ ਨੂੰ ਨਵੇਂ ਮੈਂਬਰਾਂ ਵਜੋਂ ਨਿਯੁਕਤ ਕੀਤਾ ਗਿਆ ਹੈ। ਸਿੱਟ ਮੁਖੀ ਸੁਰਿੰਦਰਪਾਲ ਸਿੰਘ ਪਰਮਾਰ ਹੀ ਰਹਿਣਗੇ। ਉਕਤ ਸਿੱਟ ਵਲੋਂ 8 ਨਵੰਬਰ ਨੂੰ ਬੇਅਦਬੀ ਮਾਮਲਿਆਂ ਦੀ ਜਾਂਚ ਸਬੰਧੀ ਡੇਰੀ ਮੁਖੀ ਤੋਂ ਰੋਹਤਕ ਦੀ ਸੁਨਾਰੀਆ ਜੇਲ੍ਹ 'ਚ ਪੁੱਛਗਿੱਛ ਕੀਤੀ ਜਾਵੇਗੀ। ਇਸ ਮਾਮਲੇ 'ਚ ਪਹਿਲਾਂ ਹੀ 7 ਡੇਰਾ ਪ੍ਰੇਮੀ ਗ੍ਰਿਫ਼ਤਾਰ ਕੀਤੇ ਜਾ ਚੁੱਕੇ ਹਨ ਤੇ ਤਿੰਨ ਦੀ ਭਾਲ ਜਾਰੀ ਹੈ

TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035

# ਯੂਬਾ ਸਿਟੀ ਗੁਰਦੁਆਰਾ ਵਿਚ ਭਾਰੀ ਰੌਣਕਾਂ ਵਿਸ਼ਾਲ ਨਗਰ ਕੀਰਤਨ 7 ਨਵੰਬਰ ਨੂੰ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:-** ਕੋਵਿਡ ਮਹਾਂਮਾਰੀ ਦੇ 2 ਸਾਲ ਬਾਅਦ ਯੂਬਾ ਸਿਟੀ ਵਿੱਚ ਇਸ ਵਾਰ 7 ਨਵੰਬਰ ਤੱਕ ਸੰਗਤਾਂ ਦੀਆਂ ਭਾਰੀ ਰੌਣਕਾਂ ਜੁੜ ਰਹੀਆਂ ਹਨ ਤੇ ਇਸ ਉਪਰੰਤ 7 ਨਵੰਬਰ ਨੂੰ ਭਾਰੀ ਨਗਰ ਕੀਰਤਨ ਸਜਾਇਆ ਜਾ ਰਿਹਾ ਹੈ। ਇੱਥੇ ਵੀ ਦੀਵਾਲੀ ਤੇ ਧਾਰਮਿਕ ਦੀਵਾਨ ਸਜਾਏ ਗਏ ਤੇ ਸੰਗਤਾਂ ਨੇ ਬੰਦੀ ਛੋੜ ਦਿਵਸ ਤੇ ਨਿਸ਼ਾਨ ਸਾਹਿਬ ਪਾਸ ਦੀਵੇ ਜਲਾਏ। ਸੰਗਤਾਂ ਦਾ ਅਥਾਹ ਇਕੱਠ ਦੇਖਣ ਨੂੰ ਮਿਲਿਆ। ਇਸ ਨਗਰ ਕੀਰਤਨ ਉਤੇ ਸੰਗਤਾਂ ਪੂਰੇ ਅਮਰੀਕਾ ਵਿਚੋਂ ਧਾਰਮਿਕ ਸਮਾਗਮਾਂ ਵਿੱਚ ਸ਼ਾਮਿਲ ਹੁੰਦੀਆਂ ਹਨ। ਕਈ ਦਿਨਾਂ ਤੋਂ



*ਯੂਬਾ ਸਿਟੀ ਦੇ ਗੁਰਦੁਆਰਾ ਸਾਹਿਬ ਚ ਦਿਵਾਲੀ ਅਤੇ ਨਗਰ ਕੀਰਤਨ ਲਈ ਕੀਤੀ ਗਈ ਦੀਪਮਾਲਾ।*

ਇਸ ਟਾਇਰਾ ਬਿਊਨਾ ਰੋਡ ਤੇ ਸਥਿਤ ਗੁਰਦੁਆਰਾ ਸਿੱਖ ਟੈਂਪਲ ’ਤੇ ਕਈ ਦਿਨਾਂ ਤੋਂ ਗੁਰਬਾਣੀ ਦਾ ਪਰਿਵਹਿਣ ਚਲ ਰਿਹਾ ਹੈ, ਇਸ ਦੌਰਾਨ ਪੰਥ ਦੇ ਉਚਕੋਟੀ ਦੇ ਰਾਗੀਆਂ ਤੇ ਕਵੀਸ਼ਰਾਂ ਨੇ ਗੁਰਬਾਣੀ ਨਾਲ ਸੰਗਤਾਂ ਨੂੰ ਜੋੜਿਆ।

# ਕੈਲੀਫੋਰਨੀਆ ਦੇ ਗੁਰੂਘਰਾਂ ਸਮੇਤ ਵੱਖ ਵੱਖ ਥਾਵਾਂ ’ਤੇ ਬੰਦੀ ਛੋੜ ਦਿਵਸ ਤੇ ਦੀਵਾਲੀ ਸ਼ਾਨਦਾਰ ਢੰਗ ਨਾਲ ਮਨਾਈ ਗਈ

## ਨਿਊਯਾਰਕ ਦੇ ਟਾਈਮਜ਼ ਸਕੂਏਰ ਵਿਖੇ ਹਜ਼ਾਰਾਂ ਲੋਕ ਇਕੱਠੇ ਹੋਏ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:-**ਕੋਵਿਡ-19 ਮਹਾਂਮਾਰੀ ਦੇ 2 ਸਾਲ ਬਾਅਦ ਘਟੇ ਪ੍ਰਕੋਪ ਉਪਰੰਤ ਭਾਰਤੀ ਮੂਲ ਦੇ ਅਮਰੀਕੀਆਂ ਖਾਸ ਕਰਕੇ ਪੰਜਾਬੀਆਂ ਨੇ ਬੰਦੀ ਛੋੜ ਦਿਵਸ ਤੇ ਦਿਵਾਲੀ ਦਾ ਤਿਓਹਾਰ ਗੁਰੂ ਘਰਾਂ ਤੇ ਮੰਦਿਰਾਂ ਵਿਚ ਬਹੁਤ ਹੀ ਉਤਸ਼ਾਹ ਤੇ ਸ਼ਰਧਾ ਨਾਲ ਮਨਾਇਆ। ਕੈਲੀਫੋਰਨੀਆ ਦੇ ਯੂਬਾ ਸਿਟੀ, ਮੋਡੈਸਟੋ, ਸੀਰਸ, ਫਰਿਜ਼ਨੋਂ, ਸੈਕਰਾਮੈਂਟੋ ਸਮੇਤ ਵੱਖ ਵੱਖ ਗੁਰੂਘਰਾਂ ਵਿਚ ਸੰਗਤਾਂ ਨੇ ਮੱਥਾ ਟੇਕਿਆ ਤੇ ਦੀਵੇ ਜਗਾਏ। ਸੰਗਤਾਂ ਨੇ ਇਕ ਦੂਸਰੇ ਨੂੰ ਦੀਵਾਲੀ ਦੀਆਂ ਮੁਬਾਰਕਾਂ ਦਿੱਤੀਆਂ।

ਨਿਊਯਾਰਕ ਦੇ ਟਾਈਮਜ਼ ਚੌਕ ਵਿਚ ਹਜ਼ਾਰਾਂ ਲੋਕਾਂ ਨੇ ਇਕੱਠੇ ਹੋ ਕੇ ਰੌਸ਼ਨੀਆਂ ਦਾ ਤਿਓਹਾਰ ਦੀਵਾਲੀ ਮਨਾਈ। ਸਭ ਤੋਂ ਪਹਿਲਾਂ ਦੀਵੇ ਜਗਾਉਣ ਦੀ ਰਸਮ ਹੋਈ। ਉਪਰੰਤ ਗੀਤ ਸੰਗੀਤ ਦਾ ਪ੍ਰੋਗਰਾਮ ਹੋਇਆ। ਇਸ ਇਕੱਠ ਵਿਚ ਉੱਚ ਪੱਧਰ ਦੇ ਸਰਕਾਰੀ ਅਧਿਕਾਰੀ, ਕਾਰੋਬਾਰੀ ਤੇ ਹੋਰ ਅਹਿਮ ਸ਼ਖਸੀਅਤਾਂ ਵੀ ਸ਼ਾਮਿਲ ਹੋਈਆਂ। ਸਮਾਗਮ ਨੂੰ ਨਿਊਯਾਰਕ ਵਿਚਲੇ ਭਾਰਤੀ ਕੌਂਸਲ ਜਨਰਲ ਰੰਧੀਰ ਜੈਸਵਾਲ, ਨਿਊਯਾਰਕ ਦੇ ਗਵਰਨਰ ਕੈਥਲੀਨ ਕੋਰਟਨੀ ਹੋਚੁਲ, ਯੂ ਐਸ ਸੈਨੇਟਰ ਚਾਰਲਸ



ਸ਼ੂਮਰ, ਸਟੇਟ ਸੈਨੇਟਰ ਜੌਹਨ ਲਿਓ ਤੇ ਹੋਰਨਾਂ ਨੇ ਸੰਬੋਧਿਤ ਕੀਤਾ। ਈਵੈਂਟਗੁਰੂ ਇੰਕ ਦੇ ਪ੍ਰਧਾਨ ਨੀਟਾ ਭਾਸੀਨ ਨੇ ਕਿਹਾ ਕਿ ਇਹ ਤਿਓਹਾਰ ਗਿਆਨ ਦੀ ਅਗਿਆਨਤਾ ਉਪਰ ਤੇ ਨੇਕੀ ਦੀ ਬਦੀ ਉਪਰ ਜਿੱਤ ਦਾ ਸੰਦੇਸ਼ ਦਿੰਦਾ ਹੈ ਤੇ ਅਮਨ, ਪਿਆਰ, ਏਕਤਾ ਤੇ ਇਕਜੁੱਟਤਾ ਦਾ ਪ੍ਰਤੀਕ ਹੈ। ਇਸ ਮੌਕੇ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ ਜਿਸ ਵਿਚ ਹੋਰ ਕਲਾਕਾਰਾਂ ਤੋਂ ਇਲਾਵਾ ਸਪਰਸ਼ ਸ਼ਾਹ, ਸਵੈ ਭਾਟੀਆ, ਚੂਜਨ ਕਰਿਊ ਇੰਟਰਨੈਸ਼ਨਲ ਗਰੁੱਪ ਦੇ ਕਾਲਕਾਰਾਂ, ਜਿਕਾਰੀਆ ਭੈਣਾਂ ਤੇ ਡੀ ਜੇ ਐਸ਼ ਨੇ ਭਰਪੂਰ ਮਨੋਰੰਜਨ ਕੀਤਾ। ਰੰਗਾ ਰੰਗ ਪ੍ਰੋਗਰਾਮ ਦੀ ਸਮਾਪਤੀ ਪ੍ਰਸਿੱਧ ਕੌਮਾਂਤਰੀ ਕਲਾਕਾਰ ਜੇ ਸੀਨ ਦੀ ਸ਼ਾਨਦਾਰ ਪੇਸ਼ਕਾਰੀ ਨਾਲ ਹੋਈ।

# ਸਿੱਖ ਆਗੂ ਰਵੀ ਭੱਲਾ ਹੋਬੋਕਨ ਸ਼ਹਿਰ ਦੇ ਮੁੜ ਨਿਰਵਿਰੋਧ ਮੇਅਰ ਚੁਣੇ ਗਏ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:** ਭਾਰਤੀ ਮੂਲ ਦੇ ਅਮਰੀਕੀ ਰਵੀ ਭੱਲਾ ਉਰਫ ਰਵਿੰਦਰ ਸਿੰਘ ਭੱਲਾ ਦੂਸਰੀ ਵਾਰ ਹੋਬੋਕਨ (ਨਿਊਜਰਸੀ) ਦੇ ਨਿਰਵਿਰੋਧ ਮੇਅਰ ਚੁਣੇ ਗਏ ਹਨ। ਭੱਲਾ ਪਹਿਲੇ ਭਾਰਤੀ ਮੂਲ ਦੇ ਅਮਰੀਕੀ ਸਿੱਖ ਹਨ ਜੋ ਨਿਊਜਰਸੀ ਦੇ ਸ਼ਹਿਰ ਹੋਬੋਕਨ ਦੇ ਦੂਸਰੀ ਵਾਰ ਨਿਰਵਿਰੋਧ ਮੇਅਰ ਦੇ ਅਹੁੱਦੇ ਲਈ ਚੁਣੇ ਗਏ ਹਨ। ਇਸ ਤੋਂ ਪਹਿਲਾਂ ਭੱਲਾ ਹੋਬੋਕਨ ਦੇ ਤਿੰਨ ਵਾਰ ਕੌਂਸਲਰ ਰਹਿ ਚੁੱਕੇ ਹਨ। 2017 ਵਿਚ ਉਹ ਪਹਿਲੀ ਵਾਰ ਸਾਬਕਾ ਮੇਅਰ ਡਾਨ ਜ਼ਿਮਰ ਦੀ ਹਮਾਇਤ ਨਾਲ ਮੇਅਰ ਚੁਣੇ ਗਏ ਸਨ। ਉਨਾਂ ਦੇ ਨਾਲ ਉਨਾਂ ਦੇ ਤਿੰਨ ਸਾਥੀ ਜਿਮ ਡਾਇਲ, ਐਮਿਟੀ ਜਾਬੋਰ ਤੇ ਜੋਇ ਕੁਇਨਟਰੋ ਵੀ ਹੋਬੋਕਨ ਦੇ ਕੌਂਸਲਰ ਵਜੋਂ ਆਪਣੀਆਂ ਸੀਟਾਂ ਜਿੱਤਣ ਵਿੱਚ ਸਫਲ ਰਹੇ। ਇਥੇ ਜਿਕਰਯੋਗ ਹੈ ਕਿ ਭੱਲਾ ਨੇ ਕੌਂਸਲਰ ਵਜੋਂ ਸ਼ਹਿਰ ਦੇ ਵਿਕਾਸ ਲਈ ਸਿਰਤੋੜ ਯਤਨ ਕੀਤੇ। ਉਨਾਂ ਨੇ ਹਰਿਆਵਲ



*ਰਵੀ ਭੱਲਾ ਆਪਣੀ ਪਤਨੀ ਨਵਨੀਤ ਤੇ ਦੋ ਬੱਚਿਆਂ ਨਾਲ*

ਵਾਲੇ ਖੇਤਰ ਵਿਚ 8 ਏਕੜ ਦਾ ਵਾਧਾ ਕੀਤਾ। ਸ਼ਹਿਰ ਲਈ ਪਾਣੀ ਵਾਲੇ ਵੱਡੇ ਟੈਂਕਾਂ ਦਾ ਪ੍ਰਬੰਧ ਕੀਤਾ ਜਿਨਾਂ ਵਿਚ 5000 ਲੱਖ ਗੈਲਨ ਪਾਣੀ ਦਾ ਭੰਡਾਰ ਕੀਤਾ ਜਾ ਸਕਦਾ ਹੈ। ਬਾਰਿਸ਼ ਦਾ ਪਾਣੀ ਇਨਾਂ ਟੈਂਕਾਂ ਵਿਚ ਭਰਿਆ ਜਾਂਦਾ ਹੈ ਤੇ ਪਾਣੀ ਨੂੰ ਸਾਫ ਕਰਨ ਉਪਰੰਤ ਮੁੜ ਨਾਲ ਲੱਗਦੇ ਹਡਸਨ ਦਰਿਆ ਵਿਚ ਪਾ ਦਿੱਤਾ ਜਾਂਦਾ ਹੈ। ਭੱਲਾ ਨੇ ਦੱਸਿਆ ਕਿ ਅਸੀਂ ਸ਼ਹਿਰ ਨੂੰ ਹੜ ਦਾ ਮੁਕਾਬਲਾ ਕਰਨ ਦੇ ਸਮਰਥ ਬਣਾਇਆ ਹੈ। ਹੋਬੋਕਨ ਸ਼ਹਿਰ ਦੀ ਕੁਲ ਆਬਾਦੀ 55000 ਹੈ ਤੇ ਇਹ ਸ਼ਹਿਰ ਮੈਨਹਟਨ, ਨਿਊਯਾਰਕ ਤੋਂ ਦਰਿਆ ਪਾਰ ਇਕ ਵਰਗ ਕਿਲੋਮੀਟਰ ਵਿਚ ਵੱਸਿਆ ਹੋਇਆ ਹੈ। ਭੱਲਾ ਆਪਣੀ ਪਤਨੀ ਨਵਨੀਤ ਜੋ ਮਨੁੱਖੀ ਹੱਕਾਂ ਬਾਰੇ ਵਕੀਲ ਹੈ, ਸਣੇ ਦੋ ਬੱਚਿਆਂ ਨਾਲ ਹੋਬੋਕਨ ਸ਼ਹਿਰ ਵਿਚ ਰਹਿ ਰਹੇ ਹਨ।

# ਭਾਰਤੀ ਮੂਲ ਦੇ ਅਮਰੀਕੀ ਸੈਮ ਜੋਸ਼ੀ ਨੇ ਐਡੀਸਨ ਦੇ ਮੇਅਰ ਦੀ ਚੋਣ ਜਿੱਤੀ



**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:-** ਭਾਰਤੀ ਮੌਲ ਦੇ ਅਮਰੀਕੀ ਰਾਜਸੀ ਆਗੂ ਸਮੀਪ ਸੈਮ ਜੋਸ਼ੀ ਨੇ ਐਡੀਸਨ, ਨਿਊਜਰਸੀ, ਦੇ ਮੇਅਰ ਦੀ ਚੋਣ ਜਿੱਤ ਲਈ ਹੈ। ਡੈਮੋਕ੍ਰੈਟਿਕ ਆਗੂ ਜੋਸ਼ੀ ਇਸ ਸਮੇਂ ਐਡੀਸਨ ਟਾਊਨਸ਼ਿਪ ਕੌਂਸਲ ਦੇ ਉੱਪ ਪ੍ਰਧਾਨ ਹਨ। ਜੋਸ਼ੀ ਨੇ ਰਿਪਬਲੀਕਨ ਆਗੂ ਕੀਥ ਹਾਨ ਤੇ ਅਜ਼ਾਦ ਉਮੀਦਵਾਰ ਕ੍ਰਿਸੌਟ ਮਕਰੋਪੋਲੋਸ ਨੂੰ ਹਰਾਇਆ। ਗੈਰ ਸਰਕਾਰੀ ਨਤੀਜਿਆਂ ਅਨੁਸਾਰ ਜੋਸ਼ੀ ਨੂੰ 10930 ਤੇ ਹਾਨ ਨੂੰ 9459 ਵੋਟਾਂ ਪਈਆਂ। ਮਕਰੋਪੋਲੋਸ ਨੂੰ ਕੇਵਲ 301 ਵੋਟਾਂ ਮਿਲੀਆਂ। ਜੋਸ਼ੀ ਅਗਲੇ ਸਾਲ ਪਹਿਲੀ ਜਨਵਰੀ ਨੂੰ ਡੈਮੋਕ੍ਰੈਟਿਕ ਮੇਅਰ ਥਾਮਸ ਲੰਕੇਅ ਦੀ ਥਾਂ ਲੈਣਗੇ। ਲੰਕੇਅ ਨੇ ਦੁਬਾਰਾ ਚੋਣ ਲੜਨ ਤੋਂ ਨਾਂਹ ਕਰ ਦਿੱਤੀ ਸੀ।

# ਸੈਨੇਟ ਦੁਆਰਾ ਭਾਰਤੀ ਮੂਲ ਦੀ ਅਮਰੀਕਨ ਔਰਤ ਸਰਲਾ ਨਗਾਲਾ ਦੀ ਸੰਘੀ ਜੱਜ ਵਜੋਂ ਨਿਯੁਕਤੀ ਦੀ ਪੁਸ਼ਟੀ



**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:-** ਅਮਰੀਕੀ ਸੈਨੇਟ ਨੇ ਭਾਰਤੀ ਮੂਲ ਦੀ ਅਮਰੀਕਨ ਔਰਤ ਸਰਲਾ ਨਗਾਲਾ ਸਮੇਤ ਕੋਨੈਕਟੀਕਟ ਰਾਜ ਲਈ ਦੋ ਵਿਅਕਤੀਆਂ ਦੀਆਂ ਸੰਘੀ ਜੱਜ ਵਜੋਂ ਨਿਯੁਕਤੀਆਂ ਦੀ ਪੁਸ਼ਟੀ ਕਰ ਦਿੱਤੀ ਹੈ। ਸਰਲਾ ਨਗਾਲਾ ਦੱਖਣੀ ਏਸ਼ੀਆ ਦੀ ਪਹਿਲੀ ਔਰਤ ਬਣ ਗਈ ਹੈ ਜੋ ਸੰਘੀ ਜੱਜ ਵੱਜੋਂ ਸੇਵਾਵਾਂ ਨਿਭਾਵੇਗੀ। ਸਰਲਾ ਨਗਾਲਾ ਦੀ ਨਿਯੁਕਤੀ ਦੀ ਪੁਸ਼ਟੀ 52-46 ਵੋਟਾਂ ਦੇ ਫਰਕ ਨਾਲ ਹੋਈ। ਇਸ ਸਮੇਂ ਨਗਾਲਾ ਕੋਨੈਕਟੀਕਟ ਵਿਚ ਯੂ ਐਸ ਅਟਾਰਨੀ ਦੀ ਸਹਾਇਕ ਵਜੋਂ ਕੰਮ ਕਰ ਰਹੀ ਹੈ। ਨਗਾਲਾ ਸੰਘੀ ਜੱਜ ਵਾਨੇਸਾ ਬਰੀਆਂਟ ਦੀ ਥਾਂ ਲਵੇਗੀ ਜਿਨਾਂ ਨੂੰ ਸੀਨੀਅਰ ਜੱਜ ਦਾ ਰੁਤਬਾ ਦਿੱਤਾ ਗਿਆ ਹੈ। ਬਰੀਆਂਟ ਦੀ ਇਹ ਨੀਮ ਸੇਵਾਮੁਕਤੀ ਹੋਵੇਗੀ ਜਿਨਾਂ ਉਪਰ ਪਹਿਲਾਂ ਦੀ ਤੁਲਨਾ ਵਿਚ ਕੇਸਾਂ ਦਾ ਬੋਝ ਘੱਟ ਹੋਵੇਗਾ। ਜ਼ਿਕਰਯੋਗ ਹੈ ਕਿ ਸਰਲਾ ਨਗਾਲਾ ਨੂੰ ਫੌਜਦਾਰੀ ਨਿਆਂ ਪ੍ਰਣਾਲੀ ਬਾਰੇ ਡੂੰਘੀ ਜਾਣਕਾਰੀ ਹੈ। ਡੈਮੋਕਰੈਟਿਕ ਆਗੂਆਂ ਨੇ ਸਰਲਾ ਨਗਾਲਾ ਦੀ ਜੱਜ ਵਜੋਂ ਪੁਸ਼ਟੀ ਦਾ ਪੁਰਜੋਰ ਸਵਾਗਤ ਕੀਤਾ ਹੈ। ਸੈਨੇਟ ਦੇ ਡੈਮੋਕ੍ਰੈਟਿਕ ਮੈਂਬਰ ਕ੍ਰਿਸ ਮਰਫੀ ਨੇ ਇਕ ਬਿਆਨ ਵਿਚ ਕਿਹਾ ਹੈ ਕਿ ‘ਉਹ ਸਰਲਾ ਨਗਾਲਾ ਦੀ ਜੱਜ ਵਜੋਂ ਪੁਸ਼ਟੀ ਲਈ ਵੋਟ ਪਾ ਕੇ ਮਾਣ ਮਹਿਸੂਸ ਕਰ ਰਹੇ ਹਨ। ਮੈਨੂੰ ਉਸ ਦੀ ਨਿਯੁਕਤੀ ਦੀ ਪੁਸ਼ਟੀ ਉਪਰ ਬੇਹੱਦ ਖੁਸ਼ੀ ਹੋਈ ਹੈ। ਉਹ ਬਹੁਤ ਹੀ ਕਾਬਲ ਸਖਸ਼ੀਅਤ ਹਨ।’

# ਨਿਊਯਾਰਕ ਦੇ ਪੁਲਿਸ ਤੇ ਅੱਗ ਬੁਝਾਊ ਵਿਭਾਗ ਨੂੰ ਛੱਡ ਕੇ 20 ਯੁਨੀਅਨਾਂ ਨਾਲ ਕੋਵਿਡ ਟੀਕਾਕਰਨ ਬਾਰੇ ਬਣੀ ਸਹਿਮਤੀ



**ਸੈਕਰਾਮੈਂਟੋ /ਹੁਸਨ ਲੜੋਆ ਬੰਗਾ:** ਨਿਊਯਾਰਕ ਸ਼ਹਿਰ ਦੇ ਮੇਅਰ ਪ੍ਰਸ਼ਾਸਨ ਤੇ 20 ਯੁਨੀਅਨਾਂ ਵਿਚਾਲੇ ਕੋਵਿਡ-19 ਤੋਂ ਬਚਾ ਲਈ ਟੀਕਕਰਣ ਕਰਵਾਉਣ ਦੇ ਮੁੱਦੇ ’ਤੇ ਸਹਿਮਤੀ ਬਣ ਗਈ ਹੈ ਤੇ ਇਸ ਸਬੰਧੀ ਇਕ ਸਮਝੌਤੇ ਉਪਰ ਦੋਨਾਂ ਧਿਰਾਂ ਨੇ ਦਸਤਖਤ ਕੀਤੇ ਹਨ ਪਰੰਤੂ ਪੁਲਿਸ ਵਿਭਾਗ ਤੇ ਅੱਗ ਬੁਝਾਊ ਵਿਭਾਗ ਦੀਆਂ ਯੁਨੀਅਨਾਂ ਨਾਲ ਸਹਿਮਤੀ ਨਹੀਂ ਬਣ ਸਕੀ। ਇਹ ਜਾਣਕਾਰੀ ਸਪੋਕਸਪਰਸਨ ਲੌਰਾ ਫੇਯਰ ਨੇ ਦਿੱਤੀ ਹੈ। ਹੋਏ ਸਮਝੌਤੇ ਅਨੁਸਾਰ ਧਾਰਮਿੱਕ ਜਾਂ ਡਾਕਟਰੀ ਆਧਾਰ ’ਤੇ ਮੁਲਾਜ਼ਮ ਟੀਕਾਕਰਣ ਤੋਂ ਛੋਟ ਦੀ ਮੰਗ ਕਰ ਸਕਦੇ ਹਨ ਪਰ ਉਨਾਂ ਨੂੰ ਨਿਰੰਤਰ ਕੋਵਿਡ-19 ਟੈਸਟ ਕਰਵਾਉਣਾ ਪਵੇਗਾ। ਇਨਾਂ 20 ਯੁਨੀਅਨਾਂ ਦੇ ਤਕਰੀਬਨ 96000 ਮੁਲਾਜ਼ਮ ਮੈਂਬਰ ਹਨ। ਲੌਰਾ ਫੇਯਰ ਨੇ ਕਿਹਾ ਹੈ ਕਿ ਸ਼ਹਿਰ ਦਾ ਪ੍ਰਸ਼ਾਸਨ ਬਾਕੀ ਯੁਨੀਅਨਾਂ ਨਾਲ ਵੀ ਸਮਝੌਤੇ ਵਾਸਤੇ ਗੱਲਬਾਤ ਕਰ ਰਿਹਾ ਹੈ।

# ਅਮੈਰੀਕਨ ਏਅਰਲਾਈਨਜ਼ ਨੇ ਸੈਂਕੜੇ ਉਡਾਣਾਂ ਕੀਤੀਆਂ ਰੱਦ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:-** ਅਮੈਰੀਕਨ ਏਅਰਲਾਈਨਜ਼ ਨੇ ਖਰਾਬ ਮੌਸਮ ਤੇ ਸਟਾਫ ਦੀ ਘਾਟ ਕਾਰਨ ਸੈਂਕੜੇ ਉਡਾਣਾਂ ਰੱਦ ਕਰ ਦਿੱਤੀਆਂ ਹਨ ਜਿਸ ਕਾਰਨ ਯਾਤਰੀਆਂ ਨੂੰ ਪ੍ਰੇਸ਼ਾਨ ਹੋਣਾ ਪੈ ਰਿਹਾ ਹੈ। ਸਰਦ ਹਵਾਵਾਂ ਕਾਰਨ ਡਾਲਾਸ-ਫੋਰਟ ਵਰਥ ਵਿਚ ਉਡਾਣਾਂ ਦੇ ਪਹੁੰਚਣ ਦੀ ਗਿਣਤੀ ਬਹੁਤ ਘੱਟ ਗਈ ਹੈ। ਚਰਲੋਟ ਐਨ ਸੀ ਹੱਬ ਵਿਚ ਵੀ ਉਡਾਨਾਂ ਪ੍ਰਭਾਵਿਤ ਹੋਈਆਂ ਹਨ। ਅਮੈਰੀਕਨ ਏਅਰਲਾਈਨਜ਼ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਮੌਸਮ ਦੀ ਖਰਾਬੀ ਕਾਰਨ ਸਟਾਫ ਦੀ ਗਿਣਤੀ ਘੱਟ ਜਾਣ ਦੇ ਸਿੱਟੇ ਵਜੋਂ ਦਿਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਹਵਾਬਾਜੀ ਟਰੈਕਿੰਗ ਪ੍ਰੋਗਰਾਮ ਈ ਡੀ ਟੀ ਫਲਾਈਟਅਵੇਅਰ ਅਨੁਸਾਰ 460 ਉਡਾਨਾਂ ਰੱਦ ਕਰ ਦਿੱਤੀਆਂ ਗਈਆਂ ਹਨ ਜੋ ਕਿ ਕੁਲ ਏਅਰਲਾਈਨਜ਼ ਆਪਰੇਸ਼ਨ ਦਾ 17% ਬਣਦੀਆਂ ਹਨ। ਇਸ ਤੋਂ ਇਲਾਵਾ ਤਕਰੀਬਨ 300 ਉਡਾਨਾਂ ਵਿਚ ਦੇਰੀ ਹੋਈ ਹੈ।

# ਜੱਗੀ ਜੋਹਲ ਦੀ ਪਤਨੀ ਨੇ ਬੋਰਿਸ ਜੌਹਨਸਨ ਨੂੰ ਚਿੱਠੀ ਲਿਖ ਮਾਮਲੇ ਵਿਚ ਦਖਲ ਦੇਣ ਲਈ ਕਿਹਾ

## ਫ੍ਰੀ ਜੱਗੀ ਨਾਉ ਮੁਹਿੰਮ ਵਿਚ ਬ੍ਰਿਟਿਸ਼ ਐਮ ਪੀਜ਼ ਦੇ ਰਹੇ ਹਨ ਸਾਥ

**ਨਵੀਂ ਦਿੱਲੀ/ਮਨਪ੍ਰੀਤ ਸਿੰਘ ਖਾਲਸਾ:** ਦਿੱਲੀ ਦੀ ਤਿਹਾੜ ਜੇਲ੍ਹ ਅੰਦਰ ਬੰਦ ਬ੍ਰਿਟਿਸ਼ ਨਾਗਰਿਕ ਜਗਤਾਰ ਸਿੰਘ ਜੱਗੀ ਜੋਹਲ ਦੀ ਪਤਨੀ ਗੁਰਪ੍ਰੀਤ ਕੌਰ ਨੇ ਬਰਤਾਨੀਆ ਦੇ ਪ੍ਰਧਾਨਮੰਤਰੀ ਬੋਰਿਸ ਜੌਹਨਸਨ ਦੇ ਨਾਮ ਖੁਲੀ ਚਿੱਠੀ ਲਿਖ ਕੇ ਜੱਗੀ ਦੇ ਮਾਮਲੇ ਵਿਚ ਦਖਲ ਦੇਣ ਦੀ ਮੰਗ ਕੀਤੀ ਹੈ। ਉਨ੍ਹਾਂ ਲਿਖਿਆ ਕਿ ਬ੍ਰਿਟਿਸ਼ ਸਰਕਾਰ ਨੂੰ 4 ਸਾਲਾਂ ਦੀ ਕੈਦ ਤੋਂ ਬਾਅਦ ਮੇਰੇ ਪਤੀ ਦੀ ਰਿਹਾਈ ਅਤੇ ਵਾਪਸੀ ਨੂੰ ਸੁਰੱਖਿਅਤ ਕਰਨ ਲਈ ਸੁਣਨਾ ਅਤੇ ਕਾਰਵਾਈ ਕਰਨੀ ਚਾਹੀਦੀ ਹੈ ਕਿਉਂਕਿ ਸਾਨੂੰ ਉਮੀਦ ਸੀ ਕਿ ਅਕਤੂਬਰ 2021 ਵਿੱਚ ਆਖਰੀ ਸੁਣਵਾਈ ਦੌਰਾਨ ਜਗਤਾਰ ਦੇ ਖਿਲਾਫ ਸਾਰੇ ਦੋਸ਼ ਹਟਾ ਦਿੱਤੇ ਜਾਣਗੇ, ਪਰ ਕੇਸ ਨੂੰ ਇੱਕ ਵਾਰ ਫਿਰ ਜਨਵਰੀ 2022 ਤੱਕ ਮੁਲਤਵੀ ਕਰ ਦਿੱਤਾ ਗਿਆ, ਭਾਰਤੀ ਅਧਿਕਾਰੀ ਅਦਾਲਤ ਵਿੱਚ ਕੋਈ ਸਬੂਤ ਪੇਸ਼ ਕਰਨ ਵਿੱਚ ਅਸਮਰੱਥ ਸਨ। "ਮੈਂ ਸਿਰਫ ਇਹ ਚਾਹੁੰਦੀ ਹਾਂ ਅਤੇ ਪ੍ਰਾਰਥਨਾ ਕਰਦੀ ਹਾਂ ਕਿ ਮੇਰਾ ਪਤੀ ਘਰ ਵਾਪਸ ਆਵੇ ਅਤੇ ਅਸੀਂ ਇਕੱਠੇ ਆਪਣੀ ਜ਼ਿੰਦਗੀ ਸ਼ੁਰੂ ਕਰ ਸਕੀਏ, ਪਰ ਮੈਂ ਇਸ ਸਾਰੇ ਦੁੱਖ ਕਾਰਨ ਉਸਦੀ ਅਤੇ ਆਪਣੀ ਮਾਨਸਿਕ ਅਤੇ ਸਰੀਰਕ ਸਿਹਤ ਲਈ ਚਿੰਤਤ ਹਾਂ।" ਉਨ੍ਹਾਂ ਨੇ ਵਿਦੇਸ਼ ਸਕੱਤਰ ਲਿਜ਼ ਟਰਸ ਨਾਲ ਆਹਮੋ-ਸਾਹਮਣੇ ਮੁਲਾਕਾਤ ਕਰਨ ਲਈ ਵੀ ਕਿਹਾ ਅਤੇ ਪੁੱਛਿਆ ਕਿ ਓਹ ਮੈਨੂੰ ਦੱਸਣ ਕਿ ਮੈਂ ਆਪਣੇ ਪਤੀ ਨਾਲ ਕਦੋਂ ਮੁੜ ਜੁੜਾਂਗੀ। ਉਨ੍ਹਾਂ ਲਿਖਿਆ ਕਿ "ਮੈਂ ਉਨ੍ਹਾਂ ਵਲੋਂ ਧਾਰੀ ਚੁੱਪ ਕਰਕੇ ਦੁਖੀ ਹਾਂ ਅਤੇ ਇਸਨੂੰ ਸਹਿਣਾ ਮੁਸ਼ਕਲ ਹੋ ਰਿਹਾ ਹੈ। ਮੈਂ ਚਾਹੁੰਦੀ ਹਾਂ ਕਿ ਉਹ ਮੇਰੇ ਨਾਲ ਮਿਲੇ ਤਾਂ ਜੋ ਉਹ ਮੇਰੇ ਦਰਦ ਬਾਰੇ ਸੁਣ ਸਕੇ।

ਗੁਰਪ੍ਰੀਤ ਕੌਰ ਦੀ ਇਹ ਚਿੱਠੀ ਉਦੋਂ ਆਈ ਹੈ ਜਦੋਂ ਹਤਾਸ਼ ਪ੍ਰਦਰਸ਼ਨਕਾਰੀਆਂ ਨੇ ਬੋਰਿਸ ਜੌਹਨਸਨ ਨੂੰ ਜਗਤਾਰ ਦੀ ਆਜ਼ਾਦੀ ਦੀ ਮੰਗ ਕਰਨ ਲਈ ਆਏ ਮੌਕੇ ਵਜੋਂ ਕੋਪ 26 ਦੀ ਵਰਤੋਂ ਕਰਨ ਦੀ ਅਪੀਲ ਕੀਤੀ ਕਿਉਂਕਿ ਸ਼ਨੀਵਾਰ ਨੂੰ ਯੂਕੇ ਭਰ ਦੇ ਲਗਭਗ 1,000 ਸਿੱਖਾਂ ਨੇ ਗਲਾਸਗੋ ਵਿੱਚ ਭਾਰੀ ਵਿਰੋਧ ਪ੍ਰਦਰਸ਼ਨ ਕੀਤਾ ਸੀ।

ਪ੍ਰਦਰਸ਼ਕਾਰੀਆਂ ਨੇ ਪ੍ਰਧਾਨ ਮੰਤਰੀ ਨੂੰ ਹਿੰਦੂਸਤਾਨੀ ਪ੍ਰਧਾਨਮੰਤਰੀ ਨਰਿੰਦਰ ਮੋਦੀ ਨਾਲ ਗੱਲਬਾਤ ਕਰਨ ਦੀ ਅਪੀਲ ਕੀਤੀ ਜਦੋਂ ਕਿ ਤੁਸੀਂ ਦੋਵੇਂ ਸਿਖਰ ਸੰਮੇਲਨ ਲਈ ਇਕੱਠੇ ਹੋਵੇਗੇ।

ਜਗਤਾਰ ਦੀ ਨਜ਼ਰਬੰਦੀ ਦੀ ਚੌਥੀ ਵਰ੍ਹੇਗੰਢ ਤੋਂ ਇੱਕ ਦਿਨ ਪਹਿਲਾਂ, ਬੁੱਧਵਾਰ ਨੂੰ ਸ਼ੰਫ ਦੇ ਸੰਸਦ ਮੈਂਬਰ ਮਾਰਟਿਨ ਡੋਚਰਟੀ-ਹਿਊਜ਼ ਨੇ ਵੀ ਪ੍ਰਧਾਨ ਮੰਤਰੀ ਦੇ ਸਵਾਲਾਂ ਵਿੱਚ ਇਹ ਮੁੱਦਾ ਉਠਾਇਆ ਸੀ। ਪਾਰਲੀਮੈਂਟ ਵਿੱਚ ਬੋਲਦਿਆਂ ਉਸਨੇ ਕਿਹਾ "ਪ੍ਰਧਾਨ ਮੰਤਰੀ ਮੇਰੇ ਹਲਕੇ ਦੇ ਜਗਤਾਰ ਸਿੰਘ ਜੌਹਲ ਬਾਰੇ ਬਹੁਤ ਜਾਣੂ ਹਨ, ਜਿਸ ਨੂੰ 4 ਨਵੰਬਰ ਨੂੰ ਪੰਜਾਬ ਦੇ ਜੌਲਾਡਾ ਸ਼ਹਿਰ ਵਿੱਚ ਆਪਣੀ ਨਵੀਂ ਪਤਨੀ ਨਾਲ ਖਰੀਦਦਾਰੀ ਕਰਦੇ ਸਮੇਂ ਸਾਦੇ













ਕੱਪੜਿਆਂ ਵਾਲੇ ਅਧਿਕਾਰੀਆਂ ਨੇ ਅਗਵਾ ਕਰ ਲਿਆ ਗਿਆ ਸੀ।

ਵਿਚਕਾਰਲੇ ਸਾਲਾਂ ਵਿੱਚ, ਸ਼੍ਰੀਮਾਨ ਸਪੀਕਰ, ਨੇ ਤਸ਼ੱਦਦ ਦੇ ਦੋਸ਼ਾਂ ਨੂੰ ਨਜ਼ਰਅੰਦਾਜ਼ ਕੀਤਾ ਅਤੇ ਜ਼ਾਹਰ ਤੌਰ 'ਤੇ ਭਾਰਤ ਦੇ ਗਣਰਾਜ ਦੇ ਨਾਲ ਵਪਾਰਕ ਸੌਦੇ ਨੂੰ ਲੈ ਕੇ ਉਤਸ਼ਾਹ ਦਿਖਾਇਆ ਅਤੇ ਦੇਸ਼ ਅੰਦਰ ਛਾਏ ਹੋਏ ਇਸ ਕੇਸ ਬਾਰੇ ਸਰਕਾਰ ਦੁਆਰਾ ਸਖ਼ਤ ਸ਼ਬਦਾਂ ਵਿੱਚ ਦੇਖਿਆ ਸੀ। "ਇਸ ਲਈ, ਸ਼੍ਰੀਮਾਨ ਸਪੀਕਰ, ਜਿਵੇਂ ਕਿ ਅਸੀਂ ਭਲਕੇ ਜਗਤਾਰ ਦੀ ਗ੍ਰਿਫਤਾਰੀ ਦੀ ਚੌਥੀ ਵਰ੍ਹੇਗੰਢ ਦੇ ਨੇੜੇ ਆ ਰਹੇ ਹਾਂ, ਭਾਰਤ ਸਰਕਾਰ ਦੁਆਰਾ ਇਸ ਕੇਸ ਵਿੱਚ ਕੋਈ ਦੋਸ਼ ਨਹੀਂ ਲਾਏ ਗਏ ਹਨ, ਕੀ ਇਹ ਸਰਕਾਰ ਜਗਤਾਰ ਦੀ ਪਤਨੀ ਅਤੇ ਉਸਦੇ ਪਰਿਵਾਰ ਨੂੰ ਸਭ ਤੋਂ ਛੋਟਾ ਲਾਭ ਦੇਣ ਦੇ ਯੋਗ ਹੋਵੇਗੀ.? ਡੰਬਰਟਨ ਅਤੇ ਉਸਦੀ ਨਜ਼ਰਬੰਦੀ ਨੂੰ ਮਨਮਾਨੀ ਘੋਸ਼ਿਤ ਕਰੋ.?"

ਬਿਆਨ ਦੇ ਜਵਾਬ ਵਿੱਚ, ਬੋਰਿਸ ਜੌਹਨਸਨ ਨੇ ਕਿਹਾ: "ਸ਼੍ਰੀਮਾਨ ਸਪੀਕਰ, ਮੈਂ ਉਨ੍ਹਾਂ ਦਾ ਧੰਨਵਾਦ ਕਰਦਾ ਹਾਂ ਕਿ ਉਹ ਲੰਬੇ ਸਮੇਂ ਤੋਂ ਜਗਤਾਰ ਸਿੰਘ ਲਈ ਮੁਹਿੰਮ ਚਲਾ ਰਹੇ ਹਨ। ਅਤੇ ਮੈਂ ਕਹਾਂਗਾ ਕਿ ਭਾਰਤ ਨਾਲ ਸਾਡੇ ਸਬੰਧਾਂ ਦੀ ਨੇੜਤਾ ਕਿਸੇ ਵੀ ਤਰ੍ਹਾਂ ਭਾਰਤ ਸਰਕਾਰ ਕੋਲ ਇਸ ਮਾਮਲੇ ਨੂੰ ਉਠਾਉਣ ਦੀ ਸਾਡੀ ਇੱਛਾ ਨੂੰ ਘੱਟ ਨਹੀਂ ਕਰਦੀ। ਅਤੇ ਸੱਚਮੁੱਚ, ਮੇਰੇ ਸਤਿਕਾਰਯੋਗ ਦੋਸਤ, ਵਿਦੇਸ਼ ਸਕੱਤਰ ਨੇ ਇਹ ਗੱਲ ਉਦੋਂ ਉਠਾਈ ਸੀ ਜਦੋਂ ਉਹ ਆਖਰੀ ਵਾਰ ਭਾਰਤ ਵਿੱਚ ਸੀ।

ਇਸ ਦੌਰਾਨ ਬਰਤਾਨੀਆ ਦੇ ਵੱਖ ਵੱਖ ਐਮ ਪੀਜ਼ ਨੇ ਵੀ ਸੋਸ਼ਲ ਮੀਡੀਆ ਵਿਚ ਫ੍ਰੀ ਜੱਗੀ ਨਾਉ ਦੇ ਬੈਨਰ ਨਾਲ ਜੱਗੀ ਦੀ ਰਿਹਾਈ ਦੀ ਮੰਗ ਕਰਦਿਆਂ ਓਸ ਨੂੰ ਰਿਹਾ ਕਰਣ ਦੀ ਚਲਾਈ ਜਾ ਰਹੀ ਮੁਹਿੰਮ ਦਾ ਸਾਥ ਦਿਤਾ ਹੈ।

# ਜੇਲ੍ਹ 'ਚ ਸਿੱਖ ਨੌਜਵਾਨ ਹਵਾਲਾਤੀ ਦੀ ਪਿੱਠ 'ਤੇ ਲਿਖਿਆ 'ਅੱਤਵਾਦੀ'

## ✪ ਜੇਲ ਪ੍ਰਸ਼ਾਸਨ ਮੁਕਰਿਆ ✪ ਮਾਨਸਾ ਅਦਾਲਤ ਨੇ ਪੀੜਤ ਲੜਕੇ ਦਾ ਮੈਡੀਕਲ ਕਰਵਾਉਣ ਤੇ ਬਰਨਾਲਾ ਜੇਲ੍ਹ ਵਿੱਚ ਵਾਪਰੀ ਘਟਨਾ ਦੀ ਜਾਂਚ ਦੇ ਹੁਕਮ ਜਾਰੀ

ਬਰਨਾਲਾ: ਜੇਲ੍ਹ ਵਿਚ ਬੰਦ ਕਰਮਜੀਤ ਸਿੰਘ ਨਾਂ ਦੇ ਨੌਜਵਾਨ ਹਵਾਲਾਤੀ ਨੇ ਇਲਜ਼ਾਮ ਲਾਇਆ ਹੈ ਕਿ ਜੇਲ੍ਹ ਪ੍ਰਸ਼ਾਸਨ ਨੇ ਬੁਰੀ ਤਰ੍ਹਾਂ ਕੁੱਟਮਾਰ ਕਰਨ ਤੋਂ ਬਾਅਦ ਉਸ ਦੀ ਪਿੱਠ 'ਤੇ ਅੱਤਵਾਦੀ ਲਿਖ ਦਿੱਤਾ। ਇਸ ਪੂਰੇ ਮਾਮਲੇ ਤੋਂ ਪਰਦਾ ਉਦੋਂ ਉਠਿਆ ਜਦੋਂ ਬਰਨਾਲਾ ਜੇਲ੍ਹ ਵਿੱਚ ਬੰਦ ਹਵਾਲਾਤੀ ਆਪਣੇ ਕੇਸ ਦੀ ਪੇਸ਼ੀ ਭੁਗਤਣ ਲਈ ਮਾਨਸਾ ਦੀ ਅਦਾਲਤ ਵਿੱਚ ਪਹੁੰਚ ਗਿਆ। ਮਾਨਸਾ ਦੀ ਅਦਾਲਤ ਦੇ ਜੱਜ ਨੇ ਬਰਨਾਲਾ ਦੀ ਅਦਾਲਤ ਨੂੰ ਪੀੜਤਾ ਦਾ ਮੈਡੀਕਲ ਕਰਵਾਉਣ ਦੇ ਹੁਕਮ ਜਾਰੀ ਕੀਤੇ ਹਨ।

ਪੀੜਤ ਹਵਾਲਾਤੀ ਕਰਮਜੀਤ ਸਿੰਘ ਨੇ ਦੱਸਿਆ ਕਿ ਜੇਲ੍ਹ ਵਿੱਚ ਵਧੀਆ ਖਾਣਾ ਨਹੀਂ ਮਿਲ ਰਿਹਾ ਹੈ। ਇਸ ਦੇ ਨਾਲ ਹੀ ਗੁਰਦੁਆਰਾ ਸਾਹਿਬ ਵਿੱਚ ਬੇਅਦਬੀ ਹੋ ਰਹੀ ਹੈ। ਜਦੋਂ ਉਸ ਨੇ ਇਹ ਮਾਮਲਾ ਜੇਲ੍ਹ ਪ੍ਰਸ਼ਾਸਨ ਸਾਹਮਣੇ ਉਠਾਇਆ ਤਾਂ ਜੇਲ੍ਹ ਪ੍ਰਸ਼ਾਸਨ ਨੇ ਉਸ ਨੂੰ ਅੱਤਵਾਦੀ ਕਹਿਣਾ ਸ਼ੁਰੂ ਕਰ ਦਿੱਤਾ। ਜੇਲ੍ਹ ਸੁਪਰਡੈਂਟ ਨੇ ਉਸ ਦੀ ਕੁੱਟਮਾਰ ਕੀਤੀ। ਉਸ ਦੀ ਪਿੱਠ 'ਤੇ ਅੱਤਵਾਦੀ ਲਿਖ ਦਿੱਤਾ।

ਪੀੜਤ ਦੀ ਵਕੀਲ ਬਲਵੀਰ ਕੌਰ ਨੇ ਦੱਸਿਆ ਕਿ ਬਰਨਾਲਾ ਜੇਲ੍ਹ ਵਿੱਚ ਕਰਮਜੀਤ ਸਿੰਘ ਦੀ ਬੇਰਹਿਮੀ ਨਾਲ ਕੁੱਟਮਾਰ ਕੀਤੀ ਗਈ ਹੈ। ਪੀੜਤ




ਧਿਰ ਨੇ ਜੱਜ ਸਾਹਿਬ ਨੂੰ ਸਾਰੀ ਘਟਨਾ ਸੁਣਾਈ ਤੇ ਆਪਣੀ ਪਿੱਠ 'ਤੇ ਲਿਖਿਆ ਅੱਤਵਾਦੀ ਸ਼ਬਦ ਵਿਖਾਇਆ। ਇਸ ਤੋਂ ਬਾਅਦ ਮਾਨਸਾ ਅਦਾਲਤ ਨੇ ਮਾਮਲਾ ਬਰਨਾਲਾ ਅਦਾਲਤ ਨੂੰ ਭੇਜ ਦਿੱਤਾ ਹੈ। ਪੀੜਤ ਲੜਕੇ ਦਾ ਮੈਡੀਕਲ ਕਰਵਾਉਣ ਤੇ ਬਰਨਾਲਾ ਜੇਲ੍ਹ ਵਿੱਚ ਵਾਪਰੀ ਘਟਨਾ ਦੀ ਜਾਂਚ ਦੇ ਹੁਕਮ ਜਾਰੀ ਕੀਤੇ ਹਨ।

ਉਧਰ, ਜ਼ਿਲ੍ਹਾ ਜੇਲ੍ਹ ਬਰਨਾਲਾ ਦੇ ਜੇਲ੍ਹ ਸੁਪਰਡੈਂਟ ਬਲਵੀਰ ਸਿੰਘ ਨੇ ਕਿਹਾ ਕਿ ਇਸ ਕੈਦੀ ਵੱਲੋਂ ਕੋਰਟ ਵਿੱਚ ਦਿੱਤੀ ਗਈ ਸਟੇਟਮੈਂਟ ਸਰਾਸਰ ਝੂਠੀ ਹੈ। ਉਨ੍ਹਾਂ ਕਿਹਾ ਕਿ ਇਹ ਕੈਦੀ ਕ੍ਰਿਮੀਨਲ ਕਿਸਮ ਦਾ ਵਿਅਕਤੀ ਹੈ ਜਿਸ 'ਤੇ ਤੇਰਾਂ ਦੇ ਕਰੀਬ ਮੁਕੱਦਮੇ ਦਰਜ ਹਨ। ਇੱਕ ਕੇਸ ਵਿੱਚ ਕੈਦ ਹੋਈ ਹੈ ਤੇ ਬਾਕੀਆਂ ਵਿੱਚ ਹਵਾਲਾਤੀ ਹੈ। ਉਸ ਉੱਪਰ 302 ਤੇ 307 ਦੇ ਮੁਕੱਦਮੇ ਦਰਜ ਹੋਏ ਹਨ। ਇਸ ਤੋਂ ਕਈ ਵਾਰ ਜੇਲ੍ਹ ਵਿੱਚੋਂ ਮੋਬਾਈਲ ਵੀ ਬਰਾਮਦ ਹੋਇਆ ਹੈ।

ਉਨ੍ਹਾਂ ਕਿਹਾ ਕਿ ਇਹ ਕੈਦੀ ਜੇਲ੍ਹ ਦਾ ਮਾਹੌਲ ਖਰਾਬ ਕਰ ਰਿਹਾ ਸੀ। ਉਨ੍ਹਾਂ ਦੱਸਿਆ ਕਿ ਪਹਿਲਾਂ ਹੀ ਸੰਗਰੂਰ ਜੇਲ੍ਹ ਵਿਚੋਂ ਸ਼ਿਫਟ ਹੋ ਕੇ ਆਇਆ ਹੈ। ਉਸ ਤੋਂ ਪਹਿਲਾਂ ਫਿਰੋਜ਼ਪੁਰ ਮਾਨਸਾ ਜ਼ਿਲ੍ਹਿਆਂ ਵਿੱਚ ਵੀ ਇਸ ਤਰ੍ਹਾਂ ਦੀਆਂ ਕਾਰਵਾਈਆਂ ਨੂੰ ਅੰਜਾਮ ਦਿੰਦਾ ਰਿਹਾ ਹੈ। ਉਨ੍ਹਾਂ ਕਿਹਾ ਕਿ ਅਸੀਂ ਅਦਾਲਤ ਵਿੱਚ ਪੂਰਾ ਰਿਕਾਰਡ ਪੇਸ਼ ਕਰਾਂਗੇ।

# ਬੰਦੀ ਸਿੱਖਾਂ ਦੀ ਰਿਹਾਈ ਲਈ ਬੰਦੀ ਛੋੜ ਦਿਵਸ ਮੌਕੇ ਤਿਹਾੜ ਜੇਲ੍ਹ ਅੱਗੇ ਕੀਤੀ ਅਰਦਾਸ



**ਨਵੀਂ ਦਿੱਲੀ/ਮਨਪ੍ਰੀਤ ਸਿੰਘ ਖਾਲਸਾ:** ਸਜ਼ਾ ਪੂਰੀ ਹੋਣ ਦੇ ਬਾਵਜੂਦ ਲੰਬੇ ਸਮੇਂ ਤੋਂ ਜੇਲ੍ਹਾਂ ਵਿੱਚ ਬੰਦ ਸਿੱਖਾਂ ਦੀ ਰਿਹਾਈ ਲਈ ਪੰਥਦਰਦੀਆਂ ਵੱਲੋਂ ਅਰਦਾਸ ਕੀਤੀ ਗਈ। ਵੱਖ-ਵੱਖ ਜਥੇਬੰਦੀਆਂ ਨਾਲ ਸਬੰਧਤ ਸਿੱਖਾਂ ਨੇ ਬੰਦੀ ਛੋੜ ਦਿਵਸ ਮੌਕੇ ਤਿਹਾੜ ਜੇਲ੍ਹ ਦੇ ਗੇਟ ਨੰਬਰ 3 ਦੇ ਬਾਹਰ ਇਕੱਠੇ ਹੋ ਕੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਚਰਨਾਂ ਵਿਚ ਬੰਦੀ ਸਿੱਖਾਂ ਦੀ ਜਲਦੀ ਰਿਹਾਈ ਲਈ ਅਰਦਾਸ ਕੀਤੀ। ਇਹ ਮੰਨਿਆ ਜਾਂਦਾ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਆਪਣੇ ਨਾਲ ਮੁਗਲ ਬਾਦਸ਼ਾਹ ਜਹਾਂਗੀਰ ਦੀ ਕੈਦ ਤੋਂ 52 ਰਾਜਿਆਂ ਨੂੰ ਛੁਡਾਉਣ ਤੋਂ ਬਾਅਦ ਦੀਵਾਲੀ ਵਾਲੇ ਦਿਨ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਪਹੁੰਚੇ ਸਨ। ਇਸੇ ਕਰਕੇ ਦੀਵਾਲੀ ਵਾਲੇ ਦਿਨ ਬੰਦੀ ਛੋੜ ਦਿਵਸ ਮਨਾਉਣ ਦਾ ਰਿਵਾਜ ਸ਼ੁਰੂ ਹੋ ਗਿਆ। ਇਸ ਮੌਕੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਮੀਡੀਆ ਸਲਾਹਕਾਰ ਪਰਮਿੰਦਰ ਪਾਲ ਸਿੰਘ ਨੇ ਅਰਦਾਸ ਕੀਤੀ।

ਬਾਕੀ ਸਫ਼ਾ 30 'ਤੇ

# ਸ਼ਿਲੌਂਗ ਦੇ ਪੰਜਾਬੀਆਂ ਉਪਰ ਉਜਾੜੇ ਦੀ ਤਲਵਾਰ ਲਟਕੀ

## ✪ ਪੰਜਾਬੀ ਲੇਨ ਵਾਸੀਆਂ ਨੇ ਕਿਹਾ ਨਹੀਂ ਖਾਲੀ ਕਰਨਗੇ ਘਰ, ਜਾਰੀ ਰਹੇਗੀ ਲੜਾਈ ✪ ਹਰੀਜਨ ਪੰਚਾਇਤ ਕਮੇਟੀ, ਪੰਜਾਬ ਸਰਕਾਰ, ਸ਼੍ਰੋਮਣੀ ਕਮੇਟੀ, ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਨਾਰਾਜ਼ ਕਿ ਉਨਾਂ ਵੱਲੋਂ ਕੋਈ ਠੋਸ ਕਦਮ ਨਹੀਂ ਚੁੱਕੇ

**ਸ਼ਿਲੌਂਗ/ਏ.ਟੀ.ਨਿਊਜ਼ :** ਸ਼ਿਲੌਂਗ ਦੀ ਪੰਜਾਬੀ ਲੇਨ ਦੇ ਵਾਸੀਆਂ ਵੱਲੋਂ ਆਪਣੇ ਘਰ ਖਾਲੀ ਕਰਨ ਤੋਂ ਇਨਕਾਰ ਕੀਤਾ ਗਿਆ ਹੈ। ਉਨਾਂ ਨੇ ਕਿਹਾ ਹੈ ਕਿ ਆਪਣੇ ਘਰਾਂ ਦੀ ਰਾਖੀ ਲਈ ਮੇਘਾਲਿਆ ਸਰਕਾਰ ਖ਼ਿਲਾਫ਼ ਲੜਾਈ ਜਾਰੀ ਰੱਖਣਗੇ। ਹਰੀਜਨ ਪੰਚਾਇਤ ਕਮੇਟੀ ਜੋ ਇਨਾਂ ਪਰਿਵਾਰਾਂ ਨਾਲ ਸਬੰਧਤ ਹੈ, ਵੱਲੋਂ ਬੈਠਕ ਕੀਤੀ ਗਈ ਅਤੇ ਸਰਕਾਰ ਵੱਲੋਂ ਜ਼ਮੀਨ ਦਾ ਕਬਜ਼ਾ ਲੈਣ ਦੇ ਐਲਾਨ ਦਾ ਵਿਰੋਧ ਕੀਤਾ ਗਿਆ। ਕਮੇਟੀ ਦੇ ਸਕੱਤਰ ਗੁਰਜੀਤ ਸਿੰਘ ਮੁਤਾਬਕ ਇਸ ਲੇਨ ਵਿੱਚ ਸਿੱਖ ਪਰਿਵਾਰਾਂ ਦੇ ਨਾਲ-ਨਾਲ ਕੁਝ ਹਿੰਦੂ ਅਤੇ ਈਸਾਈ ਪਰਿਵਾਰ ਵੀ ਰਹਿੰਦੇ ਹਨ।

ਖ਼ਬਰ ਮੁਤਾਬਕ ਗੁਰਜੀਤ ਸਿੰਘ ਨੇ ਆਖਿਆ ਕਿ ਇਸ ਸਬੰਧ ਵਿਚ ਪਹਿਲਾਂ ਵੀ ਅਦਾਲਤ ਵੱਲੋਂ ਲੋਕਾਂ ਦੇ ਹੱਕ ਵਿੱਚ ਫੈਸਲਾ ਕੀਤਾ ਗਿਆ ਹੈ ਅਤੇ ਹੁਣ ਇਹ ਮਾਮਲਾ ਅਦਾਲਤ ਵਲੋਂ ਸਟੇਅ ਕੀਤਾ ਗਿਆ ਹੈ।

ਕੁਝ ਦਿਨ ਪਹਿਲਾਂ ਖ਼ਬਰ ਆਈ ਸੀ ਕਿ ਇੱਥੇ ਰਹਿਣ ਵਾਲੇ ਲੋਕਾਂ ਨੂੰ ਦੂਸਰੀ ਜਗਾ ’ਤੇ ਭੇਜਿਆ ਜਾਵੇਗਾ। ਖ਼ਬਰ ਮੁਤਾਬਕ 12,444 ਵਰਗ ਮੀਟਰ ਦੇ ਇਸ ਖੇਤਰ ਲਈ ਸੂਬਾ ਸਰਕਾਰ ਨੇ ਤਕਰੀਬਨ ਦੋ ਕਰੋੜ ਰੁਪਏ ਦੀ ਅਦਾਇਗੀ ਵੀ ਕੀਤੀ ਹੈ।

ਸ਼ਿਲੌਂਗ ਦੀ ਪੰਜਾਬੀ ਲੇਨ ਵਿੱਚ ਜ਼ਿਆਦਾਤਰ ਸਿੱਖ ਰਹਿੰਦੇ ਹਨ। ਹਰੀਜਨ ਪੰਚਾਇਤ ਕਮੇਟੀ, ਜੋ ਉੱਥੇ ਰਹਿੰਦੇ ਸਿੱਖਾਂ ਦੀ ਨੁਮਾਇੰਦਗੀ ਕਰਦੀ ਹੈ ਮੁਤਾਬਕ ਲਗਭਗ ਦੋ ਸਦੀਆਂ ਪਹਿਲਾਂ ਸਿੱਖ ਇੱਥੇ ਆ ਕੇ ਵਸੇ ਸਨ। ਉਨਾਂ ਦਾ ਦਾਅਵਾ ਹੈ ਕਿ ਇਹ ਜਗਾ ਬ੍ਰਿਟਿਸ਼ ਰਾਜ ਸਮੇਂ ਮੁਹੱਈਆ ਕਰਵਾਈ ਗਈ ਸੀ।

ਚਾਰ ਅਕਤੂਬਰ ਨੂੰ ਕੈਬਨਿਟ ਦੀ ਬੈਠਕ ਵਿੱਚ ਇਸ ਜਗਾ ਬਾਰੇ ਫ਼ੈਸਲਾ ਲਿਆ ਗਿਆ ਸੀ। ਹਰੀਜਨ ਪੰਚਾਇਤ ਕਮੇਟੀ ਵੱਲੋਂ ਸਖ਼ਤ ਵਿਰੋਧ ਕੀਤਾ ਗਿਆ ਸੀ ਕਿਉਂਕਿ ਉਨਾਂ ਮੁਤਾਬਕ ਇਹ ਮਾਮਲਾ ਪਹਿਲਾਂ ਹੀ ਮੇਘਾਲਿਆ ਦੀ ਹਾਈ ਕੋਰਟ ਵਿੱਚ ਹੈ।





ਹਰੀਜਨ ਪੰਚਾਇਤ ਕਮੇਟੀ ਨੇ ਪੰਜਾਬ ਸਰਕਾਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਤੀ ਨਾਰਾਜ਼ਗੀ ਜਤਾਈ ਗਈ ਸੀ ਕਿ ਉਨਾਂ ਵੱਲੋਂ ਕੋਈ ਠੋਸ ਕਦਮ ਨਹੀਂ ਚੁੱਕੇ।

ਪੰਜਾਬ ਸਰਕਾਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹਾਲਾਤਾਂ ਦਾ ਜਾਇਜ਼ਾ ਲੈਣ ਲਈ ਆਪਣੇ ਆਪਣੇ ਵਫ਼ਦ ਵੀ ਸ਼ਿਲਾਂਗ ਭੇਜੇ ਗਏ ਸਨ।

2018 ਦੌਰਾਨ ਸਿੱਖ ਅਤੇ ਸਥਾਨਕ ਖਾਸੀ ਲੋਕਾਂ ਵਿੱਚ ਵਿਵਾਦ ਤੋਂ ਬਾਅਦ ਇੱਥੇ ਇੰਟਰਨੈੱਟ ਸੇਵਾਵਾਂ ਉਪਰ ਰੋਕ ਲਗਾ ਦਿੱਤੀ ਗਈ ਸੀ ਅਤੇ ਸ਼ਹਿਰ ਵਿੱਚ ਕਰਫਿਊ ਲਗਾਇਆ ਗਿਆ।

**ਪੰਜਾਬੀਆਂ ਨੂੰ ਪੜਾਅਵਾਰ ਤਰੀਕੇ ਨਾਲ ਤਬਦੀਲ ਕੀਤਾ ਜਾਵੇਗਾ-ਕੋਨਾਰਡ ਸੰਗਮਾ**

ਮੇਘਾਲਿਆ ਦੇ ਮੁੱਖ ਮੰਤਰੀ ਕੋਨਾਰਡ ਸੰਗਮਾ ਨੇ ਮੁੜ ਦੁਹਰਾਉਂਦਿਆਂ ਕਿਹਾ ਕਿ ਪੰਜਾਬੀ ਲੇਨ ਦੇ ਵਸਨੀਕਾਂ ਨੂੰ ਪੜਾਅਵਾਰ ਤਰੀਕੇ ਨਾਲ ਸਰਕਾਰ ਦੁਆਰਾ ਮਨੋਨਿਤ ਰਿਹਾਇਸ਼ ਵਿਚ ਤਬਦੀਲ ਕੀਤਾ ਜਾਵੇਗਾ। ਸੰਗਮਾ ਨੇ ਕੈਬਨਿਟ ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨੂੰ ਦੱਸਿਆ ਕਿ ਅਸੀਂ ਪਹਿਲਾਂ ਹੀ ਸਾਰੇ ਪਹਿਲੂ ਨੂੰ ਲੋਕਾਂ ਸਾਹਮਣੇ ਸਪੱਸ਼ਟ ਕਰ ਦਿੱਤਾ ਹੈ ਕਿ ਇਸ ਪੂਰੀ ਪ੍ਰਕਿਰਿਆ ਦੇ ਕੁਝ ਪੜਾਅ ਹਨ ਅਤੇ ਸਮੁੱਚੀ ਪ੍ਰਕਿਰਿਆ ਪੜਾਅਵਾਰ ਤਰੀਕੇ ਨਾਲ ਕੀਤੀ ਜਾਵੇਗੀ। ਪਹਿਲਾ ਪੜਾਅ ਜ਼ਮੀਨ ਦੀ ਮਾਲਕੀ ਦਾ ਹੋਵੇਗਾ ਅਤੇ ਇਹ ਹੁਣ ਹੋ ਗਿਆ ਹੈ। ਸੰਗਮਾ ਨੇ ਕਿਹਾ ਕਿ ਕਾਲੋਨੀ ਤੋਂ ਵਸਨੀਕਾਂ ਨੂੰ ਤਬਦੀਲ ਕਰਨ ਦੀ ਪ੍ਰਕਿਰਿਆ ਸ਼ੁਰੂ ਹੋ ਗਈ ਹੈ ਅਤੇ 40 ਪਰਿਵਾਰ ਪਹਿਲਾਂ ਹੀ ਤਬਦੀਲ ਹੋ ਚੁੱਕੇ ਹਨ ਜੋ ਵਿਭਾਗਾਂ ਵਿਚ ਕੰਮ ਕਰ ਰਹੇ ਹਨ। ਜਦੋਂ ਮੁੱਖ ਮੰਤਰੀ ਤੋਂ ਹਰੀਜਨ ਪੰਚਾਇਤ ਕਮੇਟੀ (ਐਚ.ਪੀ.ਸੀ.) ਵਲੋਂ ਭੂਮੀ ’ਤੇ ਕਬਜ਼ਾ ਕਰਨ ਦੇ ਸਬੰਧ ਵਿਚ ਸਰਕਾਰ ਦੇ ਕਦਮ ਨੂੰ ਖ਼ਾਰਜ ਕਰਨ ਬਾਰੇ ਸਵਾਲ ਪੁੱਛਿਆ ਤਾਂ ਉਨਾਂ ਕਿਹਾ ਕਿ ਹਰ ਚੀਜ਼ ਨੂੰ ਕਾਨੂੰਨੀ ਤਰੀਕੇ ਨਾਲ ਅੱਗੇ ਵਧਾਇਆ ਜਾਵੇਗਾ। ਕੋਈ ਵੀ ਕਾਨੂੰਨ ਤੋਂ ਉਪਰ ਨਹੀਂ ਜਾ ਸਕਦਾ। ਅਸੀਂ ਉਨਾਂ ਨਾਲ ਗੱਲਬਾਤ ਲਈ ਤਿਆਰ ਹਾਂ।

ਉਧਰ ਦੂਜੇ ਪਾਸੇ ਪੰਜਾਬੀ ਲੇਨ ਦੇ ਵਸਨੀਕਾਂ ਨੇ ਮੁੜ ਦੁਹਰਾਇਆ ਕਿ ਉਹ ਆਪਣੇ ਘਰ ਨਹੀਂ ਖਾਲੀ ਕਰਨਗੇ ਬਲਕਿ ਆਪਣੀ ਜਾਨ ਦੇ ਦੇਣਗੇ। ਹਰੀਜਨ ਪੰਚਾਇਤ ਕਮੇਟੀ (ਐਚ.ਪੀ.ਸੀ.) ਦੇ ਸਕੱਤਰ ਗੁਰਜੀਤ ਸਿੰਘ ਨੇ ਕਿਹਾ ਕਿ ਅਸੀਂ ਤਾਜ਼ਾ ਘਟਨਾਕ੍ਰਮ ਦੀ ਘੋਖ ਕੀਤੀ ਹੈ ਅਤੇ ਮੈਂ ਆਪਣੇ ਪੂਰੇ ਅਧਿਕਾਰ ਨਾਲ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਸਰਕਾਰ ਦੀ ਨੀਂਦ ਉਡਾ ਦੇਵਾਂਗੇ। ਉਨਾਂ ਕਿਹਾ ਕਿ ਇਸ ਕਾਲੋਨੀ ਵਿਚ ਬਣੇ ਤਿੰਨੋਂ ਧਾਰਮਿਕ ਸਥਾਨਾਂ ਗੁਰਦੁਆਰਾ ਸਾਹਿਬ, ਮੰਦਰ ਤੇ ਚਰਚ ਦੇ ਮੁਖੀ ਇਸ ਸਬੰਧੀ ਰਾਜਪਾਲ ਸਤਿਆ ਪਾਲ ਮਲਿਕ ਨੂੰ ਇਕ ਮੰਗ ਪੱਤਰ ਦੇਣਗੇ।

# ਜ਼ਿਮਨੀ ਚੋਣਾਂ ਵਿਚ ਭਾਜਪਾ ਡਗਮਗਾਈ

## ✪ ਹਿਮਾਚਲ ਵਿਚ ਸਾਰੀਆਂ ਸੀਟਾਂ ’ਤੇ ਕਾਂਗਰਸ ਜੇਤੂ, ਕਰਨਾਟਕ ਵਿਚ ਸ਼ਾਨਦਾਰ ਵਾਪਸੀ

## ✪ ਏਲਨਾਬਾਦ ਤੋਂ ਅਭੈ ਚੌਟਾਲਾ ਜੇਤੂ, ਪੱਛਮੀ ਬੰਗਾਲ ਵਿਚ ਤ੍ਰਿਣਮੂਲ ਦੀ ਹੂੰਝਾਫੇਰ ਜਿੱਤ

**ਨਵੀਂ ਦਿੱਲੀ/ਏ.ਟੀ.ਨਿਊਜ਼ :** ਚੋਣ ਕਮਿਸ਼ਨ ਵਲੋਂ 13 ਰਾਜਾਂ ਵਿਚ ਤਿੰਨ ਸੰਸਦੀ ਤੇ 29 ਵਿਧਾਨ ਸਭਾ ਹਲਕਿਆਂ ਲਈ 30 ਅਕਤੂਬਰ ਨੂੰ ਪਈਆਂ ਜ਼ਿਮਨੀ ਚੋਣਾਂ ਦੇ ਨਤੀਜੇ ਐਲਾਨ ਦਿੱਤੇ ਗਏ, ਜਿਸ ਨੇ ਪੂਰੇ ਦਮਖਮ ਨਾਲ ਉੱਤਰ ਪ੍ਰਦੇਸ਼ ਵਿਧਾਨ ਸਭਾ ਚੋਣਾਂ ਦੇ ਪ੍ਰਚਾਰ ਵਿਚ ਲੱਗੀ ਭਾਜਪਾ ਨੂੰ ਝਟਕਾ ਦਿੱਤਾ ਹੈ, ਜਦੋਂਕਿ ਇਨਾਂ ਨਤੀਜਿਆਂ ਨੂੰ ਦੇਸ਼ ਦੇ ਰਾਜਨੀਤਿਕ ਮੂਡ ਦੇ ‘ਬੈਰੋਮੀਟਰ’ ਵਜੋਂ ਵੀ ਦੇਖਿਆ ਜਾ ਰਿਹਾ ਹੈ। ਲੋਕ ਸਭਾ ਦੀਆਂ ਤਿੰਨ ਸੀਟਾਂ ਵਿਚੋਂ ਹਿਮਾਚਲ ਪ੍ਰਦੇਸ਼ ਦੀ ਵੱਕਾਰੀ ਮੰਡੀ ਲੋਕ ਸਭਾ ਸੀਟ ਤੋਂ ਸਾਬਕਾ ਸਵਰਗੀ ਮੁੱਖ ਮੰਤਰੀ ਵੀਰਭੱਦਰ ਸਿੰਘ ਦੀ ਪਤਨੀ ਪ੍ਰਤਿਭਾ ਸਿੰਘ ਨੇ ਭਾਜਪਾ ਉਮੀਦਵਾਰ ਬ੍ਰਿਗੇਡੀਅਰ (ਸੇਵਾਮੁਕਤ) ਖ਼ੁਸ਼ਹਾਲ ਠਾਕੁਰ ਨੂੰ ਮਾਤ ਦੇ ਕੇ ਸੱਤਾਧਾਰੀ ਪਾਰਟੀ ਤੋਂ ਸੀਟ ਖੋਹ ਲਈ। ਦਾਦਰਾ ਤੇ ਨਗਰ ਹਵੇਲੀ ਸੀਟ ਤੋਂ ਸ਼ਿਵ ਸੈਨਾ ਦੀ ਉਮੀਦਵਾਰ ਤੇ ਸਾਬਕਾ ਆਜ਼ਾਦ ਉਮੀਦਵਾਰ ਸਵਰਗੀ ਮੋਹਨ ਦੇਲਕਰ ਦੀ ਪਤਨੀ ਕਾਲਾਬੇਨ ਦੇਲਕਰ ਨੇ ਭਾਜਪਾ ਉਮੀਦਵਾਰ ਨੂੰ 51,269 ਵੋਟਾਂ ਨਾਲ ਹਰਾ ਕੇ ਜਿੱਤ ਹਾਸਲ ਕੀਤੀ, ਜਦੋਂਕਿ ਮੱਧ ਪ੍ਰਦੇਸ਼ ਦੀ ਖੰਡਵਾ ਸੰਸਦੀ ਸੀਟ ਤੋਂ ਸੱਤਾਧਾਰੀ ਭਾਜਪਾ ਦੇ ਗਿਆਨੇਸ਼ਵਰ ਪਾਟਿਲ ਆਪਣੇ ਕਾਂਗਰਸੀ ਵਿਰੋਧੀ ਰਾਜਨਰਾਇਣ ਸਿੰਘ ਪੂਰਨੀ ਨੂੰ ਹਰਾਉਣ ’ਚ ਕਾਮਯਾਬ ਰਹੇ। ਦੂਜੇ ਪਾਸੇ ਆਸਾਮ ਦੀਆਂ 5, ਪੱਛਮੀ ਬੰਗਾਲ ਦੀਆਂ 4, ਮੱਧ ਪ੍ਰਦੇਸ਼, ਹਿਮਾਚਲ ਪ੍ਰਦੇਸ਼ ਅਤੇ ਮੇਘਾਲਿਆ ਦੀਆਂ ਤਿੰਨ-ਤਿੰਨ, ਬਿਹਾਰ, ਕਰਨਾਟਕ ਤੇ ਰਾਜਸਥਾਨ ਦੀਆਂ ਦੋ-ਦੋ ਤੇ ਆਂਧਰਾ ਪ੍ਰਦੇਸ਼, ਹਰਿਆਣਾ, ਮਹਾਰਾਸ਼ਟਰ, ਮਿਜ਼ੋਰਮ ਤੇ ਤੇਲੰਗਾਨਾ ਦੀ ਇਕ-ਇਕ ਸੀਟ ’ਤੇ ਵਿਧਾਨ ਸਭਾ ਉਪ ਚੋਣਾਂ ਹੋਈਆਂ ਸਨ। ਇਨਾਂ 29 ਸੀਟਾਂ ਵਿਚੋਂ ਭਾਜਪਾ ਨੇ ਪਹਿਲਾਂ ਅੱਧੀ ਦਰਜਨ ਦੇ ਕਰੀਬ ਹਲਕਿਆਂ ਵਿਚ ਜਿੱਤ ਹਾਸਲ ਕੀਤੀ ਸੀ, ਜਦੋਂਕਿ ਕਾਂਗਰਸ ਕੋਲ 9, ਜਦਕਿ ਬਾਕੀ ਸੀਟਾਂ ਖੇਤਰੀ ਪਾਰਟੀਆਂ ਕੋਲ ਸਨ।

**ਹਿਮਾਚਲ ’ਚ ਕਾਂਗਰਸ ਦੀ ਸ਼ਾਨਦਾਰ ਜਿੱਤ**

ਹਿਮਾਚਲ ਪ੍ਰਦੇਸ਼ ਵਿਚ ਭਾਜਪਾ ਨੂੰ ਝਟਕਾ ਦਿੰਦਿਆਂ ਵਿਰੋਧੀ ਧਿਰ ਕਾਂਗਰਸ ਨੇ ਮੰਡੀ ਲੋਕ ਸਭਾ ਸੀਟ ਸਮੇਤ ਫਤਹਿਪੁਰ, ਅਰਕੀ ਤੇ ਜੁਬਲ-ਕੋਟਖਾਈ ਦੀਆਂ ਤਿੰਨੋਂ ਵਿਧਾਨ ਸਭਾ ਸੀਟਾਂ ‘ਤੇ ਜਿੱਤ ਹਾਸਲ ਕੀਤੀ। ਚੋਣ ਨਤੀਜਿਆਂ ਅਨੁਸਾਰ ਕਾਂਗਰਸ ਨੇ ਫਤਿਹਪੁਰ ਤੇ ਅਰਕੀ ਵਿਧਾਨ ਸਭਾ ਸੀਟਾਂ ਨੂੰ ਬਰਕਰਾਰ ਰੱਖਿਆ, ਜਦੋਂਕਿ ਇਸ ਨੇ ਭਾਜਪਾ ਤੋਂ ਜੁਬਲ-ਕੋਟਖਾਈ ਸੀਟ ਖੋਹ ਲਈ। ਮੰਡੀ ਵਿਚ ਸਾਬਕਾ ਮੁੱਖ ਮੰਤਰੀ ਵੀਰਭੱਦਰ ਸਿੰਘ ਦੀ ਪਤਨੀ ਪ੍ਰਤਿਭਾ ਸਿੰਘ ਨੇ ਕਾਰਗਿਲ ਜੰਗ ਦੇ ਨਾਇਕ ਭਾਜਪਾ ਦੇ ਬ੍ਰਿਗੇਡੀਅਰ ਖ਼ੁਸ਼ਹਾਲ ਠਾਕੁਰ ਨੂੰ ਹਰਾਇਆ। 2019 ਦੀਆਂ ਸੰਸਦੀ ਚੋਣਾਂ ’ਚ ਭਾਜਪਾ ਦੇ ਰਾਮ ਸਵਰੂਪ ਸ਼ਰਮਾ ਨੇ 4,05,000 ਵੋਟਾਂ ਨਾਲ ਜਿੱਤ ਪ੍ਰਾਪਤ ਕੀਤੀ ਸੀ। ਕਾਂਗਰਸ ਦੇ ਉਮੀਦਵਾਰ ਭਵਾਨੀ ਸਿੰਘ ਪਠਾਨੀਆ, ਸੰਜੇ ਅਤੇ ਰੋਹਿਤ ਠਾਕੁਰ ਕ੍ਰਮਵਾਰ ਫਤਹਿਪੁਰ, ਅਰਕੀ ਤੇ ਜੁਬਲ-ਕੋਟਖਾਈ ਵਿਧਾਨ ਸਭਾ ਹਲਕਿਆਂ ਤੋਂ ਜੇਤੂ ਰਹੇ ਹਨ। ਪ੍ਰਦੇਸ਼ ਕਾਂਗਰਸ ਪ੍ਰਧਾਨ ਕੁਲਦੀਪ ਸਿੰਘ ਰਾਠੌਰ ਨੇ ਭਾਜਪਾ ਦੀ ਹਾਰ ਤੋਂ ਬਾਅਦ ਮੁੱਖ ਮੰਤਰੀ ਜੈ ਰਾਮ ਠਾਕੁਰ ਤੋਂ ਨੈਤਿਕ ਆਧਾਰ ‘ਤੇ ਅਸਤੀਫੇ ਦੀ ਮੰਗ ਕੀਤੀ ਹੈ।

**ਅਭੈ ਚੌਟਾਲਾ ਚੌਥੀ ਵਾਰ ਐਲਨਾਬਾਦ ਹਲਕੇ ਤੋਂ ਬਣੇ ਵਿਧਾਇਕ**

ਖੇਤੀ ਕਾਨੂੰਨ ਰੱਦ ਨਾ ਹੋਣ ਦੇ ਰੋਸ ਵਜੋਂ ਵਿਧਾਇਕੀ ਤੋਂ ਅਸਤੀਫ਼ਾ ਦੇਣ ਵਾਲੇ ਇੰਡੀਅਨ ਨੈਸ਼ਨਲ ਲੋਕ ਦਲ (ਇਨੈਲੋ) ਦੇ ਸੀਨੀਅਰ ਆਗੂ ਅਭੈ ਸਿੰਘ ਚੌਟਾਲਾ ਚੌਥੀ ਵਾਰ ਐਲਨਾਬਾਦ ਹਲਕੇ ਤੋਂ ਵਿਧਾਇਕ ਚੁਣੇ ਗਏ ਹਨ। ਅਭੈ ਚੌਟਾਲਾ ਨੇ ਭਾਜਪਾ ਜਜਪਾ ਦੇ ਉਮੀਦਵਾਰ ਗੋਬਿੰਦ ਕਾਂਡਾ ਨੂੰ 6739 ਵੋਟਾਂ ਦੇ ਫਰਕ ਨਾਲ ਜਿੱਤ ਪ੍ਰਾਪਤ ਕੀਤੀ ਹੈ। ਅਭੈ ਸਿੰਘ ਚੌਟਾਲਾ ਨੂੰ 65992 ਵੋਟਾਂ ਪ੍ਰਾਪਤ ਹੋਈਆਂ, ਜਦੋਂਕਿ ਭਾਜਪਾ ਜਜਪਾ ਦੇ ਉਮੀਦਵਾਰ ਗੋਬਿੰਦ ਕਾਂਡਾ ਨੂੰ 59253 ਵੋਟਾਂ ਪ੍ਰਾਪਤ ਹੋਈਆਂ ਹਨ। ਕਾਂਗਰਸ ਦੇ ਪਵਨ ਬੈਨੀਵਾਲ ਆਪਣੀ ਜਮਾਨਤ ਵੀ ਨਹੀਂ ਬਚਾ ਸਕੇ।



**ਤ੍ਰਿਣਮੂਲ ਕਾਂਗਰਸ ਦੀ ੪-੦ ਨਾਲ ਹੂੰਝਾ ਫੇਰ ਜਿੱਤ**

ਪੱਛਮੀ ਬੰਗਾਲ ’ਚ ਤ੍ਰਿਣਮੂਲ ਕਾਂਗਰਸ ਨੇ ਤਕਰੀਬਨ 6 ਮਹੀਨੇ ਪਹਿਲਾਂ ਭਾਜਪਾ ਵਲੋਂ ਜਿੱਤੀਆਂ ਦੋ ਸੀਟਾਂ ਖੋਹਣ ਦੇ ਨਾਲ ਹੀ ਚਾਰ ਵਿਧਾਨ ਸਭਾ ਸੀਟਾਂ ’ਤੇ ਹੂੰਝਾ ਫੇਰ 4-0 ਨਾਲ ਜਿੱਤ ਹਾਸਿਲ ਕੀਤੀ। ਬੀਤੇ ਮਹੀਨੇ ਭਵਾਨੀਪੁਰ ਸਮੇਤ ਤਿੰਨ ਸੀਟਾਂ ਵੀ ਤ੍ਰਿਣਮੂਲ ਨੇ 3-0 ਨਾਲ ਜਿੱਤੀਆਂ ਸਨ। ਕਾਂਗਰਸ ਤੇ ਮਾਰਕਸੀ ਵਿਧਾਨ ਸਭਾ ਉਪ ਚੋਣਾਂ ਵਿਚ ਆਪਣਾ ਖਾਤਾ ਨਹੀਂ ਖੋਲ ਸਕੇ।ਭਾਜਪਾ ਦੀਆਂ ਵੋਟਾਂ ਵਿਚ ਵੀ ਭਾਰੀ ਗਿਰਾਵਟ ਵੀ ਦੇਖਣ ਨੂੰ ਮਿਲੀ। ਤਿਣਮੂਲ ਨੇ ਸ਼ਾਂਤੀਪੁਰ ਸੀਟ 15,878, ਦਿਨਹਾਟਾ ਸੀਟ 1,66,089, ਖੜਦਾ ਸੀਟ 93,832 ਤੇ ਗੋਸਾਬਾ ਸੀਟ 1,43,051 ਵੋਟਾਂ ਦੇ ਫਰਕ ਨਾਲ ਜਿੱਤੀ।

**ਰਾਜਸਥਾਨ : ਭਾਜਪਾ ਉਮੀਦਵਾਰ ਤੀਜੇ ਤੇ ਚੌਥੇ ਸਥਾਨ ’ਤੇ ਰਹੇ**

ਰਾਜਸਥਾਨ ਵਿਚ ਸੱਤਾਧਾਰੀ ਕਾਂਗਰਸ ਨੇ ਵੱਲਭਨਗਰ ਤੇ ਧਾਰਿਆਵਾੜ ਵਿਧਾਨ ਸਭਾ ਹਲਕਿਆਂ ਦੀਆਂ ਉਪ ਚੋਣਾਂ ਵਿਚ ਜਿੱਤ ਦਰਜ ਕੀਤੀ ਹੈ। ਮੁੱਖ ਵਿਰੋਧੀ ਭਾਜਪਾ ਨਾ ਸਿਰਫ ਚੋਣਾਂ ਹਾਰ ਗਈ, ਸਗੋਂ ਇਸ ਦੇ ਉਮੀਦਵਾਰ ਕ੍ਰਮਵਾਰ ਤੀਜੇ ਤੇ ਚੌਥੇ ਸਥਾਨ ’ਤੇ ਰਹੇ। ਉਪ ਚੋਣਾਂ ਤੋਂ ਪਹਿਲਾਂ, ਧਾਰਿਆਵਾੜ ਸੀਟ ਦੀ ਨੁਮਾਇੰਦਗੀ ਭਾਜਪਾ ਤੇ ਵੱਲਭਨਗਰ ਦੀ ਕਾਂਗਰਸ ਵਲੋਂ ਕੀਤੀ ਗਈ ਸੀ। ਇਸ ਜਿੱਤ ਨਾਲ 200 ਮੈਂਬਰੀ ਰਾਜਸਥਾਨ ਵਿਧਾਨ ਸਭਾ ’ਚ ਭਾਜਪਾ ਦੇ 71 ਵਿਧਾਇਕਾਂ ਦੇ ਮੁਕਾਬਲੇ ਕਾਂਗਰਸ ਦੀ ਗਿਣਤੀ 108 ਹੋ ਗਈ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: **Malkeet Singh** Manager: **Pardeep Singh** Asst. Editor: **Balwinderpal Singh, Sarbjeet Kaur Sarb** Online Interview Host: **Balraj Pannu** Proof Editor: **Prabhjot Kaur**

Designer: **Balbir Singh** Content Composer: **Amritpal Singh** US Distributor: **Amritsar Times Inc** Owner: **Amritsar Times Pvt Ltd.**

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

# 84 ਦੌਰਾਨ ਸ਼ਹੀਦ ਸਿੱਖਾਂ ਦੀ ਯਾਦ ਵਿਚ ਮੋਮਬੱਤੀ ਮਾਰਚ

**ਨਵੀਂ ਦਿੱਲੀ/ਏ.ਟੀ.ਨਿਊਜ਼ :** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ 1984 ਦੇ ਸਿੱਖ ਕਤਲੇਆਮ ਦੌਰਾਨ ਮਾਰੇ ਗਏ ਸਿੱਖਾਂ ਦੀ ਯਾਦ ਵਿਚ 'ਮੋਮਬੱਤੀ ਮਾਰਚ' ਕੱਢ ਕੇ ਸ਼ਰਧਾਂਜਲੀ ਦਿੱਤੀ ਅਤੇ ਇਸ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾ ਮਿਲਣ ਤੱਕ ਇਨਸਾਫ ਦੀ ਲੜਾਈ ਲਗਾਤਾਰ ਜਾਰੀ ਰੱਖਣ ਦਾ ਅਹਿਦ ਕੀਤਾ। ਗੁਰਦੁਆਰਾ ਰਕਾਬਗੰਜ ਸਾਹਿਬ ਕੰਪਲੈਕਸ ਵਿਖੇ ਸਥਾਪਿਤ 1984 ਦੇ ਸ਼ਹੀਦਾਂ ਦੀ ਯਾਦਗਾਰ 'ਸੱਚ ਦੀ ਕੰਧ' ਤੱਕ ਮੋਮਬੱਤੀ ਮਾਰਚ ਕੱਢਿਆ ਗਿਆ ਜਿਸ ਵਿਚ ਦਿੱਲੀ ਕਮੇਟੀ ਦੇ ਅਹੁਦੇਦਾਰਾਂ ਤੇ ਮੈਂਬਰਾਂ ਤੋਂ ਇਲਾਵਾ 1984 ਦੇ ਪੀੜਤ ਪਰਿਵਾਰਾਂ ਨੇ ਵੀ ਸ਼ਮੂਲੀਅਤ ਕੀਤੀ। ਇਸ ਮੌਕੇ ਵੱਖ ਵੱਖ ਬੁਲਾਰਿਆਂ ਨੇ ਆਪੋ-ਆਪਣੇ ਸੰਬੋਧਨ ਦੌਰਾਨ ਕਿਹਾ ਕਿ ਸਿੱਖ ਕਤਲੇਆਮ ਤੋਂ ਬਾਅਦ ਕਾਂਗਰਸੀ ਹਕੂਮਤ ਨੇ ਦੋਸ਼ੀਆਂ ਨੂੰ ਬਚਾਉਣ ਲਈ ਕੋਈ ਕਸਰ ਨਹੀਂ ਛੱਡੀ ਅਤੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਦੀ ਬਜਾਏ ਉਨਾਂ ਨੂੰ ਵਜ਼ੀਰੀਆਂ ਤੇ ਵੱਡੇ ਅਹੁਦਿਆਂ ਨਾਲ ਨਿਵਾਜਿਆ।

**ਪੂਰਨ ਇਨਸਾਫ਼ ਬਗੈਰ ਨਵੰਬਰ '84 ਨੂੰ ਭੁਲਾਉਣਾ ਅਸੰਭਵ**

31 ਅਕਤੂਬਰ, 1984 ਨੂੰ ਭਾਰਤ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਸਿੱਖਾਂ ਦੇ ਖ਼ਿਲਾਫ਼ ਸੋਚਿਆ ਸਮਝਿਆ ਕਤਲੇਆਮ ਹੋਇਆ। ਰਾਜਧਾਨੀ ਦਿੱਲੀ ਸਮੇਤ ਭਾਰਤ ਭਰ ਦੇ 18 ਸੂਬਿਆਂ ਵਿਚਲੇ 110 ਮੁੱਖ ਸ਼ਹਿਰਾਂ ਵਿਚ ਗਿਣੀ-ਮਿੱਥੀ ਅਤੇ ਇਕੋ ਜਿਹੀ ਯੋਜਨਾ ਤਹਿਤ ਸਿੱਖਾਂ ਦਾ ਭਿਆਨਕ ਕਤਲੇਆਮ ਹੋਇਆ। ਇੰਦਰਾ ਗਾਂਧੀ ਦੇ ਪੁੱਤਰ ਰਾਜੀਵ ਗਾਂਧੀ ਨੇ 19 ਨਵੰਬਰ, 1984 ਨੂੰ ਵੋਟ ਕਲੱਬ ਨਵੀਂ ਦਿੱਲੀ ਵਿਖੇ ਇੰਦਰਾ ਗਾਂਧੀ ਦੇ ਜਨਮ ਦਿਨ 'ਤੇ ਕਿਹਾ ਸੀ, 'ਇੰਦਰਾ ਜੀ ਦੇ ਕਤਲ ਤੋਂ ਬਾਅਦ ਦੇਸ਼ ਵਿਚ ਕੁਝ ਦੰਗੇ ਹੋਏ। ਸਾਨੂੰ ਪਤਾ ਹੈ ਕਿ ਲੋਕੀਂ ਕਾਫ਼ੀ ਗੁੱਸੇ ਵਿਚ ਸਨ। ਲਗਦਾ ਸੀ ਪੂਰਾ ਭਾਰਤ ਹਿੱਲ ਗਿਆ ਹੈ, ਪਰ ਜਦੋਂ ਇਕ ਵੱਡਾ ਦਰੱਖ਼ਤ ਡਿਗਦਾ ਹੈ ਤਾਂ ਧਰਤੀ ਕੰਬਦੀ ਹੀ ਹੈ।'

ਸਿੱਖ ਕਤਲੇਆਮ ਦੀ ਪਹਿਲੀ ਘਟਨਾ 1 ਨਵੰਬਰ ਨੂੰ ਪੂਰਬੀ ਦਿੱਲੀ ਵਿਚ ਸਵੇਰੇ ਵਾਪਰੀ। ਬਸ ਫ਼ਿਰ ਕੀ ਸੀ, 5 ਨਵੰਬਰ ਤੱਕ ਦਿੱਲੀ, ਕਾਨਪੁਰ, ਬੋਕਾਰੋ ਸਮੇਤ ਦੇਸ਼ ਦੇ ਲਗਭਗ 110 ਸ਼ਹਿਰਾਂ 'ਚ ਯੋਜਨਾਬੱਧ ਤਰੀਕੇ ਨਾਲ ਸਿੱਖਾਂ ਦੇ ਹੋਏ ਕਤਲੇਆਮ ਵਿਚ 7 ਹਜ਼ਾਰ ਤੋਂ ਵਧੇਰੇ ਨਿਹੱਥੇ ਤੇ ਬੇਕਸੂਰ ਸਿੱਖਾਂ ਨੂੰ ਜਿਊਂਦੇ ਸਾੜਿਆ, ਕੋਹ-ਕੋਹ ਕੇ ਮਾਰ ਦਿੱਤਾ ਗਿਆ ਸੀ। ਸੈਂਕੜੇ ਔਰਤਾਂ ਦੀ ਬੇਪਤੀ ਹੋਈ, ਕਰੋੜਾਂ ਦੀ ਸੰਪਤੀ ਲੁੱਟੀ ਗਈ ਅਤੇ ਸਾੜ ਦਿੱਤੀ ਗਈ।

ਇਕੱਲੇ ਦਿੱਲੀ ਵਿਚ ਹੀ ਸਰਕਾਰੀ ਰਿਕਾਰਡ ਅਨੁਸਾਰ 2733 ਕਤਲ ਹੋਏ। ਜ਼ਖ਼ਮੀਆਂ ਦੀ ਗਿਣਤੀ 2933 ਅਤੇ ਜਾਇਦਾਦ ਦੀ ਲੁੱਟ-ਖਸੁੱਟ ਅਤੇ ਸਾੜ-ਫੂਕ ਦੀਆਂ



1984 ਸਿੱਖ ਕਤਲੇਆਮ ਦੌਰਾਨ ਮਾਰੇ ਗਏ ਸਿੱਖਾਂ ਦੀ ਯਾਦ 'ਚ ਗੁ. ਰਕਾਬਗੰਜ ਸਾਹਿਬ ਤੋਂ ਕੱਢੇ ਗਏ ਮੋਮਬੱਤੀ ਮਾਰਚ 'ਚ ਸ਼ਾਮਲ ਮਨਜਿੰਦਰ ਸਿੰਘ ਸਿਰਸਾ, ਪੀੜਤ ਪਰਿਵਾਰ ਤੇ ਇਲਾਵਾ ਬੀਬੀਆਂ।



ਘਟਨਾਵਾਂ 10,897 ਵਾਪਰੀਆਂ। ਇਸੇ ਦੌਰਾਨ ਦਿੱਲੀ ਵਿਚ ਫ਼ਿਰਕੂ ਕਤਲੇਆਮ ਨੂੰ ਰੋਕਣ ਲਈ ਸੀਨੀਅਰ ਵਕੀਲ ਤੇ ਵਿਰੋਧੀ ਧਿਰ ਦੇ ਨੇਤਾ ਰਾਮ ਜੇਠਮਲਾਨੀ ਗ੍ਰਹਿ ਮੰਤਰੀ ਪੀ.ਵੀ. ਨਰਸਿਮਹਾ ਰਾਓ ਨੂੰ ਮਿਲੇ। ਕਈ ਹੋਰ ਧਰਮ-ਨਿਰਪੱਖ ਆਗੂਆਂ ਨੇ ਵੀ ਸਰਕਾਰ ਨੂੰ ਹਾਲਾਤ 'ਤੇ ਕਾਬੂ ਪਾਉਣ ਲਈ ਆਖਿਆ, ਪਰ ਸਰਕਾਰੀ ਤੌਰ 'ਤੇ ਕੋਈ ਵੀ ਅਜਿਹੀ ਕਾਰਵਾਈ ਨਹੀਂ ਕੀਤੀ ਗਈ, ਜਿਸ ਨਾਲ ਹਾਲਾਤ ਨੂੰ ਮੁਢਲੇ ਪੜਾਅ 'ਤੇ ਹੀ ਕਾਬੂ ਕਰ ਲਿਆ ਜਾਂਦਾ। ਨਵੰਬਰ 1984 ਦੇ ਸਿੱਖ ਕਤਲੇਆਮ ਨੂੰ ਅੱਜ 37 ਸਾਲ ਬੀਤ ਚੁੱਕੇ ਹਨ, ਪਰ ਇਸ ਦੇ ਪੀੜਤਾਂ ਦੇ ਜ਼ਖ਼ਮ ਹਾਲੇ ਵੀ ਤਾਜ਼ਾ ਹਨ। ਇਕੱਲੇ ਨਵੀਂ ਦਿੱਲੀ 'ਚ ਹੋਏ 2733 ਕਤਲਾਂ (ਸਰਕਾਰੀ ਰਿਕਾਰਡ ਅਨੁਸਾਰ) ਵਿਚੋਂ ਮਹਿਜ਼ ਇਕ ਦਰਜਨ ਮਾਮਲਿਆਂ ਵਿਚ ਤਿੰਨ ਕੁ ਦਰਜਨ ਵਿਅਕਤੀਆਂ ਨੂੰ ਹੀ ਸਾਧਾਰਨ ਉਮਰ ਕੈਦ ਦੀ ਸਜ਼ਾ ਹੋਈ। ਤਿੰਨ ਕੁ ਵਰੇ ਪਹਿਲਾਂ ਕਾਂਗਰਸ ਪਾਰਟੀ ਦੇ ਪ੍ਰਮੁੱਖ ਆਗੂ ਸੱਜਣ ਕੁਮਾਰ ਨੂੰ ਇਕ ਮਾਮਲੇ ਵਿਚ ਅਦਾਲਤ ਨੇ ਮੌਤ ਤੱਕ ਉਮਰ ਕੈਦ ਦੀ ਸਜ਼ਾ ਜ਼ਰੂਰ ਸੁਣਾਈ ਪਰ ਤੀਹ-ਪੈਂਤੀ ਸਾਲ ਬਾਅਦ, ਹਜ਼ਾਰਾਂ ਵਿਚੋਂ ਇਕ-ਅੱਧ ਮਾਮਲੇ ਵਿਚ ਮਿਲੇ ਅਦਾਲਤੀ ਇਨਸਾਫ਼ ਨੂੰ ਪੂਰਾ ਇਨਸਾਫ਼ ਨਹੀਂ ਆਖਿਆ ਜਾ ਸਕਦਾ, ਕਿਉਂਕਿ ਦੇਰੀ ਨਾਲ ਦਿੱਤੇ ਇਨਸਾਫ਼ ਵਿਚੋਂ ਇਨਸਾਫ਼ ਦੀ ਭਾਵਨਾ ਮਰੀ ਹੋਈ ਪ੍ਰਤੀਤ ਹੁੰਦੀ ਹੈ। ਪਿਛਲੇ 37 ਵਰੇ ਪੁਲਿਸ, ਸਰਕਾਰੀ ਮਸ਼ੀਨਰੀ ਅਤੇ ਰਾਜਨੀਤਕ ਤਾਕਤਾਂ ਨੇ ਸਿੱਖ ਵਿਰੋਧੀ ਕਤਲੇਆਮ ਦੇ ਦੋਸ਼ੀਆਂ ਨੂੰ ਸਿੱਧੇ-ਅਸਿੱਧੇ ਤੌਰ 'ਤੇ ਬਚਾਉਣ ਲਈ ਪੂਰੀ ਵਾਹ ਲਗਾਈ ਹੈ। ਇਹ ਗੱਲ ਵੀ ਪਿਛਲੇ ਸਮੇਂ ਦੌਰਾਨ ਦਿੱਲੀ ਦੀ ਅਦਾਲਤ ਵਿਚ ਨੰਗੀ-ਚਿੱਟੀ ਹੋ ਕੇ ਸਾਹਮਣੇ ਆਈ ਸੀ ਕਿ ਸੱਜਣ ਕੁਮਾਰ ਖ਼ਿਲਾਫ਼ ਸਿੱਖ ਕਤਲੇਆਮ ਦੇ ਗਵਾਹ ਜੋਗਿੰਦਰ ਸਿੰਘ ਦੀ ਜਗਾ ਪੁਲਿਸ ਵਲੋਂ ਉਸ ਦੇ ਨਾਂ 'ਤੇ ਇਕ ਵਿਅਕਤੀ ਨੂੰ ਅਦਾਲਤ ਵਿਚ ਲਿਜਾ ਕੇ ਧਾਰਾ 164 ਤਹਿਤ ਬਿਆਨ ਦਰਜ ਕਰਵਾਏ ਜਾਂਦੇ ਰਹੇ, ਜਿਸ ਵਿਚ ਫ਼ਰਜ਼ੀ ਜੋਗਿੰਦਰ ਸਿੰਘ ਅਦਾਲਤ ਵਿਚ ਬਿਆਨ ਦਿੰਦਾ ਰਿਹਾ ਕਿ ਸੱਜਣ ਕੁਮਾਰ ਤੇ ਹੋਰ ਦੋਸ਼ੀ 1984 ਕਤਲੇਆਮ ਦੇ ਮਾਮਲਿਆਂ ਵਿਚ ਬੇਕਸੂਰ ਹਨ। ਹਾਲਾਂਕਿ ਇਸ ਤੋਂ ਪਹਿਲਾਂ ਸੀ.ਬੀ. ਆਈ. ਵੀ ਅਦਾਲਤਾਂ ਵਿਚ ਕਈ ਵਾਰ ਇਹ ਖ਼ੁਲਾਸਾ ਕਰ ਚੁੱਕੀ ਹੈ ਕਿ ਸਿੱਖ ਕਤਲੇਆਮ ਨੂੰ ਰੋਕਣ ਵਿਚ ਅਤੇ ਉਸ ਸਮੇਂ ਦੇ ਅਸਲ ਦੋਸ਼ੀਆਂ ਖਿਲਾਫ਼ ਦਿੱਲੀ ਪੁਲਿਸ ਕਾਰਵਾਈ ਕਰਨ ਵਿਚ ਨਾਕਾਮ ਰਹੀ ਹੈ ਅਤੇ ਉਸ ਨੇ ਇਸ ਕਤਲੇਆਮ ਦੇ ਦੋਸ਼ੀਆਂ ਨੂੰ ਬਚਾਉਣ ਦਾ ਯਤਨ ਕੀਤਾ ਹੈ। ਕੁਝ ਸਾਲ ਪਹਿਲਾਂ ਦੇਸ਼ ਦੀ ਸਰਬਉੱਚ ਅਦਾਲਤ ਨੇ ਵੀ ਇਹ ਟਿੱਪਣੀ ਕੀਤੀ ਸੀ ਕਿ ਸਿੱਖ ਵਿਰੋਧੀ ਕਤਲੇਆਮ ਦੇ ਮਾਮਲਿਆਂ ਦੇ ਨਿਪਟਾਰੇ ਵਿਚ ਬਹੁਤ ਦੇਰੀ ਹੋਈ ਹੈ। ਕੁਝ ਸਾਲ ਪਹਿਲਾਂ ਸੁਪਰੀਮ ਕੋਰਟ ਦੇ ਹੀ ਇਕ ਸੇਵਾਮੁਕਤ ਜੱਜ ਮਾਰਕੰਡੇ ਕਾਟਜੂ ਨੇ ਇਹ ਖ਼ੁਲਾਸਾ ਕੀਤਾ ਸੀ ਕਿ 1984 ਦੇ ਸਿੱਖ ਕਤਲੇਆਮ ਸਮੇਂ ਉੱਚ ਅਦਾਲਤ ਦੇ ਜੱਜਾਂ ਦਾ ਝੁਕਾਅ ਕਾਂਗਰਸ-ਪੱਖੀ ਸੀ, ਜਿਸ ਕਰਕੇ ਕਤਲੇਆਮ ਨੂੰ ਰੋਕਣ ਵਿਚ ਨਿਆਂਪਾਲਿਕਾ ਨੇ ਕੋਈ ਸਰਗਰਮ ਭੂਮਿਕਾ ਨਹੀਂ ਨਿਭਾਈ। ਉਨਾਂ ਇੱਥੋਂ ਤੱਕ ਕਿਹਾ ਸੀ ਕਿ ਸਿੱਖ ਕਤਲੇਆਮ ਦੀ ਜਾਂਚ ਬਾਰੇ ਬਣੇ 'ਮਿਸ਼ਰਾ ਕਮਿਸ਼ਨ' ਦੇ ਮੁਖੀ ਜਸਟਿਸ ਰੰਗਾਨਾਥ ਮਿਸ਼ਰਾ ਵੀ ਕਾਂਗਰਸ ਪੱਖੀ ਸਨ ਤੇ ਬਾਅਦ ਵਿਚ ਜਸਟਿਸ ਰੰਗਾਨਾਥ ਮਿਸ਼ਰਾ ਕਾਂਗਰਸ ਪਾਰਟੀ ਵਲੋਂ ਰਾਜ ਸਭਾ ਦੇ ਮੈਂਬਰ ਵੀ ਰਹੇ ਹਨ। ਵਿਦਵਾਨ ਰਜਨੀ ਕੁਠਾਰੀ ਅਨੁਸਾਰ 'ਜੋ ਕੁਝ ਦਿੱਲੀ ਵਿਚ ਨਵੰਬਰ 1984 ਦੇ ਸ਼ੁਰੂ ਵਿਚ ਹੋਇਆ, ਉਹ ਦੰਗੇ ਨਹੀਂ ਸਨ, ਸਗੋਂ ਕਿਸੇ ਸਾਜਿਸ਼ ਅਧੀਨ ਪਹਿਲਾਂ ਤੋਂ ਘੜੀ ਯੋਜਨਾ ਸੀ। ਇਸ ਨੂੰ ਸਿਰੇ ਚੜਾਉਣ ਲਈ ਖਿੱਤੇ ਦੀ ਚੋਣ (ਸਿੱਖਾਂ ਦੀਆਂ ਰਿਹਾਇਸ਼ੀ ਆਬਾਦੀਆਂ), ਸਾਜ਼ੋ-ਸਾਮਾਨ ਦਾ ਪ੍ਰਬੰਧ, ਇਸ ਅਪਰਾਧ ਨੂੰ ਕਰਨ ਵਾਲੇ ਜਾਣੇ-ਪਛਾਣੇ ਸਨ।

ਕਾਂਗਰਸ ਹਮੇਸ਼ਾ 1984 ਦੇ ਸਿੱਖ ਵਿਰੋਧੀ ਕਤਲੇਆਮ ਨੂੰ 'ਕਤਲੇਆਮ' ਵਜੋਂ ਕਬੂਲ ਕਰਨ ਤੋਂ ਵੀ ਭੱਜਦੀ ਹੈ। ਕਾਂਗਰਸ ਆਗੂ ਅਕਸਰ ਸਿੱਖ ਕਤਲੇਆਮ ਲਈ 'ਟਰੈਜਿਡੀ' ਸ਼ਬਦ ਦੀ ਵਰਤੋਂ ਕਰਦੇ ਹਨ, ਜਿਹੜਾ ਸਿਧਾਂਤਕ ਤੌਰ 'ਤੇ ਸਾਬਤ ਕਰਦਾ ਹੈ ਕਿ ਕਾਂਗਰਸ ਹਾਲੇ ਤੱਕ ਸਿੱਖਾਂ ਦੀ ਯੋਜਨਾਬੱਧ ਨਸਲਕੁਸ਼ੀ ਨੂੰ 'ਟਰੈਜਿਡੀ', 'ਦੁਖਾਂਤ' ਜਾਂ 'ਹਾਦਸਾ' ਆਖ ਕੇ 'ਕਤਲੇਆਮ' ਮੰਨਣ ਤੋਂ ਭੱਜ ਰਹੀ ਹੈ। ਕਾਂਗਰਸ ਵਲੋਂ ਜਦੋਂ ਵੀ ਸਿੱਖ ਭਾਈਚਾਰੇ ਨੂੰ 1984 ਦੇ ਕਤਲੇਆਮ ਨੂੰ ਭੁੱਲ ਜਾਣ ਦੀ ਸਲਾਹ ਦਿੱਤੀ ਜਾਂਦੀ ਹੈ ਤਾਂ ਉਸ ਦਾ ਅੰਦਾਜ਼ ਕਤਲੇਆਮ ਨੂੰ ਨਿਆਂਸੰਗਤ ਠਹਿਰਾਉਣ ਵਾਲਾ ਹੁੰਦਾ ਹੈ। ਕਾਂਗਰਸ ਦੇ 125 ਸਾਲਾ ਇਤਿਹਾਸ ਦੀ ਪੁਸਤਕ 'ਸੈਂਟੇਨਰੀ ਹਿਸਟਰੀ ਆਫ਼ ਦ ਇੰਡੀਅਨ ਨੈਸ਼ਨਲ ਕਾਂਗਰਸ' ਵਿਚ ਵੀ ਸਿੱਖਾਂ ਨੂੰ 1984 ਦੇ ਘੱਲੂਘਾਰੇ ਨੂੰ ਭੁੱਲਣ ਲਈ ਆਖਿਆ ਗਿਆ ਹੈ। ਪੁਸਤਕ ਦੇ ਅਧਿਆਏ 'ਹਿੰਦੂ ਕਮਿਊਨਲ ਚੈਲੰਜ 1964, 1984' ਵਿਚ ਇਹ ਤਾਂ ਮੰਨਿਆ ਗਿਆ ਹੈ ਕਿ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਦੇਸ਼ ਭਰ ਵਿਚ ਸਿੱਖਾਂ 'ਤੇ ਵੱਡੇ ਪੱਧਰ 'ਤੇ ਹਮਲੇ ਹੋਏ ਅਤੇ ਜ਼ਿਆਦਾਤਰ ਮਾਮਲਿਆਂ ਵਿਚ ਇਨਾਂ ਹਮਲਿਆਂ ਦੀ ਅਗਵਾਈ ਕਾਂਗਰਸ ਦੇ ਆਗੂਆਂ ਨੇ ਕੀਤੀ। ਪੁਸਤਕ ਵਿਚ ਕਿਹਾ ਗਿਆ ਹੈ ਕਿ, 'ਹੁਣ ਇਤਿਹਾਸ ਸਮੇਂ ਦਾ ਪੂਰਾ ਚੱਕਾ ਕੱਟ ਚੁੱਕਿਆ ਹੈ। ਕਦੇ ਨਵੰਬਰ 1984 ਵਿਚ ਸਿੱਖ ਆਪਣੀ ਪਛਾਣ ਲੁਕਾਉਣ ਲਈ ਮਜਬੂਰ ਸਨ, ਪਰ ਮਈ, 2004 ਵਿਚ ਸਿੱਖ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਸਭ ਤੋਂ ਵੱਡੇ ਲੋਕਤੰਤਰ ਦੀ ਕਾਰਜਪਾਲਿਕਾ ਦੇ ਸਰਬਉੱਚ ਅਹੁਦੇ ਲਈ ਚੁਣਿਆ ਗਿਆ ਹੈ ਤਾਂ ਅਜਿਹੇ ਵਿਚ ਸਿੱਖਾਂ ਨੂੰ ਅਤੀਤ ਨਾਲ ਬੱਝੇ ਨਾ ਰਹਿ ਕੇ ਭਵਿੱਖ ਵੱਲ ਦੇਖਣਾ ਚਾਹੀਦਾ ਹੈ।' ਪੁਸਤਕ ਦੀ ਇਹ ਇਬਾਰਤ ਬਿਨਾਂ ਇਨਸਾਫ਼ ਦਿੱਤਿਆਂ ਹੀ ਸਿੱਖ ਕਤਲੇਆਮ ਪੀੜਤਾਂ ਨੂੰ ਬੜੇ ਸਾਜਿਸ਼ੀ ਤਰੀਕੇ ਨਾਲ ਕਹਿ ਰਹੀ ਹੈ ਕਿ ਉਸ ਸਾਕੇ ਨੂੰ ਭੁੱਲ ਜਾਓ। ਜਦੋਂਕਿ ਸਿੱਖ ਕਤਲੇਆਮ ਦੀਆਂ ਜਾਂਚ-ਰਿਪੋਰਟਾਂ ਵੀ ਇਹ ਗੱਲ ਸਾਬਤ ਕਰਦੀਆਂ ਹਨ ਕਿ ਇਹ ਕਤਲੇਆਮ ਇਕ ਯੋਜਨਾਬੱਧ, ਸਰਕਾਰੀ ਅਤੇ ਪ੍ਰਸ਼ਾਸਨਿਕ ਸਰਪ੍ਰਸਤੀ ਹੇਠ ਹੋਇਆ ਸੀ। ਇਸ ਕਤਲੇਆਮ ਲਈ ਸਰਕਾਰ ਸਿੱਧੇ ਤੌਰ 'ਤੇ ਦੋਸ਼ੀ ਹੈ। ਸਰਕਾਰ ਵਲੋਂ ਸਿੱਖ ਕਤਲੇਆਮ ਦੀ ਪਹਿਲੀ ਵਾਰ ਮੁਆਫ਼ੀ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਹੀ ਮੰਗੀ ਸੀ, ਜਿਹੜੇ ਖ਼ੁਦ ਪੀੜਤ ਭਾਈਚਾਰੇ ਨਾਲ ਸਬੰਧਤ ਹਨ। ਇਹ ਗੱਲ ਸਪੱਸ਼ਟ ਹੈ ਕਿ ਇਤਿਹਾਸਕ ਪਰਿਪੇਖ ਵਿਚ ਨਵੰਬਰ 1984 ਦਾ ਸਿੱਖ ਵਿਰੋਧੀ ਕਤਲੇਆਮ ਵੀ ਉਸੇ ਤਰਾਂ ਸਿੱਖ ਮਾਨਸਿਕਤਾ ਵਿਚ ਘੱਲੂਘਾਰਾ ਬਣ ਕੇ ਵਸ ਚੁੱਕਾ ਹੈ, ਜਿਵੇਂ 1919 ਦੇ ਜਲਿਆਂਵਾਲੇ ਬਾਗ਼ ਦੇ ਸਾਕੇ ਨੂੰ ਨਹੀਂ ਭੁਲਾਇਆ ਜਾ ਸਕਦਾ। ਨਵੰਬਰ 1984 ਦੇ ਸਿੱਖ ਕਤਲੇਆਮ ਵੇਲੇ ਨਾ ਸਿਰਫ਼ ਸਿੱਖਾਂ ਦਾ ਸਰੀਰਕ ਤੌਰ 'ਤੇ ਹੀ ਘਾਣ ਕੀਤਾ ਗਿਆ, ਸਗੋਂ ਸਾਜਿਸ਼ੀ ਤਰੀਕੇ ਨਾਲ ਸਿੱਖਾਂ ਖ਼ਿਲਾਫ਼ ਜਾਣਬੁੱਝ ਕੇ ਅਜਿਹੇ ਹਾਲਾਤ ਪੈਦਾ ਕੀਤੇ ਗਏ, ਜੋ ਰਹਿੰਦੀਆਂ ਸਦੀਆਂ ਤੱਕ ਪੀੜਾਦਾਇਕ ਰਹਿਣਗੇ।

# ਸ਼੍ਰੋਮਣੀ ਕਮੇਟੀ ਦਾ ਜਨਰਲ ਇਜਲਾਸ 28 ਨਵੰਬਰ ਨੂੰ

## ਸਿੱਖ ਧਾਰਮਿਕ ਸੰਸਥਾਵਾਂ 'ਚ ਜਾਤ-ਪਾਤ ਦਾ ਕੋਈ ਥਾਂ ਨਹੀਂ : ਜਥੇਦਾਰ

**ਅੰਮ੍ਰਿਤਸਰ/ਏ.ਟੀ.ਨਿਊਜ਼:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਜਨਰਲ ਇਜਲਾਸ 28 ਨਵੰਬਰ ਨੂੰ ਬੁਲਾਉਣ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ, ਜਿਸ ਲਈ ਸ਼੍ਰੋਮਣੀ ਕਮੇਟੀ ਨੇ ਇਸ ਸੈਸ਼ਨ ਦੀ ਅੰਤ੍ਰਿਗ ਕਮੇਟੀ ਦੀ ਆਖ਼ਰੀ ਮੀਟਿੰਗ 6 ਨਵੰਬਰ ਨੂੰ ਹੋਈ। 2021 ਦਾ ਜਨਰਲ ਇਜਲਾਸ 28 ਨਵੰਬਰ ਨੂੰ ਰੱਖਣ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਸਾਲ 2021 ਅਤੇ ਸਾਲ 2022 ਵਿਚ ਪ੍ਰਧਾਨ, ਸੀਨੀਅਰ ਮੀਤ ਪ੍ਰਧਾਨ, ਜੂਨੀਅਰ ਮੀਤ ਪ੍ਰਧਾਨ, ਜਨਰਲ ਸਕੱਤਰ ਤੇ ਅੰਤ੍ਰਿਗ ਕਮੇਟੀ ਦੀ ਨਵੀਂ ਚੋਣ 28 ਨਵੰਬਰ ਨੂੰ ਜਨਰਲ ਇਜਲਾਸ ਵਿਚ ਕੀਤੀ ਜਾਵੇਗੀ। ਜਿਸ ਸਬੰਧੀ 6 ਨਵੰਬਰ ਨੂੰ ਅੰਤ੍ਰਿਗ ਕਮੇਟੀ ਦੀ ਇਕੱਤਰਤਾ ਬੀਬੀ ਜਗੀਰ ਕੌਰ ਦੀ ਪ੍ਰਧਾਨਗੀ ਹੇਠ ਅੰਮ੍ਰਿਤਸਰ ਵਿਖੇ ਰੱਖੀ ਗਈ ਹੈ। ਇਹ ਜਾਣਕਾਰੀ ਮੀਟਿੰਗ ਵਿਚ ਦਿੱਤੀ ਗਈ ਹੈ। ਇਸ ਦੌਰਾਨ ਸ਼੍ਰੋਮਣੀ ਕਮੇਟੀ ਪ੍ਰਧਾਨ ਬੀਬੀ



ਜਗੀਰ ਕੌਰ, ਸੀਨੀਅਰ ਮੀਤ ਪ੍ਰਧਾਨ ਸੁਰਜੀਤ ਸਿੰਘ ਭਿਟੇਵੱਡ, ਜਨਰਲ ਸਕੱਤਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਮੈਂਬਰ ਭਾਈ ਰਾਮ ਸਿੰਘ, ਜਥੇਦਾਰ ਨਵਤੇਜ ਸਿੰਘ ਕਾਉਣੀ, ਡਾ. ਸੁਖਬੀਰ ਸਿੰਘ, ਸਕੱਤਰ ਸੁਖਮਿੰਦਰ ਸਿੰਘ ਆਦਿ ਮੌਜੂਦ ਸਨ।

ਦੱਸਣਯੋਗ ਹੈ ਕਿ ਪਿਛਲੇ ਸਮੇਂ ਦੌਰਾਨ ਸੂਬੇ ਦਾ ਮੁੱਖ ਮੰਤਰੀ ਅਨੁਸੂਚਿਤ ਜਾਤੀ ਵਿੱਚੋਂ ਲਾਏ ਜਾਣ ਤੋਂ ਬਾਅਦ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਵੀ ਅਨੁਸੂਚਿਤ ਵਿੱਚੋਂ ਲਾਉਣ ਦੀ ਚਰਚਾ ਸ਼ੁਰੂ ਹੋ ਗਈ ਹੈ। ਦੂਜੇ ਪਾਸੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਸਿੱਖ ਧਾਰਮਿਕ ਸੰਸਥਾਵਾਂ ਵਿਚ ਜਾਤ-ਪਾਤ ਨੂੰ ਨਹੀਂ ਦੇਖਿਆ ਜਾਂਦਾ। ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਜਾਤ-ਪਾਤ ਦੇ ਅਧਾਰ 'ਤੇ ਬਣਾਉਣ ਦੀਆਂ ਜੋ ਚਰਚਾਵਾਂ ਚੱਲ ਰਹੀਆਂ ਹਨ, ਇਹ ਗਲਤ ਹਨ। ਜਾਤ-ਪਾਤ ਦਾ ਸਿੱਖ ਫਲਸਫੇ ਵਿਚ ਕੋਈ ਸਥਾਨ ਨਹੀਂ ਹੈ।

### ਮਾਮਲਾ ਸਾੜ ਫੂਕ ਦਾ

# ਡੇਰਾ ਸਿਰਸਾ ਦੀ ਕਮੇਟੀ ਦੇ ਪੰਜ ਮੈਂਬਰਾਂ ਸਮੇਤ 22 ਡੇਰਾ ਪ੍ਰੇਮੀ ਰਿਹਾਅ

**ਸੰਗਰੂਰ/ਏ.ਟੀ.ਨਿਊਜ਼ :** ਵਧੀਕ ਸੈਸ਼ਨ ਜੱਜ ਮੈਡਮ ਗਿਰੀਸ਼ ਦੀ ਅਦਾਲਤ ਨੇ ਇਕ ਬਿਜਲੀ ਗਰਿੱਡ ਨੂੰ ਅੱਗ ਲਗਾਏ ਜਾਣ ਦੇ ਇਕ ਮਾਮਲੇ ਵਿਚ ਡੇਰਾ ਸਿਰਸਾ ਦੀ 45 ਮੈਂਬਰੀ ਕਮੇਟੀ ਦੇ ਪੰਜ ਮੈਂਬਰਾਂ ਸਮੇਤ 22 ਡੇਰਾ ਪ੍ਰੇਮੀਆਂ ਨੂੰ ਬਰੀ ਕਰਨ ਦਾ ਹੁਕਮ ਸੁਣਾਇਆ। ਪੁਲਿਸ ਥਾਣਾ ਦਿੜਬਾ ਵਿਖੇ 25 ਅਗਸਤ 2017 ਨੂੰ ਦਰਜ ਮਾਮਲੇ ਮੁਤਾਬਿਕ ਡੇਰਾ ਸਿਰਸਾ ਮੁਖੀ ਨੂੰ ਸੀ.ਬੀ.ਆਈ. ਦੀ ਇਕ ਅਦਾਲਤ ਵਲੋਂ ਦੋਸ਼ੀ ਕਰਾਰ ਦਿੱਤੇ ਜਾਣ ਤੋਂ ਬਾਅਦ ਬਿਜਲੀ ਗਰਿੱਡ ਮੁਨਸੀਵਾਲਾ ਵਿਖੇ ਅੱਗ ਲਗਾਏ ਜਾਣ ਦੀ ਵਾਪਰੀ ਘਟਨਾ ਤੋਂ ਬਾਅਦ ਹਰੀਪਾਲ ਐਸ. ਐਸ. ਏ. ਨੇ ਸ਼ਿਕਾਇਤ ਦਰਜ ਕਰਵਾਈ ਸੀ ਕਿ ਬਾਅਦ ਦੁਪਹਿਰ 15-20 ਅਣਪਛਾਤੇ ਨੌਜਵਾਨ, ਜਿਨਾਂ ਨੇ ਮੂੰਹ ਢਕੇ ਹੋਏ ਸਨ ਤੇ ਹੱਥਾਂ ਵਿਚ ਸੋਟੀਆਂ ਤੇ ਪੈਟਰੋਲ ਦੀਆਂ ਬੋਤਲਾਂ ਸਨ, ਗਰਿੱਡ ਦੇ ਕੰਟਰੋਲ ਰੂਮ 'ਚ ਜ਼ਬਰਦਸਤੀ ਦਾਖ਼ਲ ਹੋ ਗਏ। ਇਹ ਸਾਰੇ ਉੱਚੀ-ਉੱਚੀ ਕਹਿ ਰਹੇ ਸਨ ਕਿ ਸਾਡੇ ਸਿਰਸੇ ਵਾਲੇ ਬਾਬੇ ਨੂੰ ਗ਼ਲਤ ਸਜ਼ਾ ਕੀਤੀ ਗਈ ਹੈ, ਇਸ ਦਾ ਬਦਲਾ ਸਰਕਾਰੀ ਜਾਇਦਾਦ ਨੂੰ ਨੁਕਸਾਨ ਪਹੁੰਚਾ ਕੇ ਲਿਆ ਜਾਵੇਗਾ। ਏਨਾ ਕਹਿੰਦਿਆਂ ਹੀ ਇਨਾਂ ਵਿਅਕਤੀਆਂ ਨੇ ਪੈਟਰੋਲ ਦੀਆਂ ਬੋਤਲਾਂ ਨੂੰ ਬਿਜਲੀ ਸਪਲਾਈ ਵਾਲੇ ਬਰੇਕਰਾਂ 'ਤੇ ਸੁੱਟ ਕੇ ਅੱਗ ਲਗਾ ਦਿੱਤੀ ਤੇ ਉਸ ਪਾਸੋਂ ਅਤੇ ਨਾਲ ਵਾਲੇ ਮੁਲਾਜ਼ਮ ਦੇ ਮੋਬਾਈਲ ਫ਼ੋਨ ਖੋਹ ਕੇ ਫ਼ਰਾਰ ਹੋ ਗਏ। ਪੁਲਿਸ ਨੇ ਜਾਂਚ ਦੌਰਾਨ ਡੇਰਾ ਸਿਰਸਾ ਦੀ ਕਮੇਟੀ ਦੇ ਪੰਜ ਮੈਂਬਰਾਂ ਕੁੱਲ 22 ਡੇਰਾ ਪ੍ਰੇਮੀਆਂ ਨੂੰ ਨਾਮਜ਼ਦ ਕਰ ਕੇ ਉਨਾਂ ਨੂੰ ਗ੍ਰਿਫ਼ਤਾਰ ਕਰ ਲਿਆ ਸੀ।

# ਟਿਕੈਤ ਵਲੋਂ ਚੇਤਾਵਨੀ

## ਕੇਂਦਰ 26 ਤੱਕ ਖੇਤੀ ਕਾਨੂੰਨ ਵਾਪਸ ਲਵੇ ਨਹੀਂ ਤਾਂ ਹੋਵੇਗਾ ਸਖ਼ਤ ਐਕਸ਼ਨ

**ਗਾਜ਼ੀਆਬਾਦ/ਏ.ਟੀ.ਨਿਊਜ਼ :** ਭਾਰਤੀ ਕਿਸਾਨ ਯੂਨੀਅਨ ਦੇ ਆਗੂ ਰਾਕੇਸ਼ ਟਿਕੈਤ ਨੇ ਕਿਹਾ ਹੈ ਕਿ ਕੇਂਦਰ 26 ਨਵੰਬਰ ਤੱਕ ਖੇਤੀ ਕਾਨੂੰਨ ਵਾਪਸ ਲੈ ਲਵੇ ਨਹੀਂ ਤਾਂ ਉਸ ਤੋਂ ਬਾਅਦ ਦਿੱਲੀ ਦੇ ਬਾਰਡਰਾਂ 'ਤੇ ਚੱਲ ਰਹੇ



ਕਿਸਾਨ ਅੰਦੋਲਨ ਵਿਚ ਤੇਜ਼ੀ ਲਿਆਂਦੀ ਜਾਵੇਗੀ। 16 ਨਵੰਬਰ, 2021 ਨੂੰ ਦਿੱਲੀ ਦੇ ਟਿਕਰੀ, ਸਿੰਘੂ ਤੇ ਗਾਜ਼ੀਪੁਰ ਬਾਰਡਰ 'ਤੇ ਚੱਲ ਰਹੇ ਕਿਸਾਨ ਅੰਦੋਲਨ ਨੂੰ 1 ਸਾਲ ਹੋ ਜਾਵੇਗਾ। ਇਸ ਅੰਦੋਲਨ ਦੀ ਅਗਵਾਈ ਕਿਸਾਨ ਜਥੇਬੰਦੀਆਂ ਦੇ ਸਾਂਝੇ ਮੰਚ ਸੰਯੁਕਤ ਕਿਸਾਨ ਮੋਰਚਾ ਵਲੋਂ ਕੀਤੀ ਜਾ ਰਹੀ ਹੈ। ਕਿਸਾਨ ਜਥੇਬੰਦੀ ਭਾਰਤੀ ਕਿਸਾਨ ਯੂਨੀਅਨ (ਬੀ.ਕੇ.ਯੂ.), ਜਿਸ ਦੇ ਸਮਰਥਕ ਦਿੱਲੀ-ਉੱਤਰ ਪ੍ਰਦੇਸ਼ ਦੇ ਬਾਰਡਰ ਗਾਜ਼ੀਪੁਰ ਵਿਖੇ ਅੰਦੋਲਨ ਕਰ ਰਹੇ ਹਨ, ਵੀ ਸੰਯੁਕਤ ਕਿਸਾਨ ਮੋਰਚਾ ਦਾ ਹਿੱਸਾ ਹੈ। ਬੀ.ਕੇ.ਯੂ. ਦੇ ਰਾਸ਼ਟਰੀ ਬੁਲਾਰੇ ਰਾਕੇਸ਼ ਟਿਕੈਤ ਨੇ ਹਿੰਦੀ 'ਚ ਟਵੀਟ ਕਰਕੇ ਕਿਹਾ ਕਿ ਕੇਂਦਰ ਕੋਲ ਖੇਤੀ ਕਾਨੂੰਨ ਵਾਪਸ ਲੈਣ ਵਾਸਤੇ 26 ਨਵੰਬਰ ਤੱਕ ਦਾ ਸਮਾਂ ਹੈ, ਜਿਸ ਤੋਂ ਬਾਅਦ 27 ਨਵੰਬਰ ਤੋਂ ਕਿਸਾਨ ਆਪਣੇ ਪਿੰਡਾਂ ਤੋਂ ਟਰੈਕਟਰਾਂ ਰਾਹੀਂ ਦਿੱਲੀ ਦੇ ਆਸ-ਪਾਸ ਬਾਰਡਰਾਂ 'ਤੇ ਚੱਲ ਰਹੇ ਕਿਸਾਨ ਅੰਦੋਲਨ 'ਚ ਪਹੁੰਚਣਗੇ ਤੇ ਅੰਦੋਲਨ ਨੂੰ ਮਜ਼ਬੂਤੀ ਪ੍ਰਦਾਨ ਕਰਨਗੇ।

# ਕੈਪਟਨ ਨੇ ਕਾਂਗਰਸ ਛੱਡ ਬਣਾਈ 'ਪੰਜਾਬ ਲੋਕ ਕਾਂਗਰਸ' ਨਾਂ ਦੀ ਨਵੀਂ ਪਾਰਟੀ

## ✪ ਕੈਪਟਨ ਦੇ ਅਸਤੀਫ਼ੇ 'ਚ ਕਾਂਗਰਸ 'ਤੇ ਵੱਡੇ ਹਮਲੇ ✪ ਗ਼ੈਰ-ਕਾਨੂੰਨੀ ਰੇਤ-ਬਜਰੀ ਮਾਈਨਿੰਗ ਵਿਚ ਕਾਂਗਰਸ ਦੇ ਮੰਤਰੀ ਤੇ ਵਿਧਾਇਕ ਵੀ ਸ਼ਾਮਲ

**ਚੰਡੀਗੜ/ਏ.ਟੀ.ਨਿਊਜ਼ :** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਆਖ਼ਿਰਕਾਰ ਕਾਂਗਰਸ ਪਾਰਟੀ ਨੂੰ ਅਲਵਿਦਾ ਕਹਿ ਦਿੱਤੀ ਹੈ। ਕਾਂਗਰਸ ਤੋਂ ਅਸਤੀਫ਼ਾ ਦੇਣ ਤੋਂ ਬਾਅਦ ਕੈਪਟਨ ਆਪਣੀ ਨਵੀਂ ਪਾਰਟੀ 'ਪੰਜਾਬ ਲੋਕ ਕਾਂਗਰਸ' ਦਾ ਐਲਾਨ ਕਰ ਦਿੱਤਾ ਹੈ।

ਉਨਾਂ ਹਾਲ ਹੀ ਵਿਚ ਉਨਾਂ ਕਿਹਾ ਸੀ ਕਿ ਉਹ ਜਲਦ ਹੀ ਆਪਣੀ ਨਵੀਂ ਪਾਰਟੀ ਬਣਾਉਣਗੇ ਅਤੇ ਤਿੰਨ ਖੇਤੀ ਕਾਨੂੰਨਾਂ ਦਾ ਹੱਲ ਨਿਕਲਣ 'ਤੇ 2022 ਦੀਆਂ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ (ਭਾਜਪਾ) ਨਾਲ ਸੀਟ-ਵੰਡ ਦਾ ਸੌਦਾ ਹੋਣ ਦੀ ਉਮੀਦ ਜਾਹਿਰ ਕੀਤੀ ਸੀ। ਪੰਜਾਬ ਵਿੱਚ ਅਗਲੇ ਸਾਲ ਵਿਧਾਨ ਸਭਾ ਚੋਣਾਂ ਹੋਣ ਜਾ ਰਹੀਆਂ ਹਨ। ਕੈਪਟਨ ਨੇ ਕਿਹਾ ਸੀ ਕਿ ਉਹ ਅਕਾਲੀਆਂ ਤੋਂ ਵੱਖ ਹੋਣ ਵਾਲੇ ਗਰੁੱਪਾਂ ਵਰਗੀਆਂ ਸਮਾਨ ਸੋਚ ਵਾਲੀਆਂ ਪਾਰਟੀਆਂ ਨਾਲ ਗਠਜੋੜ ਕਰਨ ਬਾਰੇ ਵੀ ਵਿਚਾਰ ਕਰ ਰਹੇ ਹਨ।

ਨਵਜੋਤ ਸਿੰਘ ਸਿੱਧੂ ਨਾਲ ਸਿਆਸੀ ਟਕਰਾਅ ਤੋਂ ਬਾਅਦ ਕੈਪਟਨ ਨੇ ਸਤੰਬਰ ਵਿਚ ਪੰਜਾਬ ਦੇ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ। ਸਾਬਕਾ ਮੁੱਖ ਮੰਤਰੀ ਨੇ ਆਪਣੇ ਅਸਤੀਫੇ ਤੋਂ ਬਾਅਦ ਕਿਹਾ ਸੀ ਕਿ ਉਹ 'ਅਪਮਾਨਿਤ' ਮਹਿਸੂਸ ਕਰਦੇ ਹਨ। ਕਾਂਗਰਸ ਨੇ ਉਨਾਂ ਦੀ ਥਾਂ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਬਣਾਇਆ।

**ਕੈਪਟਨ ਦੇ ਅਸਤੀਫ਼ੇ 'ਚ ਕਾਂਗਰਸ 'ਤੇ ਵੱਡੇ ਹਮਲੇ,**

ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਾਂਗਰਸ ਤੋਂ ਦਿੱਤੇ ਆਪਣੇ ਅਸਤੀਫੇ ਵਿਚ ਕਈ ਮੁੱਦੇ ਚੁੱਕੇ ਹਨ ਤੇ ਕਈ ਖੁਲਾਸੇ ਕੀਤੇ ਹਨ। ਇਸ ਨਾਲ ਕਾਂਗਰਸ ਲਈ ਮੁਸ਼ਕਿਲਾਂ ਖੜੀਆਂ ਹੋ ਸਕਦੀਆਂ ਹਨ। ਉਨਾਂ ਨੇ ਗ਼ੈਰ-ਕਾਨੂੰਨੀ ਰੇਤ ਬਜਰੀ ਮਾਈਨਿੰਗ ਵਿਚ ਵੱਡਾ ਖੁਲਾਸਾ



ਕੀਤਾ ਹੈ। ਉਨਾਂ ਨੇ ਲਿਖਿਆ ਹੈ ਕਿ ਗੈਰ-ਕਾਨੂੰਨੀ ਰੇਤ ਤੇ ਬਜਰੀ ਮਾਈਨਿੰਗ ਵਿਚ ਕਾਂਗਰਸ ਦੇ ਕਈ ਮੰਤਰੀ ਤੇ ਵਿਧਾਇਕ ਵੀ ਸ਼ਾਮਲ ਸਨ। ਉਨਾਂ ਨੇ ਕਾਂਗਰਸ ਨੂੰ ਫਜੀਹਤ ਤੋਂ ਬਚਾਉਣ ਲਈ ਇਨਾਂ ਮੰਤਰੀਆਂ ਤੇ ਵਿਧਾਇਕਾਂ ਦੇ ਨਾਂ ਐਲਾਨ ਨਹੀਂ ਕੀਤੇ। ਇਸਦੇ ਨਾਲ ਹੀ ਉਨਾਂ ਨੇ ਪੰਜਾਬ ਕਾਂਗਰਸ ਦੇ ਸਾਬਕਾ ਇੰਚਾਰਜ ਹਰੀਸ਼ ਰਾਵਤ 'ਤੇ ਵੀ ਹਮਲਾ ਕੀਤਾ ਹੈ। ਕੈਪਟਨ ਨੇ ਹਰੀਸ਼ ਰਾਵਤ ਨੂੰ ਸ਼ੱਕੀ ਵਿਅਕਤੀ ਦੱਸਿਆ ਹੈ।

ਕੈਪਟਨ ਨੇ ਸੋਨੀਆ ਗਾਂਧੀ ਨੂੰ ਲਿਖੇ ਅਸਤੀਫੇ ਵਿਚ ਕਿਹਾ ਹੈ ਕਿ ਗ਼ੈਰ-ਕਾਨੂੰਨੀ ਰੇਤ ਬਜਰੀ ਮਾਈਨਿੰਗ ਵਿਚ ਕਾਂਗਰਸ ਦੇ ਕਈ ਮੰਤਰੀ ਤੇ ਵਿਧਾਇਕ ਸ਼ਾਮਲ ਸਨ, ਜੋ ਕਿ ਅੱਜ ਵੀ ਸਰਕਾਰ ਵਿਚ ਸ਼ਾਮਲ ਹਨ।

**ਕੈਪਟਨ ਨੇ ਤੀਹ ਸਾਲ ਬਾਅਦ ਦੁਹਰਾਇਆ ਇਤਿਹਾਸ**

ਕੈਪਟਨ ਅਮਰਿੰਦਰ ਸਿੰਘ ਵੱਲੋਂ ਨਵੀਂ ਪਾਰਟੀ ਬਣਾਉਣ ਦਾ ਇਤਿਹਾਸ ਉਨਾਂ ਨੇ ਤੀਹ ਸਾਲਾਂ ਬਾਅਦ ਦੁਹਰਾਇਆ ਹੈ। ਪਹਿਲਾਂ 1991 ਵਿਚ ਵੀ ਉਨਾਂ ਨੇ ਸ਼੍ਰੋਮਣੀ ਅਕਾਲੀ ਦਲ (ਪੰਥਕ) ਨਾਮੀ ਪਾਰਟੀ ਬਣਾਈ ਸੀ।ਅਸਲ ਵਿਚ ਬਲੂ ਸਟਾਰ ਅਪਰੇਸ਼ਨ ਖ਼ਿਲਾਫ਼ ਲੋਕ ਸਭਾ ਮੈਂਬਰੀ ਤੋਂ ਅਸਤੀਫ਼ਾ ਦੇਣ ਮਗਰੋਂ ਉਹ ਅਕਾਲੀ ਦਲ ਨਾਲ ਜੁੜ ਗਏ। 1992 ਦੀਆਂ ਚੋਣਾਂ ਵਿਚ ਅਕਾਲੀ ਦਲ ਵੱਲੋਂ ਬਾਈਕਾਟ ਕੀਤੇ ਜਾਣ ਕਾਰਨ ਅਮਰਿੰਦਰ ਸਿੰਘ ਨੇ ਵੱਖਰੀ ਪਾਰਟੀ ਬਣਾ ਕੇ ਚੋਣਾਂ ਲੜੀਆਂ ਸਨ। ਅਮਰਿੰਦਰ ਸਿੰਘ ਖ਼ੁਦ ਸਮਾਣਾ ਤੋਂ ਚੋਣ ਲੜੇ ਪਰ ਉਨਾਂ ਦੇ ਮੁਕਾਬਲੇ ਖੜੇ ਬਿਰਜ ਲਾਲ ਗੋਇਲ ਨੂੰ ਕਾਂਗਰਸ ਨੇ ਨਾਮਜ਼ਦਗੀ ਫਾਰਮ ਵਾਪਸ ਲੈਣ ਲਈ ਮਜਬੂਰ ਕਰ ਦਿੱਤਾ ਤੇ ਅਮਰਿੰਦਰ ਸਿੰਘ ਬਿਨਾਂ ਮੁਕਾਬਲਾ ਵਿਧਾਇਕ ਚੁਣੇ ਗਏ। ਕੈਪਟਨ ਦੀ ਪਾਰਟੀ ਦੇ ਦੋ ਹੋਰ ਉਮੀਦਵਾਰ ਵੀ ਵਿਧਾਇਕ ਬਣੇ ਸਨ। ਉਸ ਵਕਤ ਅਮਰਿੰਦਰ ਸਿੰਘ ਨੂੰ ਮੁੱਖ ਮੰਤਰੀ ਦੇ ਉਮੀਦਵਾਰ ਵਜੋਂ ਪ੍ਰਚਾਰਿਆ ਗਿਆ ਸੀ ਪਰ ਸਰਕਾਰ ਕਾਂਗਰਸ ਦੀ ਬਣੀ ਤੇ ਬੇਅੰਤ ਸਿੰਘ ਮੁੱਖ ਮੰਤਰੀ ਬਣੇ। ਦੂਜੇ ਪਾਸੇ, ਸ਼੍ਰੋਮਣੀ ਅਕਾਲੀ ਦਲ ਪੰਥਕ ਨੂੰ 1998 'ਚ ਕਾਂਗਰਸ ਵਿਚ ਮਰਜ਼ ਕਰਦਿਆਂ ਕੈਪਟਨ ਕਾਂਗਰਸ ਵਿੱਚ ਸ਼ਾਮਲ ਹੋ ਗਏ। ਉਨਾਂ ਨੂੰ ਕਾਂਗਰਸ ਦਾ ਸੂਬਾਈ ਪ੍ਰਧਾਨ ਬਣਾਇਆ ਗਿਆ। ਉਨਾਂ ਦੀ ਅਗਵਾਈ ਹੇਠ 2002 'ਚ ਲੜੀਆਂ ਤੇ ਕਾਂਗਰਸ ਨੇ ਸਰਕਾਰ ਬਣਾਈ। ਅਮਰਿੰਦਰ ਸਿੰਘ ਪਹਿਲੀ ਵਾਰ ਮੁੱਖ ਮੰਤਰੀ ਬਣੇ। ਇਸ ਤੋਂ ਬਾਅਦ ਅਮਰਿੰਦਰ ਸਿੰਘ ਪਟਿਆਲਾ ਸ਼ਹਿਰ ਤੋਂ ਹੀ 2007, 2012 ਤੇ 2017 ਵਿੱਚ ਵੀ ਵਿਧਾਇਕ ਬਣੇ ਹੁਣ ਉਹ ਪਟਿਆਲਾ ਦੇ ਵਿਧਾਇਕ ਵਜੋਂ ਹੀ ਦੂਜੀ ਵਾਰ ਮੁੱਖ ਮੰਤਰੀ ਬਣੇ ਸਨ। ਅੱਜ ਵੱਖਰੀ ਪਾਰਟੀ ਬਣਾ ਕੇ ਅਮਰਿੰਦਰ ਸਿੰਘ ਨੇ ਤਿੰਨ ਦਹਾਕਿਆਂ ਮਗਰੋਂ ਨਵੀਂ ਪਾਰਟੀ ਬਣਾਉਣ ਦਾ ਇਤਿਹਾਸ ਦੁਹਰਾਇਆ ਹੈ।

**ਕੈਪਟਨ ਨੇ ਆਪਣੇ ਆਪ ਨੂੰ ਪੰਜਾਬ ਦਾ ਪਹਿਰੇਦਾਰ ਸਾਬਿਤ ਕਰਨ ਲਈ 1984 ਵਿਚ ਦਰਬਾਰ ਸਾਹਿਬ ਉੱਤੇ ਹਮਲੇ ਤੋਂ ਪਿੱਛੋਂ ਦਿੱਤੇ ਅਸਤੀਫ਼ੇ, ਬਰਨਾਲਾ ਸਰਕਾਰ ਸਮੇਂ ਕੰਦੂਖੇੜਾ ਅਤੇ ਹੋਰ ਇਲਾਕਿਆਂ ਵਿਚ ਮਰਦਮਸ਼ੁਮਾਰੀ ਸਮੇਂ ਕੀਤੇ ਗਏ ਕੰਮ, ਅਪਰੇਸ਼ਨ ਬਲੈਕ ਥੰਡਰ ਤੋਂ ਬਾਅਦ ਬਰਨਾਲਾ ਮੰਤਰੀ ਮੰਡਲ ਤੋਂ ਅਸਤੀਫ਼ੇ ਅਤੇ ਜਲ ਸਮਝੌਤੇ ਰੱਦ ਕਰਨ ਲਈ ਪੰਜਾਬ ਵਿਧਾਨ ਸਭਾ ਵਿਚ ਬਣਾਏ ਗਏ ਕਾਨੂੰਨ ਸਮੇਤ ਹੋਰ ਪ੍ਰਾਪਤੀਆਂ ਦਾ ਵਰਨਣ ਕੀਤਾ ਹੈ। ਕੈਪਟਨ ਨੇ ਰੇਤ ਮਾਫ਼ੀਆ ਵਿਚ ਆਪਣੇ ਵਿਧਾਇਕਾਂ ਤੇ ਮੰਤਰੀਆਂ ਦੇ ਸ਼ਾਮਿਲ ਹੋਣ ਕਰਕੇ ਉਚਿਤ ਕਾਰਵਾਈ ਨਾ ਕਰ ਸਕਣ ਦੀ ਗੱਲ ਵੀ ਕਬੂਲੀ ਹੈ। ਖ਼ੁਦ 92 ਫ਼ੀਸਦੀ ਵਾਅਦੇ ਪੂਰੇ ਕਰਨ ਵਾਲੀ ਸਾਫ਼-ਸੁਥਰੀ ਸਰਕਾਰ ਦੇਣ ਦਾ ਵਾਅਦਾ ਮੁੜ ਦੁਹਰਾਉਂਦਿਆਂ ਸਾਬਕਾ ਮੁੱਖ ਮੰਤਰੀ ਨੇ ਨਵਜੋਤ ਸਿੰਘ ਸਿੱਧੂ ਉੱਤੇ ਪਾਕਿਸਤਾਨ ਦੀਆਂ ਏਜੰਸੀਆਂ ਨਾਲ ਮਿਲੇ ਹੋਣ ਦਾ ਦੋਸ਼ ਲਗਾਇਆ ਹੈ। ਇਹ ਸਵਾਲ ਜਵਾਬ ਮੰਗਦਾ ਹੈ ਕਿ ਕੀ ਭ੍ਰਿਸ਼ਟਾਚਾਰ ਦੇ ਵਧਣ ਵਿਚ ਬਤੌਰ ਮੁੱਖ ਮੰਤਰੀ ਕੈਪਟਨ ਦੀ ਕੋਈ ਨੈਤਿਕ ਜ਼ਿੰਮੇਵਾਰੀ ਨਹੀਂ ਸੀ। ਪੰਜਾਬ ਦੇ ਲੋਕ ਇਹ ਵੀ ਜਾਣਦੇ ਹਨ ਕਿ ਕੈਪਟਨ ਸਰਕਾਰ ਬੇਅਦਬੀ ਦੇ ਮਾਮਲਿਆਂ ਵਿਚ ਦੋਸ਼ੀਆਂ ਨੂੰ ਫੜਨ, ਘਰ-ਘਰ ਰੁਜ਼ਗਾਰ ਦੇਣ, ਕਿਸਾਨਾਂ ਦੇ ਸਮੁੱਚੇ ਕਰਜ਼ਿਆਂ ਦੀ ਮੁਆਫ਼ੀ ਅਤੇ ਨਸ਼ਿਆਂ ਦਾ ਫੈਲਾਉ ਰੋਕਣ ਵਰਗੇ ਵਾਅਦੇ ਪੂਰੇ ਨਹੀਂ ਕਰ ਸਕੀ। ਕੈਪਟਨ ਨੇ ਆਪਣੀ ਪਹਿਲੀ ਪਛਾਣ ਕੇਂਦਰ ਦੇ ਗ਼ਲਤ ਫੈਸਲਿਆਂ ਤੋਂ ਦੂਰੀ ਬਣਾਉਣ ਵਾਲੇ ਸਿਆਸਤਦਾਨ ਦੇ ਰੂਪ ਵਿਚ ਵੀ ਬਣਾਈ ਸੀ ਪਰ ਨਵੀਂ ਪਾਰਟੀ ਦਾ ਭਾਜਪਾ ਨਾਲ ਤਾਲਮੇਲ ਬਣਾਉਣਾ ਵਿਚਾਰਧਾਰਕ ਪੱਖ ਤੋਂ ਪੂਰੀ ਤਰਾਂ ਪਾਸਾ ਬਦਲਣ ਵਾਲੀ ਗੱਲ ਹੈ। ਲੋਕਾਂ ਦੁਆਰਾ ਇਹ ਸਵਾਲ ਪੁੱਛੇ ਜਾਣਾ ਵੀ ਸੁਭਾਵਿਕ ਹੈ ਕਿ ਜਦੋਂ ਕਾਂਗਰਸ ਨੇ ਕੈਪਟਨ ਤੇ ਉਸ ਦੀ ਪਤਨੀ ਨੂੰ ਵੱਡੇ ਅਹੁਦਿਆਂ ਨਾਲ ਨਿਵਾਜਿਆ ਸੀ ਤਾਂ ਕੈਪਟਨ ਨੂੰ ਪਾਰਟੀ ਸਹੀ ਲੱਗਦੀ ਸੀ ਪਰ ਹੁਣ ਅਹੁਦਾ ਜਾਣ ਮਗਰੋਂ ਉਨਾਂ ਨੂੰ ਸਭ ਕੁਝ ਗ਼ਲਤ ਕਿਉਂ ਲੱਗਣ ਲੱਗ ਪਿਆ ਹੈ। ਸਿਆਸੀ ਮਾਹਿਰਾਂ ਅਨੁਸਾਰ ਸਿਰਫ਼ ਦੇਸ਼ ਦੀ ਸੁਰੱਖਿਆ ਦੇ ਏਜੰਡੇ ਨੂੰ ਤਰਜੀਹ ਦੇ ਕੇ ਕੈਪਟਨ ਸੂਬੇ ਦੇ ਲੋਕਾਂ ਦੇ ਦਿਲਾਂ ਵਿਚ ਆਪਣੀ ਥਾਂ ਨਹੀਂ ਬਣਾ ਸਕਣਗੇ।**

## ਪੰਜਾਬ ਕਾਂਗਰਸ ਇੰਚਾਰਜ ਨੇ ਕਿਹਾ ਕਿ ਪਾਰਟੀ ਕੈਪਟਨ 'ਤੇ ਹਮਲਾ ਨਹੀਂ ਕਰੇਗੀ

**ਚੰਡੀਗੜ/ਏ.ਟੀ.ਨਿਊਜ਼ :** ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਆਪਣੀ ਪਾਰਟੀ ਬਣਾਉਣ ਦੇ ਐਲਾਨ ਤੋਂ ਬਾਅਦ ਕਾਂਗਰਸ ਨੇ 2022 ਦੀਆਂ ਚੋਣਾਂ ਨੂੰ ਲੈ ਕੇ ਹੰਗਾਮਾ ਕਰ ਦਿੱਤਾ ਹੈ। ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਨਵਜੋਤ ਸਿੰਘ ਸਿੱਧੂ ਨਾਲ ਕੇਦਾਰਨਾਥ ਦੇ ਦਰਸ਼ਨ ਕਰਕੇ ਚੰਡੀਗੜ ਪਰਤੇ ਕਾਂਗਰਸ ਦੇ ਸੂਬਾ ਇੰਚਾਰਜ ਹਰੀਸ਼ ਚੌਧਰੀ ਨੇ ਪੰਜਾਬ ਭਵਨ ਵਿਖੇ ਕਾਂਗਰਸੀ ਵਿਧਾਇਕਾਂ ਨਾਲ ਮੀਟਿੰਗ ਕੀਤੀ। ਮੀਟਿੰਗ ਵਿੱਚ ਚੌਧਰੀ ਨੇ ਸਪੱਸ਼ਟ ਕੀਤਾ ਕਿ ਕਾਂਗਰਸੀ ਮੰਤਰੀ ਅਤੇ ਵਿਧਾਇਕ ਕੈਪਟਨ ਅਮਰਿੰਦਰ ਸਿੰਘ ਖ਼ਿਲਾਫ਼ ਨਹੀਂ ਬੋਲਣਗੇ। ਇਸ ਦੇ ਨਾਲ ਹੀ ਸੂਬਾ ਪ੍ਰਧਾਨ ਦੇ ਅਹੁਦੇ ਤੋਂ ਅਸਤੀਫਾ ਦੇ ਚੁੱਕੇ ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਉਹ ਹੁਣ 2022 ਦੀਆਂ ਚੋਣਾਂ ਲਈ ਤਿਆਰ ਹਨ ਅਤੇ ਪਾਰਟੀ ਇਕਜੁੱਟ ਹੋ ਕੇ ਚੋਣਾਂ ਲੜੇਗੀ।

ਹਰੀਸ਼ ਚੌਧਰੀ ਨੇ ਸਪੱਸ਼ਟ ਤੌਰ 'ਤੇ ਪਾਰਟੀ ਵਿਧਾਇਕਾਂ ਨੂੰ ਕੈਪਟਨ ਖਿਲਾਫ ਬਿਆਨਬਾਜ਼ੀ ਨਾ ਕਰਨ ਲਈ ਕਿਹਾ। ਇਸ ਦੇ ਨਾਲ ਹੀ ਉਨਾਂ ਨੂੰ ਚੰਡੀਗੜ ਲਈ ਭੱਜਣ ਦੀ ਬਜਾਏ ਆਪੋ-ਆਪਣੇ ਸਰਕਲਾਂ ਵਿੱਚ ਸਮਾਂ ਦੇਣਾ ਚਾਹੀਦਾ ਹੈ। ਚੌਧਰੀ ਨੇ ਕਿਹਾ ਕਿ ਹਲਕਾ ਵਿਧਾਇਕ ਦੀ ਰਿਪੋਰਟ ਦੇ ਆਧਾਰ 'ਤੇ ਹੀ ਟਿਕਟਾਂ ਦੀ ਵੰਡ ਕੀਤੀ ਜਾਵੇਗੀ। ਇਸ ਲਈ ਬਿਹਤਰ ਹੈ ਕਿ ਉਹ ਆਪਣੇ ਭਾਈਚਾਰੇ ਵਿੱਚ ਰਹਿ ਕੇ ਲੋਕਾਂ ਦੀਆਂ ਸਮੱਸਿਆਵਾਂ ਸੁਣੇ ਅਤੇ ਉਨਾਂ ਦਾ ਹੱਲ ਕਰੇ। ਚੌਧਰੀ ਨੇ ਇਹ ਵੀ ਕਿਹਾ ਕਿ ਵਿਧਾਇਕਾਂ ਨੂੰ ਹਫ਼ਤੇ ਵਿੱਚ ਇੱਕ ਵਾਰ ਚੰਡੀਗੜ ਆਉਣਾ ਚਾਹੀਦਾ ਹੈ, ਜਿਸ ਦੌਰਾਨ ਉਹ ਮੁੱਖ ਮੰਤਰੀ, ਸੂਬਾ ਪ੍ਰਧਾਨ ਨੂੰ ਮਿਲਣਗੇ ਅਤੇ ਉਹ ਖ਼ੁਦ ਉਨਾਂ ਨੂੰ ਮਿਲਣਗੇ।

ਮੀਟਿੰਗ ਵਿੱਚ ਕੈਬਨਿਟ ਮੰਤਰੀ ਅਮਰਿੰਦਰ ਸਿੰਘ ਰਾਜਾ ਵੜਿੰਗ, ਗੁਰਕੀਰਤ ਕੋਟਲੀ, ਰਜ਼ੀਆ ਸੁਲਤਾਨਾ, ਕਾਕਾ ਰਣਦੀਪ ਸਿੰਘ ਨਾਭਾ ਸਮੇਤ 35 ਤੋਂ ਵੱਧ ਵਿਧਾਇਕ ਹਾਜ਼ਰ ਸਨ।

# ਕੈਪਟਨ ਸਾਹਿਬ ਦੀ ਨਵੀਂ ਪਾਰਟੀ



ਚਾਨਣ ਦੀਪ ਸਿੰਘ ਔਲਖ
੯੮੭੬੮੮੮੧੭੭

ਗੁਟਕਾ ਸਾਹਿਬ ਤੇ ਹੱਥ ਰੱਖ ਪੰਜਾਬ ਦੀ ਜਨਤਾ ਨਾਲ ਵੱਡੇ ਵੱਡੇ ਵਾਅਦੇ ਕਰ ਕੇ ਸਰਕਾਰ ਬਣਾਉਣ ਪਿੱਛੋਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਆਪਣੇ ਕਾਰਜਕਾਲ ਦੌਰਾਨ ਕੇਵਲ ਸਤਾ ਦਾ ਸੁੱਖ ਹੀ ਮਾਣਦੇ ਰਹੇ। ਕੈਪਟਨ ਸਰਕਾਰ ਦਾ ਕੁਝ ਸਮਾਂ ਕੋਰੋਨਾ ਮਹਾਂਮਾਰੀ ਨੇ ਲੰਘਾ ਦਿੱਤਾ ਅੰਤਲੇ ਸਮੇਂ ਵਿੱਚ ਜਦੋਂ ਲੋਕਾਂ ਨੂੰ ਕੁਝ ਉਮੀਦ ਬਾਕੀ ਸੀ ਉਦੋਂ ਵੀ ਕੈਪਟਨ ਬਨਾਮ ਸਿੱਧੂ ਕਾਟੋ ਕਲੇਸ਼ ਦੀਆਂ ਖਬਰਾਂ ਤੋਂ ਬਿਨਾਂ ਲੋਕਾਂ ਪੱਲੇ ਕੁਝ ਵੀ ਨਹੀਂ ਪਿਆ। ਪੰਜਾਬ ਸਰਕਾਰ ਦੀਆਂ ਪਿਛਲੇ ਸਾਢੇ ਚਾਰ ਸਾਲ ਨਕਾਮੀਆਂ ਨੂੰ ਛੁਪਾਉਣ ਅਤੇ ਇਸ ਕਾਟੋ ਕਲੇਸ਼ ਨੂੰ ਖਤਮ ਕਰਨ ਲਈ ਕਾਂਗਰਸ ਹਾਈ ਕਮਾਨ ਨੇ ਕੈਪਟਨ ਸਾਹਬ ਨੂੰ ਮੁੱਖ ਮੰਤਰੀ ਦੀ ਕੁਰਸੀ ਤੋਂ ਲਾਹ ਕੇ ਚਰਨਜੀਤ ਸਿੰਘ ਚੰਨੀ ਨੂੰ ਬਿਰਾਜਮਾਨ ਕਰ ਦਿੱਤਾ। ਜਿਸ ਪਿਛੋਂ ਕੈਪਟਨ ਸਾਹਬ ਨੇ ਕਾਫੀ ਬੇਜ਼ਤੀ ਮਹਿਸੂਸ ਕੀਤੀ ਅਤੇ ਭਾਜਪਾ ਦੇ ਕੇਂਦਰੀ ਮੰਤਰੀਆਂ ਨਾਲ ਕਈ ਮੀਟਿੰਗਾਂ ਕੀਤੀਆਂ ਜਿਨਾਂ ਵਿੱਚ ਕਿਸਾਨ ਮਸਲਾ ਹੱਲ ਕਰਵਾਉਣ ਦੀਆਂ ਚਰਚਾਵਾਂ ਵੀ ਸੁਣਨ ਨੂੰ ਮਿਲੀਆਂ। ਹੁਣ ਕੈਪਟਨ ਸਾਹਬ ਨੇ ਕੌਮੀ ਕਾਂਗਰਸ ਪਾਰਟੀ ਤੋਂ ਕਿਨਾਰਾ ਕਰ ਕੇ ਪੰਜਾਬ ਲੋਕ ਕਾਂਗਰਸ ਨਾਮ ਦੀ ਨਵੀਂ ਖੇਤਰੀ ਪਾਰਟੀ ਬਣਾਉਣ ਦਾ ਐਲਾਨ ਕੀਤਾ ਹੈ। ਹੁਣ ਦੇਖਣਾ ਇਹ ਹੋਵੇਗਾ ਕਿ ਇਹ ਨਵੀਂ ਪਾਰਟੀ ਸ਼੍ਰੋਮਣੀ ਅਕਾਲੀ ਦਲ, ਕਾਂਗਰਸ, ਆਮ ਆਦਮੀ ਪਾਰਟੀ ਆਦਿ ਵਰਗੀਆਂ ਪੰਜਾਬ ਦੀਆਂ ਮੌਜੂਦਾ ਸਥਾਪਤ ਪਾਰਟੀਆਂ ਦੇ ਬਰਾਬਰ ਖੜਨ ਵਿੱਚ ਕਿੰਨੀ ਕੁ ਸਫ਼ਲ ਹੋ ਪਾਉਂਦੀ ਹੈ। ਜ਼ਿਕਰਯੋਗ ਹੈ ਕਿ ਇਸ ਨਾਲੋਂ ਪਹਿਲਾਂ ਵੀ ਗੁਰਚਰਨ ਸਿੰਘ ਟੌਹੜਾ, ਮਨਪ੍ਰੀਤ ਸਿੰਘ ਬਾਦਲ, ਸੁਖਪਾਲ ਸਿੰਘ ਖਹਿਰਾ, ਜਗਮੀਤ ਸਿੰਘ ਬਰਾੜ ਆਦਿ ਦਿੱਗਜ ਲੀਡਰਾਂ ਨੇ ਆਪਣੀਆਂ ਪਾਰਟੀਆਂ ਤੋਂ ਨਾਰਾਜ਼ ਹੋ ਕੇ ਵੱਖਰੀਆਂ ਨਵੀਆਂ ਪਾਰਟੀਆਂ ਬਣਾਈਆਂ ਸਨ ਪਰ ਬਾਅਦ ਵਿੱਚ ਉਨਾਂ ਨੂੰ ਕਿਸੇ ਨਾ ਕਿਸੇ ਮੌਜੂਦਾ ਸਥਾਪਤ ਪਾਰਟੀ ਵਿੱਚ ਹੀ ਰਲੇਵਾਂ ਕਰਨਾ ਪਿਆ।







# ਭਾਜਪਾ ਦੇ ਹੱਕ ਵਿਚ ਭੁਗਤਿਆ ਪ੍ਰਸ਼ਾਂਤ ਕਿਸ਼ੋਰ

ਸਿਆਸੀ ਰਣਨੀਤੀਕਾਰ ਪ੍ਰਸ਼ਾਂਤ ਕਿਸ਼ੋਰ ਅੱਜ ਕੱਲ ਕਾਂਗਰਸ ਦੀ ਸਿਆਸੀ ਮਦਦ ਕਰਨ ਦੀ ਥਾਂ ਭਾਜਪਾ ਦੀ ਤਾਰੀਫਾਂ ਦੇ ਪੁਲ ਬੰਨ ਰਹੇ ਹਨ।ਬੀਤੇ ਦਿਨੀਂ ਉਨਾਂ ਨੇ ਕਿਹਾ ਹੈ ਕਿ ਭਾਜਪਾ ਭਾਰਤੀ ਸਿਆਸਤ ਦੇ ਕੇਂਦਰ ਵਿਚ ਰਹੇਗੀ ਅਤੇ ਉਹ ਅਗਲੇ ਕਈ ਦਹਾਕਿਆਂ ਤੱਕ ਕਿਤੇ ਵੀ ਜਾਣ ਵਾਲੀ ਨਹੀਂ ਹੈ। ਕਿਸ਼ੋਰ ਗੋਆ ਦੀਆਂ ਆਉਂਦੀਆਂ ਵਿਧਾਨ ਸਭਾ ਚੋਣਾਂ ਵਿਚ ਤ੍ਰਿਣਮੂਲ ਕਾਂਗਰਸ ਨੂੰ ਜਿਤਾਉਣ ਦੇ ਕੰਮ ਵਿਚ ਜੁਟੇ ਹੋਏ ਹਨ। ਉਨਾਂ ਰਾਹੁਲ ਗਾਂਧੀ ਦੇ ਉਸ ਬਿਆਨ ’ਤੇ ਵੀ ਚੁਟਕੀ ਲਈ ਜਿਸ ਵਿਚ ਕਾਂਗਰਸ ਆਗੂ ਨੇ ਕਿਹਾ ਸੀ ਕਿ ਲੋਕ ਭਾਜਪਾ ਨੂੰ ਫੌਰੀ ਸੱਤਾ ਤੋਂ ਲਾਂਭੇ ਕਰ ਦੇਣਗੇ। ਗੋਆ ਵਿਚ ਨਿੱਜੀ ਬੈਠਕ ਨੂੰ ਸੰਬੋਧਨ ਕਰਨ ਸਬੰਧੀ ਪ੍ਰਸ਼ਾਂਤ ਕਿਸ਼ੋਰ ਦੀ ਇਕ ਵੀਡੀਓ ਕਲਿੱਪ ਵਾਇਰਲ ਹੋ ਰਹੀ ਹੈ। ਵੀਡੀਓ ’ਚ ਕਿਸ਼ੋਰ ਇਹ ਆਖਦਾ ਸੁਣਾਈ ਦੇ ਰਿਹਾ ਹੈ,“ਭਾਜਪਾ ਭਾਰਤੀ ਸਿਆਸਤ ਦਾ ਧੁਰਾ ਬਣਦੀ ਜਾ ਰਹੀ ਹੈ। ਜਿਵੇਂ ਕਾਂਗਰਸ ਪਹਿਲੇ 40 ਸਾਲਾਂ ’ਚ ਜਿੱਤ ਜਾਂ ਹਾਰ ਰਹੀ ਸੀ, ਉਸੇ ਤਰਾਂ ਭਾਜਪਾ ਕਿਤੇ ਵੀ ਜਾਣ ਵਾਲੀ ਨਹੀਂ ਹੈ। ਤੁਸੀਂ ਇਸ ਝਾਂਸੇ ’ਚ ਨਾ ਆਵੋ ਕਿ ਲੋਕ ਗੁੱਸੇ ਵਿਚ ਹਨ ਅਤੇ ਉਹ ਨਰਿੰਦਰ ਮੋਦੀ ਨੂੰ ਸੱਤਾ ਤੋਂ ਲਾਂਭੇ ਕਰ ਦੇਣਗੇ।’ ਪ੍ਰਸ਼ਾਂਤ ਕਿਸ਼ੋਰ ਨੇ ਕਿਹਾ ਕਿ ਇਹ ਹੋ ਸਕਦਾ ਹੈ ਕਿ ਮੋਦੀ ਲਾਂਭੇ ਹੋ ਜਾਣ ਪਰ ਭਾਜਪਾ ਕਿਤੇ ਵੀ ਜਾਣ ਵਾਲੀ ਨਹੀਂ ਹੈ। ‘ਕਾਂਗਰਸ ਨੂੰ ਅਗਲੇ ਕਈ ਦਹਾਕਿਆਂ ਤੱਕ ਉਸ ਨਾਲ ਜੂਝਣਾ ਪਵੇਗਾ।’ ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਦਾ ਜ਼ਿਕਰ ਕਰਦਿਆਂ ਉਨਾਂ ਕਿਹਾ, ‘ਰਾਹੁਲ ਗਾਂਧੀ ਨਾਲ ਸਮੱਸਿਆ ਇਹ ਹੈ ਕਿ ਉਹ ਸੋਚਦਾ ਹੈ ਕਿ ਕੁਝ ਸਮੇਂ ਦੀ ਗੱਲ ਹੈ ਅਤੇ ਲੋਕ ਮੋਦੀ ਨੂੰ ਲਾਂਭੇ ਕਰ ਦੇਣਗੇ। ਇੰਜ ਨਹੀਂ ਹੋਵੇਗਾ।’ ਪ੍ਰਸ਼ਾਂਤ ਕਿਸ਼ੋਰ ਨੇ ਇਸ ਸਾਲ ਦੇ ਸ਼ੁਰੂ ਵਿਚ ਪੱਛਮੀ ਬੰਗਾਲ ਅਤੇ ਤਾਮਿਲ ਨਾਡੂ ਵਿਚ ਵਿਧਾਨ ਸਭਾ ਚੋਣਾਂ ਦੌਰਾਨ ਕ੍ਰਮਵਾਰ ਟੀਐੱਮਸੀ ਤੇ ਡੀਐੱਮਕੇ ਦੀ ਚੋਣ ਰਣਨੀਤੀ ਬਣਾਈ ਸੀ ਜਿਸ ਕਾਰਨ ਦੋਵੇਂ ਪਾਰਟੀਆਂ ਨੂੰ ਜਿੱਤ ਨਸੀਬ ਹੋਈ ਸੀ। ਟੀਐੱਮਸੀ ਨੇ ਅਗਲੇ ਸਾਲ ਫਰਵਰੀ ’ਚ ਹੋਣ ਵਾਲੀਆਂ ਗੋਆ ਵਿਧਾਨ ਸਭਾ ਚੋਣਾਂ ਲੜਨ ਦਾ ਐਲਾਨ ਕੀਤਾ ਹੈ। ਪ੍ਰਸ਼ਾਂਤ ਕਿਸ਼ੋਰ ਦੇ ਬਿਆਨ ’ਤੇ ਪ੍ਰਤੀਕਰਮ ਦਿੰਦਿਆਂ ਗੋਆ ਕਾਂਗਰਸ ਨੇ ਟੀਐੱਮਸੀ ’ਤੇ ਦੋਸ਼ ਲਾਇਆ ਹੈ ਕਿ ਉਹ ਹੁਕਮਰਾਨ ਭਾਜਪਾ ਨੂੰ ਫਾਇਦਾ ਪਹੁੰਚਾਉਣ ਲਈ ਧਰਮ ਨਿਰਪੱਖ ਵੋਟਾਂ ਵੰਡਣ ਦੇ ਇਰਾਦੇ ਨਾਲ ਸੂਬੇ ਵਿਚ ਚੋਣਾਂ ਲੜ ਰਹੀ ਹੈ। ਗੋਆ ਪ੍ਰਦੇਸ਼ ਕਾਂਗਰਸ ਕਮੇਟੀ ਦੇ ਮੁਖੀ ਗਿਰੀਸ਼ ਸ਼ੋਡਨਕਰ ਨੇ ਕਿਹਾ ਕਿ ਟੀਐੱਮਸੀ ਨੂੰ ਗੋਆ ਵਿਚ ਚੋਣਾਂ ਲੜਾਉਣ ਪਿੱਛੇ ਅਮਿਤ ਸ਼ਾਹ ਅਤੇ ਈਡੀ ਦਾ ਹੱਥ ਹੈ। ਉਨਾਂ ਕਿਹਾ ਕਿ ਚੋਣ ਰਣਨੀਤੀਕਾਰ ਪ੍ਰਸ਼ਾਂਤ ਕਿਸ਼ੋਰ ਵੱਲੋਂ ਦਿੱਤੇ ਗਏ ਬਿਆਨ ਨਾਲ ਹੁਣ ਟੀਐੱਮਸੀ ਦੇ ਇਰਾਦੇ ਜੱਗ ਜ਼ਾਹਿਰ ਹੋ ਗਏ ਹਨ। ਭਾਜਪਾ ਤਰਜਮਾਨ ਰਾਜਵਰਧਨ ਸਿੰਘ ਰਾਠੌੜ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਿਆਸਤ ਬਦਲ ਕੇ ਰੱਖ ਦਿੱਤੀ ਹੈ ਅਤੇ ਉਹ ਲੋਕਾਂ ਤੋਂ ਮਿਲੇ ਫੀਡਬੈਕ ਦੇ ਆਧਾਰ ’ਤੇ ਸਰਕਾਰ ਚਲਾਉਂਦੇ ਹਨ। ਉਨਾਂ ਕਿਹਾ ਕਿ ਪ੍ਰਸ਼ਾਂਤ ਕਿਸ਼ੋਰ ਨੇ ਅਜਿਹਾ ਕੁਝ ਵੀ ਨਵਾਂ ਨਹੀਂ ਕਿਹਾ ਹੈ ਜੋ ਮੁਲਕ ਨੂੰ ਪਤਾ ਨਾ ਹੋਵੇ।ਪ੍ਰਸ਼ਾਂਤ ਦੀ ਬਦਲਦੀ ਸੁਰ ਤੋਂ ਕਾਂਗਰਸ ਕਾਫੀ ਨਿਰਾਸ਼ ਹੈ।

**ਬੰਗਲਾਦੇਸ਼ ਦੀ ਹਿੰਦੂ ਵਿਰੋਧੀ ਫ਼ਿਰਕੂ ਹਿੰਸਾ**

ਅਕਤੂਬਰ ਵਿਚ ਦੁਰਗਾ ਪੂਜਾ ਦੌਰਾਨ ਬੰਗਲਾਦੇਸ਼ ਵਿਚ ਹਿੰਦੂਆਂ ਵਿਰੁੱਧ ਫ਼ਿਰਕੂ ਹਿੰਸਾ ਭੜਕੀ ਅਤੇ ਪੂਜਾ ਪੰਡਾਲਾਂ, ਮੰਦਰਾਂ, ਹਿੰਦੂ ਭਾਈਚਾਰੇ ਦੀਆਂ ਦੁਕਾਨਾਂ ਆਦਿ ਨੂੰ ਨਿਸ਼ਾਨਾ ਬਣਾਇਆ ਗਿਆ। ਕੱਟੜਪੰਥੀ



ਮੁਸਲਮਾਨ ਜਥੇਬੰਦੀਆਂ ਦੁਆਰਾ ਉਕਸਾਈਆਂ ਭੀੜਾਂ ਨੇ ਥਾਂ ਥਾਂ ’ਤੇ ਹਮਲੇ ਕੀਤੇ ਅਤੇ ਇਸ ਹਿੰਸਾ ਵਿਚ ਘੱਟੋ-ਘੱਟ 10 ਲੋਕਾਂ ਦੀ ਮੌਤ ਹੋਈ ਅਤੇ ਲਗਭਗ 150 ਫੱਟੜ ਹੋਏ। ਬਾਕੀ ਥਾਵਾਂ ’ਤੇ ਹੁੰਦੀ ਫ਼ਿਰਕੂ ਹਿੰਸਾ ਵਾਂਗ



ਬੰਗਲਾਦੇਸ਼ ਦੇ ਚਿਟਾਗਾਂਗ ਖੇਤਰ ਵਿਚ ਇਹ ਅਫ਼ਵਾਹ ਫੈਲਾਈ ਗਈ ਕਿ ਮੁਸਲਮਾਨਾਂ ਦੇ ਪਵਿੱਤਰ ਗ੍ਰੰਥ ਕੁਰਾਨ ਦੀ ਬੇਅਦਬੀ ਕੀਤੀ ਗਈ ਹੈ। ਬੰਗਲਾਦੇਸ਼ ਪੁਲੀਸ ਅਤੇ ਸੁਰੱਖਿਆ ਦਲਾਂ ਨੇ ਲਗਭਗ 4,000 ਲੋਕਾਂ ਵਿਰੁੱਧ ਕੇਸ ਦਰਜ ਕਰਕੇ 400 ਤੋਂ ਵੱਧ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਬੰਗਲਾਦੇਸ਼ ਵਿਚ ਹਿੰਦੂ ਘੱਟਗਿਣਤੀ ਵਿਰੁੱਧ ਹਿੰਸਾ ਹੁੰਦੀ ਰਹੀ ਹੈ। ਇਸ ਦੇ ਨਤੀਜੇ ਵਜੋਂ ਹਿੰਦੂਆਂ ਦੀ ਗਿਣਤੀ ਜੋ ਵੰਡ ਤੋਂ ਬਾਅਦ 27 ਫ਼ੀਸਦੀ ਸੀ, ਘਟ ਕੇ 8.5 ਫ਼ੀਸਦੀ ਰਹਿ ਗਈ ਹੈ।

ਸਚੋ ਸਚ ਦਸ ਵੇ ਜੋਗੀਆ

ਬੰਗਲਾਦੇਸ਼ ਵਿਚ ਹਿੰਦੂਆਂ ਵਿਰੁੱਧ ਹੋਈ ਹਿੰਸਾ ਦਾ ਇਵਜ਼ਾਨਾ ਭਾਰਤ ਅਤੇ ਨੇਪਾਲ ਵਿਚ ਰਹਿੰਦੇ ਮੁਸਲਮਾਨਾਂ ਨੂੰ ਭੁਗਤਣਾ ਪੈ ਰਿਹਾ ਹੈ। ਖ਼ਬਰਾਂ ਅਨੁਸਾਰ ਪਿਛਲੇ ਕੁਝ ਦਿਨਾਂ ਵਿਚ ਤ੍ਰਿਪੁਰਾ ਵਿਚ ਕੱਟੜਪੰਥੀ ਜਥੇਬੰਦੀਆਂ ਦੀ ਅਗਵਾਈ ਵਿਚ ਭੜਕੀਆਂ ਭੀੜਾਂ ਨੇ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਇਆ ਤੇ ਮਸਜਿਦਾਂ ਨੂੰ ਨੁਕਸਾਨ ਪਹੁੰਚਾਇਆ ਹੈ। ਸਾਰੀ ਦੁਨੀਆ ਵਿਚ ਹਰ ਭਾਈਚਾਰੇ ਦੀਆਂ ਕੱਟੜਪੰਥੀ ਜਥੇਬੰਦੀਆਂ ਨੂੰ ਫ਼ਿਰਕੂ ਹਿੰਸਾ ਦੀਆਂ ਘਟਨਾਵਾਂ ਬਹੁਤ ਰਾਸ ਆਉਂਦੀਆਂ ਹਨ। ਕੱਟੜਪੰਥੀ ਜਥੇਬੰਦੀਆਂ ਹਮੇਸ਼ਾ ਇਸ ਤਾਕ ਵਿਚ ਰਹਿੰਦੀਆਂ ਹਨ ਕਿ ਕਿਸੇ ਨਾ ਕਿਸੇ ਤਰਾਂ ਬੰਗਲਾਦੇਸ਼ ਵਿਚ ਫ਼ਿਰਕੂ ਹਿੰਸਾ ਭੜਕਾਈ ਜਾਵੇ; 2013 ਵਿਚ ਵੀ ਜਮਾਤ-ਏ-ਇਸਲਾਮੀ ਅਤੇ ਹੋਰ ਕੱਟੜਪੰਥੀ ਜਥੇਬੰਦੀਆਂ ਨੇ ਵੱਡੇ ਪੱਧਰ ’ਤੇ ਹਿੰਸਕ ਕਾਰਵਾਈਆਂ ਕੀਤੀਆਂ ਸਨ। ਅਜਿਹੀ ਰਣਨੀਤੀ ਭਾਰਤ ਦੀਆਂ ਕੱਟੜਪੰਥੀ ਜਥੇਬੰਦੀਆਂ ਨੂੰ ਵੀ ਬਹੁਤ ਰਾਸ ਆਉਂਦੀ ਹੈ ਜਿਹੜੀਆਂ ਇਨਾਂ ਘਟਨਾਵਾਂ ਨੂੰ ਭਾਰਤ ਵਿਚ ਮੁਸਲਮਾਨ ਭਾਈਚਾਰੇ ਵਿਰੁੱਧ ਘਿਰਣਾ ਭਰਿਆ ਪ੍ਰਚਾਰ ਕਰਨ ਅਤੇ ਹਿੰਸਾ ਭੜਕਾਉਣ ਲਈ ਵਰਤਦੀਆਂ ਹਨ।

**ਫੇਸਬੁੱਕ ਦਾ ਭਗਵਾਂਕਰਨ**

ਸੋਸ਼ਲ ਮੀਡੀਆ ਦੇ ਵੱਖ-ਵੱਖ ਪਲੇਟਫਾਰਮ ਆਰ ਐੱਸ ਐੱਸ ਦੀ ਨਫ਼ਰਤੀ ਵਿਚਾਰਧਾਰਾ ਨੂੰ ਫੈਲਾਉਣ ਲਈ ਉਸ ਦੀ ਪੂਰੀ ਮਦਦ ਕਰਦੇ ਰਹੇ ਹਨ । ਬੀਤੇ ਮਈ ਮਹੀਨੇ ਵਿੱਚ ਆਪਣੀ ਨੌਕਰੀ ਛੱਡ ਦੇਣ ਵਾਲੀ ਇੱਕ ਫੇਸਬੁੱਕ ਕਰਮਚਾਰੀ ਨੇ 3 ਅਕਤੂਬਰ ਨੂੰ ਇੱਕ ਭੇਂਟ-ਵਾਰਤਾ ਵਿੱਚ ਕਿਹਾ ਕਿ ਕਿਸ ਤਰਾਂ ਫੇਸਬੁਕ ਤੇ ਇਸ ਨਾਲ ਜੁੜੇ ਦੂਜੇ ਪਲੇਟਫਾਰਮ ਭਾਰਤ ਵਿੱਚ ਭਾਜਪਾ ਦੀ ਨਫ਼ਰਤੀ ਮੁਹਿੰਮ ਤੇ ਮੁਸਲਮਾਨਾਂ ਵਿਰੁੱਧ ਘ੍ਰਿਣਾ ਫੈਲਾਉਣ ਵਾਲੀ ਪ੍ਰਚਾਰ ਸਮਗਰੀ ਨੂੰ ਨਜ਼ਰਅੰਦਾਜ਼ ਕਰਦੇ ਰਹੇ ਹਨ।

ਫਰਾਂਸੈਸ ਹੌਗੇਨ ਨਾਂ ਦੀ ਫੇਸਬੁਕ ਦੀ ਸਾਬਕਾ ਪ੍ਰਬੰਧਕ ਨੇ ਆਪਣੇ ਦੋਸ਼ਾਂ ਦੀ ਪ੍ਰਮਾਣਕਤਾ ਲਈ ਕੰਪਨੀ ਦੇ ਕਾਪੀ ਕੀਤੇ ਦਸਤਾਵੇਜ਼ਾਂ ਨੂੰ ਪੱਤਰਕਾਰਾਂ ਸਾਹਮਣੇ ਪੇਸ਼ ਕੀਤਾ । ਉਸ ਨੇ ਇਸ ਸੰਬੰਧੀ ਬਰਤਾਨਵੀ ਤੇ ਅਮਰੀਕੀ ਸਾਂਸਦਾਂ ਨੂੰ ਸੰਬੋਧਨ ਕਰਦਿਆਂ ਫੇਸਬੁਕ ਉੱਤੇ ਗੰਭੀਰ ਦੋਸ਼ ਲਾਏ ਹਨ । ਭਾਰਤ ਫੇਸਬੁਕ ਦਾ ਸਭ ਤੋਂ ਵੱਡਾ ਬਜ਼ਾਰ ਹੈ, ਜਿਥੇ ਇਸ ਦੇ 37 ਕਰੋੜ ਗਾਹਕ ਹਨ । ‘ਨਿਊਯਾਰਕ ਟਾਈਮਜ਼’ ਨੇ ਆਪਣੀ ਰਿਪੋਰਟ ਵਿੱਚ ਕਿਹਾ ਹੈ ਕਿ ਹੌਗੇਨ ਵੱਲੋਂ ਪੇਸ਼ ਕੀਤੇ ਗਏ ਦਸਤਾਵੇਜ਼ ਦੱਸਦੇ ਹਨ ਕਿ ਫੇਸਬੁਕ ਕਿਵੇਂ ਭਾਰਤ ਵਿੱਚ ਨਫ਼ਰਤੀ ਭਾਸ਼ਣਾਂ, ਹਿੰਸਾ ਉਤੇ ਜਸ਼ਨ ਮਨਾਉਣ ਤੇ ਅਫ਼ਵਾਹਾਂ ਫੈਲਾਉਣ ਵਾਲੀਆਂ ਸੂਚਨਾਵਾਂ ਨੂੰ ਰੋਕਣ ਤੋਂ ਟਾਲਾ ਵਟਦੀ ਰਹੀ ਹੈ ।ਇਸ ਸੰਬੰਧੀ ਖੋਜੀ ਪੱਤਰਕਾਰਾਂ ਨੇ ਉਨਾਂ ਸਮੂਹਾਂ ਤੇ ਪੰਨਿਆਂ ਦੀ ਵੀ ਨਿਸ਼ਾਨਦੇਹੀ ਕੀਤੀ ਹੈ, ਜਿਹੜੇ ਭੜਕਾਊ ਤੇ ਮੁਸਲਿਮ ਵਿਰੋਧੀ ਸਮਗਰੀ ਨਾਲ ਭਰੇ ਹੋਏ ਹਨ। ਇਨਾਂ ਰਿਪੋਰਟਾਂ ਵਿੱਚ ਤਿੰਨ ਘਟਨਾਵਾਂ ਦਾ ਵੀ ਜ਼ਿਕਰ ਕੀਤਾ ਗਿਆ, ਜਿਨਾਂ ਦੌਰਾਨ ਫੇਸਬੁਕ ਉਤੇ ਨਫ਼ਰਤੀ ਸਮਗਰੀ ਦਾ ਬੋਲਬਾਲਾ ਰਿਹਾ ।

ਇਨਾਂ ਵਿੱਚ ਪਹਿਲੀ ਘਟਨਾ ਸੀ ਏ ਏ ਵਿਰੁੱਧ ਛਿੜੇ ਅੰਦੋਲਨ ਦੀ ਹੈ, ਜਦੋਂ ਹਿੰਦੂਤਵੀਆਂ ਨੇ ਇਸ ਅੰਦੋਲਨ ਨੂੰ ਬਦਨਾਮ ਕਰਨ ਲਈ ਫੇਸਬੁਕ ਦਾ ਸਹਾਰਾ ਲਿਆ। ਦੂਜੀ ਘਟਨਾ ਦਿੱਲੀ ਵਿੱਚ ਦੰਗੇ ਭੜਕਾਉਣ ਦੀ ਹੈ, ਜਿਸ ਵਿੱਚ 50 ਤੋਂ ਵੱਧ ਵਿਅਕਤੀ ਮਾਰੇ ਗਏ ਤੇ ਕਰੋੜਾਂ ਦੀ ਜਾਇਦਾਦ ਦਾ ਨੁਕਸਾਨ ਕੀਤਾ ਗਿਆ। ਤੀਜੀ ਘਟਨਾ ਕੋਰੋਨਾ ਮਹਾਂਮਾਰੀ ਦੇ ਸ਼ੁਰੂਆਤੀ ਦੌਰ ਦੀ ਹੈ, ਜਦੋਂ ਇਸ ਲਈ ਤਬਲੀਗੀ ਜਮਾਤ ਨੂੰ ਜ਼ਿੰਮੇਵਾਰ ਬਣਾ ਕੇ ਮੁਸਲਮਾਨਾਂ ਵਿਰੁੱਧ ਨਫ਼ਰਤ ਭੜਕਾਈ ਗਈ ।

ਫਰਾਂਸੈਸ ਹੌਗੇਨ ਨੇ ਬਰਤਾਨਵੀ ਸਾਂਸਦਾਂ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਉਸ ਨੇ ਫੇਸਬੁਕ ਦੇ ਸਮਾਜ ਉਤੇ ਪੈ ਰਹੇ ਮਾੜੇ ਪ੍ਰਭਾਵਾਂ ਬਾਰੇ ਕੰਪਨੀ ਨੂੰ ਸੁਚੇਤ ਵੀ ਕੀਤਾ, ਪਰ ਉਹ ਕੋਈ ਕਾਰਵਾਈ ਕਰਨ ਨੂੰ ਤਿਆਰ ਨਹੀਂ ਹੋਈ, ਕਿਉਂਕਿ ਅਜਿਹਾ ਕਰਨ ਨਾਲ ਉਸ ਦੇ ਮੁਨਾਫ਼ੇ ਨੂੰ ਸੱਟ ਵੱਜਦੀ ਸੀ ।

ਫਰਾਂਸੈਸ ਹੌਗੇਨ ਦੇ ਪ੍ਰਗਟਾਵਿਆਂ ਤੋਂ ਬਾਅਦ ਅਮਰੀਕਾ ਤੇ ਬਰਤਾਨੀਆ ਸਮੇਤ ਵੱਖ-ਵੱਖ ਸਰਕਾਰਾਂ ਨੇ ਇਸ ਬਿਮਾਰੀ ਨੂੰ ਰੋਕਣ ਲਈ ਨਿਯਮ ਬਣਾਉਣ ਦੀ ਕਾਰਵਾਈ ਆਰੰਭ ਦਿੱਤੀ ਹੈ, ਪਰ ਸਾਡੇ ਦੇਸ਼ ਦੀ ਭਾਜਪਾ ਸਰਕਾਰ ਨੇ ਚੁੱਪ ਧਾਰੀ ਹੋਈ ਹੈ, ਕਿਉਂਕਿ ਇਹ ਉਸ ਦੀ ਫਿਰਕੂ ਵਿਚਾਰਧਾਰਾ ਲਈ ਲਾਹੇਵੰਦਾ ਹੈ ।

ਇਨਾਂ ਖੁਲਾਸਿਆਂ ਤੋਂ ਬਾਅਦ ਕਾਂਗਰਸ ਦੇ ਬੁਲਾਰੇ ਪਵਨ ਖੇੜਾ ਨੇ ਕਿਹਾ ਹੈ ਕਿ ਭਾਰਤ ਵਿੱਚ ਫੇਸਬੁਕ ਭਾਜਪਾ ਦੇ ਸਹਿਯੋਗੀ ਵਜੋਂ ਕੰਮ ਕਰ ਰਹੀ ਹੈ । ਉਨਾਂ ਕਿਹਾ ਕਿ ਭਾਰਤ ਵਿੱਚ ਚੋਣਾਂ ਨੂੰ ਪ੍ਰਭਾਵਤ ਕਰਨ ਲਈ ਫੇਸਬੱਕ ਦੀ ਭੂਮਿਕਾ ਦੀ ਸੰਯੁਕਤ ਸੰਸਦੀ ਕਮੇਟੀ ਰਾਹੀਂ ਜਾਂਚ ਕਰਾਈ ਜਾਣੀ ਚਾਹੀਦੀ ਹੈ। ਉਨਾਂ ਕਿਹਾ ਕਿ ਫੇਸਬੁਕ ਭਾਰਤ ਵਿੱਚ ਫਰਜ਼ੀ ਪੋਸਟਾਂ ਰਾਹੀਂ ਲੋਕਾਂ ਦੀ ਰਾਇ ਬਦਲ ਕੇ ਲੋਕਤੰਤਰ ਨੂੰ ਕਮਜ਼ੋਰ ਕਰ ਰਿਹਾ ਹੈ। ਉਨਾਂ ਕਿਹਾ ਕਿ ਭਾਜਪਾ ਤੇ ਉਸ ਨਾਲ ਜੁੜੀਆਂ ਸੰਸਥਾਵਾਂ ਦੀ ਫੇਸਬੁਕ ਦੇ ਕੰਮਕਾਜ ਵਿੱਚ ਡੂੰਘੀ ਘੁਸਪੈਠ ਹੋ ਚੁੱਕੀ ਹੈ । ਉਨਾਂ ਕਿਹਾ ਕਿ ਸਰਕਾਰ ਨੂੰ ਇਸ ਸੰਬੰਧੀ ਆਪਣਾ ਪੱਖ ਸਪੱਸ਼ਟ ਕਰਨਾ ਚਾਹੀਦਾ ਹੈ ।

**ਏਅਰ ਇੰਡੀਆ ਦੀ ਅੰਮ੍ਰਿਤਸਰ ਤੋਂ ਨਾਂਦੇੜ ਸਾਹਿਬ ਤਕ ਜਾਣ ਵਾਲੀ ਜਹਾਜ਼ ਸੇਵਾ ਬੰਦ**

ਬੇਸ਼ੱਕ ਇਹ ਸੇਵਾ ਬੰਦ ਕਰ ਦਿੱਤੀ ਗਈ ਹੈ ਪਰ ਏਅਰ ਇੰਡੀਆ ਦੀ ਇੰਟਰਨੈੱਟ ਮੀਡੀਆ ਟੀਮ ਹਾਲੇ ਵੀ ਲੋਕਾਂ ਨੂੰ ਇਸ ਸੇਵਾ ਦਾ ਫ਼ਾਇਦਾ ਲੈਣ ਲਈ ਪ੍ਰੇਰਿਤ ਕਰ ਰਹੀ ਹੈ।

ਏਅਰ ਇੰਡੀਆ ਦੀ ਅੰਮ੍ਰਿਤਸਰ ਤੋਂ ਨਾਂਦੇੜ ਸਾਹਿਬ ਤਕ ਜਾਣ ਵਾਲੀ ਜਹਾਜ਼ ਸੇਵਾ ਬੰਦ ਕਰਕੇ ਸਿੱਖ ਜਗਤ ਨਾਲ ਵਿਤਕਰਾ ਕੀਤਾ ਹੈ। 30 ਅਕਤੂਬਰ ਨੂੰ ਗੁਰੂ ਰਾਮਦਾਸ ਕੌਮਾਂਤਰੀ ਹਵਾਈ ਅੱਡੇ ਤੋਂ ਆਖ਼ਰੀ ਉਡਾਣ ਰਵਾਨਾ ਹੋਈ। ਅੰਮ੍ਰਿਤਸਰ ਤੋਂ ਨਾਂਦੇੜ ਸਾਹਿਬ ਲਈ ਸਿਰਫ਼ ਇੱਕੋ ਉਡਾਣ ਜਾਂਦੀ ਹੁੰਦੀ ਸੀ। ਪਿਛਲੇ ਹਫ਼ਤੇ ਅਚਾਨਕ ਏਅਰ ਇੰਡੀਆ ਨੇ ਇਨਾਂ ਸਥਾਨਾਂ ਲਈ ਬੁਕਿੰਗ ਲੈਣੀ ਬੰਦ ਕਰ ਦਿੱਤੀ ਸੀ। ਇਸ ਗੱਲ ਦਾ ਅੰਮ੍ਰਿਤਸਰ ਵਿਕਾਸ ਮੰਚ ਨੇ ਵਿਰੋਧ ਕੀਤਾ ਹੈ। ਉੱਥੇ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਜਗੀਰ ਕੌਰ ਨੇ ਪ੍ਰਧਾਨ ਮੰਤਰੀ ਨੂੰ ਅਪੀਲ ਕੀਤੀ ਕਿ ਇਸ ਸੇਵਾ ਨੂੰ ਬੰਦ ਨਾ ਕੀਤਾ ਜਾਵੇ। ਦੋਵਾਂ ਸ਼ਹਿਰਾਂ ਦੀ ਏਅਰ ਕੁਨੈਕਟੀਵਿਟੀ ਇਸ ਲਈ ਜ਼ਰੂਰੀ ਹੈ ਕਿਉਂਕਿ ਇਹ ਧਾਰਮਿਕ ਸ਼ਹਿਰ ਹੈ। ਬੇਸ਼ੱਕ ਇਹ ਸੇਵਾ ਬੰਦ ਕਰ ਦਿੱਤੀ ਗਈ ਹੈ ਪਰ ਏਅਰ ਇੰਡੀਆ ਦੀ ਇੰਟਰਨੈੱਟ ਮੀਡੀਆ ਟੀਮ ਹਾਲੇ ਵੀ ਲੋਕਾਂ ਨੂੰ ਇਸ ਸੇਵਾ ਦਾ ਫ਼ਾਇਦਾ ਲੈਣ ਲਈ ਪ੍ਰੇਰਿਤ ਕਰ ਰਹੀ ਹੈ। ਇੰਟਰਨੈੱਟ ਮੀਡੀਆ ’ਤੇ ਇਸ ਦਾ ਵਿਰੋਧ ਹੋ ਰਿਹਾ ਹੈ, ਲੋਕ ਟ੍ਰੋਲ ਕਰ ਰਹੇ ਹਨ ਕਿ ਜਹਾਜ਼ ਸੇਵਾ ਤਾਂ ਬੰਦ ਕਰ ਦਿੱਤੀ ਗਈ ਹੈ ਕੀ ਉਹ ਸੁਪਨੇ ਦੇ ਜਹਾਜ਼ ਵਿਚ ਉਡ ਕੇ ਜਾਣਗੇ। ਦਰਅਸਲ, ਭਾਰਤ ਸਰਕਾਰ ਵੱਲੋਂ ਏਅਰ ਇੰਡੀਆ ਨੂੰ ਟਾਟਾ ਸੰਨਜ਼ ਲਿਮਟਿਡ ਦੇ ਹਵਾਲੇ ਕੀਤਾ ਜਾ ਰਿਹਾ ਹੈ। ਹਾਲਾਂਕਿ ਸੰਭਾਵਨਾ ਹੈ ਕਿ ਟਾਟਾ ਇਸ ਉਡਾਣ ਨੂੰ ਰੀ-ਸ਼ਡਿਊਲ ਕਰ ਕੇ ਚਲਾ ਸਕਦੀ ਹੈ। ਅੰਮ੍ਰਿਤਸਰ ਤੋਂ ਮੰਗਲਵਾਰ, ਵੀਰਵਾਰ ਤੇ ਸ਼ਨਿਚਰਵਾਰ ਨੂੰ ਨਾਂਦੇੜ ਤਕ ਜਹਾਜ਼ ਸੇਵਾ ਚਲਾਈ ਜਾਂਦੀ ਹੈ। ਇਸ ਦੀ ਬੁਕਿੰਗ ਨਵੰਬਰ ਤੋਂ ਹਟਾ ਦਿੱਤੀ ਗਈ ਹੈ। ਇਹ ਦਿੱਲੀ ਤੋਂ ਉਡਾਣ ਭਰਦੀ ਸੀ ਤੇ ਫਿਰ ਅੰਮ੍ਰਿਤਸਰ ਤੋਂ ਸਵੇਰੇ 6.50 ਵਜੇ ਨਾਂਦੇੜ ਸਾਹਿਬ ਲਈ ਰਵਾਨਾ ਹੁੰਦੀ ਹੈ। ਇਸ ਨਾਲ ਅੰਮ੍ਰਿਤਸਰ-ਨਾਂਦੇੜ ਵਿਚਾਲੇ ਸਿਰਫ਼ ਢਾਈ ਘੰਟੇ ਵਿਚ ਪੂਰੀ ਹੁੰਦੀ ਹੈ।





# VALLEY REAL ESTATE CENTER

Wishes you a very
Happy Bandhi Chorh Diwas
and Happy Diwali

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm,office building, Farm House and for Truck Yard in Tracy, Manteca, Lathrop and Stockton

## Listing

TOTAL 35.5 YOUNG THREE YEARS OLD TREE PADRE AND NONPAREIL VARIETY. WITH RIPARIAN RIGHT FROM THE SAN JOAQUIN RIVER. WITH A SINGLE FAMILY SMALL HOME, IT'S VERY DESIRABLE PROPERTY





RANJIT SINGH
(Lic: 01922089)

PROPERTY ADDRESS: 27022 RIVER ROADM, NEWMAN CA 95360.

# RANJIT SINGH

Valley Real Estate Center (Office Lic.: 01392267)
68 E 11th Street Ste 109, Tracy, CA 95376
Office: 209-956-1000 Cell : 408-355-5700, gbsingh84@gmail.com

# ਕੈਪਟਨ ਪੰਜਾਬ ਦੀ ਲੋਕ ਪੱਖੀ ਸਿਆਸਤ ਤੋਂ ਗੈਰ ਪ੍ਰਸੰਗਿਕ ਬਣੇ



**ਪ੍ਰੀਤਮ ਸਿੰਘ**

ਭਾਰਤ ਦੇ ਫੈਡਰਲ ਢਾਂਚੇ ਤਹਿਤ ਕਿਸੇ ਸੂਬੇ ਦਾ ਸਿਰਮੌਰ ਸਿਆਸੀ ਅਹੁਦਾ ਮੁੱਖ ਮੰਤਰੀ ਦਾ ਹੁੰਦਾ ਹੈ। ਪੰਜਾਬ ਵਿਚ ਪਿਛਲੇ ਪੰਝੀ ਸਾਲਾਂ ਦੌਰਾਨ ਇਸ ਅਹੁਦੇ ਉੱਤੇ ਪ੍ਰਕਾਸ਼ ਸਿੰਘ ਬਾਦਲ (15 ਸਾਲ) ਅਤੇ ਅਮਰਿੰਦਰ ਸਿੰਘ (ਸਾਢੇ ਨੌਂ ਸਾਲ) ਰਹੇ ਹਨ। ਜ਼ਾਹਿਰਾ ਤੌਰ ’ਤੇ ਉਮਰ ਦੇ ਤਕਾਜ਼ੇ ਅਤੇ ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਅਕਾਲੀ ਦਲ ਦੀ ਸ਼ਰਮਨਾਕ ਹਾਰ ਕਾਰਨ ਪ੍ਰਕਾਸ਼ ਸਿੰਘ ਬਾਦਲ ਇਕ ਲਿਹਾਜ਼ ਨਾਲ ਸਰਗਰਮ ਸਿਆਸਤ ਤੋਂ ਲਾਂਭੇ ਹੋ ਚੁੱਕੇ ਹਨ ਪਰ ਅਮਰਿੰਦਰ ਸਿੰਘ ਮੁੱਖ ਮੰਤਰੀ ਦੀ ਕੁਰਸੀ ਗੁਆ ਲੈਣ ਮਗਰੋਂ ਹੁਣ ਨਵੀਂ ਉਡਾਣ ਲਈ ਆਪਣੇ ਪਰ ਤੋਲ ਰਹੇ ਹਨ। ਆਪਣੇ ਸਮਾਜੀ-ਸਿਆਸੀ ਜੀਵਨ ਵਿਚ ਕੁਝ ਸ਼ਖ਼ਸ ਉਦੋਂ ਅਹਿਮੀਅਤ ਅਖ਼ਤਿਆਰ ਕਰ ਜਾਂਦੇ ਹਨ ਜਦੋਂ ਉਹ ਉਸ ਸਮਾਜੀ-ਸਿਆਸੀ ਭਾਈਚਾਰੇ ਦੀ ਸਤਹ ਹੇਠ ਵਗ ਰਹੀਆਂ ਧਾਰਾਵਾਂ ਦੀ ਥਾਹ ਪਾ ਲੈਂਦੇ ਹਨ ਜਾਂ ਉਹ ਉਸ ਭਾਈਚਾਰੇ ਦੇ ਸਮਾਜੀ ਸਿਆਸੀ ਰੁਝਾਨਾਂ ਨੂੰ ਪ੍ਰਗਟਾਉਣ ਵਿਚ ਅਹਿਮ ਭੂਮਿਕਾ ਨਿਭਾਅ ਜਾਂਦੇ ਹਨ। ਇਸ ਦੇ ਉਲਟ ਇਤਾਲਵੀ ਦਾਰਸ਼ਨਿਕ ਅੰਤੋਨੀਓ ਗ੍ਰਾਮਸ਼ੀ ਦੇ ਸ਼ਬਦਾਂ ਵਿਚ ਉਹੀ ਬੰਦੇ ਉਦੋਂ ਗੌਣ/ਬੌਣੇ ਵੀ ਹੋ ਜਾਂਦੇ ਹਨ ਜਦੋਂ ਉਹ ਸਮਾਜੀ-ਸਿਆਸੀ ਭਾਈਚਾਰੇ ਦੇ ਸਹਿਜ ਬੋਧ ਨੂੰ ਪੜਨ ਵਿਚ ਖ਼ਤਾ ਖਾ ਜਾਂਦੇ ਹਨ।

1984 ਤੋਂ ਪਹਿਲਾਂ ਪਟਿਆਲਾ ਸ਼ਹਿਰ ਤੋਂ ਬਾਹਰ ਬਹੁਤ ਘੱਟ ਲੋਕ ਅਮਰਿੰਦਰ ਸਿੰਘ ਨੂੰ ਜਾਣਦੇ ਸਨ ਜੋ ਉਥੋਂ ਕਾਂਗਰਸ ਦੀ ਟਿਕਟ ਤੇ ਲੋਕ ਸਭਾ ਦੇ ਮੈਂਬਰ ਚੁਣੇ ਗਏ ਸਨ। ਉਨਾਂ ਦੀ ਜਿੱਤ ’ਵਿਚ ਸ਼ਾਹੀ ਘਰਾਣੇ ਨਾਲ ਜੁੜੀ ਉਨਾਂ ਦੀ ਵਿਰਾਸਤ ਦੀ ਭੂਮਿਕਾ ਰਹੀ ਸੀ, ਉਦੋਂ ਤੱਕ ਸ਼ਹਿਰ ਦੇ ਲੋਕਾਂ ਦੀਆਂ ਨਜ਼ਰਾਂ ’ਚ ਘਰਾਣੇ ਦਾ ਕਾਫ਼ੀ ਆਦਰ ਮਾਣ ਸੀ। ਪਟਿਆਲਾ ਸ਼ਹਿਰ ਤੋਂ ਬਾਹਰ ਜੱਦੀ ਪਿੰਡ ਮਹਿਰਾਜ ਛੱਡ ਕੇ ਹੋਰਨਾਂ ਖੇਤਰਾਂ ਵਿਚ ਉਨਾਂ ਦਾ ਕੋਈ ਖ਼ਾਸ ਅਸਰ ਰਸੂਖ ਨਹੀਂ ਸੀ। ਜੂਨ 1984 ਵਿਚ ਸ੍ਰੀ ਹਰਿਮੰਦਰ ਸਾਹਿਬ ਵਿਖੇ ਵਾਪਰੇ ਸਾਕਾ ਨੀਲਾ ਤਾਰਾ ਕਾਰਨ ਨਾ ਕੇਵਲ ਉਹ ਪੰਜਾਬ ਤੇ ਭਾਰਤੀ ਸਿਆਸਤ ਸਗੋਂ ਕੌਮਾਂਤਰੀ ਪੱਧਰ ਤੇ ਵੀ ਸੁਰਖੀਆਂ ਵਿਚ ਆ ਗਏ ਸਨ। ਉਨਾਂ ਸਾਕਾ ਨੀਲਾ ਤਾਰਾ ਦੇ ਰੋਸ ਵਜੋਂ ਕਾਂਗਰਸ ਪਾਰਟੀ ਅਤੇ ਲੋਕ ਸਭਾ ਦੀ ਮੈਂਬਰੀ ਤੋਂ ਅਸਤੀਫ਼ਾ ਦੇਣ ਦਾ ਦਲੇਰਾਨਾ ਕਦਮ ਪੁੱਟਿਆ। ਉਦੋਂ ਇਕ ਹੋਰ ਕਾਂਗਰਸੀ ਸੰਸਦ ਮੈਂਬਰ ਦਵਿੰਦਰ ਸਿੰਘ ਗਰਚਾ ਨੇ ਵੀ ਅਸਤੀਫ਼ਾ ਦਿੱਤਾ ਸੀ।

ਅਮਰਿੰਦਰ ਸਿੰਘ ਨੇ ਆਪਣੇ ਅਸਤੀਫ਼ੇ ਦਾ ਆਧਾਰ ਸਿਧਾਂਤਕ ਬਣਾਇਆ ਸੀ ਕਿਉਂਕਿ ਉਨਾਂ ਦਾ ਪਰਿਵਾਰ ਸਿੱਖਾਂ ਦੇ ਛੇਵੇਂ ਗੁਰੂ ਹਰਗੋਬਿੰਦ ਸਾਹਿਬ ਨਾਲ ਆਪਣੀ ਸਾਂਝ ਦਾ ਦਾਅਵਾ ਕਰਦਾ ਸੀ। ਗੁਰੂ ਹਰਗੋਬਿੰਦ ਸਾਹਿਬ ਨੇ ਹੀ ਸ੍ਰੀ ਅਕਾਲ ਤਖ਼ਤ ਦੀ ਉਸਾਰੀ ਕਰਵਾਈ ਸੀ ਜਿਸ ਨੂੰ ਸਾਕਾ ਨੀਲਾ ਤਾਰਾ ਦੌਰਾਨ ਢਹਿ-ਢੇਰੀ ਕਰ ਦਿੱਤਾ ਗਿਆ ਸੀ। ਅਮਰਿੰਦਰ ਸਿੰਘ ਨੇ ਆਪਣੇ ਅਸਤੀਫ਼ੇ ਵਿਚ ਇਸ ਕਾਰਨ ਦਾ ਜ਼ੋਰਦਾਰ ਢੰਗ ਨਾਲ ਜ਼ਿਕਰ ਕੀਤਾ ਸੀ। ਉਂਝ, ਉਨਾਂ ਆਪਣੇ ਅਸਤੀਫ਼ੇ ਦੇ ਫ਼ੈਸਲੇ ਪਿੱਛੇ ਕਿਸੇ ਵਡੇਰੇ ਸਿਆਸੀ ਨਜ਼ਰੀਏ ਦਾ ਖੁਲਾਸਾ ਨਹੀਂ ਕੀਤਾ ਸੀ ਪਰ ਤਾਂ ਵੀ ਉਹ ਅਚਾਨਕ ਹੀ ਸਦਮੇ ਵਿਚੋਂ ਲੰਘ ਰਹੇ ਤੇ ਅਗਵਾਈ ਤੋਂ ਵਿਰਵੇ ਪਰਵਾਸੀ ਸਿੱਖ ਭਾਈਚਾਰੇ ਦੇ ਅਣਐਲਾਨੇ ਤਰਜਮਾਨ ਬਣ ਗਏ ਸਨ ਕਿਉਂਕਿ ਉਸ ਵੇਲੇ ਸਮੁੱਚੀ ਅਕਾਲੀ ਲੀਡਰਸ਼ਿਪ ਨੂੰ ਜੇਲਾਂ ਵਿਚ ਡੱਕ ਦਿੱਤਾ ਗਿਆ ਸੀ। ਇਸੇ ਤਰਾਂ ਉੱਘੇ ਪੱਤਰਕਾਰ ਤੇ ਲੇਖਕ ਖ਼ੁਸ਼ਵੰਤ ਸਿੰਘ ਰੋਸ ਵਜੋਂ ਆਪਣਾ ਪਦਮਸ੍ਰੀ ਪੁਰਸਕਾਰ ਮੋੜਨ ਤੋਂ ਬਾਅਦ ਸਿੱਖ ਭਾਈਚਾਰੇ ਦੀ ਆਵਾਜ਼ ਬਣ ਗਏ ਸਨ ਅਤੇ ਰਾਜ ਸਭਾ ਵਿਚ ਉਨਾਂ ਠੋਕਵਾਂ ਭਾਸ਼ਣ ਦਿੰਦਿਆਂ ਸਾਕਾ ਨੀਲਾ ਤਾਰਾ ਦੀ ਤਿੱਖੀ ਨਿਖੇਧੀ ਕੀਤੀ ਸੀ। ਅਮਰਿੰਦਰ ਸਿੰਘ ਅਤੇ ਖ਼ੁਸ਼ਵੰਤ ਸਿੰਘ, ਦੋਵਾਂ ਨੇ ਉਸ ਵੇਲੇ ਸਿੱਖ ਭਾਈਚਾਰੇ ਦੇ ਸਹਿਜ ਬੋਧ ਦਾ ਖੁੱਲ ਕੇ ਪ੍ਰਗਟਾਵਾ ਕੀਤਾ ਸੀ।

ਸਿਆਸੀ ਜੀਵਨ ਦੇ ਉਸ ਦੌਰ ’ਚ ਅਮਰਿੰਦਰ ਸਿੰਘ ਅਕਾਲੀ ਦਲ ਵਿਚ ਸ਼ਾਮਿਲ ਹੋ ਗਏ ਅਤੇ ਸਿੱਖ ਅਕਾਦਮਿਕ ਹਲਕਿਆਂ ਵਿਚ ਸਤਿਕਾਰ ਦਾ ਪਾਤਰ ਵੀ ਬਣੇ। ਚਾਰ ਸੰਸਕਰਨਾਂ ਵਾਲੇ ‘ਐਨਸਾਇਕਲੋਪੀਡੀਆ ਆਫ ਸਿੱਖਜ਼’ ਦੇ ਰਚੇਤਾ ਪ੍ਰੋਫੈਸਰ ਹਰਬੰਸ ਸਿੰਘ ਨੇ ਅਮਰਿੰਦਰ ਸਿੰਘ ਨੂੰ ਆਨੰਦਪੁਰ ਸਾਹਿਬ ਦੇ ਮਤੇ ਬਾਰੇ ਚੈਪਟਰ ਲਿਖਣ ਦਾ ਸੱਦਾ ਦਿੱਤਾ ਤਾਂ ਉਨਾਂ ਬਾਖ਼ੂਬੀ ਮਤੇ ਦੀ ਭੂਮਿਕਾ ਲਿਖੀ ਤੇ ਮਤੇ ਦਾ ਅੰਗਰੇਜ਼ੀ ਵਿਚ ਜਾਨਦਾਰ ਉਲਥਾ ਵੀ ਕੀਤਾ।

ਬਾਅਦ ਵਿਚ ਉਹ ਮੁੜ ਕਾਂਗਰਸ ਵਿਚ ਸ਼ਾਮਿਲ ਹੋ ਗਏ। ਉਸ ਵੇਲੇ ਉਨਾਂ ਦਾ ਸਿਆਸੀ ਜੀਵਨ ਚੜਤ ਵਿਚ ਸੀ। ਵੱਡਾ ਉਭਾਰ ਉਦੋਂ ਆਇਆ ਜਦੋਂ ਪੰਜਾਬ ਦੇ ਮੁੱਖ ਮੰਤਰੀ ਦੇ ਤੌਰ ਤੇ ਉਨਾਂ ਦੇ ਪਹਿਲੇ ਕਾਰਜਕਾਲ ਦੌਰਾਨ ਉਨਾਂ ਦਰਿਆਈ ਪਾਣੀਆਂ ਬਾਰੇ ਪਿਛਲੇ ਸਮਝੌਤੇ (ਜੋ ਦਰਿਆਈ ਪਾਣੀਆਂ ਤੇ ਪੰਜਾਬ ਦੇ ਹੱਕਾਂ ਹਿੱਤਾਂ ਲਈ ਘਾਤਕ ਸਨ) ਪੰਜਾਬ ਵਿਧਾਨ ਸਭਾ ਵਿਚ ਰੱਦ ਕਰ ਦਿੱਤੇ। ਇਹ ਉਨਾਂ ਦਾ ਦਲੇਰਾਨਾ ਫ਼ੈਸਲਾ ਸੀ ਜਿਸ ਕਰ ਕੇ ਨਾ ਕੇਵਲ ਪਾਰਟੀ ਦੀ ਕੇਂਦਰੀ ਹਾਈ ਕਮਾਂਡ ਪ੍ਰੇਸ਼ਾਨ



ਸੀ ਸਗੋਂ ਦਿੱਲੀ ਆਧਾਰਿਤ ਰਾਸ਼ਟਰਵਾਦੀ ਮੀਡੀਆ ਨੇ ਵੀ ਅਮਰਿੰਦਰ ਸਿੰਘ ਦੀ ਤਿੱਖੀ ਆਲੋਚਨਾ ਕੀਤੀ ਪਰ ਉਹ ਆਪਣੇ ਫ਼ੈਸਲੇ ਤੇ ਡਟੇ ਰਹੇ।

ਇਸ ਤੋਂ ਬਾਅਦ 2014 ਦੀਆਂ ਆਮ ਚੋਣਾਂ ਵਿਚ ਉਨਾਂ ਦਾ ਕੱਦ ਹੋਰ ਵਧ ਗਿਆ ਜਦੋਂ ਉਨਾਂ ਅੰਮ੍ਰਿਤਸਰ ਲੋਕ ਸਭਾ ਦੀ ਸੀਟ ਤੇ ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਅਰੁਣ ਜੇਤਲੀ ਨੂੰ ਹਰਾ ਦਿੱਤਾ। ਇਸ ਨਾਲ 20 17 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਪਾਰਟੀ ਦੀ ਜਿੱਤ ਦਾ ਰਾਹ ਪੱਧਰਾ ਹੋ ਗਿਆ ਅਤੇ ਉਹ ਦੂਜੀ ਵਾਰ ਸੂਬੇ ਦੇ ਮੁੱਖ ਮੰਤਰੀ ਚੁਣੇ ਗਏ।

ਆਪਣੀ ਚੜਤ ਵਾਲੇ ਕਾਲ ਦੌਰਾਨ ਕੈਪਟਨ ਨੇ ਭਾਈਚਾਰੇ ਦੇ ਪ੍ਰਬਲ ਵਿਚਾਰਾਂ ਅਤੇ ਧਾਰਨਾਵਾਂ ਦੀ ਨੁਮਾਇੰਦਗੀ ਕੀਤੀ ਸੀ ਪਰ ਜਿਉਂ ਹੀ ਉਨਾਂ ਇਸ ਦੇ ਉਲਟ ਚੱਲਣਾ ਸ਼ੁਰੂ ਕਰ ਦਿੱਤਾ, ਉਨਾਂ ਦੀ ਸਾਖ਼ ਨੂੰ ਢਾਹ ਲੱਗਣ ਲੱਗੀ। ਸਭ ਤੋਂ ਵੱਡਾ ਨੁਕਸਾਨ ਉਦੋਂ ਹੋਇਆ ਜਦੋਂ ਉਨਾਂ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਕਰਤਾਰਪੁਰ ਸਾਹਿਬ ਲਾਂਘਾ ਖੋਲਣ ਦੀ ਤਜਵੀਜ਼ ਤੇ ਉਲਟ ਟੀਕਾ-ਟਿੱਪਣੀ ਕੀਤੀ। ਨਵਜੋਤ ਸਿੰਘ ਸਿੱਧੂ ਨੂੰ ਇਹ ਇਤਿਹਾਸਕ ਲਾਂਘਾ ਖੁੱਲਣ ਕਾਰਨ ਪ੍ਰਸਿੱਧੀ ਮਿਲੀ ਪਰ ਅਮਰਿੰਦਰ ਸਿੰਘ ਨੇ ਆਪਣੀ ਸਿਆਸੀ ਖਹਿਬਾਜ਼ੀ ਕਰ ਕੇ ਇਸ ਤੋਂ ਉਲਟ ਸਟੈਂਡ ਲੈ ਕੇ ਖ਼ੁਨਾਮੀ ਖੱਟ ਲਈ। ਉਨਾਂ ਲਾਂਘੇ ਬਾਰੇ ਪੰਜਾਬ ਅਤੇ ਆਲਮੀ ਸਿੱਖ ਭਾਈਚਾਰੇ ਦੀ ਭਾਵਨਾ ਨੂੰ ਪੜਨ ਦੀ ਕੋਸ਼ਿਸ਼ ਨਾ ਕੀਤੀ। ਪੰਜਾਬੀ ਭਾਈਚਾਰਾ ਪਾਕਿਸਤਾਨ ਨਾਲ ਇੱਟ ਖੜੱਕਾ ਰੱਖਣ ਅਤੇ ਉਸ ਖਿਲਾਫ਼ ਜੰਗ ਛੇੜਨ ਦੇ ਹੱਕ ਵਿਚ ਨਹੀਂ ਅਤੇ ਉਨਾਂ ਉਸ ਪਾਵਨ ਧਾਮ ਦੇ ਦਰਸ਼ਨ ਦੀਦਾਰ ਲਈ ਹੋਈ ਇਸ ਪਹਿਲਕਦਮੀ ਦਾ ਦਿਲ ਖੋਲ ਕੇ ਸਵਾਗਤ ਕੀਤਾ ਜਿੱਥੇ ਉਨਾਂ ਦੇ ਪਹਿਲੇ ਗੁਰੂ ਨੇ ਆਪਣੇ ਜੀਵਨ ਦੇ ਆਖਰੀ ਅਠਾਰਾਂ ਸਾਲ ਬਿਤਾਏ ਸਨ।

ਸੱਤਾ ਤੋਂ ਬਾਹਰ ਹੋ ਜਾਣ ਬਾਅਦ ਜੇ ਅਮਰਿੰਦਰ ਸਿੰਘ ਪ੍ਰਕਾਸ਼ ਸਿੰਘ ਬਾਦਲ ਵਾਂਗ ਸਿਆਸੀ ਮੰਜ਼ਰ ਤੋਂ ਲਾਂਭੇ ਹੋ ਜਾਂਦੇ ਤਾਂ ਉਨਾਂ ਵੱਲੋਂ ਸਾਕਾ ਨੀਲਾ ਤਾਰਾ ਵੇਲੇ ਲਏ ਦਲੇਰਾਨਾ ਫ਼ੈਸਲੇ, ਦਰਿਆਈ ਪਾਣੀਆਂ ਬਾਰੇ ਸਮਝੌਤੇ ਰੱਦ ਕਰਨ ਤੇ ਸਿੱਖ ਐਨਸਾਇਕਲੋਪੀਡੀਆ ਵਿਚ ਪਾਏ ਯੋਗਦਾਨ ਸਦਕਾ ਬਣਾਈ ਆਪਣੀ ਭੱਲ ਬਰਕਰਾਰ ਰੱਖ ਸਕਦੇ ਸਨ ਪਰ ਉਨਾਂ ਭਾਜਪਾ ਨਾਲ ਗੰਢ-ਤੁਪ ਦਾ ਰਾਹ ਫੜ ਲਿਆ ਜਿਸ ਦਾ ਕੇਂਦਰ ਸਰਕਾਰ ਵਲੋਂ ਲਿਆਂਦੇ ਖੇਤੀ ਕਾਨੂੰਨਾਂ ਕਾਰਨ ਪੰਜਾਬ ਵਿਚ ਵੱਡਾ ਵਿਰੋਧ ਹੋ ਰਿਹਾ ਹੈ। ਅਜਿਹਾ ਕਰ ਕੇ ਉਨਾਂ ਨੇ ਆਪਣੇ ਪੂਰੇ ਸਿਆਸੀ ਜੀਵਨ ਦੀ ਜਨਤਕ ਕਮਾਈ ਵੀ ਦਾਅ ਤੇ ਲਾ ਲਈ ਹੈ। ਉਹ ਪੰਜਾਬ ਵਿਚ ਪ੍ਰਚੱਲਤ ਲੋਕ ਰਾਏ ਤੋਂ ਉਲਟ ਬੋਲੀ ਬੋਲ ਰਹੇ ਹਨ ਅਤੇ ਇਸ ਕੰਮ ਲਈ ਉਨਾਂ ਨੂੰ ਸੂਬੇ ਅੰਦਰ ਕੋਈ ਸਿਆਸੀ ਸਾਥੀ ਮਿਲਣਾ ਮੁਸ਼ਕਿਲ ਹੋ ਜਾਵੇਗਾ। ਅਕਾਲੀ ਦਲ ਦੇ ਨਾਰਾਜ਼ ਧੜਿਆਂ ਵਿਚੋਂ ਕੋਈ ਵੀ ਧੜਾ ਉਨਾਂ ਦੇ ਨਾਲ ਖੜਨ ਲਈ ਤਿਆਰ ਨਹੀਂ ਹੋਇਆ। ਸ਼੍ਰੋਮਣੀ ਅਕਾਲੀ ਦਲ (ਯੂਨਾਈਟਡ) ਦੇ ਮੁਖੀ ਸੁਖਦੇਵ ਸਿੰਘ ਢੀਂਡਸਾ ਵਲੋਂ ਅਮਰਿੰਦਰ ਸਿੰਘ ਦੇ ਦਾਅਵਿਆਂ ਦਾ ਖੰਡਨ ਕਰਨ ਨਾਲ ਉਨਾਂ ਨੂੰ ਹੋਰ ਮੁਸ਼ਕਿਲਾਂ ਪੇਸ਼ ਕਰਨੀਆਂ ਪੈ ਰਹੀਆਂ ਹਨ। ਆਉਣ ਵਾਲੇ ਸਮੇਂ ਦੇ ਸਿਆਸੀ ਸਮੀਖਿਅਕ ਅਤੇ ਇਤਿਹਾਸਕਾਰ ਅਮਰਿੰਦਰ ਸਿੰਘ ਦੀ ਮਿਸਾਲ ਦਿਆ ਕਰਨਗੇ ਕਿ ਜਦੋਂ ਕੋਈ ਵੱਡਾ ਬੰਦਾ ਆਪਣੇ ਸਮਾਜੀ ਸਿਆਸੀ ਭਾਈਚਾਰੇ ਦੇ ਸਹਿਜ ਬੋਧ ਦੀ ਧਾਰਾ ਨਾਲੋਂ ਟੁੱਟ ਜਾਂਦਾ ਹੈ ਤਾਂ ਕਿਵੇਂ ਉਹ ਗ਼ੈਰ ਪ੍ਰਸੰਗਕ ਬਣ ਕੇ ਰਹਿ ਜਾਂਦਾ ਹੈ।



# ਸਿਆਸੀ ਅੰਕੜਿਆਂ ਦੇ ਹੇਰ-ਫੇਰ ਨਾਲ ਕਿਸਾਨ ਖ਼ੁਦਕੁਸ਼ੀਆਂ ਦਾ ਮਸਲਾ ਹੱਲ ਨਹੀਂ ਹੋਵੇਗਾ

**ਡਾ. ਸੁਖਪਾਲ ਸਿੰਘ**

ਕੌਮੀ ਅਪਰਾਧ ਰਿਕਾਰਡ ਬਿਊਰੋ ਦੇ ਤਾਜ਼ੇ ਅੰਕੜਿਆਂ ਰਾਹੀਂ ਇਹ ਗੱਲ ਉਭਾਰੀ ਜਾ ਰਹੀ ਹੈ ਕਿ ਮੁਲਕ ਵਿਚ ਕਿਸਾਨ ਖ਼ੁਦਕੁਸ਼ੀਆਂ ਦੇ ਵਰਤਾਰੇ ਨੂੰ ਠੱਲ ਪਈ ਹੈ। ਮੀਡੀਆ ਇਸ ਮੁੱਦੇ ਨੂੰ ਜ਼ੋਰ-ਸ਼ੋਰ ਨਾਲ ਪ੍ਰਚਾਰ ਰਿਹਾ ਹੈ ਕਿ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਘਟ ਗਈਆਂ ਹਨ। ਉਨਾਂ ਮੁਤਾਬਿਕ ਕਿਸਾਨਾਂ ਨਾਲੋਂ ਤਾਂ ਮਜ਼ਦੂਰ ਅਤੇ ਹੋਰ ਤਬਕੇ ਵਧ ਖ਼ੁਦਕੁਸ਼ੀਆਂ ਕਰ ਰਹੇ ਹਨ। ਇਸ ਵਰਤਾਰੇ ਦੀ ਤਹਿ ਤੱਕ ਪਹੁੰਚਣ ਲਈ ਪੰਜਾਬ ਵਿਚ ਹੋਈਆਂ ਖ਼ੁਦਕੁਸ਼ੀਆਂ ਦੇ ਮਾਮਲੇ ਨੂੰ ਵਿਚਾਰਨਾ ਬਹੁਤ ਜ਼ਰੂਰੀ ਹੈ, ਕਿਉਂਕਿ ਇੱਥੇ ਘਰ ਘਰ ਸਰਵੇਖਣ ਕੀਤਾ ਗਿਆ ਸੀ। ਪੰਜਾਬ ਦੀਆਂ ਤਿੰਨ ਯੂਨੀਵਰਸਿਟੀਆਂ (ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ, ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ) ਦੀਆਂ ਰਿਪੋਰਟਾਂ ਤੋਂ ਸਾਫ਼ ਹੋ ਜਾਂਦਾ ਹੈ ਕਿ ਖ਼ੁਦਕੁਸ਼ੀਆਂ ਕਿੰਨੀਆਂ ਹਨ ਅਤੇ ਇਨਾਂ ਦੇ ਕਾਰਨ ਕੀ ਹਨ?

ਐੱਨਸੀਆਰਬੀ ਅਨੁਸਾਰ, ਪੰਜਾਬ ਵਿਚ ਕਿਸਾਨਾਂ ਤੇ ਮਜ਼ਦੂਰਾਂ ਦੀਆਂ 2015 ਵਿਚ 124 ਖ਼ੁਦਕੁਸ਼ੀਆਂ ਹੋਈਆਂ ਜਦੋਂਕਿ ਤਿੰਨ ਯੂਨੀਵਰਸਿਟੀਆਂ ਦੇ ਸਰਵੇ ਅਨੁਸਾਰ ਇੱਥੇ 936 ਖ਼ੁਦਕੁਸ਼ੀਆਂ ਹੋਈਆਂ ਹਨ। ਇਸ ਤੋਂ ਬਾਅਦ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਨੇ ਛੇ ਜ਼ਿਲਿਆਂ-ਲੁਧਿਆਣਾ, ਮੋਗਾ, ਬਠਿੰਡਾ, ਸੰਗਰੂਰ, ਬਰਨਾਲਾ ਤੇ ਮਾਨਸਾ ਦਾ ਸਰਵੇਖਣ ਕੀਤਾ। ਇਸ ਤੋਂ ਪਤਾ ਲੱਗਿਆ ਕਿ 2016 ਵਿਚ ਸਰਕਾਰੀ ਰਿਪੋਰਟ ਮੁਤਾਬਿਕ 280 ਖ਼ੁਦਕੁਸ਼ੀਆਂ ਦੇ ਮੁਕਾਬਲੇ 518 ਖ਼ੁਦਕੁਸ਼ੀਆਂ, 2017 ਵਿਚ 291 ਦੇ ਮੁਕਾਬਲੇ 611 ਖ਼ੁਦਕੁਸ਼ੀਆਂ ਅਤੇ 2018 ਵਿਚ 323 ਦੇ ਮੁਕਾਬਲੇ 787 ਖ਼ੁਦਕੁਸ਼ੀਆਂ ਹੋਈਆਂ ਸਨ। ਪੀਏਯੂ ਦਾ ਇਹ ਸਰਵੇਖਣ ਸਿਰਫ਼ ਢਾਈ ਹਜ਼ਾਰ ਪਿੰਡਾਂ ਦਾ ਹੈ। ਜੇ ਪੰਜਾਬ ਦੇ ਬਾਕੀ ਦਸ ਹਜ਼ਾਰ ਪਿੰਡਾਂ ਦਾ ਸਰਵੇਖਣ ਵੀ ਕੀਤਾ ਜਾਵੇ ਤਾਂ ਪਤਾ ਲੱਗੇਗਾ ਕਿ ਹਕੀਕਤ ਕੀ ਹੈ। 2018 ਤੋਂ ਬਾਅਦ ਕਿਸੇ ਯੂਨੀਵਰਸਿਟੀ ਨੇ ਸਰਵੇ ਨਹੀਂ ਕੀਤਾ ਪਰ ਐੱਨਸੀਆਰਬੀ ਅਨੁਸਾਰ 2019 ਵਿਚ 302 ਅਤੇ 2020 ਵਿਚ 257 ਖ਼ੁਦਕੁਸ਼ੀਆਂ ਹੋਈਆਂ ਸਨ। ਅਸਲ ਵਿਚ ਪੰਜਾਬ ਵਿਚ ਹਰ ਸਾਲ ਕਿਸਾਨਾਂ ਅਤੇ ਮਜ਼ਦੂਰਾਂ ਦੀਆਂ 900 ਤੋਂ 1000 ਖ਼ੁਦਕੁਸ਼ੀਆਂ ਹੋ ਰਹੀਆਂ ਹਨ ਜਦੋਂਕਿ ਸਰਕਾਰੀ ਰਿਕਾਰਡ 200 ਤੋਂ 300 ਖ਼ੁਦਕੁਸ਼ੀਆਂ ਹੀ ਦਰਸਾ ਰਿਹਾ ਹੈ।

ਪੰਜਾਬ ਵਿਚ ਪਿਛਲੇ ਸਮੇਂ ਦੌਰਾਨ ਇਹ ਕਿਹਾ ਜਾਂਦਾ ਰਿਹਾ ਹੈ ਕਿ ਇੱਥੇ ਪਿਛਲੇ 15 ਸਾਲਾਂ ਵਿਚ 2116 ਖ਼ੁਦਕੁਸ਼ੀਆਂ ਹੋਈਆਂ ਹਨ ਜਦੋਂਕਿ ਪੰਜਾਬ ਦੇ ਸਰਵੇਖਣ ਤੋਂ ਪਤਾ ਲੱਗਿਆ ਹੈ ਕਿ ਸਾਲ 2000 ਤੋਂ 2018 ਦੌਰਾਨ ਸੂਬੇ ਵਿਚ ਖੇਤੀ ਕਿੱਤੇ ਨਾਲ ਸਬੰਧਤ ਲਗਭਗ 16600 ਵਿਅਕਤੀ ਖ਼ੁਦਕੁਸ਼ੀ ਕਰ ਚੁੱਕੇ ਹਨ ਜਿਨਾਂ ਵਿਚ 9300 ਕਿਸਾਨ ਅਤੇ 7300 ਮਜ਼ਦੂਰ ਸਨ। ਹਰ ਰੋਜ਼ ਲਗਭਗ ਦੋ ਕਿਸਾਨ ਅਤੇ ਇਕ ਮਜ਼ਦੂਰ ਆਪਣੀ ਜੀਵਨ ਲੀਲਾ ਖ਼ਤਮ ਕਰ ਰਿਹਾ ਹੈ। ਇਨਾਂ ਵਿਚੋਂ ਵੱਡੀ ਗਿਣਤੀ ਲੋਕਾਂ ਨੇ ਕਰਜ਼ੇ ਕਰਕੇ ਖ਼ੁਦਕੁਸ਼ੀ ਕੀਤੀ ਹੈ। ਸਾਫ਼ ਹੈ ਕਿ ਕਿਸਾਨੀ ਵਿਚ ਖ਼ੁਦਕੁਸ਼ੀਆਂ ਦਾ ਵਰਤਾਰਾ ਬਹੁਤ ਗੰਭੀਰ ਰੂਪ ਅਖਤਿਆਰ ਕਰ ਗਿਆ ਹੈ ਪਰ ਸਰਕਾਰੀ ਮੀਡੀਆ ਇਸ ਗੱਲ ਨੂੰ ਝੁਠਲਾਉਣ ਲਈ ਅੱਡੀ ਚੋਟੀ ਦਾ ਜ਼ੋਰ ਲਗਾ ਰਿਹਾ ਹੈ।



ਭਾਰਤ ਵਿਚ ਵੱਡੇ ਪੱਧਰ ਤੇ ਖ਼ੁਦਕੁਸ਼ੀਆਂ ਦਾ ਰੁਝਾਨ ਨਵੀਆਂ ਆਰਥਿਕ ਨੀਤੀਆਂ ਲਾਗੂ ਹੋਣ ਤੋਂ ਬਾਅਦ 1990ਵਿਆਂ ਦੇ ਅਖੀਰ ਵਿਚ ਹੀ ਦੇਖਣ ਨੂੰ ਮਿਲਦਾ ਹੈ। ਐੱਨਸੀਆਰਬੀ ਅਨੁਸਾਰ, ਭਾਰਤ ਵਿਚ 1997 ਤੋਂ 2006 ਦੌਰਾਨ 1096219 ਜਣਿਆਂ ਨੇ ਖ਼ੁਦਕੁਸ਼ੀਆਂ ਕੀਤੀਆਂ ਜਿਨਾਂ ਵਿਚ 166304 ਕਿਸਾਨ ਸਨ। ਇਹ ਅੰਕੜਾ ਹੁਣ ਵਧ ਕੇ ਲਗਭਗ ਸਾਢੇ ਚਾਰ ਲੱਖ ਹੋ ਗਿਆ ਹੈ। ਪਿਛਲੇ ਸਾਲਾਂ ਦੀਆਂ ਰਿਪੋਰਟਾਂ ਅਨੁਸਾਰ ਕਿਸਾਨਾਂ ਵਿਚ ਖ਼ੁਦਕੁਸ਼ੀਆਂ ਦੀ ਦਰ ਬਾਕੀ ਵਸੋਂ ਨਾਲੋਂ ਕਿਤੇ ਵੱਧ ਹੈ। ਜਿੱਥੇ ਆਮ ਵਸੋਂ ਇੱਕ ਲੱਖ ਪਿੱਛੇ 10.6 ਜਣੇ ਖ਼ੁਦਕੁਸ਼ੀ ਕਰਦੇ ਹਨ, ਉੱਥੇ ਕਿਸਾਨਾਂ ਵਿਚ ਇਹ ਵਰਤਾਰਾ ਇੱਕ ਲੱਖ ਪਿੱਛੇ 15.8 ਖ਼ੁਦਕੁਸ਼ੀਆਂ ਦਾ ਹੈ। ਇਸ ਤੋਂ ਬਾਅਦ 'ਕਿਸਾਨ' ਦੀ ਪਰਿਭਾਸ਼ਾ ਬਦਲ ਕੇ ਖ਼ੁਦਕੁਸ਼ੀਆਂ ਦੀ ਗਿਣਤੀ ਘਟਾਉਣ ਦੀਆਂ ਕੋਸ਼ਿਸ਼ ਕੀਤੀ ਗਈ। ਅਸਲ ਵਿਚ ਐੱਨਸੀਆਰਬੀ ਦੀ ਰਿਪੋਰਟ ਮੁੱਖ ਤੌਰ 'ਤੇ ਪੁਲਿਸ ਰਿਕਾਰਡ ਉਪਰ ਆਧਾਰਿਤ ਹੁੰਦੀ ਹੈ। ਖ਼ੁਦਕੁਸ਼ੀਆਂ ਦੇ ਕੇਸਾਂ ਦੀ ਵੱਡੀ ਗਿਣਤੀ ਪੁਲਿਸ ਰਿਕਾਰਡ ਵਿਚ ਨਹੀਂ ਹੁੰਦੀ ਕਿਉਂਕਿ ਇਸ ਦੀਆਂ ਕਾਨੂੰਨੀ ਉਲਝਣਾਂ ਤੋਂ ਬਚਣ ਲਈ ਲੋਕ ਪੋਸਟ-ਮਾਰਟਮ ਜਾਂ ਪੁਲੀਸ ਇਤਲਾਹ ਬਿਨਾ ਹੀ ਸਸਕਾਰ ਕਰ ਦਿੰਦੇ ਹਨ। ਇਸ ਕਰਕੇ ਖ਼ੁਦਕੁਸ਼ੀਆਂ ਦੀ ਗਿਣਤੀ ਅਸਲ ਨਾਲੋਂ ਕਿਤੇ ਘੱਟ ਦਿਖਾਈ ਜਾਂਦੀ ਹੈ। ਪ੍ਰਾਪਤ ਅੰਕੜਿਆਂ ਮੁਤਾਬਿਕ ਵੀ ਭਾਰਤ ਵਿਚ ਹਰ ਘੰਟੇ ਵਿਚ ਔਸਤਨ ਦੋ ਕਿਸਾਨ ਖ਼ੁਦਕੁਸ਼ੀਆਂ ਕਰ ਰਹੇ ਹਨ। ਜੇ ਪੰਜਾਬ ਵਾਂਗ ਦੂਸਰੇ ਸੂਬਿਆਂ ਵਿਚ ਵੀ ਸਰਵੇ ਕੀਤੇ ਜਾਣ ਤਾਂ ਕਿਸਾਨ ਖ਼ੁਦਕੁਸ਼ੀਆਂ ਦੀ ਗਿਣਤੀ ਕਈ ਗੁਣਾ ਵੱਧ ਹੋਵੇਗੀ।

ਕਿਸਾਨਾਂ ਦੇ ਖ਼ੁਦਕੁਸ਼ੀਆਂ ਦੇ ਰਸਤੇ ਪੈਣ ਦੇ ਕਾਰਨ ਖੇਤੀ ਦਾ ਲਾਹੇਵੰਦ ਨਾ ਹੋਣਾ ਹੈ। ਖੇਤੀ ਦੀਆਂ ਲਾਗਤਾਂ ਵਧਣ ਅਤੇ ਇਸ ਦੇ ਮੁਕਾਬਲੇ ਫ਼ਸਲਾਂ ਦੀਆਂ ਕੀਮਤਾਂ ਵਿਚ ਘੱਟ ਵਾਧਾ ਹੋਣ ਕਾਰਨ ਆਮਦਨ ਅਤੇ ਖ਼ਰਚ ਦੇ ਪਾੜੇ ਦਾ ਲਗਾਤਾਰ ਵਧਣਾ ਹੀ ਕਿਸਾਨ ਪਰਿਵਾਰਾਂ ਨੂੰ ਆਰਥਿਕ ਸੰਕਟ ਵੱਲ ਧੱਕਦਾ ਹੈ। ਇਸ ਕਰਕੇ ਕਿਸਾਨ ਗੰਭੀਰ ਸੰਕਟ ਦੇ ਸ਼ਿਕਾਰ ਹਨ। ਛੋਟੀ ਅਤੇ ਮਧਲੀ ਕਿਸਾਨੀ ਖੇਤੀ ਛੱਡਣ ਲਈ ਮਜਬੂਰ ਹੈ। ਭਾਰਤ ਵਿਚ ਹਰ ਰੋਜ਼ 2500 ਕਿਸਾਨ ਖੇਤੀ ਛੱਡ ਜਾਂਦੇ ਹਨ। ਨਵੇਂ ਤਿੰਨ ਖੇਤੀ ਕਾਨੂੰਨਾਂ ਨਾਲ ਵੱਡੀ ਕਿਸਾਨੀ ਵੀ ਖੇਤੀ ਤੋਂ ਬਾਹਰ ਹੋ ਜਾਵੇਗੀ।

ਖੇਤੀ ਸੈਕਟਰ ਵਿਚ ਮਿਲਣ ਵਾਲਾ ਰੁਜ਼ਗਾਰ ਲਗਾਤਾਰ ਘਟ ਰਿਹਾ ਹੈ। ਮੁਲਕ ਵਿਚ ਜਿੱਥੇ 1972-73 ਵਿਚ ਇਹ ਸੈਕਟਰ 74 ਫ਼ੀਸਦ ਲੋਕਾਂ ਨੂੰ ਰੁਜ਼ਗਾਰ ਦਿੰਦਾ ਸੀ, ਉੱਥੇ 1993-94 ਵਿਚ 64 ਫ਼ੀਸਦ ਅਤੇ ਹੁਣ ਸਿਰਫ 54 ਫ਼ੀਸਦ ਲੋਕਾਂ ਨੂੰ ਹੀ ਰੁਜ਼ਗਾਰ ਮੁਹੱਈਆ ਕਰਦਾ ਹੈ। ਇਸੇ ਤਰਾਂ ਖੇਤੀਬਾੜੀ ਦਾ ਕੁੱਲ ਘਰੇਲੂ ਉਤਪਾਦਨ ਵਿਚ ਹਿੱਸਾ 1972-73 ਵਿਚ 41 ਫ਼ੀਸਦ, 1993-94 ਵਿਚ 30 ਫ਼ੀਸਦ ਅਤੇ ਹੁਣ ਘਟ ਕੇ ਸਿਰਫ਼ 14 ਫ਼ੀਸਦ ਰਹਿ ਗਿਆ। ਇੱਥੇ ਹੀ ਬੱਸ ਨਹੀਂ, ਖੇਤੀ ਕਾਮਿਆਂ ਦੀ ਉਤਪਾਦਕਤਾ ਦੂਜੇ ਸੈਕਟਰਾਂ ਵਿਚ ਕੰਮ ਕਰਨ ਵਾਲੇ ਲੋਕਾਂ ਦੀ ਉਤਪਾਦਕਤਾ ਨਾਲੋਂ ਕਾਫੀ ਘੱਟ ਹੈ। ਸਿਹਤ ਸੇਵਾਵਾਂ ਅਤੇ ਸਿੱਖਿਆ ਦੇ ਨਿੱਜੀਕਰਨ ਅਤੇ ਹੋਰ ਜੀਵਨ ਹਾਲਾਤ ਦੀ ਮਹਿੰਗਾਈ ਨੇ ਕਿਸਾਨਾਂ ਦੀ ਹਾਲਤ ਤਰਸਯੋਗ ਬਣਾ ਦਿੱਤੀ। ਬੱਚਿਆਂ ਨੂੰ ਮਹਿੰਗੀ ਵਿੱਦਿਆ ਦੇਣ ਦੇ ਬਾਵਜੂਦ ਰੁਜ਼ਗਾਰ ਦੇ ਮੌਕੇ ਨਾ ਹੋਣ ਕਾਰਨ ਲੋਕ ਬੇਵਸੀ ਦੀ ਹਾਲਤ ਵਿਚ ਧੱਕੇ ਗਏ। ਪਰਵਾਸ ਦਾ ਅਮਲ ਵੀ ਇਨਾਂ ਹਾਲਾਤ ਵਿਚੋਂ ਹੀ ਜਨਮ ਲੈਂਦਾ ਹੈ।

ਖੇਤੀ ਦੇ ਪੂੰਜੀਵਾਦੀ ਮਾਡਲ ਅਤੇ ਸਿਫ਼ਤੀ ਤੌਰ ਤੇ ਸੰਸਾਰੀਕਰਨ ਦੀਆਂ ਨੀਤੀਆਂ ਕਰ ਕੇ ਖੇਤੀ ਖੇਤਰ ਨੂੰ ਦਿੱਤੀਆਂ ਜਾਣ ਵਾਲੀਆਂ ਸਬਸਿਡੀਆਂ/ ਰਿਆਇਤਾਂ ਦਾ ਵੀ ਖ਼ਾਤਮਾ ਹੋ ਗਿਆ ਅਤੇ ਕੌਮਾਂਤਰੀ ਮੰਡੀ ਦੇ ਪ੍ਰਭਾਵ ਕਰ ਕੇ ਫ਼ਸਲਾਂ ਦੇ ਵਾਜਬ ਭਾਅ ਵੀ ਮਿਲਣੇ ਬੰਦ ਹੋ ਗਏ। ਇਸ ਨਾਲ ਕਿਸਾਨੀ ਦੇ ਸ਼ੁੱਧ ਮੁਨਾਫ਼ੇ ਘਟ ਗਏ ਤੇ ਉਹ ਕਰਜ਼ੇ ਦੇ ਜਾਲ ਵਿਚ ਫਸ ਗਏ। ਕਰਜ਼ਾ ਵਧਣ ਦਾ ਮੁੱਖ ਕਾਰਨ ਕਿਸਾਨਾਂ ਦੀ ਅਸਲ ਆਮਦਨ ਦਾ ਘਟਣਾ ਹੀ ਹੈ। ਅੱਜ ਪੰਜਾਬ ਦੇ ਖੇਤੀ ਸੈਕਟਰ ਉੱਪਰ ਇੱਕ ਲੱਖ ਕਰੋੜ ਰੁਪਏ ਕਰਜ਼ਾ ਹੈ ਜੋ ਹਰ ਪਰਿਵਾਰ ਸਿਰ ਔਸਤਨ 10 ਲੱਖ ਰੁਪਏ ਬਣਦਾ ਹੈ। ਇਸ ਕਰਜ਼ੇ ਦਾ ਵਿਆਜ ਸਵਾ ਲੱਖ ਰੁਪਏ ਸਾਲਾਨਾ ਬਣਦਾ ਹੈ। ਆਮਦਨ ਤੋਂ ਕਰਜ਼ਾ ਦੋ ਤੋਂ ਢਾਈ ਗੁਣਾ ਹੈ। ਇਸ ਹਾਲਤ ਨੂੰ ਦਿਵਾਲੀਪਣ ਕਹਿੰਦੇ ਹਨ। ਛੋਟੀ ਕਿਸਾਨੀ ਦਾ ਵੱਡਾ ਹਿੱਸਾ ਤਾਂ ਵਿਆਜ ਵੀ ਮੋੜਨ ਦੇ ਸਮਰਥ ਨਹੀਂ। ਇਸੇ ਕਰਕੇ ਕਰਜ਼ਾ ਅਤੇ ਖ਼ੁਦਕੁਸ਼ੀਆਂ ਲਗਾਤਾਰ ਵਧ ਰਹੀਆਂ ਹਨ ਪਰ ਸਰਕਾਰੀ ਅੰਕੜੇ ਖ਼ੁਦਕੁਸ਼ੀਆਂ ਦੀ ਗਿਣਤੀ ਘੱਟ ਦਿਖਾਉਂਦੇ ਹਨ।

ਸਿਰਫ਼ ਸਿਆਸੀ ਨਾਅਰਿਆਂ ਜਾਂ ਅੰਕੜਿਆਂ ਦੇ ਹੇਰ-ਫੇਰ ਨਾਲ ਕਿਸਾਨ ਖ਼ੁਦਕੁਸ਼ੀਆਂ ਦਾ ਮਸਲਾ ਹੱਲ ਨਹੀਂ ਹੋਵੇਗਾ। ਇਸ ਕਾਰਜ ਲਈ ਖੇਤੀ ਸੰਕਟ ਦੇ ਸਨਮੁੱਖ ਹੋਣਾ ਬੇਹੱਦ ਜ਼ਰੂਰੀ ਹੈ। ਸਭ ਤੋਂ ਪਹਿਲਾਂ ਕਰਜ਼ੇ ਦਾ ਨਿਬੇੜਾ ਕੀਤਾ ਜਾਵੇ। ਕਰਜ਼ੇ ਅਤੇ ਆਰਥਿਕ ਤੰਗੀ ਕਰਕੇ ਖ਼ੁਦਕੁਸ਼ੀ ਕਰਨ ਵਾਲੇ ਪਰਿਵਾਰਾਂ ਨੂੰ ਮੁਆਵਜ਼ਾ ਦਿੱਤਾ ਜਾਵੇ। ਨਵੇਂ ਤਿੰਨ ਖੇਤੀ ਕਾਨੂੰਨ ਖ਼ਤਮ ਕੀਤੇ ਜਾਣ ਅਤੇ ਸਾਰੀਆਂ ਫ਼ਸਲਾਂ ਦੀ ਬਿਜਾਈ ਤੋਂ ਪਹਿਲਾਂ ਕਾਨੂੰਨੀ ਰੂਪ ਵਿਚ ਘੱਟੋ-ਘੱਟ ਸਹਾਇਕ ਕੀਮਤ ਦੀ ਹੀ ਨਹੀਂ ਸਗੋਂ 'ਲਾਹੇਵੰਦ ਕੀਮਤ' ਦੀ ਗਾਰੰਟੀ ਦਿੱਤੀ ਜਾਵੇ। ਮਿਆਰੀ ਵਿੱਦਿਆ ਅਤੇ ਸਿਹਤ ਸਹੂਲਤਾਂ ਸਰਕਾਰੀ ਸੰਸਥਾਵਾਂ ਵਿਚ ਮੁਹੱਈਆ ਕਰਵਾਈਆਂ ਜਾਣ। ਸਹਿਕਾਰੀ ਖੇਤੀ ਮਾਡਲ ਰਾਹੀਂ ਐਗਰੋ-ਜਲਵਾਯੂ ਜ਼ੋਨਾਂ ਅਨੁਸਾਰ ਤਰਜੀਹੀ ਫ਼ਸਲਾਂ ਦੀ ਖੇਤੀ ਅਤੇ ਸਹਾਇਕ ਧੰਦੇ ਪ੍ਰਫੁਲਤ ਕੀਤੇ ਜਾਣ ਅਤੇ ਜ਼ੋਨਾਂ ਅਨੁਸਾਰ ਹੀ ਐਗਰੋ-ਪ੍ਰਾਸੈਸਿੰਗ ਅਤੇ ਮਾਰਕੀਟਿੰਗ ਯੂਨਿਟ ਲਾਏ ਜਾਣ। ਨਵੇਂ ਖੇਤੀ ਕਾਨੂੰਨਾਂ ਖ਼ਿਲਾਫ਼ ਲਗਭਗ ਇਕ ਸਾਲ ਤੋਂ ਲੜ ਰਹੀ ਕਿਸਾਨੀ ਦੀ ਹਾਲਤ ਅਤੇ ਰੋਹ ਨੂੰ ਸਮਝਣ ਦੀ ਜ਼ਰੂਰਤ ਹੈ। ਭਾਰਤ ਦੀ ਵੱਡੀ ਗਿਣਤੀ ਵਸੋਂ ਨੂੰ ਖੇਤੀ ਵਿਚ ਹੀ ਰੁਜ਼ਗਾਰ ਦਿੱਤਾ ਜਾ ਸਕਦਾ ਹੈ ਕਿਉਂਕਿ ਅਰਥਚਾਰੇ ਦੇ ਦੂਜੇ ਖੇਤਰਾਂ ਵਿਚ ਸਾਰੀ ਵਸੋਂ ਦਾ ਜਜ਼ਬ ਹੋਣਾ ਸੰਭਵ ਨਹੀਂ। ਲੋਕਾਂ ਨੂੰ ਪਿੰਡਾਂ ਵਿਚੋਂ ਉਜਾੜ ਕੇ ਸ਼ਹਿਰਾਂ ਵਿਚ ਲਿਆਉਣ ਦੀ ਥਾਂ ਪੇਂਡੂ ਖੇਤਰ ਵਿਚ ਹੀ ਐਗਰੋ-ਆਧਾਰਿਤ ਯੂਨਿਟ ਲਗਾਏ ਜਾਣ। ਹੁਣ ਖੇਤੀ ਸੈਕਟਰ ਨੂੰ ਲਾਹੇਵੰਦ ਬਣਾ ਕੇ ਕਿਰਤ ਸ਼ਕਤੀ ਨੂੰ ਬਿਹਤਰ ਰੁਜ਼ਗਾਰ ਦੇਣਾ ਅਤਿਅੰਤ ਜ਼ਰੂਰੀ ਹੈ। ਸੋ ਲੋੜ ਹੈ, ਖ਼ੁਦਕੁਸ਼ੀਆਂ ਦੀ ਗਿਣਤੀ ਸਿਰਫ਼ ਕਾਗਜ਼ਾਂ ਵਿਚ ਹੀ ਨਹੀਂ ਬਲਕਿ ਹਕੀਕਤ ਵਿਚ ਇਸ ਕਲੰਕ ਦਾ ਖ਼ਾਤਮਾ ਕਰਕੇ ਸਮੂਹ ਲੋਕਾਈ ਨੂੰ ਪਾਇਦਾਰ ਜ਼ਿੰਦਗੀ ਮੁਹੱਈਆ ਕਰਵਾਈ ਜਾਵੇ।

# ਪੰਜਾਬ ਦੀਆਂ ਸਿਹਤ ਸੇਵਾਵਾਂ ਮੰਦਹਾਲੀ ਦਾ ਨੀਤੀ ਆਯੋਗ ਨੇ ਕੀਤਾ ਪਰਦਾਫਾਸ਼

## ਸਰਕਾਰੀ ਹਸਪਤਾਲਾਂ ਵਿਚ ਮਾਹਿਰ ਡਾਕਟਰਾਂ ਦੀਆਂ ਮਨਜ਼ੂਰਸ਼ੁਦਾ 1873 ਅਸਾਮੀਆਂ ਵਿਚੋਂ 4500 ਖ਼ਾਲੀ

**ਕਮਲਜੀਤ ਸਿੰਘ ਬਲਵੰਤ**

ਸਰਕਾਰਾਂ ਵਲੋਂ ਬਿਹਤਰ ਸਿਹਤ ਸੇਵਾਵਾਂ ਦੇਣ ਦੇ ਵਾਅਦੇ ਅਤੇ ਦਾਅਵੇ ਕੀਤੇ ਜਾਂਦੇ ਰਹੇ ਹਨ ਪਰ ਅਸਲ ਸਥਿਤੀ ਇਨਾਂ ਨਾਅਰਿਆਂ ਦੇ ਤੁਲ ਨਹੀਂ ਹੈ। ਕੇਂਦਰੀ ਨੀਤੀ ਆਯੋਗ ਦੀ ਇਕ ਤਾਜ਼ਾ ਰਿਪੋਰਟ ਨੇ ਪੰਜਾਬ ਦੀਆਂ ਸਿਹਤ ਸੇਵਾਵਾਂ ਦੀ ਪੋਲ ਖੋਲ ਕੇ ਰੱਖ ਦਿੱਤੀ ਹੈ। ਰਿਪੋਰਟ ਦਾ ਅਧਿਐਨ ਕਰਨ ਤੋਂ ਬਾਅਦ ਇੰਜ ਲੱਗਦਾ ਹੈ ਜਿਵੇਂ ਸਰਕਾਰਾਂ ਨੇ ਸਿਹਤ ਸੇਵਾਵਾਂ ਰੱਬ ਦੇ ਭਰੋਸੇ ਛੱਡ ਰੱਖੀਆਂ ਹੋਣ।

ਨੀਤੀ ਆਯੋਗ ਦੀ ਰਿਪੋਰਟ ਨਾਲ ਸਭ ਤੋਂ ਵੱਧ ਚਿੰਤਾ ਦੀ ਗੱਲ ਇਹ ਸਾਹਮਣੇ ਆਈ ਹੈ ਕਿ ਪੰਜਾਬ ਵਿਚ ਇਕ ਵੀ ਅਜਿਹਾ ਹਸਪਤਾਲ ਨਹੀਂ ਜਿੱਥੇ ਸੱਤ ਬਿਮਾਰੀਆਂ ਦੇ ਮਾਹਿਰ ਡਾਕਟਰ ਮਿਲਦੇ ਹੋਣ। ਸੂਬੇ ਦੇ ਜ਼ਿਲਾ ਹਸਪਤਾਲ ਹੈਲਥ ਮੈਨੇਜਮੈਂਟ ਇਨਫਰਮੇਸ਼ਨ ਸਿਸਟਮ ਦੀਆਂ ਸਿਫ਼ਾਰਸ਼ਾਂ 'ਤੇ ਖਰੇ ਨਹੀਂ ਉਤਰ ਰਹੇ ਹਨ। ਇਨਾਂ-ਸਿਫਾਰਸ਼ਾਂ ਵਿਚ ਮੁੱਖ ਸ਼ਰਤ ਰੱਖੀ ਗਈ ਹੈ ਕਿ ਜ਼ਿਲਾ ਹਸਪਤਾਲਾਂ 'ਚ ਇਕ ਲੱਖ ਦੀ ਅਬਾਦੀ ਪਿੱਛੇ 24 ਬੈੱਡ ਹੋਣੇ ਚਾਹੀਦੇ ਹਨ ਪਰ ਪੰਜਾਬ ਵਿਚ ਇਹ ਗਿਣਤੀ 18 ਹੈ। ਇਸ ਪੱਖੋਂ ਪੰਜਾਬ ਨਾਲੋਂ ਹਿਮਾਚਲ ਪ੍ਰਦੇਸ਼ ਦੀ ਸਥਿਤੀ ਬਿਹਤਰ ਹੈ ਜਿੱਥੇ ਦੇ ਸਰਕਾਰੀ ਹਸਪਤਾਲਾਂ ਵਿਚ ਇਕ ਲੱਖ ਦੀ ਅਬਾਦੀ ਪਿੱਛੇ 46 ਬੈੱਡ ਹਨ। ਇਸ ਦੇ ਉਲਟ ਪੰਜਾਬ ਨਾਲੋਂ ਹਿਮਾਚਲ ਪ੍ਰਦੇਸ਼ ਵਧੇਰੇ ਤੰਦਰੁਸਤ ਸੂਬਾ ਮੰਨਿਆ ਗਿਆ ਹੈ। ਹੋਰ ਤਾਂ ਹੋਰ ਪੰਜਾਬ ਦੇ 22 ਜ਼ਿਲਾ ਹਸਪਤਾਲਾਂ ਵਿਚੋਂ 21 ਵੀ 'ਇੰਡੀਅਨ ਪਬਲਿਕ ਹੈਲਥ ਸਟੈਂਡਰਡਜ਼' ਦੀਆਂ ਸ਼ਰਤਾਂ ਪੂਰੀਆਂ ਨਹੀਂ ਕਰਦੇ। ਰਿਪੋਰਟ ਵਿਚ ਦਾਅਵਾ ਕੀਤਾ ਗਿਆ ਹੈ ਕਿ ਪੰਜਾਬ ਦੇ 22 ਜ਼ਿਲਾ ਹਸਪਤਾਲਾਂ ਵਿਚੋਂ ਸਿਰਫ਼ 10 ਵਿਚੋਂ ਹੀ ਡਾਕਟਰਾਂ ਦੀ ਗਿਣਤੀ ਪੂਰੀ ਹੈ। ਇਹ 45.45 ਫ਼ੀਸਦੀ ਬਣਦਾ ਹੈ। ਇਸ ਤਰਾਂ ਜ਼ਿਲੇ ਦੇ 22 ਹਸਪਤਾਲਾਂ 'ਚੋਂ ਸਿਰਫ਼ 2 ਹਸਪਤਾਲਾਂ ਵਿਚ ਹੀ ਅਸਾਮੀਆਂ ਮੁਤਾਬਿਕ ਨਰਸਾਂ ਦੀ ਗਿਣਤੀ ਪੂਰੀ ਹੈ। ਇਸ ਦਾ ਮਤਲਬ ਹੈ ਕਿ 97 ਫ਼ੀਸਦੀ ਹਸਪਤਾਲ ਘੱਟ ਨਰਸਿੰਗ ਸਟਾਫ਼ ਨਾਲ ਚੱਲ ਰਹੇ ਹਨ। ਹੋਰ ਤਾਂ ਹੋਰ ਜ਼ਿਲਾ ਸਿਵਲ ਹਸਪਤਾਲ ਮੈਡੀਕਲ ਸਟਾਫ਼ ਦੀ ਘਾਟ ਨਾਲ ਵੀ ਜੂਝ ਰਹੇ ਹਨ। ਜਿਸ ਕਾਰਨ 14 ਤਰਾਂ ਦੀਆਂ ਸਿਹਤ ਸੇਵਾਵਾਂ ਪ੍ਰਭਾਵਿਤ ਹੋ ਰਹੀਆਂ ਹਨ।

ਰਿਪੋਰਟ ਵਿਚ ਮੌਜੂਦ ਅੰਕੜਿਆਂ ਦੇ ਹਿਸਾਬ ਨਾਲ ਗੱਲ ਕਰੀਏ ਤਾਂ ਪੂਰੇ ਭਾਰਤ 'ਚ 101 ਜ਼ਿਲਾ ਹਸਪਤਾਲਾਂ ਵਿਚ ਪੂਰੇ ਮਾਹਿਰ ਡਾਕਟਰ ਹਨ ਤੇ ਜਿਨਾਂ ਵਿਚੋਂ 52 ਦੱਖਣੀ ਸੂਬਿਆਂ ਵਿਚ ਪੈਂਦੇ ਹਨ। ਪੰਜਾਬ ਨਾਲੋਂ ਚੰਡੀਗੜ ਤੇ ਦਿੱਲੀ ਵਿਚ ਬਿਹਤਰ ਸਿਹਤ ਸੇਵਾਵਾਂ ਦੱਸੀਆਂ ਗਈਆਂ ਹਨ। ਰਿਪੋਰਟ ਵਿਚ ਇਸ ਗੱਲ 'ਤੇ ਵੀ ਚਾਨਣਾ ਪਾਇਆ ਗਿਆ ਹੈ ਕਿ ਭਾਰਤ ਭਰ ਵਿਚੋਂ ਪੰਜਾਬ ਦੇ ਡਾਕਟਰ ਆਪ੍ਰੇਸ਼ਨ ਕਰਨ ਵਿਚ ਫਾਡੀ ਹਨ। ਤੇਲੰਗਾਨਾ ਦਾ ਹਰੇਕ ਡਾਕਟਰ ਇਕ ਸਾਲ 'ਚ 491 ਆਪ੍ਰੇਸ਼ਨ ਕਰਦਾ ਹੈ, ਜਦਕਿ ਪੰਜਾਬ ਵਿਚ ਇਹ ਗਿਣਤੀ 229 ਹੈ। ਦਿੱਲੀ ਵਿਚ ਇਕ ਡਾਕਟਰ ਹਰ ਸਾਲ 557 ਆਪ੍ਰੇਸ਼ਨ ਕਰਦਾ ਹੈ। ਓ.ਪੀ.ਡੀ. ਦੀ ਗੱਲ ਕਰੀਏ ਤਾਂ ਪੰਜਾਬ ਦੇ ਸਰਕਾਰੀ ਹਸਪਤਾਲਾਂ ਵਿਚ ਇਕ ਡਾਕਟਰ ਪ੍ਰਤੀ ਦਿਨ 28 ਮਰੀਜ਼ ਦੇਖਦਾ ਹੈ, ਜਦਕਿ ਚੰਡੀਗੜ ਦੇ ਡਾਕਟਰ ਹਰ ਰੋਜ਼ 38 ਅਤੇ ਯੂ.ਪੀ. ਤੇ ਤਾਮਿਲਨਾਡੂ ਦੇ ਡਾਕਟਰ ਕ੍ਰਮਵਾਰ 38 ਅਤੇ 43 ਮਰੀਜ਼ ਰੋਜ਼ ਦੇਖ ਰਹੇ ਹਨ। ਹਾਂ, ਰਿਪੋਰਟ ਵਿਚ ਸਿਹਤ ਖੇਤਰ ਦੀ ਪੂਰੀ ਤਸਵੀਰ ਪੇਸ਼ ਨਹੀਂ ਕੀਤੀ ਗਈ, ਸਗੋਂ ਕੁਝ ਪੱਖ ਹੀ ਲਏ ਗਏ ਹਨ। ਸਿਹਤ ਸੇਵਾਵਾਂ ਦੇਖਣ, ਪਰਖਣ ਬਾਰੇ ਬੜਾ ਕੁਝ ਹਾਲੇ ਲੁਕਿਆ ਪਿਆ ਹੈ।

ਰਿਪੋਰਟ ਦੇ ਅੰਤ ਵਿਚ ਸਿਹਤ ਸੇਵਾਵਾਂ ਦੀ ਹਾਲਤ ਸੁਧਾਰਨ ਲਈ ਲਗਾਤਾਰ ਮੁਲਾਂਕਣ ਕਰਨ ਲਈ ਕਿਹਾ ਗਿਆ ਹੈ। ਨਾਲ ਹੀ ਇਹ ਵੀ ਕਿਹਾ ਗਿਆ ਹੈ ਕਿ ਬਿਮਾਰੀਆਂ ਦੀ ਪਛਾਣ ਕਰਨ ਤੇ ਫਿਰ ਇਲਾਜ ਦੇਣ ਦੀ ਵਿਧੀ ਵਿਚ ਸੁਧਾਰ ਕੀਤਾ ਜਾਵੇ ਪਰ ਹਾਲ ਦੀ ਘੜੀ ਪੰਜਾਬ ਵਿਚ ਉਮੀਦ ਦੀ ਕੋਈ ਕਿਰਨ ਨਜ਼ਰ ਨਹੀਂ ਆਉਂਦੀ। ਇਹ ਆਸ ਕੋਈ ਰੱਖੇ ਵੀ ਤਾਂ ਕਿਵੇਂ ਜਿਸ ਸੂਬੇ ਦੇ ਕੁੱਲ ਬਜਟ ਦਾ ਚਾਰ ਫ਼ੀਸਦੀ ਹਿੱਸਾ ਸਿਹਤ ਸੇਵਾਵਾਂ ਲਈ ਖ਼ਰਚ ਕੀਤਾ ਜਾਂਦਾ ਹੋਵੇ। ਸਿਹਤ ਵਿਭਾਗ ਦੀ ਇਕ ਆਪਣੀ ਰਿਪੋਰਟ ਵਿਚ ਵੀ ਸਰਕਾਰੀ ਸਿਹਤ ਸੇਵਾਵਾਂ ਦੇ ਪਾਜ ਉਧੇੜੇ ਗਏ ਹਨ। ਰਿਪੋਰਟ ਮੁਤਾਬਿਕ ਸੂਬੇ ਦੇ ਸਰਕਾਰੀ ਹਸਪਤਾਲਾਂ 'ਚੋਂ 43 ਫ਼ੀਸਦੀ ਦੀਆਂ ਇਮਾਰਤਾਂ ਜਰਜਰ ਹੋ ਚੁੱਕੀਆਂ ਹਨ। ਅੱਧੇ ਤੋਂ ਵੱਧ ਹਸਪਤਾਲਾਂ ਵਿਚ ਪੀਣ ਦੇ ਪਾਣੀ ਅਤੇ ਪਖਾਨਿਆਂ ਦੀ ਸਹੂਲਤ ਨਹੀਂ ਹੈ। ਮਾਹਿਰ ਡਾਕਟਰਾਂ ਦੀਆਂ ਮਨਜ਼ੂਰਸ਼ੁਦਾ 1873 ਅਸਾਮੀਆਂ ਵਿਚੋਂ 450 ਖ਼ਾਲੀ ਪਈਆਂ ਹਨ। ਮਾਹਿਰ ਡਾਕਟਰ, ਐਮ.ਬੀ.ਬੀ.ਐਸ. ਦੇ ਬਰਾਬਰ ਤਨਖ਼ਾਹ ਉੱਤੇ ਕੰਮ ਕਰਨ ਲਈ ਮਜਬੂਰ ਹਨ। ਹੋਰ ਤਾਂ ਹੋਰ ਸੂਬੇ ਦੀਆਂ 1186 ਡਿਸਪੈਂਸਰੀਆਂ ਵਚ ਪਿਛਲੇ ਡੇਢ ਸਾਲ ਤੋਂ ਦਵਾਈਆਂ ਦੀ ਸਪਲਾਈ ਠੱਪ ਪਈ ਹੈ। ਇਸ ਤੋਂ ਵੀ ਅੱਗੇ ਜਿਸ ਸੂਬੇ ਦੇ ਮੰਤਰੀ, ਮੁੱਖ ਮੰਤਰੀ ਕੋਰੋਨਾ ਰਾਹਤ ਫ਼ੰਡ ਵਾਸਤੇ ਤਿੰਨ ਮਹੀਨੇ ਦੀ ਤਨਖ਼ਾਹ ਦਾਨ ਕਰਨ ਦਾ ਐਲਾਨ ਕਰਕੇ ਪਿੱਛੇ ਹਟ ਗਏ ਹੋਣ, ਉੱਥੋਂ ਦੇ ਲੋਕਾਂ ਦਾ ਤਾਂ ਰੱਬ ਹੀ ਰਾਖਾ ਹੈ।

ਅੰਮ੍ਰਿਤਸਰ ਟਾਈਮਜ਼ AMRITSAR TIMES

05 ਅਕਤੂਬਰ 2021 ਤੋਂ 11 ਨਵੰਬਰ 2021

# ਦਿੱਲੀ ਤਖ਼ਤ ਅਤੇ ਨਿਤਾਣੀਆਂ ਧਿਰਾਂ ਦੀ ਮੁਕਤੀ ਦਾ ਸਵਾਲ

ਦਿੱਲੀ ਤਖਤ ਦੀਆਂ ਚਾਰ ਮੁੱਖ ਪਰਤਾਂ ਹਨ; ਸਾਮਰਾਜੀ ਵਿਰਾਸਤ, ਨੇਸ਼ਨ ਸਟੇਟ ਦੀ ਕਵਾਇਦ, ਬਿਪਰ ਸੰਸਕਾਰ (ਮੰਨੂ ਮਤਿ) ਅਤੇ ਪੂੰਜੀਵਾਦ। 1947 ਈ. ਵਿੱਚ ਫਿਰੰਗੀ ਸਾਮਰਾਜ ਦਾ ਤਾਂ ਅੰਤ ਹੋ ਗਿਆ ਪਰ ਪ੍ਰਸ਼ਾਸਨ ਦਾ ਸਾਮਰਾਜੀ ਢਾਂਚਾ ਅੱਜ ਤੱਕ ਵੀ ਉਨ੍ਹਾਂ ਲੀਹਾਂ ਉੱਤੇ ਹੀ ਚੱਲ ਰਿਹਾ ਹੈ ਜਿਸ ਵਿੱਚ ਕੁਦਰਤੀ ਸਰੋਤਾਂ ਦੀ ਲੁੱਟ ਅਤੇ ਮਨੁੱਖਾਂ ਨਾਲ ਗੁਲਾਮਾਂ ਵਾਲੇ ਵਰਤਾਉ ਦੀ ਬਿਰਤੀ ਸੁਤੇ ਸਿਧ ਹੀ ਮੌਜੂਦ ਹੈ। ਰਾਜ ਪ੍ਰਬੰਧ ਦੀ ਅਸਲ ਤਾਕਤ ਹਿੰਦੂ ਉਚ ਵਰਗ ਕੋਲ ਹੀ ਰਹੀ ਹੈ। ਵੱਖਰੇ ਨਸਲੀ, ਸਮਾਜੀ, ਰਾਜਸੀ, ਸੱਭਿਆਚਾਰਕ ਤੇ ਭਾਸ਼ਾਈ ਸਮੂਹਾਂ ਤੇ ਕੌਮਾਂ ਅਤੇ ਧਰਮਾਂ ਦੀਆਂ ਆਸਾਂ ਉਮੰਗਾਂ ਨੂੰ ਸਰਕਾਰੀ ਜਬਰ ਨਾਲ ਕੁਚਲਿਆ ਜਾਂਦਾ ਹੈ। ਅੱਜ ਵੀ ਪ੍ਰਸ਼ਾਸਨ ਕਿਸੇ ਮਸਲੇ ਵਿੱਚ ਸ਼ਹਿਰੀਆਂ ਦੀ ਸਹਿਮਤੀ ਦਲੀਲ ਜਾਂ ਅਪੀਲ ਦੀ ਬਜਾਏ ਨਿਰੀ ਤਾਕਤ ਨਾਲ ਹੀ ਹਾਸਲ ਕਰਨ ਦੀ ਨੀਤੀ ਉੱਤੇ ਚੱਲਦਾ ਹੈ। 1947 ਈ. ਤੋਂ ਬਾਅਦ ਫਿਰੰਗੀ ਸਾਮਰਾਜ ਵੱਲੋਂ ਇੱਕੋ ਜਗ੍ਹਾ ਨੂੜੀਆਂ ਹੋਈਆਂ ਅਨੇਕਾਂ ਨਸਲਾਂ, ਸੈਂਕੜੇ ਸਭਿਆਚਾਰਾਂ, ਕੌਮਾਂ ਅਤੇ ਇਤਿਹਾਸਕ ਰਾਜਾਂ ਨੂੰ ਇੱਕੋ ਰਾਜਨੀਤਕ ਢਾਂਚੇ ਅਧੀਨ ਰੱਖਣ ਲਈ ਦਿੱਲੀ ਤਖਤ ਵੱਲੋਂ ਯੂਰਪ ਦੀ ਤਰਜ ਉੱਤੇ ਇੱਕੋ ਸਭਿਆਚਾਰ ਉੱਤੇ ਅਧਾਰਤ ਇੱਕ ਨੇਸ਼ਨ-ਸਟੇਟ ਬਣਾਉਣ ਦਾ ਕਾਰਜ ਵੀ ਸਾਮਰਾਜੀ ਕਿਰਦਾਰ ਦੇ ਨਾਲ ਰਲਾ ਲਿਆ ਗਿਆ। ਇਸ ਕਾਰਜ ਤਹਿਤ ਸਾਰੀਆਂ ਅੱਡਰੀਆਂ ਪਛਾਣਾਂ ਨੂੰ ਖਤਮ ਕਰ ਕੇ ਇੱਕੋ ਨੇਸ਼ਨ ਬਣਾਉਣ ਲਈ ਸ਼ੁਰੂ ਕੀਤੀ ਕਵਾਇਦ ਵਿੱਚ ਰਾਜ ਦੀਆਂ ਸਮੁੱਚੀਆਂ ਸੰਸਥਾਵਾਂ ਦੇ ਨਾਲ-ਨਾਲ ਵਿੱਦਿਆ ਪ੍ਰਬੰਧ, ਸਿਨੇਮਾ, ਟੀਵੀ ਅਤੇ ਹੋਰ ਸੰਚਾਰ ਸਾਧਨਾਂ ਆਦਿ ਦੀ ਵਰਤੋਂ ਕੀਤੀ ਜਾ ਰਹੀ ਹੈ। ਬਿਪਰ ਸੰਸਕਾਰਾਂ ਕਾਰਨ ਹਿੰਦੂ ਸਮਾਜ ਵਿੱਚ ਵਰਣ ਵੰਡ ਅਤੇ ਜਾਤ-ਪਾਤ ਵਰਗੇ ਊਚ-ਨੀਚ ਅਤੇ ਵਿਤਕਰੇ ਵਾਲੇ ਪ੍ਰਬੰਧ ਨੂੰ ਮਾਨਤਾ ਪ੍ਰਾਪਤ ਹੈ। ਪੱਛੜੇ ਵਰਗ ਸਮਾਜੀ, ਰਾਜਸੀ ਤੇ ਆਰਥਕ ਬਰਾਬਰੀ ਅਤੇ ਆਤਮ-ਸਨਮਾਨ ਲਈ ਜੂਝ ਰਹੇ ਹਨ। ਦਿੱਲੀ ਤਖਤ ਉੱਤੇ ਪਕੜ ਬਣ ਜਾਣ ਕਾਰਨ ਅਖੌਤੀ ਉਚ ਵਰਣ-ਜਾਤ ਦੀ ਆਪਣੇ ਆਪ ਨੂੰ ਸਰਵ-ਸ੍ਰੇਸਟ ਸਮਝਣ ਦੀ ਮਾਨਸਿਕਤਾ ਦਾ ਵਿਖਾਵਾ ਜੋਰ 'ਤੇ ਹੈ। ਇਸੇ ਬਿਰਤੀ ਵਿੱਚੋਂ ਮਹਾਂਸ਼ਕਤੀ ਬਣਨ ਦੀ ਇਹਦੀ ਤੀਬਰ ਇੱਛਾ ਉਭਰ ਰਹੀ ਹੈ। ਇਹ ਇੱਛਾ ਬਿਪਰ-ਸੰਸਕਾਰ ਵਿੱਚੋਂ ਹੀ ਉਪਜੀ ਹੈ। ਇਸ ਬਾਬਤ ਇਹ ਆਪਣੇ ਬਾਰੇ ਵਿਸ਼ਵ-ਗੁਰੂ ਹੋਣ ਦੇ ਮਿੱਥ ਸਿਰਜਦੀ ਤੇ ਪਰਚਾਰਦੀ ਆਈ ਹੈ। ਗੁਆਂਢੀ ਮੁਲਕਾਂ ਨਾਲ ਇਹਦੀ ਤਲਖੀ ਇਸੇ ਬਿਰਤੀ ਦਾ ਨਤੀਜਾ ਹੈ। ਇੰਡੀਆ ਦੇ ਅੰਦਰ ਦੂਜੀਆਂ ਕੌਮਾਂ ਨੂੰ ਲੈ ਕੇ ਵੀ ਦਿੱਲੀ ਤਖਤ ਦਾ ਇਹੀ ਵਤੀਰਾ ਹੈ। ਦਿੱਲੀ ਤਖਤ ਇੰਡੀਆ ਅੰਦਰ ਦੂਜੀਆਂ ਕੌਮਾਂ ਨੂੰ ਹਿੱਸੇਦਾਰ ਵਜੋਂ ਨਹੀਂ ਸਗੋਂ ਅਜਿਹੇ ਦੁਸ਼ਮਣ ਵਜੋਂ ਦੇਖਦਾ ਹੈ ਜਿਸ ਉੱਤੇ ਜਿੱਤ ਹਾਸਲ ਕਰਨੀ ਹੈ। ਸਰਵ-ਸਾਂਝੀਵਾਲਤਾ ਦੇ ਮੁਦਈ ਹਾਸ਼ੀਏ 'ਤੇ ਹਨ। ਦਿੱਲੀ ਤਖ਼ਤ ਦੀ ਇੱਕ ਹੋਰ ਪਰਤ ਹੈ "ਪੂੰਜੀਵਾਦੀ ਆਰਥਕ ਪ੍ਰਬੰਧ" ਜਿਸ ਵਿੱਚ ਪਿਛਲੇ ਦੋ ਦਹਾਕਿਆਂ ਤੋਂ ਸਾਰੀ ਆਰਥਕ ਨੀਤੀ ਨੂੰ ਕੁੱਝ ਕੁ ਵੱਡੇ ਸਰਮਾਏਦਾਰਾਂ ਅਤੇ ਕਾਰਪੋਰੇਟ ਕੰਪਨੀਆਂ ਦੇ ਮੁਨਾਫ਼ੇ ਲਈ ਹੀ ਘੜਿਆ ਗਿਆ ਹੈ। ਇਹਦੇ ਚਲਦਿਆਂ ਬਿਪਰਵਾਦੀ ਸਰਕਾਰਾਂ ਅਤੇ ਦੇਸੀ-ਵਿਦੇਸ਼ੀ ਸਰਮਾਏਦਾਰ ਮਿਲੀਭੁਗਤ ਨਾਲ ਖਿੱਤੇ ਦੇ ਵਸੀਲਿਆਂ ਨੂੰ ਅਤੇ ਲੋਕਾਂ ਨੂੰ ਅੰਨ੍ਹੇਵਾਹ ਲੁੱਟ ਰਹੇ ਹਨ।

ਮੌਜੂਦਾ "ਕਾਰਪੋਰੇਟ ਪੂੰਜੀਵਾਦ" ਤੋਂ ਪਹਿਲਾਂ ਦਿੱਲੀ ਤਖਤ ਸ਼ੁਰੂ ਦੇ ਚਾਰ ਦਹਾਕਿਆਂ ਤੱਕ ਸਮਾਜਵਾਦੀ ਆਰਥਕ ਪ੍ਰਬੰਧ ਦੇ ਨਾਂ ਉੱਤੇ "ਸਰਕਾਰੀ ਪੂੰਜੀਵਾਦ" ਦਾ ਮੁੱਦਈ ਰਿਹਾ ਹੈ। ਬਹੁ-ਕੌਮੀ ਉਪਮਹਾਂਦੀਪ ਵਿੱਚ ਨੇਸ਼ਨ-ਸਟੇਟ ਵਾਲੀ ਇਕਸਾਰਤਾ ਲਾਗੂ ਕਰਨ ਲਈ ਉਸ ਸਮੇਂ ਦਿੱਲੀ ਤਖਤ ਦੀ ਇਹ ਵੱਡੀ ਲੋੜ ਸੀ ਕਿ ਸਾਰਾ ਆਰਥਕ ਪ੍ਰਬੰਧ ਕੇਂਦਰੀ ਸਰਕਾਰ ਦੇ ਵੱਸ ਰਹੇ। ਇੰਡੀਆ ਦੇ ਵੱਖ-ਵੱਖ ਖਿੱਤਿਆਂ ਨੂੰ ਆਰਥਕ ਤੌਰ 'ਤੇ ਕੇਂਦਰ ਦੇ ਮੁਥਾਜ ਰੱਖਣਾ ਇਸੇ ਆਰਥਕ ਨੀਤੀ ਦਾ ਨਤੀਜਾ ਸੀ। ਪਿਛਲੇ ਦੋ ਦਹਾਕਿਆਂ ਤੋਂ ਦੁਬਾਰਾ ਸਾਮਰਾਜੀ ਕਿਰਦਾਰ ਜੋਰ ਫੜਦਾ ਜਾ ਰਿਹਾ ਹੈ।

ਵੱਖ-ਵੱਖ ਢਾਂਚਿਆਂ ਨੂੰ ਸੁਚਾਰੂ ਰੂਪ ਵਿੱਚ ਚਲਾਉਣ ਲਈ ਰਾਜਸੀ ਪ੍ਰਬੰਧ ਵਿੱਚ ਸੋਧ ਬਹੁਤ ਜਰੂਰੀ ਹੈ। ਰਾਜਸੀ ਪ੍ਰਬੰਧ ਵਿੱਚ ਸੋਧ ਲਈ ਇਸ ਖਿੱਤੇ ਦੀਆਂ ਸੰਘਰਸ਼ਸ਼ੀਲ ਧਿਰਾਂ ਅਨੁਸਾਰ ਹੱਲ ਦੀਆਂ ਪ੍ਰਚਲਤ ਛੇ ਮਾਨਤਾਵਾਂ ਵਿਚਾਰੀਆਂ ਜਾ ਸਕਦੀਆਂ ਹਨ; ਪਹਿਲੀ, ਇੰਡੀਆ ਦਾ ਸੰਵਿਧਾਨ ਠੀਕ ਹੈ ਪਰ ਇਮਾਨਦਾਰ ਬੰਦਿਆਂ ਦੀ ਘਾਟ ਹੈ। ਇਮਾਨਦਾਰ ਬੰਦਿਆਂ ਨੂੰ ਤਖਤ 'ਤੇ ਬਿਠਾਇਆ ਜਾਵੇ ਤਾਂ ਇਹ ਪ੍ਰਬੰਧ ਠੀਕ ਚੱਲ ਸਕਦਾ ਹੈ। ਦੂਜੀ, ਸੰਵਿਧਾਨ ਅਤੇ ਢਾਂਚੇ ਨੂੰ ਇਸ ਕਦਰ ਸੋਧਿਆ ਜਾਵੇ ਕਿ ਇਹ ਅਸਲ ਵਿੱਚ ਨਿਆਂਕਾਰੀ ਅਤੇ ਬਰਾਬਰਤਾ ਦੇ ਗੁਣਾਂ ਵਾਲਾ ਬਣ ਜਾਵੇ। ਤੀਜੀ, ਇੰਡੀਆ ਵਿੱਚ ਅਸਲ ਫੈਡਰਲ ਢਾਂਚਾ ਬਹਾਲ ਕੀਤਾ ਜਾਵੇ। ਇਸ ਵਿੱਚ ਹੀ ਮੁਕਤੀ ਹੈ। ਚੌਥੀ, ਦਿੱਲੀ ਤਖਤ ਨਾਲੋਂ ਵੱਖ ਹੋ ਕੇ ਵੱਖਰਾ ਦੇਸ਼ ਬਣਾਇਆ ਜਾਵੇ। ਨਾਗਾਲੈਂਡ, ਕਸ਼ਮੀਰ, ਤਾਮਿਲਨਾਡੂ ਅਤੇ ਖਾਲਿਸਤਾਨ ਆਦਿ। ਪੰਜਵੀਂ, ਦੱਖਣੀ ਏਸ਼ੀਆ ਦੀਆਂ ਸਾਰੀਆਂ ਅਧੀਨ ਧਿਰਾਂ ਵੱਖੋ-ਵੱਖਰੇ ਦੇਸ਼ ਬਣਾ ਕੇ ਇੱਕ ਸਾਂਝੀ ਕਨਫੈਡਰੇਸ਼ਨ ਬਣਾ ਲੈਣ ਜਿਸ ਦਾ ਇੱਕ ਥਾਂ 'ਤੇ ਕੁੱਝ ਕੁ ਸਾਂਝਾਂ ਵਾਲਾ ਢਾਂਚਾ ਹੋਵੇ। ਇਹ ਯੂਰਪੀ ਯੂਨੀਅਨ ਦੀ ਤਰਜ਼ 'ਤੇ ਹੋ ਸਕਦਾ ਹੈ। ਛੇਵੀਂ, ਦਿੱਲੀ ਤਖਤ ਦਾ ਪ੍ਰਬੰਧ ਗੁਰੂ ਖਾਲਸਾ ਪੰਥ ਦੀ ਛਤਰ ਛਾਇਆ ਹੇਠ ਚੱਲੇ।

ਬਿਪਰ ਸੰਸਕਾਰੀ ਦਿੱਲੀ ਤਖਤ ਵੱਲੋਂ ਫਿਰੰਗੀ ਸਾਮਰਾਜ ਵਾਲਾ ਢਾਂਚਾ ਹੀ ਇੰਨ-ਬਿੰਨ ਅਪਣਾ ਲਿਆ ਗਿਆ ਹੈ ਜੋ ਕਿ ਸ਼ੋਸ਼ਣ ਅਤੇ ਜੁਲਮ ਦੀ ਬੁਨਿਆਦ ਉੱਤੇ ਖੜ੍ਹਾ ਹੈ। ਇਸ ਲਈ ਮੌਜੂਦਾ ਪ੍ਰਬੰਧ ਦੇ ਚੱਲਦਿਆਂ ਦਿੱਲੀ ਤਖਤ ਤੋਂ ਨਿਆਂ, ਬਰਾਬਰੀ ਅਤੇ ਖੁਦਮੁਖਤਿਆਰੀ ਦੀ ਆਸ ਬੇ-ਮਾਅਨਾ ਹੈ। ਦਿੱਲੀ ਹਕੂਮਤ ਨੂੰ 'ਬਿਪਰ ਸਾਮਰਾਜ' ਸਮਝਿਆ ਜਾਣਾ ਚਾਹੀਦਾ ਹੈ। ਬਿਪਰ ਇਸ ਸਾਮਰਾਜ ਦੀ ਤਿਆਰੀ ਕਈ ਸਦੀਆਂ ਤੋਂ ਕਰ ਰਿਹਾ ਹੈ। ਗੁਰਮਤਿ ਦੇ ਨਜ਼ਰੀਏ ਤੋਂ ਵਿਚਾਰਕ ਤੌਰ 'ਤੇ ਅਤੇ ਵਰਤਮਾਨ ਰਾਜਸੀ ਨੀਤੀ ਦੇ ਤੌਰ 'ਤੇ ਵੀ ਇਹੋ ਪੈਂਤੜਾ ਬਣਦਾ ਹੈ ਕਿ ਜੋ ਵੀ ਇਸ ਖਿੱਤੇ ਵਿੱਚ ਸਮਾਜਕ ਅਤੇ ਧਾਰਮਕ ਤੌਰ 'ਤੇ ਮੰਨੂ-ਮਤਿ ਅਤੇ ਰਾਜਸੀ ਤੌਰ 'ਤੇ ਦਿੱਲੀ ਤਖਤ ਦੇ ਗਲਬੇ ਦੇ ਖਿਲਾਫ ਹੈ ਉਹਨਾਂ ਸਭ ਧਿਰਾਂ ਨਾਲ ਗਠਜੋੜ ਬਣਾਇਆ ਜਾਵੇ। ਉਪਮਹਾਂਦੀਪ ਵਿੱਚ ਹਰੇਕ ਸਮੂਹ ਦੀ ਬਣਤਰ ਜਿਵੇਂ ਵੱਖੋ-ਵੱਖਰੀ ਹੈ ਇਸ ਕਰਕੇ ਪਹਿਲਾ ਤੋਂ ਹੀ ਮਿਥ ਕੇ ਇੱਕ ਸਾਂਝਾ ਨਿਸ਼ਾਨਾ ਜਾਂ ਪ੍ਰਬੰਧ ਸਾਰਿਆਂ ਵਾਸਤੇ ਤੈਅ ਨਹੀਂ ਕੀਤਾ ਜਾ ਸਕਦਾ। ਸਾਂਝੇ ਅਮਲ ਦਾ ਕੇਂਦਰੀ ਨੁਕਤਾ ਹੁਣ ਵਾਲੇ ਦਿੱਲੀ ਤਖਤ ਦਾ ਮੌਜੂਦਾ ਪ੍ਰਬੰਧ ਬਦਲਣ ਲਈ ਬਣ ਸਕਦਾ ਹੈ, ਉਸ ਤੋਂ ਬਾਅਦ ਹਰ ਇਕ ਸਮੂਹ ਆਪੋ-ਆਪਣੇ ਨਜਰੀਏ ਮੁਤਾਬਿਕ ਭਵਿੱਖ ਦਾ ਫੈਸਲਾ ਕਰ ਸਕਦਾ ਹੈ ਕਿ ਉਸਨੇ ਕਿਸ ਤਰੀਕੇ ਦੇ ਰਾਜਸੀ ਪ੍ਰਂਬਧ ਵਿੱਚ ਸ਼ਾਮਲ ਹੋਣਾ ਹੈ।

# ਭਾਰਤੀ ਰਾਜਨੀਤੀ ਵਿਚ ਨੈਤਿਕ ਗਿਰਾਵਟ



ਰਣਜੀਤ ਸਿੰਘ ਕੁਕੀ

ਰਾਜਨੀਤਿਕ ਨੇਤਾਵਾਂ ਦੁਆਰਾ ਪੈਦਾ ਕੀਤੀਆਂ ਰਾਜਨੀਤਿਕ ਹਲਚਲਾਂ ਰਾਜਤੰਤਰ ਵਿਚ ਨੈਤਿਕ ਗਿਰਾਵਟ ਨੂੰ ਦਿਖਾਉਂਦੀਆਂ ਹੈ ਜਿੱਥੇ ਰਾਜਨੀਤਿਕ ਜ਼ਿੰਮੇਵਾਰੀ ਅਤੇ ਸ਼ਿਸ਼ਟਤਾ ਪ੍ਰਤਿਬੱਧਤਾ ਦੀ ਬਜਾਇ ਮਹਿਜ਼ ਸਹੂਲਤ ਦੇ ਮੁੱਦੇ ਬਣ ਕੇ ਰਹਿ ਗਏ ਹਨ।ਭਾਰਤੀ ਰਾਜਨੀਤੀ ਜਾਂ ਪੰਜਾਬ ਦੀ ਰਾਜਨੀਤੀ ਵਿਚ ਵਿਚਾਰਾਂ ਲਈ ਹਿੱਤਾਂ ਦਾ ਟਕਰਾਅ ਕੋਈ ਮੁੱਦਾ ਨਹੀਂ ਹੈ ਜੋ ਕਿ ਨੇਤਾਵਾਂ ਨੂੰ ਨੈਤਿਕ ਜ਼ਿੰਮੇਵਾਰੀ ਅਤੇ ਜਵਾਬਦੇਹੀ ਤੋਂ ਮੁਕਤ ਕਰ ਦਿੰਦਾ ਹੈ।ਜ਼ਿੰਮੇਵਾਰੀ ਜਾਂ ਜਵਾਬਦੇਹੀ ਨੂੰ ਅਕਸਰ ਕਿਸੇ ਨੂੰ ਆਪਣੇ ਕੀਤੇ ਕੰਮ ਲਈ ਉੱਤਰਦਾਈ ਠਹਿਰਾਉਣ ਦੇ ਰੂਪ ਵਿਚ ਸਮਝਿਆ ਜਾਂਦਾ ਹੈ।ਇਹ ਮੁੱਢਲਾ ਮਨੁੱਖੀ ਗੁਣ ਹੈ ਜੋ ਕਿ ਭਾਰਤ ਦੀ ਰਾਜਨੀਤਿਕ ਜਮਾਤ ਵਿਚੋਂ ਕਾਫੀ ਹੱਦ ਤੱਕ ਗਾਇਬ ਹੈ।ਰਾਜਨੇਤਾ ਲੋਕਤੰਤਰ ਦੇ ਮੂਲ ਤੱਤਾਂ ਤੋਂ ਵੀ ਕੋਰੇ ਹਨ ਜਿਸ ਨੇ ਲੋਕਤੰਤਰ ਨੂੰ ਹੀ ਕਮਜ਼ੋਰ ਕੀਤਾ ਹੈ।ਪਰ ਭਾਰਤ ਵਿਚ ਲੋਕਤੰਤਰ ਓਨਾਂ ਹੀ ਨੇਤਾਵਾਂ ਅਤੇ ਰਾਜਨੀਤਿਕ ਪਾਰਟੀਆਂ ਦੁਆਰਾ ਚਲਾਇਆ ਜਾਂਦਾ ਹੈ ਜੋ ਸਿਰਫ ਆਪਣੇ ਨਿੱਜੀ ਹਿੱਤਾਂ ਦੀ ਹੀ ਰਾਖੀ ਕਰਦੀਆਂ ਹਨ।ਬਹੁਤ ਸਾਰੀਆਂ ਅਲੋਕਤੰਤਰੀ ਪ੍ਰੀਕਿਰਿਆਵਾਂ ਨੂੰ ਰਾਜਨੀਤਿਕ ਜਮਾਤ ਦੁਆਰਾ ਸਿਰਫ ਅਪਣਾਇਆ ਹੀ ਨਹੀਂ ਜਾਂਦਾ, ਬਲਕਿ ਰੋਜਮੱਰਾ ਦੀ ਰਾਜਨੀਤਿਕ ਪ੍ਰੀਕਿਰਿਆ ਵਿਚ ਉਨ੍ਹਾਂ ਨੂੰ ਬਿਨਾਂ ਕਿਸੇ ਜਨਤਕ ਸਮਰਥਨ ਤੋਂ ਸਵੀਕਾਰ ਵੀ ਕਰ ਲਿਆ ਜਾਂਦਾ ਹੈ।ਹਰ ਰਾਜਨੀਤਿਕ ਪਾਰਟੀ ਨੇ ਜ਼ਿੰਮੇਵਾਰੀ ਅਤੇ ਜਵਾਬਦੇਹੀ ਦੇ ਸਿਧਾਂਤਾਂ ਨੂੰ ਖੋਰਾ ਲਗਾਉਣ ਵਿਚ ਆਪਣਾ ਰੋਲ ਅਦਾ ਕੀਤਾ ਹੈ ਜਿਸ ਲਈ ਉਹ ਹਰ ਤਰਾਂ ਦੇ ਸਮਝੌਤੇ ਕਰਨ ਲਈ ਤਿਆਰ ਹਨ ਅਤੇ ਅਣਲੋਕਤੰਤਰੀ ਰਾਜਨੀਤੀ ਕਰਨ ਦਾ ਕੋਈ ਨਾ ਕੋਈ ਬਹਾਨਾ ਲੱਭ ਲੈਂਦੇ ਹਨ।

ਭਾਰਤ ਦੀ ਰਾਜਨੀਤਿਕ ਜਮਾਤ ਲੋਕਾਂ ਦੀਆਂ ਸਮੱਸਿਆਵਾਂ ਅਤੇ ਮੁੱਦਿਆਂ ਵਿਚ ਬਿਨਾਂ ਕਿਸੇ ਸਰਗਰਮ ਭਾਗੀਦਾਰੀ ਤੋਂ ਕੰਮ ਕਰਦੀ ਹੈ।ਭਾਰਤ ਵਿਚ ਵੋਟ ਕੇਂਦਰਿਤ ਲੋਕਤੰਤਰ ਲੋਕ-ਲੁਭਾਵੀ ਰਾਜਨੀਤੀ ਦੇ ਜਾਲ ਨੂੰ ਹੋਰ ਜਿਆਦਾ ਗੁੰਝਲਦਾਰ ਬਣਾ ਦਿੰਦਾ ਹੈ ਜੋ ਕਿ ਸੰਸਥਾਗਤ ਜ਼ਿੰਮੇਵਾਰੀ ਰਹਿਤ ਲੋਕਤੰਤਰਿਕ ਭਾਸ਼ਾ ਨੂੰ ਦਿਖਾਉਦਾ ਹੈ।ਇਸ ਰਾਹੀ ਰਾਜਨੇਤਾਵਾਂ ਨੂੰ ਵਿਅਕਤੀਗਤ ਹਿੱਤਾਂ ਦਾ ਧਿਆਨ ਰੱਖੇ ਬਿਨਾਂ 'ਲੋਕ' ਦਾ ਜਸ਼ਨ ਮਨਾਉਣ ਦਾ ਅਧਿਕਾਰ ਮਿਲ ਜਾਂਦਾ ਹੈ।ਪੰਜਾਬ ਦੀ ਰਾਜਨੀਤੀ ਅਤੇ ਰਾਜਨੇਤਾ ਕਿਸੇ ਵੀ ਤਰਾਂ ਇਸ ਤੋਂ ਭਿੰਨ ਨਹੀਂ ਹਨ।ਪੰਜਾਬ ਜਿੱਥੇ ਕੁਝ ਕੁ ਮਹੀਨਿਆਂ ਵਿਚ ਹੀ ਅਸੈਂਬਲੀ ਚੋਣਾਂ ਹੋਣ ਵਾਲੀਆਂ ਹਨ, ਇਸ ਦਾ ਰਾਜਨੀਤਿਕ ਧਰਾਤਲ ਪਿਛਲੇ ਦਹਾਕਿਆਂ ਵਿਚ ਇੰਨਾ ਗੰਧਲਾ ਨਹੀਂ ਰਿਹਾ।ਪਿਛਲ਼ੇ ਕਈ ਵਰ੍ਹਿਆਂ ਤੋਂ ਗਲਤ ਰਾਜਨੀਤਿਕ ਨੀਤੀਆਂ ਅਤੇ ਲੋਕ-ਲੁਭਾਵੀਂ ਰਾਜਨੀਤੀ ਕਰਕੇ ਪੰਜਾਬ ਬਰਬਾਦੀ ਦੇ ਕੰਢੇ 'ਤੇ ਪਹੁੰਚ ਗਿਆ ਹੈ।ਟੁਕੜਿਆਂ ਵਿਚ ਪੇਸ਼ ਕੀਤੇ ਹੱਲ ਨਾਲ ਪੰਜਾਬ ਦਾ ਭਲਾ ਨਹੀਂ ਹੋਣ ਲੱਗਿਆ ਬਲਕਿ ਰਾਜਨੀਤਿਕ ਸੱਤਾ ਨੂੰ ਪੰਜਾਬ ਦੀ ਆਰਥਿਕਤਾ ਨੂੰ ਹੁਲਾਰਾ ਦੇਣ ਲਈ ਨਵੇਂ ਸਿਰਿਓਂ ਸੋਚਣ ਦੀ ਲੋੜ ਹੈ।ਇਸ ਵਿਚ ਕਿਸਾਨਾਂ ਲਈ ਦੂਰ-ਅੰਦੇਸ਼ੀ ਅਤੇ ਵਿਵਹਾਰਿਕ ਨੀਤੀਆਂ ਪੇਸ਼ ਕਰਨਾ ਵੀ ਸ਼ਾਮਿਲ ਹੈ।ਪੰਜਾਬ ਭਾਰਤ ਦਾ ਨੰਬਰ ਇਕ ਸੂਬਾ ਹੋਇਆ ਕਰਦਾ ਸੀ, ਪਰ ਪਿਛਲ਼ੇ ਪੰਝੀ ਵਰ੍ਹਿਆਂ ਤੋਂ ਇਹ ਢਲਾਣ ਵੱਲ ਹੀ ਜਾ ਰਿਹਾ ਹੈ ਜਿਸ ਨੇ ਸਮੱਸਿਆਵਾਂ ਨੂੰ ਹੋਰ ਉਲਝਾ ਦਿੱਤਾ ਹੈ।ਪੰਜਾਬ ਬਹੁਤ ਤੇਜੀ ਨਾਲ ਬਰਬਾਦੀ ਵੱਲ ਵਧ ਰਿਹਾ ਹੈ ਕਿਉਂ ਕਿ ਧਰਤੀ ਹੇਠਲਾ ਪਾਣੀ ਲਗਾਤਾਰ ਡੂੰਘਾ ਹੋ ਰਿਹਾ ਹੈ।ਪੰਜਾਬ ਦਾ ਪਾਣੀ ਪ੍ਰਦੂਸ਼ਿਤ ਹੋ ਚੁੱਕਿਆ ਹੈ।ਪਰਾਲੀ ਸਾੜਨ ਕਰਕੇ ਪੈਦਾ ਹੋਇਆ ਹਵਾ ਪ੍ਰਦੂਸ਼ਣ ਬਦਲ ਰਹੀਆਂ ਨੀਤੀਆਂ ਨੂੰ ਦਿਖਾਉਂਦਾ ਹੈ।ਆਉਣ ਵਾਲੀਆਂ ਅਸੈਂਬਲੀ ਚੋਣਾਂ ਲਈ ਪੰਜਾਬ ਦੀਆਂ ਰਾਜਨੀਤਿਕ ਪਾਰਟੀਆਂ ਪੁਰਾਣੇ ਏਜੰਡਿਆਂ ਨਾਲ ਹੀ ਕੰਮ ਕਰ ਰਹੀਆਂ ਹਨ।ਪੰਜਾਬ ਲਈ ਨੀਤੀਆਂ ਬਣਾਉਣ ਦੇ ਏਜੰਡਿਆਂ ਵਿਚੋਂ ਬੁੱਧੀਜੀਵੀ ਗਾਇਬ ਹਨ।

ਭਾਰਤੀ ਲੋਕਤੰਤਰ ਵੀ ਬਹੁਤ ਬੁਰੀ ਸਥਿਤੀ ਵਿਚ ਹੈ ਕਿਉਂਕਿ ਇਸ ਨੂੰ ਤਾਨਾਸ਼ਾਹੀ ਢੰਗ ਨਾਲ ਚਲਾਇਆ ਜਾ ਰਿਹਾ ਹੈ। ਲੋਕਤੰਤਰੀ ਪ੍ਰਬੰਧ ਦਾ ਅਸਲ ਮਕਸਦ ਜਨਤਕ ਬਹਿਸਾਂ ਅਤੇ ਵਿਚਾਰ ਚਰਚਾ ਨੂੰ ਹੁਲਾਰਾ ਦੇਣਾ ਹੈ ਜੋ ਕਿ ਭਾਰਤੀ ਰਾਜਨੀਤਿਕ ਪ੍ਰਵਚਨ (ਡਿਸਕੋਰਸ) ਵਿਚੋਂ ਪੂਰੀ ਤਰਾਂ ਗਾਇਬ ਹੈ।ਭਾਰਤ ਅਤੇ ਪੰਜਾਬ ਦੇ ਰਾਜਨੇਤਾ ਲੋਕਤੰਤਰ ਨੂੰ ਮਹਿਜ਼ ਵੋਟਾਂ ਜਿੱਤਣ ਦਾ ਜ਼ਰੀਆ ਮੰਨਦੇ ਹਨ।ਰਾਜਨੇਤਾਵਾਂ ਅਤੇ ਜਨਤਕ ਅਧਿਕਾਰੀਆਂ ਦੀ ਪ੍ਰਤੀਬੱਧਤਾ ਲਗਾਤਾਰ ਨਕਰਾਤਮਕ ਹੀ ਹੈ।ਪ੍ਰਤੀਬੱਧਤਾ ਦਾ ਅਸਲ ਅਰਥ ਆਪਣੀ ਨੈਤਿਕ ਜ਼ਿੰਮੇਵਾਰੀ ਨੂੰ ਸਮਝਦੇ ਹੋਏ ਅਨੈਤਿਕ ਕੰਮਾਂ ਤੋਂ ਦੂਰੀ ਬਣਾ ਕੇ ਰੱਖਣਾ ਹੈ ਜਿਸ ਵਿਚ ਆਪਣੇ ਨਿੱਜੀ ਹਿੱਤਾਂ ਦੀ ਬਜਾਇ ਲੋਕ ਹਿੱਤਾਂ ਨੂੰ ਪਹਿਲ ਦੇਣਾ ਸ਼ਾਮਿਲ ਹੈ ਅਤੇ ਮੁਸ਼ਕਿਲ ਤੋਂ ਮੁਸ਼ਕਿਲ ਸਮੇਂ ਵਿਚ ਵੀ ਇਸ ਨੈਤਿਕ ਜ਼ਿੰਮੇਵਾਰੀ ਨੂੰ ਬਣਾਈ ਰੱਖਣਾ ਹੈ।ਮਸ਼ਹੂਰ ਵਿਦਵਾਨ ਮੈਕਸ ਵੈਬਰ ਦਾ ਤਰਕ ਸੀ, "ਸੱਤਾ ਦੀ ਮਹਿਮਾ ਰਾਜਨੀਤਿਕ ਊਰਜਾ ਲਈ ਸਭ ਤੋਂ ਜਿਆਦਾ ਵਿਨਾਸ਼ਕਾਰੀ ਸਿੱਧ ਹੁੰਦੀ ਹੈ।ਇਸ ਲਈ ਸਹੀ ਰਾਜਨੀਤਿਕ ਆਚਰਣ ਲਈ ਪ੍ਰਤੀਬੱਧਤਾ ਹੋਣਾ ਜਰੂਰੀ ਸ਼ਰਤ ਹੈ। ਰਾਜਨੇਤਾ ਜਾਂ ਤਾਂ ਸਿਰਫ ਸੱਤਾ ਦਾ ਲਾਲਚ ਹੀ ਕਰਕੇ ਜਾਂ ਆਪਣੇ ਨਿੱਜਾਂ ਹਿੱਤਾਂ ਦੀ ਪੂਰਤੀ ਲਈ ਪ੍ਰਤੀਬੱਧਤਾ ਨਾਲ ਕੰਮ ਨਹੀਂ ਕਰਦੇ।"

ਪੰਜਾਬ ਵਿਚ ਰਾਜਨੀਤਿਕ ਅਸਥਿਰਤਾ ਇਸ ਤਰਾਂ ਕੰਮ ਕਰ ਰਹੀ ਹੈ ਕਿ ਸੱਤਾ ਵਿਰੋਧੀ ਲਹਿਰ ਤੋਂ ਵੀ ਜਿਆਦਾ ਕੁਝ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ।ਪੰਜ ਕੁ ਮਹੀਨੇ ਸੱਤਾਧਾਰੀ ਕਾਂਗਰਸ ਪਾਰਟੀ ਆਪਣੇ ਕੰਮ ਕਰਕੇ ਨਹੀਂ ਬਲਕਿ ਵੰਡੀ ਹੋਈ ਵਿਰੋਧੀ ਧਿਰ ਕਰਕੇ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰ ਰਹੀ ਸੀ।ਪਰ ਹਾਲੀਆ ਸਮੇਂ ਵਿਚ ਪਿਛਲੇ ਸਾਢੇ ਚਾਰ ਸਾਲਾਂ ਦੌਰਾਨ ਆਪਣੀ ਕਾਰਗੁਜ਼ਾਰੀ ਅਤੇ ਸੱਤਾ ਦੀ ਸਪੱਸ਼ਟਤਾ ਨੂੰ ਲੈ ਕੇ ਹੀ ਕਾਂਗਰਸ ਨੂੰ ਪਾਰਟੀ ਅੰਦਰੋਂ ਹੀ ਕਾਫੀ ਵਿਰੋਧ ਦਾ ਸਾਹਮਣਾ ਕਰਨਾ ਪਿਆ ਹੈ।ਕਾਂਗਰਸ ਆਉਣ ਵਾਲੀਆਂ ਚੋਣਾਂ ਵਿਚ ਆਪਣੀ ਦੂਜੀ ਪਾਰੀ ਦੀ ਉਮੀਦ ਕਰ ਰਹੀ ਹੈ, ਪਰ ਅਕਾਲੀ ਦਲ ਨਾਲ ਵਿਰੋਧ ਅਤੇ ਕੈਪਟਨ ਅਮਰਿੰਦਰ ਸਿੰਘ ਦੇ ਬਾਹਰ ਹੋਣ ਨਾਲ ਇਸ ਦੇ ਪੂਰਾ ਹੋਣ ਦੀ ਉਮੀਦ ਬਹੁਤ ਘੱਟ ਹੈ।ਚਰਨਜੀਤ ਸਿੰਘ ਚੰਨੀ ਨੂੰ ਪੰਜਾਬ ਦਾ ਪਹਿਲਾ ਦਲਿਤ ਮੁੱਖ ਮੰਤਰੀ ਬਣਾ ਕੇ ਕਾਂਗਰਸ ਨੇ ਜੋ ਪੱਤਾ ਖੇਡਿਆ ਹੈ, ਉਸ ਨਾਲ ਨਾਜ਼ੁਕ ਸਮਾਜਿਕ ਸੰਤੁਲਨ ਬਣਾ ਕੇ ਰੱਖਣਾ ਔਖਾ ਹੈ ਜਿਸ ਨਾਲ ਇਸ ਦੇ ਰਾਜਨੀਤਿਕ ਅਤੇ ਸਮਾਜਿਕ ਵਿਰੋਧੀ ਕਾਂਗਰਸ ਦੇ ਉਲਟ ਹੀ ਭੁਗਤ ਸਕਦੇ ਹਨ।ਪੰਜਾਬ ਦੇ ਰਾਜਨੀਤਿਕ ਹਲਕਿਆਂ ਵਿਚ ਇਹ ਚਿੰਤਾ ਪ੍ਰਗਟਾਈ ਜਾ ਰਹੀ ਹੈ ਕਿ ਇਸ ਤਰਾਂ ਦਾ ਪ੍ਰਯੋਗ ਪੰਜਾਬ ਵਿਚ ਨਾਜ਼ੁਕ ਸਮਾਜਿਕ ਅਤੇ ਰਾਜਨੀਤਿਕ ਸੰਤੁਲਨ ਵਿਚ ਵਿਗਾੜ ਪੈਦਾ ਕਰ ਸਕਦਾ ਹੈ।

ਕਾਂਗਰਸ ਧੜੇ ਨੇ ਬਹੁਤ ਸੋਚ ਸਮਝ ਕੇ ਚੰਨੀ ਨੂੰ ਮੁੱਖ ਮੰਤਰੀ ਬਣਾਉਣ ਨੂੰ ਆਪਣੇ ਸਰਵ-ਸ੍ਰੇਸ਼ਟ ਦਾਅ ਵਜੋਂ ਪੇਸ਼ ਕੀਤਾ ਅਤੇ ਸਮਾਜਿਕ ਸਸ਼ਕਤੀਕਰਨ ਲਈ ਸੰਦੇਸ਼ ਦਿੱਤਾ।ਉਹ ਇਹ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਦੇ ਇਸ ਦਾਅ ਨਾਲ ਪੰਜਾਬ ਦੀ ਹੋਰ ਰਾਜਨੀਤਿਕ ਪਾਰਟੀਆਂ ਦੀ ਸਥਿਤੀ ਪਤਲੀ ਹੋ ਗਈ ਹੈ ਅਤੇ ਇਸ ਨੇ ਕੈਪਟਨ ਨੂੰ ਵੀ ਇਸ ਖੇਡ ਵਿਚ ਮਾਤ ਦੇ ਦਿੱਤੀ ਹੈ।ਇਹ ਧਿਆਨਯੋਗ ਗੱਲ ਹੈ ਕਿ ਚੁਣਾਵੀ ਰਣਨੀਤੀ ਵਿਚ ਇਸ ਤਰਾਂ ਦੇ ਦਾਅ-ਪੇਚ ਚੱਲਦੇ ਰਹਿੰਦੇ ਹਨ ਅਤੇ ਇਤਿਹਾਸ ਇਸ ਤਰਾਂ ਦੀਆਂ ਉਦਾਹਰਣਾਂ ਨਾਲ ਭਰਿਆ ਹੋਇਆ ਹੈ ਜਿੱਥੇ ਚੁਣਾਵੀ ਮੈਦਾਨ ਵਿਚ ਕਿਸੇ ਦੀ ਬਣੀ ਬਣਾਈ ਛਵੀ ਮਿੰਟਾਂ ਵਿਚ ਢਹਿ-ਢੇਰੀ ਹੋ ਜਾਂਦੀ ਹੈ।ਪਾਰਟੀ ਦੇ ਅੰਦਰੂਨੀ ਕਲੇਸ਼ਾਂ ਨੂੰ ਇਸ ਤਰਾਂ ਢਕਣ ਨਾਲ ਹੀ ਰਾਜਨੀਤੀ ਵਿਚ ਸਫਲਤਾ ਨਹੀਂ ਪ੍ਰਾਪਤ ਹੁੰਦੀ।ਇਕ ਮੁੱਖ ਮੰਤਰੀ ਨੂੰ ਅਹੁਦੇ ਤੋਂ ਲਾਂਭੇ ਕਰਕੇ ਜਲਦੀ ਹੀ ਦੂਜੇ ਨੂੰ ਲਿਆਉਣ ਨਾਲ ਵੀ ਗਲਤ ਸੰਦੇਸ਼ ਜਾਂਦਾ ਹੈ।ਦਲਿਤ ਮੁੱਖ ਮੰਤਰੀ ਨੂੰ ਚੁਣਨ ਦੇ ਪ੍ਰੋਜੈਕਟ ਪਿੱਛੇ ਵੀ ਕਾਂਗਰਸ ਨੇ ਕਾਲਪਨਿਕ ਰਾਜਨੀਤਿਕ ਸਹਿਯੋਗ ਬਾਰੇ ਸੋਚਿਆ ਹੋਵੇਗਾ ਜਿਸ ਵਿਚ ਇਹ ਉਮੀਦ ਸ਼ਾਮਿਲ ਸੀ ਕਿ ਉਨ੍ਹਾਂ ਦੇ ਇਸ ਦਾਅ ਨਾਲ ਸਾਰਾ ਦਲਿਤ ਭਾਈਚਾਰਾ ਕਾਂਗਰਸ ਦੇ ਪਿੱਛੇ ਲੱਗ ਜਾਵੇਗਾ। ਇਹ ਆਪਣੇ ਆਪ ਵਿਚ ਬਹੁਤ ਅਵਾਸਤਵਿਕ ਲੱਗਦਾ ਹੈ।ਕਾਂਗਰਸ ਪਾਰਟੀ ਜੋ ਕਿ ਕੁਝ ਮਹੀਨੇ ਪਹਿਲਾਂ ਪੰਜਾਬ ਵਿਚ ਜਿੱਤਣ ਦੇ ਸੁਪਨੇ ਲੈ ਰਹੀ ਸੀ, ਹੁਣ ਓਹਨਾਂ ਚੁਣੌਤੀਆਂ ਦਾ ਸਾਹਮਣਾ ਕਰ ਰਹੀ ਹੈ ਜੋ ਮਹਿਜ਼ ਚੁਣਾਵੀ ਹੀ ਨਹੀਂ ਬਲਕਿ ਅਸਤਿਤਵਾਦੀ ਵੀ ਹਨ।

ਅਗਰ ਅਸੀ ਪੰਜਾਬ ਦੀ ਸਮਾਜਿਕ ਹਾਲਾਤ ਉੱਪਰ ਨਜ਼ਰ ਮਾਰੀਏ ਤਾਂ ਪਤਾ ਚੱਲਦਾ ਹੈ ਕਿ ਇੱਥੇ ਚੁਣਾਵੀ ਖੇਤਰ ਦੋ ਧਾਰਮਿਕ ਖੰਡਾਂ ਸਿੱਖ ਅਤੇ ਹਿੰਦੂ ਵਿਚ ਵੰਡਿਆ ਹੋਇਆ ਹੈ ਜਿਸ ਵਿਚ ਤੀਜੀ ਧਿਰ ਅਨੁਸੂਚਿਤ ਜਾਤੀਆਂ ਦੇ ਰੂਪ ਵਿਚ ਉਨ੍ਹਾਂ ਵਿਚੋਂ ਗੁਜ਼ਰਦੀ ਹੈ।ਪੰਜਾਬ ਦੀ ਵਿਧਾਨਿਕ ਰਾਜਨੀਤੀ ਨੇ ਉਸ ਸਮਾਜਿਕ ਗਠਬੰਧਨ ਨੂੰ ਪ੍ਰੋਤਸਾਹਿਤ ਕੀਤਾ ਹੈ ਜਿਸ ਦੇ ਤਹਿਤ ਜਾਂ ਤਾਂ ਕਾਂਗਰਸ ਕੇਂਦਰ ਵਿਚ ਰਹਿੰਦੀ ਹੈ ਜਾਂ ਬੀਜੇਪੀ ਦੁਆਰਾ ਸਮਰਥਨ ਪ੍ਰਾਪਤ ਅਕਾਲੀ ਦਲ, ਜਿਸ ਦਾ ਸਥਾਨ ਹੁਣ ਬੀਐਸਪੀ ਨੇ ਲੈ ਲਿਆ ਹੈ।ਇਸ ਲਈ ਅਗਰ ਸੂਬੇ ਵਿਚ ਕਾਂਗਰਸ ਦਾ ਪਤਨ ਹੁੰਦਾ ਹੈ ਤਾਂ ਇਸ ਦੇ ਨਤੀਜੇ ਅਵੱਸ਼ ਹੀ ਨਿਕਲਣਗੇ।ਅਗਰ ਪਾਰਟੀ ਦੇ ਮੌਜੂਦਾ ਸੰਕਟ ਦਾ ਕੋਈ ਹੱਲ ਨਹੀਂ ਲੱਭਿਆ ਜਾਂਦਾ ਤਾਂ ਦੋ ਰਾਜਨੀਤਿਕ ਸੰਭਾਵਨਾਵਾਂ/ਦ੍ਰਿਸ਼ ਸਾਹਮਣੇ ਆਉਂਦੇ ਹਨ: ਇੱਕ, ਆਮ ਆਦਮੀ ਪਾਰਟੀ ਕਾਂਗਰਸ ਪਾਰਟੀ ਦਾ ਸਥਾਨ ਲੈ ਲਵੇਗੀ।ਦੂਜਾ, ਕਾਂਗਰਸ ਪਾਰਟੀ ਦੇ ਬਿਖਰਨ ਨਾਲ ਸੂਬੇ ਵਿਚ ਬਹੁ-ਪਾਰਟੀ ਵਿਵਸਥਾ ਸਾਹਮਣੇ ਆਵੇਗੀ।ਬਿਜ਼ਨਸ ਸਟੈਂਡਰਡ ਦੁਆਰਾ ਪੰਜਾਬ ਅਸੈਂਬਲੀ ਚੋਣਾਂ ਨਾਲ ਸੰਬੰਧਿਤ ਕਰਵਾਏ ਸਰਵੇ ਵਿਚੋਂ ਇਹ ਗੱਲ ਸਾਹਮਣੇ ਆਈ ਹੈ ਕਿ ਆਉਣ ਵਾਲੀਆਂ ਚੋਣਾਂ ਵਿਚ ਪੰਜਾਬ ਵਿਚ ਕਿਸੇ ਵੀ ਪਾਰਟੀ ਨੂੰ ਸਪੱਸ਼ਟ ਬਹੁਮਤ ਮਿਲਣ ਦੀ ਸੰਭਾਵਨਾ ਨਹੀਂ ਹੈ। ਇਸ ਸਰਵੇ ਵਿਚ ਕਾਂਗਰਸ ਨੂੰ ੪੯, ਸ਼੍ਰੋਮਣੀ ਅਕਾਲੀ ਦਲ ਅਤੇ ਬੀਐਸਪੀ ਨੂੰ ੨੩ ਅਤੇ ਬੀਜੇਪੀ ਨੂੰ ਦੋ ਸੀਟਾਂ ਮਿਲਣ ਦੀ ਸੰਭਾਵਨਾ ਜਤਾਈ ਗਈ ਹੈ।

੨੦੧੭ ਦੀਆਂ ਲੋਕ ਸਭਾ ਚੋਣਾਂ ਵਿਚ ਆਮ ਆਦਮੀ ਪਾਰਟੀ ਨੇ ਆਪਣੀਆਂ ਹੀ ਗਲਤੀਆਂ ਕਰਕੇ ਮੌਕਾ ਗੁਆ ਲਿਆ।ਪੰਜ ਸਾਲ ਪਹਿਲਾਂ ਆਪ ਕੋਲ ਕੁਝ ਮਹੱਤਵਪੂਰਨ ਚਿਹਰੇ ਸਨ, ਪਰ ਅੰਤਲੇ ਪਲ ਤੱਕ ਵੀ ਉਨ੍ਹਾਂ ਨੇ ਮੁੱਖ ਮੰਤਰੀ ਦਾ ਚਿਹਰਾ ਨਹੀਂ ਐਲਾਨਿਆ।ਇਸ ਸਮੇਂ ਵੀ ਆਪ ਮੁੱਖ ਮੰਤਰੀ ਦਾ ਚਿਹਰਾ ਖੋਜ ਰਹੀ ਹੈ ਜਿਸ ਵਿਚ ਉਨ੍ਹਾਂ ਨੂੰ ਅਜੇ ਤੱਕ ਕੋਈ ਸਫਲਤਾ ਨਹੀਂ ਮਿਲੀ ਹੈ।ਪਾਰਟੀ ਦੁਆਰਾ ਨਵੀਂ ਦਿੱਖ ਵਾਲੇ ਚਿਹਰਿਆਂ ਰਾਹੀ ਰਾਜਨੀਤੀ ਨੂੰ ਨਵੀਂ ਦਿਸ਼ਾ ਪ੍ਰਦਾਨ ਕਰਨ ਦੀ ਰਣਨੀਤੀ ਨੇ ਆਪਣੀ ਚਮਕ-ਦਮਕ ਗੁਆ ਲਈ ਹੈ।ਭਾਰੀ ਜੱਥੇਬੰਦਕ ਅਤੇ ਰਾਜਨੀਤਿਕ ਗਲਤੀਆਂ ਦੇ ਬਾਵਜੂਦ ਪੰਜਾਬ ਦੀ ਰਾਜਨੀਤੀ ਵਿਚ ਆਪ ਅਜੇ ਵੀ ਬਹੁਤ ਮਹੱਤਵਪੂਰਨ ਹੈ।ਮੌਜੂਦਾ ਸਮੇਂ ਵਿਚ ਕਾਂਗਰਸ ਵਿਚ ਚੱਲਦਾ ਕਾਟੋ ਕਲੇਸ਼ ਆਮ ਆਦਮੀ ਪਾਰਟੀ ਦੇ ਪੱਖ ਵਿਚ ਭੁਗਤਦਾ ਨਜਰ ਆ ਰਿਹਾ ਹੈ। ਬਾਕੀ ਸਫ਼ਾ 30 'ਤੇ

# ਕੌਣ ਕਰੇਗਾ ਚੋਣ ਵਾਅਦਿਆਂ ਦੀ ਕਾਨੂੰਨੀ ਜਵਾਬਦੇਹੀ ?

**ਟੀਡੀ ਚਾਵਲਾ**

ਇੰਜ ਲਗਦਾ ਹੈ ਚੋਣ ਤੇ ਵੋਟ ਦੀ ਰਾਜਨੀਤੀ ਨੇਤਾਵਾਂ ਦੀ ਮਜਬੂਰੀ ਬਣ ਗਈ ਹੈ। ਸਭ ਰਾਜਨੀਤਕ ਪਾਰਟੀਆਂ ਦੇ ਲੀਡਰ ਚੋਣਾਂ ਦੇ ਕਰੀਬ ਦੋ ਸਾਲ ਬਾਕੀ ਰਹਿੰਦਿਆਂ ਹੀ ਨਵੀਂਆਂ ਨੀਤੀਆਂ ਤੇ ਵਾਅਦਿਆਂ ਦੀ ਖੋਜ ਵਿਚ ਲੱਗ ਜਾਂਦੇ ਹਨ। ਉਹ ਮੌਜੂਦਾ ਸਰਕਾਰ ਦੀਆਂ ਅਸਫਲਤਾਵਾਂ ਵਿਚੋਂ ਆਪਣੇ ਮੁੱਦੇ ਲੱਭਦੇ ਹਨ ਅਤੇ ਵਾਅਦਿਆਂ ਦੀ ਉਸਾਰੀ ਸ਼ੁਰੂ ਕਰ ਦਿੰਦੇ ਹਨ। ਕੌਮੀ ਅਤੇ ਰਾਜ ਪੱਧਰ 'ਤੇ ਹਰ ਪਾਰਟੀ ਨੇ ਆਪਣਾ ਪੁਨਰਗਠਨ ਸ਼ੁਰੂ ਕਰ ਦਿੱਤਾ ਹੈ। ਸਭ ਰਾਜਸੀ ਪਾਰਟੀਆਂ ਦੀਆਂ ਹਾਈਕਮਾਨਾਂ ਨੀਤੀ ਘਾੜਿਆਂ ਨਾਲ ਸਲਾਹ-ਮਸ਼ਵਰੇ ਆਰੰਭ ਕਰ ਰਹੀਆਂ ਹਨ। ਕੁਝ ਮਹੀਨੇ ਪਹਿਲਾਂ ਕੇਂਦਰ ਵਿਚ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੇ ਕਈ ਮੰਤਰੀ ਹਟਾਏ ਹਨ ਤੇ ਕਈ ਨਵੇਂ ਸਜਾਏ ਹਨ। ਹਰ ਮੰਤਰੀ ਦੇ ਬਣਨ ਅਤੇ ਹਟਣ ਦੀ ਆਪਣੀ ਕਹਾਣੀ ਹੈ। ਹਰ ਰਾਜਸੀ ਪਾਰਟੀ ਚੋਣ ਰਣਨੀਤੀ ਦੇ ਪੱਖ ਤੋਂ ਕੰਮ ਆਉਣ ਵਾਲੇ ਆਈ.ਏ.ਐਸ., ਆਈ.ਪੀ.ਐਸ., ਪੀ.ਸੀ.ਐਸ. ਤੇ ਹੋਰ ਸੇਵਾ-ਮੁਕਤ ਅਧਿਕਾਰੀਆਂ 'ਤੇ ਨਜ਼ਰ ਰੱਖਦੀ ਹੈ।

ਉਹ ਫ਼ਿਲਮੀ ਸਿਤਾਰਿਆਂ, ਕਲਾਕਾਰਾਂ ਤੇ ਹੋਰ ਵੱਡੇ ਨਾਂਅ ਕਮਾ ਚੁੱਕੇ ਕਾਲਜਾਂ, ਯੂਨੀਵਰਸਿਟੀਆਂ ਦੇ ਮੁਖੀਆਂ ਅਤੇ ਯੂਨੀਅਨਾਂ 'ਤੇ ਵੀ ਨਜ਼ਰ ਰੱਖਦੇ ਹਨ ਤਾਂ ਜੋ ਉਹ ਚੋਣ ਰੈਲੀਆਂ ਵਿਚ ਭੀੜਾਂ ਜੁਟਾਉਣ ਲਈ ਉਨਾਂ ਦੀ ਬਣੀ ਸ਼ਾਨ ਤੇ ਖਿੱਚ ਦਾ ਲਾਭ ਉਠਾ ਸਕੇ। ਇਸ ਸੰਦਰਭ ਵਿਚ ਤੁਸੀਂ ਕਿਰਨ ਖੇਰ ਤੇ ਸਨੀ ਦਿਓਲ, ਸ਼ਤਰੂਘਨ ਸਿਨਹਾ, ਪਰਗਟ ਸਿੰਘ, ਹੰਸਰਾਜ ਹੰਸ, ਗੌਤਮ ਗੰਭੀਰ ਅਤੇ ਨਵਜੋਤ ਸਿੰਘ ਸਿੱਧੂ, ਸਮ੍ਰਿਤੀ ਇਰਾਨੀ ਆਦਿ ਦਾ ਨਾਂਅ ਲੈ ਸਕਦੇ ਹੋ। ਇਸੇ ਤਰਾਂ ਆਰਥਿਕਤਾ ਵਿਚ ਨੀਤੀ ਮਾਹਰਾਂ ਅਤੇ ਵੱਡੇ ਸਨਅਤੀ ਧਨਾਢਾਂ 'ਤੇ ਵੀ ਨਜ਼ਰ ਰਹਿੰਦੀ ਹੈ। ਹਰ ਸਰਕਾਰ ਪਹਿਲੇ ਦੋ ਸਾਲਾਂ ਵਿਚ ਕੁਝ ਵਾਅਦੇ ਪੂਰੇ ਕਰਦੀ ਹੈ, ਅਗਲੇ ਸਾਲ ਟੈਕਸ ਲਾਉਂਦੀ ਹੈ ਅਤੇ ਅਖੀਰਲੇ ਸਾਲ ਵਿਕਾਸ ਦੇ ਤੋਹਫ਼ੇ ਤੇ ਵਾਅਦਿਆਂ ਦੇ ਗੱਫੇ ਵੰਡਦੀ ਹੈ। ਜੇਕਰ ਪੰਜਾਬ 'ਤੇ ਜ਼ਰਾ ਨਜ਼ਰ ਮਾਰੀਏ ਤਾਂ 18 ਨੁਕਾਤੀ ਪ੍ਰੋਗਰਾਮ 'ਤੇ ਕੰਮ ਕਰਨ ਦੀ ਲੋੜ ਹੈ। ਹੁਣ ਜੇ ਇਹ ਸਭ ਕੁਝ ਹੋਵੇ ਤਾਂ ਆਖਿਰ ਕੀ ਪ੍ਰੇਸ਼ਾਨੀ ਹੋ ਸਕਦੀ ਹੈ ? ਰਾਜਨੀਤੀ ਕਿਸੇ ਦੀ ਵੀ ਮੁਕੰਮਲ ਨਹੀਂ ਹੈ, ਇਹ ਕਈ ਕਮਜ਼ੋਰੀਆਂ ਉਜਾਗਰ ਕਰ ਦਿੰਦੀ ਹੈ। ਕੋਈ ਅਧਿਕਾਰੀ ਗ਼ਲਤੀ ਕਰਦਾ ਹੈ ਜਾਂ ਵਿਧਾਇਕ ਗ਼ਲਤੀ ਕਰਦਾ ਹੈ ਤਾਂ ਉਹ ਮੁੱਖ ਮੰਤਰੀ ਦੀ ਹੀ ਗ਼ਲਤੀ ਸਮਝੀ ਜਾਂਦੀ ਹੈ। ਵਿਰੋਧੀ ਧਿਰਾਂ ਨੂੰ ਇਨਾਂ ਗ਼ਲਤੀਆਂ ਤੋਂ ਮੁੱਦੇ ਮਿਲ ਜਾਂਦੇ ਹਨ। ਪੰਜਾਬ ਅੰਦਰ ਬਰਗਾੜੀ ਕਾਂਡ ਵਿਚ ਪੁਲਿਸ ਅਧਿਕਾਰੀਆਂ ਦੀ ਮਾੜੀ ਕਾਰਗੁਜ਼ਾਰੀ, ਆਈ.ਏ.ਐਸ. ਅਧਿਕਾਰੀਆਂ ਦੀ ਮਾੜੀ ਕਾਰਗੁਜ਼ਾਰੀ ਕੈਪਟਨ ਦੇ ਜੜੀਂ ਬਹਿ ਗਈ ਸੀ, ਤੇ ਇਸ ਦਾ ਕੋਈ ਜਵਾਬ ਨਜ਼ਰ ਨਹੀਂ ਆ ਰਿਹਾ। ਇਸੇ ਤਰਾਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਵਲੋਂ ਕੀਤੇ




ਬਿਜਲੀ ਸਮਝੌਤਿਆਂ 'ਤੇ ਕਿਸੇ ਦੀ ਨਜ਼ਰ ਹੀ ਨਹੀਂ ਗਈ ਤੇ ਵਿਰੋਧੀ ਧਿਰਾਂ ਨੂੰ ਸਰਕਾਰ ਦੀ ਨਾਕਾਮ ਕਾਰਗੁਜ਼ਾਰੀ ਅਤੇ ਅਕਾਲੀ ਦਲ, ਭਾਜਪਾ ਦੀ ਵਿਵਾਦੀ ਕਾਰਗੁਜ਼ਾਰੀ ਦੇ ਮੁੱਦੇ ਮਿਲ ਗਏ। ਇਨਾਂ ਦਾ ਫਾਇਦਾ ਕ੍ਰਿਕਟਰ ਤੇ ਰਾਜਨੇਤਾ ਨਵਜੋਤ ਸਿੰਘ ਸਿੱਧੂ ਉਠਾ ਗਿਆ ਅਤੇ ਉਹ ਆਪਣੀ ਹਾਈਕਮਾਨ ਨੂੰ ਇਹ ਸਮਝਾਉਣ ਵਿਚ ਕਾਮਯਾਬ ਹੋ ਗਿਆ ਕਿ ਆਉਂਦੀਆਂ ਚੋਣਾਂ ਵਿਚ ਸਾਨੂੰ ਹੱਲ ਤਲਾਸ਼ਣੇ ਪੈਣਗੇ। ਸਿੱਧੂ ਦੀ ਚੜਤ ਮੌਕੇ ਦੀ ਸਥਿਤੀ ਸੰਭਾਲਣ, ਸਵਾਰਨ ਅਤੇ ਅੱਗੇ ਭਵਿੱਖ ਦਾ ਉਜਾਲਾ ਦਿਖਾਉਣ ਵਿਚ ਕਿਸੇ ਹੱਦ ਤੱਕ ਕਾਮਯਾਬ ਹੋਈ ਹੈ। ਅਸਲ ਵਿਚ ਗੱਲ ਸ਼ੁਰੂ ਹੋਈ ਸੀ ਕਿ ਚੋਣਾਂ ਵੋਟਾਂ ਤੇ ਨੀਤੀਆਂ ਨਾਲ ਜਿੱਤੀਆਂ ਜਾਂਦੀਆਂ ਹਨ ਤੇ ਵੋਟਾਂ ਲਈ ਚੰਗੀਆਂ ਨੀਤੀਆਂ ਕੰਮ ਆਉਂਦੀਆਂ ਹਨ। ਇਨਾਂ ਨੀਤੀਆਂ ਵਿਚ ਕੈਪਟਨ ਅਮਰਿੰਦਰ ਸਿੰਘ ਦੀਆਂ ਪਿਛਲੀਆਂ ਵਿਧਾਨ ਸਭਾ ਚੋਣਾਂ ਸਮੇਂ ਘਰ-ਘਰ ਨੌਕਰੀ ਅਤੇ ਸਸਤੀ ਬਿਜਲੀ ਦੇ ਵਾਅਦੇ ਅਧੂਰੇ ਪੈ ਗਏ, ਜਿਸ ਕਰਕੇ ਹਾਈਕਮਾਨ ਵਲੋਂ ਅਠਾਰਾਂ ਨੁਕਾਤੀ ਪ੍ਰੋਗਰਾਮ ਦਿੱਤਾ ਗਿਆ। ਗੱਲ ਚੋਣਾਂ ਜਿੱਤਣ ਦੀ ਚੱਲ ਰਹੀ ਹੈ ਅਤੇ ਇਸ ਲਈ ਆਪ ਦਾ ਮੁਖੀ ਕੇਜਰੀਵਾਲ 300 ਯੂਨਿਟ ਫ੍ਰੀ ਬਿਜਲੀ ਦੇਣ ਦੇ ਵਾਅਦੇ ਵੀ ਕਰ ਗਿਆ ਹੈ, ਜਿਸ ਦਾ ਢੁਕਵਾਂ ਉੱਤਰ ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਨੇ ਦਿੱਤਾ ਹੈ। ਕੇਜਰੀਵਾਲ ਦੀ ਇਸ ਗੱਲ ਤੋਂ ਕਾਂਗਰਸ ਨੇ ਸਮਝ ਲਿਆ ਕਿ ਉਹ ਜਿੱਤੀ ਹੋਈ ਬਾਜ਼ੀ ਹਾਰ ਰਹੀ ਹੈ ਅਤੇ ਉਸ ਨੇ ਇਸ ਦੇ ਜਵਾਬ ਲਈ ਸਿੱਧੂ ਨੂੰ ਤਿਆਰ ਕੀਤਾ ਤੇ ਉਸ ਨੇ ਵੀ ਮੋੜਵਾਂ ਜਵਾਬ ਦਿੱਤਾ ਤੇ ਕੁਝ ਸੰਤੁਲਨ ਬਣਿਆ। ਪਰ ਕੇਜਰੀਵਾਲ ਨੇ ਪੰਜਾਬ ਦੇ ਥਰਮਲ ਪਲਾਂਟ ਬੰਦ ਕਰਨ ਅਤੇ ਪੰਜਾਬ 'ਤੇ ਪ੍ਰਦੂਸ਼ਣ ਫੈਲਾਉਣ ਦੇ ਵਾਰ-ਵਾਰ ਦੋਸ਼ ਲਗਾਉਣ ਅਤੇ ਸੁਪਰੀਮ ਕੋਰਟ ਤੋਂ ਆਕਸੀਜਨ ਗੈਸ ਅਤੇ ਪ੍ਰਦੂਸ਼ਣ ਦੇ ਮੁੱਦੇ 'ਤੇ ਝਾੜ ਖਾਣ ਉਪਰੰਤ ਆਪ ਦੀ ਚੜਤ ਕੁਝ ਕਮਜ਼ੋਰ ਪੈ ਗਈ ਹੈ। ਪਰ ਇਹ ਤਾਂ ਨਿਤ ਰੋਜ਼ ਦੀ ਸ਼ਤਰੰਜ ਦੀ ਖੇਡ ਹੈ। ਅਫ਼ਸੋਸ ਤਾਂ ਸ਼੍ਰੋਮਣੀ ਅਕਾਲੀ ਦਲ 'ਤੇ ਹੁੰਦਾ ਹੈ ਕਿ ਉਹ ਸੌ ਸਾਲ ਦੀ ਪਾਰਟੀ ਮੁੱਦਿਆਂ ਤੋਂ ਕਿਉਂ ਪਛੜ ਰਹੀ ਹੈ ? ਕਿਸਾਨੀ, ਬਰਗਾੜੀ ਕਾਂਡ ਅਤੇ ਮਹਿੰਗੀ ਬਿਜਲੀ ਦੇ ਮੁੱਦੇ ਉਸ ਦੇ ਸਿਰ 'ਤੇ ਮੜੇ ਜਾ ਰਹੇ ਹਨ ਅਤੇ ਇਨਾਂ ਦਾ ਕੋਈ ਢੁਕਵਾਂ ਉੱਤਰ ਲੋਕਾਂ ਨੂੰ ਨਹੀਂ ਮਿਲ ਰਿਹਾ। ਇਸ ਤਰਾਂ ਜਿਵੇਂ ਕਾਂਗਰਸ ਦੀ ਸਥਿਤੀ ਕੁਝ ਸਪੱਸ਼ਟ ਹੁੰਦੀ ਜਾ ਰਹੀ ਹੈ, ਆਪ ਅਤੇ ਅਕਾਲੀ ਦਲ, ਬਸਪਾ ਲਈ ਬਹੁਤ ਕੁਝ ਕਰਨ ਦੀ ਲੋੜ ਹੈ। ਕਿਉਂਕਿ ਸਥਾਪਤੀ ਵਿਰੋਧੀ ਰੁਝਾਨ ਦਾ ਮੁੱਦਾ ਸਾਰਾ ਫਿਰ ਅਕਾਲੀ ਦਲ ਦੇ ਸਿਰ 'ਤੇ ਮੜਿਆ ਜਾ ਰਿਹਾ ਹੈ। ਮਹਿੰਗੀ ਬਿਜਲੀ ਦੇ ਮੁੱਦੇ ਨੇ ਵਧੇਰੇ ਨੁਕਸਾਨ ਅਕਾਲੀ ਦਲ ਦਾ ਹੀ ਕੀਤਾ ਹੈ। ਬਿਜਲੀ ਸਮਝੌਤੇ ਬਹੁਤ ਵੱਡਾ ਮੁੱਦਾ ਸਨ। ਬਰਗਾੜੀ ਕਾਂਡ ਵੀ ਬਹੁਤ ਵੱਡਾ ਮੁੱਦਾ ਸੀ। ਬਿਜਲੀ ਦੇ ਮੁੱਦੇ ਵਿਚ ਸੌਦੇਬਾਜ਼ੀ ਦੀ ਗੱਲ ਹੈ ਤੇ ਅਰਵਿੰਦ ਕੇਜਰੀਵਾਲ ਕੰਪਨੀਆਂ ਤੋਂ ਸਸਤੀ ਬਿਜਲੀ ਹਾਸਲ ਕਰ ਰਹੇ ਹਨ, ਇਹ ਵੀ ਵਪਾਰਕ ਮੁੱਦਾ ਹੈ। ਗੱਲ ਸ਼ੁਰੂ ਹੋਈ ਸੀ ਵਾਅਦੇ ਕਰਨੇ ਤੇ ਵੋਟਾਂ ਲੈਣ ਦੀ। ਰਾਜਨੀਤੀਵਾਨ ਸੋਚਦੇ ਹਨ ਕਿ ਹਜ਼ਾਰ, ਦੋ ਹਜ਼ਾਰ ਜਾਂ ਤਿੰਨ ਹਜ਼ਾਰ ਦਾ ਬੇਰੁਜ਼ਗਾਰਾਂ ਨੂੰ ਲਾਲਚ ਦੇ ਕੇ ਤੇ ਪੈਨਸ਼ਨਾਂ ਆਦਿ ਨਾਲ ਤਮਿਲਨਾਡੂ ਵਾਂਗ ਲੋਕਾਂ ਨੂੰ ਭਰਮਾਇਆ ਜਾਵੇ। ਬਿਜਲੀ ਪੰਜ ਰੁਪਏ ਯੂਨਿਟ ਦਿੱਤੀ ਜਾਵੇ ਅਤੇ ਸਿਹਤ, ਸਿੱਖਿਆ ਕਿਸੇ ਹੱਦ ਤੱਕ ਮੁਫ਼ਤ ਕੀਤੀ ਜਾਵੇ। ਚਾਹੀਦਾ ਇਹ ਹੈ ਕਿ ਵਾਅਦੇ ਕਾਨੂੰਨ ਦੀ ਸ਼ਕਲ ਅਖ਼ਤਿਆਰ ਕਰਨ। ਜੇਕਰ ਕੋਈ ਸੱਤਾਧਾਰੀ ਪਾਰਟੀ ਦਾਅਵੇ ਪੂਰੇ ਨਹੀਂ ਕਰਦੀ ਤਾਂ ਉਸ ਦੀ ਜਵਾਬਦੇਹੀ ਹੋਵੇ।

ਕਿੰਨੀ ਦੇਰ ਇਹ ਲੀਡਰ ਲੋਕਾਂ ਨੂੰ ਗੁੰਮਰਾਹ ਕਰਦੇ ਰਹਿਣਗੇ ? ਜਦ ਤੱਕ ਇਨਾਂ 'ਤੇ ਕਾਨੂੰਨੀ ਪਾਬੰਦੀ ਨਹੀਂ ਲਗਦੀ, ਆਇਆ ਰਾਮ ਗਿਆ ਰਾਮ ਚਲਦਾ ਰਹੇਗਾ ਅਤੇ ਕਈ ਸੰਸਦ ਮੈਂਬਰਾਂ ਦੇ ਗੁਆਚਣ ਦੇ ਪੋਸਟਰ ਲਗਦੇ ਰਹਿਣਗੇ। ਨਾਲ ਹੀ ਇਹ ਕਾਨੂੰਨ ਬਣਾਉਣਾ ਵੀ ਲਾਜ਼ਮੀ ਹੋਣਾ ਚਾਹੀਦਾ ਹੈ ਕਿ ਚੋਣਾਂ ਲੜਨ ਵਾਲਾ ਉਸ ਇਲਾਕੇ ਵਿਚ ਪੰਜ ਸਾਲ ਤੋਂ ਵੱਧ ਸਮਾਂ ਰਿਹਾ ਹੋਵੇ। ਮੁੰਬਈ ਤੋਂ ਬੈਠ ਕੇ ਗੁਰਦਾਸਪੁਰ ਵਿਚ ਰਾਜ ਨਾ ਕਰੇ ਤੇ ਜਲੰਧਰ ਰਹਿੰਦਾ ਲੀਡਰ ਦਿੱਲੀ ਜਾ ਕੇ ਰਾਜ ਨਾ ਕਰੇ। ਰਾਜਨੀਤੀ ਦਾ ਮੇਲਾ ਆਰੰਭ ਹੈ, ਲੋਕ ਸਾਵਧਾਨ ਹੋਣ ਅਤੇ ਚੋਣ ਪ੍ਰਣਾਲੀ ਵਿਚ ਦਿਸਦੀਆਂ ਕੁਰੀਤੀਆਂ ਨੂੰ ਖ਼ਤਮ ਕਰਨ ਲਈ ਸਿਆਣਪ ਤੋਂ ਕੰਮ ਲੈਣ ਅਤੇ ਸੰਵਿਧਾਨ ਦੇ ਅਨੁਸਾਰ ਆਪਣੇ ਆਚਰਨ ਨੂੰ ਢਾਲਣ। ਚੰਗਾ ਹੋਵੇਗਾ ਜੇ ਕਿਸਾਨੀ, ਰੁਜ਼ਗਾਰ, ਗ਼ਰੀਬੀ, ਮਹਿੰਗਾਈ, ਨਸ਼ੇ, ਧਰਤੀ ਥੱਲੇ ਦੇ ਪਾਣੀ, ਪ੍ਰਦੂਸ਼ਣ, ਪਰਾਲੀ ਸਾੜਨ, ਅਵਾਰਾ ਪਸ਼ੂਆਂ ਨੂੰ ਸੰਭਾਲਣ ਦੇ ਪ੍ਰਬੰਧ ਅਤੇ ਸਮਾਜਿਕ ਕੁਰੀਤੀਆਂ ਖ਼ਤਮ ਕਰਨ, ਬਜ਼ੁਰਗਾਂ ਦੀ ਦੇਖਭਾਲ ਕਰਨ ਦੇ ਮੁੱਦੇ ਵੀ ਚੋਣ ਮੁੱਦਿਆਂ ਵਿਚ ਸ਼ਾਮਿਲ ਹੋਣ। ਕਾਂਗਰਸ ਤਾਂ ਹੀ ਬਚ ਸਕਦੀ ਹੈ ਜੇਕਰ ਮੁੱਖ ਮੰਤਰੀ ਚੰਨੀ, ਪੰਜਾਬ ਕਾਂਗਰਸ ਪ੍ਰਧਾਨ ਨਵਜੋਤ ਸਿੰਘ ਸਿੱਧੂ ਤੇ ਹੋਰ ਜ਼ਿੰਮੇਵਾਰ ਆਗੂ ਆਪਸੀ ਏਕਤਾ ਨਾਲ ਏਜੰਡੇ 'ਤੇ ਕੰਮ ਕਰਨ।



# ਭਗਵੇਂਵਾਦੀ ਪੈਦਾ ਕਰ ਰਹੇ ਹਨ ਹਿੰਸਾ ਦਾ ਮਾਹੌਲ

**ਡਾਕਟਰ ਅਰੁਣ ਮਿਤਰਾ**

ਤਾਕਤਵਰ ਲੋਕ ਆਪਣੇ ਤੋਂ ਨੀਵੇਂ ਲੋਕਾਂ ਨੂੰ ਕਿਸੇ ਨਾ ਕਿਸੇ ਢੰਗ ਨਾਲ ਦਬਾ ਕੇ ਰੱਖਦੇ ਹਨ ਅਤੇ ਆਪਣਾ ਰਾਜਨੀਤਕ ਗ਼ਲਬਾ ਕਾਇਮ ਰੱਖਣ ਦਾ ਮਕਸਦ ਪੂਰਾ ਕਰਨ ਲਈ ਸਾਰੇ ਸਮਾਜ ਤੱਕ ਨੂੰ ਵੀ ਹਿੰਸਾ ਵਿਚ ਝੋਕਣ ਤੋਂ ਗੁਰੇਜ਼ ਨਹੀਂ ਕਰਦੇ। ਇਸ ਲਈ ਜਦੋਂ ਹਿੰਸਕ ਰੁਚੀ ਦੇ ਵਿਅਕਤੀ ਜਾਂ ਜਥੇਬੰਦੀ ਆਪਣੀ ਸੋਚ ਨੂੰ ਸਮਾਜ ’ਤੇ ਥੋਪਦੇ ਹਨ ਤਾਂ ਇਸ ਦੇ ਭਿਆਨਕ ਸਿੱਟੇ ਨਿਕਲ ਸਕਦੇ ਹਨ। ਇੰਜ ਵਿਸ਼ਵ ਦੇ ਅਨੇਕਾਂ ਹਿੱਸਿਆਂ ਵਿਚ ਦੇਖਿਆ ਗਿਆ ਹੈ।

ਪੁਰਾਣੇ ਸਮੇਂ ਵਿਚ ਰਾਜਿਆਂ ਮਹਾਰਾਜਿਆਂ ਅਤੇ ਬਾਦਸ਼ਾਹਾਂ ਵਲੋਂ ਆਪਣੀ ਪਰਜਾ ਦੀ ਗੱਲ ਨਾ ਮੰਨਣ ਜਾਂ ਉਸ ਦੇ ਕਿੰਤੂ-ਪ੍ਰੰਤੂ ਕਰਨ ’ਤੇ ਉਸ ਨਾਲ ਹਿੰਸਕ ਵਿਹਾਰ ਕੀਤਾ ਜਾਂਦਾ ਰਿਹਾ ਹੈ। ਭਾਰਤੀ ਇਤਿਹਾਸ ਵਿਚ ਚੰਦਰਗੁਪਤ ਮੌਰਿਆ ਦੇ ਵੇਲੇ ਰਾਜਾ ਧਨਾਨੰਦ ਵਲੋਂ ਕੇਵਲ ਗ਼ਰੀਬ ਜਨਤਾ ਦਾ ਹੀ ਘਾਣ ਨਹੀਂ ਕੀਤਾ ਗਿਆ ਬਲਕਿ ਸਮਕਾਲੀਨ ਵਿਦਵਾਨ ਚਾਣਕਿਆ ਨੂੰ ਵੀ ਮਾਰਨ ਦੀਆਂ ਸਾਜਿਸ਼ਾਂ ਰਚੀਆਂ ਗਈਆਂ ਸਨ। ਕਿਹਾ ਜਾਂਦਾ ਹੈ ਕਿ ਰਾਜਾ ਅਸ਼ੋਕ ਨੇ ਕਲਿੰਗਾ ਦੀ ਲੜਾਈ ਵਿਚ ਲੱਖਾਂ ਲੋਕਾਂ ਦਾ ਕਤਲ ਕੀਤਾ। ਬਾਅਦ ਵਿਚ ਵਿਦੇਸ਼ੀ ਹਮਲਾਵਰ ਸਾਡੇ ਦੇਸ਼ ਵਿਚ ਆਏ। ਉਨਾਂ ਨੇ ਵੀ ਇਥੋਂ ਦੇ ਲੋਕਾਂ ਦਾ ਘਾਣ ਕੀਤਾ। ਮੁਗਲਾਂ ਨੇ ਆਪਣੀ ਸੱਤਾ ਸਥਾਪਤ ਕਰਨ ਲਈ ਹਿੰਸਾ ਦੀ ਵਰਤੋਂ ਕੀਤੀ ਤੇ ਨਾਲ ਹੀ ਕੂਟਨੀਤੀ ਦਾ ਇਸਤੇਮਾਲ ਵੀ ਕੀਤਾ, ਭਾਵੇਂ ਬਾਅਦ ਵਿਚ ਮੁਗ਼ਲਾਂ ਨੇ ਐਲਾਨ ਕੀਤਾ ਕਿ ਉਹ ਇਸ ਖਿੱਤੇ ਦਾ ਹੀ ਹਿੱਸਾ ਹਨ ਤੇ ਇੱਥੇ ਹੀ ਰਹਿ ਗਏ ਤੇ ਸਮਾਜ ਵਿਚ ਰਲ ਮਿਲ ਗਏ। ਪਰ ਅੰਗਰੇਜ਼ੀ ਸਾਮਰਾਜ ਨੇ ਇੰਜ ਨਹੀਂ ਕੀਤਾ। ਉਨਾਂ ਨੇ ਕੂਟਨੀਤੀ ਰਾਹੀਂ ਇੱਥੇ ਕਬਜ਼ਾ ਕੀਤਾ ਤੇ ਦੇਸ਼ ਨੂੰ ਲੁੱਟਿਆ। ਉਹ ਸਾਰਾ ਮਾਲ ਇੰਗਲੈਂਡ ਵਿਚ ਲੈ ਗਏ ਤੇ ਭਾਰਤ ਨੂੰ ਖੋਖਲਾ ਕਰਕੇ ਉਨਾਂ ਨੇ ਆਪਣੀ ਆਰਥਿਕਤਾ ਮਜ਼ਬੂਤ ਕੀਤੀ। ਉਨਾਂ ਦੁਆਰਾ ਆਜ਼ਾਦੀ ਘੁਲਾਟੀਆਂ ਦੇ ਉੱਪਰ ਕੀਤੇ ਅੱਤਿਆਚਾਰਾਂ ਦੀ ਸੂਚੀ ਤਾਂ ਬਹੁਤ ਲੰਮੀ ਹੈ।

ਆਜ਼ਾਦੀ ਉਪਰੰਤ ਲੋਕਤੰਤਰ ’ਤੇ ਆਧਾਰਿਤ ਦੇਸ਼ ਦੀ ਸਿਰਜਣਾ ਇਕ ਬਹੁਤ ਵੱਡੀ ਚੁਣੌਤੀ ਤੇ ਕਾਮਯਾਬੀ ਸੀ। ਦੇਸ਼ ਵਿਚ ਰਹਿਣ ਵਾਲੇ ਹਰ ਵਿਅਕਤੀ ਨੂੰ ਕਿਸੇ ਧਰਮ, ਜਾਤ, ਲਿੰਗ ਭੇਦ ਦੇ ਵਖਰੇਵੇਂ ਤੋਂ ਬਰਾਬਰ ਦੇ ਅਧਿਕਾਰ ਦਿੱਤੇ ਗਏ। ਏਨਾ ਹੀ ਨਹੀਂ, ਜੋ ਲੋਕ ਸਦੀਆਂ ਤੋਂ ਵਾਂਝੇ ਰਹੇ ਉਨਾਂ ਨੂੰ ਵਿਸ਼ੇਸ਼ ਅਧਿਕਾਰ ਦੇ ਕੇ ਉੱਚਾ ਚੁੱਕਣ ਦੀ ਕੋਸ਼ਿਸ਼ ਕੀਤੀ ਗਈ। ਇਨਾਂ ਕਦਮਾਂ ਦੇ ਨਾਲ ਕਮੀਆਂ ਪੇਸ਼ੀਆਂ ਦੇ ਬਾਵਜੂਦ ਸਮਾਜਿਕ ਮਿਲਵਰਤਣ ਵਿਚ ਵਾਧਾ ਹੋਇਆ। ਸਦੀਆਂ ਤੋਂ ਲਤਾੜੇ ਗਏ ਲੋਕ ਵੀ ਕੁਝ ਹੱਦ ਤੱਕ ਆਪਣੇ ਅਧਿਕਾਰ ਪ੍ਰਾਪਤ ਕਰ ਸਕੇ। ਫ਼ਿਰਕਿਆਂ ’ਤੇ ਆਧਾਰਿਤ ਦੂਰੀਆਂ ਨੂੰ ਵੀ ਘੱਟ ਕੀਤਾ ਗਿਆ। ਪਰ ਅੱਜ ਫਿਰ ਇਨਾਂ ਸਭ ਪ੍ਰਾਪਤੀਆਂ ਨੂੰ ਖ਼ਤਰਾ ਪੈਦਾ ਹੋ ਗਿਆ ਹੈ। ਅੱਜ ਇਕ ਵਿਸ਼ੇਸ਼ ਕਿਸਮ ਦੀ ਸੌੜੀ ਤੇ ਕੱਟੜਵਾਦੀ ਸੋਚ





ਨੂੰ ਥੋਪਣ ਦੀ ਭਰਪੂਰ ਕੋਸ਼ਿਸ਼ ਕੀਤੀ ਜਾ ਰਹੀ ਹੈ। ਸਮਾਜ ਵਿਚ ਵਿਭਿੰਨਤਾਵਾਂ ਨੂੰ ਖ਼ਤਮ ਕਰਕੇ ਇਕ ਵਿਸ਼ੇਸ਼ ਸੋਚ ਨੂੰ ਪ੍ਰਨਾਇਆ ਸਮਾਜ ਬਣਾਉਣ ਦੀ ਕੋਸ਼ਿਸ਼ ਹੋ ਰਹੀ ਹੈ। ਇੰਜ ਕਰਨ ਵਾਲੇ ਇਹ ਭੁੱਲ ਜਾਂਦੇ ਹਨ ਕਿ ਜਿਹੜੇ ਦੇਸ਼ ਇਸ ਕਿਸਮ ਦੀ ਸੋਚ ’ਤੇ ਬਣੇ ਉਨਾਂ ਦਾ ਕੀ ਹਾਲ ਹੈ ਤੇ ਜਿਹੜੇ ਦੇਸ਼ਾਂ ਨੇ ਲੋਕਾਂ ਦੇ ਵੱਖ-ਵੱਖ ਵਰਗਾਂ ਨੂੰ ਆਪਣੀ ਬੁੱਕਲ ਵਿਚ ਲਿਆ, ਉਹ ਤਰੱਕੀ ਕਰ ਕੇ ਕਿਤੇ ਅੱਗੇ ਨਿਕਲ ਗਏ ਹਨ।

ਅਜੋਕੇ ਸਮੇਂ ਆਪਣੇ ਸੌੜੇ ਸਮਾਜਿਕ ਤੇ ਰਾਜਨੀਤਕ ਮਨੋਰਥਾਂ ਨੂੰ ਪੂਰਾ ਕਰਨ ਲਈ ਘੱਟ-ਗਿਣਤੀਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਜਬਰਨ ਧਰਮ ਪਰਿਵਰਤਨ ਦੇ ਨਾਂ ’ਤੇ ਇਕ ਮਾਹੌਲ ਬਣਾਇਆ ਗਿਆ। ਨੌਜਵਾਨਾਂ ਦੇ ਆਪਸੀ ਪਿਆਰ-ਮੁਹੱਬਤ ਕਰਨ ਦੇ ਅਧਿਕਾਰ ਨੂੰ ਸਮਾਪਤ ਕਰਨ ਦੀ ਜਬਰਨ ਕੋਸ਼ਿਸ਼ ਕੀਤੀ ਜਾ ਰਹੀ ਹੈ ਅਤੇ ਇਸ ਲਈ ਲਵ ਜੇਹਾਦ ਵਰਗੇ ਕਾਨੂੰਨ ਬਣਾਏ ਗਏ। ਧਰਮ ਦੇ ਨਾਂ ’ਤੇ ਹੁੱਲੜਬਾਜ਼ਾਂ ਦੀਆਂ ਟੋਲੀਆਂ ਖੜੀਆਂ ਕੀਤੀਆਂ ਗਈਆਂ। ਇਹ ਪ੍ਰਚਾਰ ਖੁੱਲਮ-ਖੁੱਲਾ ਕੀਤਾ ਜਾ ਰਿਹਾ ਹੈ ਕਿ ਮੁਸਲਮਾਨ ਪਾਕਿਸਤਾਨੀ ਹਨ ਤੇ ਇਨਾਂ ਨੂੰ ਦੇਸ਼ ’ਚੋਂ ਕੱਢ ਦੇਣਾ ਚਾਹੀਦਾ ਹੈ। ਇਸ ਦੌਰਾਨ ਅਨੇਕਾਂ ਮੁਸਲਮਾਨਾਂ ਨੂੰ ਬਿਨਾਂ ਕਾਰਨਾਂ ਦੇ ਜੇਲਾਂ ਵਿਚ ਡੱਕਿਆ ਗਿਆ ਅਤੇ ਭੀੜਾਂ ਦੁਆਰਾ ਉਨਾਂ ਦੇ ਕਤਲ ਵੀ ਕੀਤੇ ਗਏ। ਬਹੁਤ ਵਾਰੀ ਇਸ ਕਿਸਮ ਦੀਆਂ ਘਟਨਾਵਾਂ ਦਾ ਪੁਲਿਸ ਜਾਂ ਕਚਹਿਰੀਆਂ ਵਲੋਂ ਵੀ ਕੋਈ ਨੋਟਿਸ ਨਹੀਂ ਲਿਆ ਗਿਆ। ਉਲਟਾ ਪੀੜਤਾਂ ਨੂੰ ਹੀ ਅਨੇਕਾਂ ਵਾਰ ਦੋਸ਼ੀ ਬਣਾ ਦਿੱਤਾ ਗਿਆ। ਸਰਕਾਰੀ ਸ਼ਹਿ ਨੇ ਇਸ ਕਿਸਮ ਦੀਆਂ ਸ਼ਕਤੀਆਂ ਨੂੰ ਬਲ ਦਿੱਤਾ ਹੈ। ਫ਼ਾਦਰ ਤੇ ਚਾਦਰ ਵਾਲਿਆਂ ਤੋਂ ਬਚੋ ਦੇ ਨਾਅਰੇ ਦਿੱਤੇ ਜਾ ਰਹੇ ਹਨ। ਸਮਾਜ ਸੁਧਾਰਕ ਬਿਰਧ ਫ਼ਾਦਰ ਸਟੈਨ ਸਵਾਮੀ ਦੀ ਮੌਤ ਵੀ ਤਾਂ ਹੱਤਿਆ ਹੀ ਸੀ। ਇਸੇ ਸਮੇਂ ਦੌਰਾਨ ਲੋਕ ਹਿਤੂ ਅੰਦੋਲਨਾਂ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਕਿਸਾਨ ਅੰਦੋਲਨ ਨੂੰ ਬਦਨਾਮ ਕਰਨ ਲਈ ਅਨੇਕਾਂ ਸਾਜਿਸ਼ਾਂ ਰਚੀਆਂ ਗਈਆਂ ਅਤੇ ਅੰਦੋਲਨਕਾਰੀਆਂ ’ਤੇ ਖ਼ਾਲਿਸਤਾਨੀ ਹੋਣ ਦੇ ਦੋਸ਼ ਲਾਏ ਗਏ। ਲਖੀਮਪੁਰ ਖੀਰੀ ਵਿਖੇ ਦੇਸ਼ ਦੇ ਗ੍ਰਹਿ ਰਾਜ ਮੰਤਰੀ ਦੇ ਮੁੰਡੇ ਵਲੋਂ ਕਿਸਾਨਾਂ ਦੀ ਹੱਤਿਆ ਨੂੰ ਗ੍ਰਹਿ ਰਾਜ ਮੰਤਰੀ ਵਲੋਂ ਇਹ ਕਹਿ ਕੇ ਛੋਟੀ ਘਟਨਾ ਬਣਾਉਣ ਦੀ ਕੋਸ਼ਿਸ਼ ਕੀਤੀ ਗਈ, ਕਿ ਇਹ ਤਾਂ ਬੱਬਰ ਖ਼ਾਲਸਾ ਨਾਲ ਸਬੰਧਤ ਲੋਕ ਹਨ। ਵੱਖੋ-ਵੱਖਰੇ ਢੰਗ ਨਾਲ ਫ਼ਿਰਕੂ ਜ਼ਹਿਰ ਫੈਲਾਅ ਕੇ ਹਿੰਦੂਆਂ ਦੇ ਇਕ ਖ਼ਾਸ ਵਰਗ ਨੂੰ ਮਗਰ ਲਾ ਕੇ ਵਰਗਲਾਉਣ ਦੀ ਕੋਸ਼ਿਸ਼ ਅੱਜ ਵੀ ਜਾਰੀ ਹੈ ਅਤੇ ਉਨਾਂ ਦੇ ਮਨਾਂ ਵਿਚ ਫ਼ਿਰਕਾਪ੍ਰਸਤੀ ਨੂੰ ਭੜਕਾਇਆ ਜਾ ਰਿਹਾ ਹੈ। ਹੁਣ ਕਿਸਾਨ ਅੰਦੋਲਨ ਨੂੰ ਦੇਸ਼ ਧ੍ਰੋਹੀ ਸਿੱਖਾਂ ਵਲੋਂ ਕੀਤੇ ਜਾਣ ਵਾਲਾ ਅੰਦੋਲਨ ਗਰਦਾਨਿਆ ਜਾ ਰਿਹਾ ਹੈ। ਪਰ ਇਹ ਗੱਲ ਨਹੀਂ ਕਿ ਹਿੰਦੂ ਇਸ ਹਿੰਸਕ ਮਾਹੌਲ ਤੋਂ ਬਚ ਗਏ ਹਨ। ਜਿਨਾਂ ਹਿੰਦੂਆਂ ਨੇ ਸਰਕਾਰੀ ਨੀਤੀਆਂ ’ਤੇ ਕਿੰਤੂ ਕੀਤਾ ਉਨਾਂ ਨੂੰ ਵੱਖ-ਵੱਖ ਰੂਪ ਨਾਲ ਪ੍ਰੇਸ਼ਾਨ ਕੀਤਾ ਗਿਆ। ਕਿਸੇ ਨੂੰ ਅਰਬਨ ਨਕਸਲ ਕਹਿ ਕੇ ਤੇ ਕਿਸੇ ਨੂੰ ਦੇਸ਼ਧ੍ਰੋਹੀ ਕਹਿ ਕੇ ਕੁੱਟਿਆ-ਮਾਰਿਆ ਗਿਆ ਜਾਂ ਫਿਰ ਜੇਲਾਂ ਵਿਚ ਡੱਕਿਆ ਗਿਆ। ਗੌਰੀ ਲੰਕੇਸ਼, ਪੰਸਰੇ, ਕਲਬੁਰਗੀ ਤੇ ਦਬੋਲਕਰ, ਇਹ ਸਭ ਹਿੰਦੂ ਪਰਿਵਾਰਾਂ ਵਿਚੋਂ ਹੀ ਤਾਂ ਸਨ। ਫ਼ਿਰਕੂ ਕੱਟੜਪੰਥੀਆਂ ਵਲੋਂ ਇਨਾਂ ਦੇ ਕਤਲ ਕੀਤੇ ਗਏ। ਇਕ ਹਿੰਦੂ ਇੰਸਪੈਕਟਰ ਸੁਬੋਧ ਕੁਮਾਰ ਨੂੰ ਫ਼ਿਰਕੂ ਭੀੜ ਵਲੋਂ ਜਾਨੋਂ ਮਾਰ ਦਿੱਤਾ ਗਿਆ। ਉੱਤਰ ਪ੍ਰਦੇਸ਼ ਵਿਚ ਮੁਨੀਸ਼ ਗੁਪਤਾ ਜੋ ਕਿ ਇਕ ਵਪਾਰੀ ਸੀ, ਨੂੰ ਹਿੰਸਾ ਦੀ ਸੋਚ ਨਾਲ ਮਸਤੀ ਹੋਈ ਪੁਲਿਸ ਵਲੋਂ ਕਤਲ ਕਰ ਦਿੱਤਾ ਗਿਆ। ਹੁਣ ਪ੍ਰਕਾਸ਼ ਝਾਅ ਤੇ ਉਸ ਦੀ ਟੀਮ ਦੇ ਨਾਲ ਮੱਧ ਪ੍ਰਦੇਸ਼ ਵਿਚ ਜੋ ਕੁਝ ਹੋਇਆ, ਇਸ ਤੋਂ ਸਬਕ ਲੈਣ ਦੀ ਲੋੜ ਹੈ, ਕਿਉਂਕਿ ਪ੍ਰਕਾਸ਼ ਝਾਅ ਵੀ ਹਿੰਦੂ ਤੇ ਉਸ ਦੇ ਟੀਮ ਦੇ ਮੈਂਬਰ ਵੀ ਹਿੰਦੂ ਹਨ। ਹਿੰਸਾ ਦੀ ਰੁਚੀ ਬਹੁਤ ਭਿਅੰਕਰ ਨਤੀਜੇ ਕੱਢ ਸਕਦੀ ਹੈ। ਹਿੰਸਕ ਭੀੜਾਂ ਵਲੋਂ ਪਹਿਲਾਂ ਤਾਂ ਆਪਣੇ ਹੀ ਫ਼ਿਰਕੇ ਦੇ ਲੋਕਾਂ ਦੇ ਮੂੰਹ ਬੰਦ ਕੀਤੇ ਜਾਂਦੇ ਹਨ ਤਾਂ ਜੋ ਉਹ ਉਨਾਂ ਵਲੋਂ ਕੀਤੀਆਂ ਜ਼ਿਆਦਤੀਆਂ ਦੇ ਖ਼ਿਲਾਫ਼ ਮੂੰਹ ਨਾ ਖੋਲਣ। ਸੋਮਾਲੀਆ ਵਿਚ ਤੁੱਤਸੀ ਤੇ ਹੁੱਤੂ ਕਬੀਲਿਆਂ ਵਿਚ ਹੋਈਆਂ ਲੜਾਈਆਂ ਵਿਚ ਦੋਵਾਂ ਕਬੀਲਿਆਂ ਦੇ ਅੱਠ ਲੱਖ ਦੇ ਕਰੀਬ ਲੋਕ ਮਰੇ। ਗੁਆਂਢੀ ਨੇ ਗੁਆਂਢੀ ਨੂੰ ਮਾਰਿਆ। ਮਿੱਤਰ ਨੇ ਮਿੱਤਰ ਦਾ ਕਤਲ ਕੀਤਾ। ਇੱਥੋਂ ਤੱਕ ਕਿ ਪਤੀ ਨੇ ਆਪਣੀ ਪਤਨੀ ਦਾ ਕਤਲ ਕਰ ਦਿੱਤਾ ਕਿਉਂਕਿ ਉਹ ਦੂਜੇ ਕਬੀਲੇ ਦੀ ਸੀ ਤੇ ਪਤੀ ਨੇ ਇਹ ਗੱਲ ਕਹੀ ਕਿ ਜੇਕਰ ਉਹ ਆਪਣੀ ਪਤਨੀ ਦਾ ਕਤਲ ਨਾ ਕਰਦਾ ਤਾਂ ਉਸ ਦੇ ਕਬੀਲੇ ਦੀ ਹਿੰਸਕ ਭੀੜ ਉਸ ਨੂੰ ਮਾਰ ਦਿੰਦੀ। ਇਹੋ ਕੁਝ ਪੰਜਾਬ ਅੰਦਰ 1980ਵਿਆਂ ਦੌਰਾਨ ਅੱਤਵਾਦ ਦੇ ਸਮੇਂ ਵਾਪਰਿਆ। ਸੰਨ 1947 ਵਿਚ ਅਜ਼ਾਦੀ ਵੇਲੇ ਹੋਈ ਵੰਡ ਵੇਲੇ 10 ਲੱਖ ਦੇ ਕਰੀਬ ਹਿੰਦੂ, ਸਿੱਖ ਤੇ ਮੁਸਲਮਾਨ ਸਾਰੇ ਫ਼ਿਰਕਿਆਂ ਦੇ ਲੋਕ ਹਿੰਸਕ ਭੀੜਾਂ ਦਾ ਸ਼ਿਕਾਰ ਹੋਏ।

ਅਜੋਕੇ ਭਾਰਤ ਦੇ ਸੰਦਰਭ ਵਿਚ ਟ੍ਰੋਲ ਮਾਫ਼ੀਆ (ਸੋਸ਼ਲ ਮੀਡੀਆ ਤੇ ਕਿਸੇ ਵਿਰੁੱਧ ਮੁਹਿੰਮ ਚਲਾਉਣ ਵਾਲੇ) ਵਲੋਂ ਫੈਲਾਈ ਜਾ ਰਹੀ ਫ਼ਿਰਕੂ ਦੁਰਭਾਵਨਾ ਤੇ ਫ਼ਿਰਕੂ ਜ਼ਹਿਰ ਤੋਂ ਬਚਣਾ ਅਤੀ ਜ਼ਰੂਰੀ ਹੈ, ਨਹੀਂ ਤਾਂ ਜਿਹੜੇ ਲੋਕ ਅੱਜ ਦੂਜਿਆਂ ’ਤੇ ਹੋ ਰਹੀ ਕਾਨੂੰਨੀ ਜਾਂ ਗ਼ੈਰ-ਕਾਨੂੰਨੀ ਹਿੰਸਾ ਤੋਂ ਖ਼ੁਸ਼ ਹੁੰਦੇ ਹਨ, ਉਨਾਂ ਦਾ ਹਸ਼ਰ ਵੀ ਉਹੀ ਹੋਏਗਾ। ਦੂਜੀ ਵਿਸ਼ਵ ਜੰਗ ਵਿਚ ਹੋਈ ਅੱਤ ਦੀ ਹਿੰਸਾ ਤੋਂ ਸਬਕ ਸਿੱਖਣ ਦੀ ਲੋੜ ਹੈ, ਜਿਸ ਵਿਚ ਹਿੰਸਾ ਕਰਨ ਵਾਲੇ ਤੇ ਜਿਨਾਂ ਉੱਪਰ ਹਿੰਸਾ ਕੀਤੀ ਗਈ ਦੋਵੇਂ ਹੀ ਹਿੰਸਾ ਦੀ ਅੱਗ ਵਿਚ ਝੁਲਸ ਗਏ। ਇਸ ਨਾਂਹ-ਪੱਖੀ ਹਾਲਾਤ ਵਿਚ ਪਰਿਵਰਤਨ ਲਿਆਉਣ ਲਈ ਅਤੇ ਅਮਨ ਤੇ ਸਦਭਾਵਨਾ ਦੀ ਮਜ਼ਬੂਤੀ ਲਈ ਜਨਤਕ ਅੰਦੋਲਨ ਉਭਾਰਨ ਦੀ ਲੋੜ ਹੈ। ਇਸ ਅੱਗ ਨੂੰ ਬੁਝਾਉਣ ਲਈ ਲੋਕਾਂ ਦੇ ਨਾਲ ਜੁੜੇ ਸਿਹਤ, ਸਿੱਖਿਆ, ਰੋਜ਼ਗਾਰ, ਆਰਥਿਕ ਤੇ ਸਮਾਜਿਕ ਨਿਆਂ ਆਦਿ ਵਰਗੇ ਮਸਲਿਆਂ ਤੇ ਅੰਦੋਲਨ ਕਰਨ ਦੀ ਲੋੜ ਹੈ, ਕਿਉਂਕਿ ਫ਼ਿਰਕੂ ਜ਼ਹਿਰ ਫੈਲਾਉਣ ਵਾਲੇ ਇਨਾਂ ਮਸਲਿਆਂ ਬਾਰੇ ਗੱਲ ਕਰਨ ਤੋਂ ਭੱਜਦੇ ਹਨ। ਇਨਾਂ ਤੋਂ ਇਲਾਵਾ ਸੰਵਿਧਾਨਕ ਸੰਸਥਾਵਾਂ ਜਿਵੇਂ ਕਿ ਪੁਲਿਸ ਜਾਂ ਨਿਆਂ ਪਾਲਿਕਾ ਦੀ ਦੁਰਵਰਤੋਂ ਨਾ ਹੋ ਸਕੇ, ਇਸ ਲਈ ਉਨਾਂ ਵਿਚ ਸੁਧਾਰਾਂ ਬਾਰੇ ਵੀ ਲੋਕ ਰਾਏ ਬਣਾਉਣ ਦੀ ਲੋੜ ਹੈ।



# ਮੁਲਕ ਦਾ ਆਰਥਿਕ ਵਿਕਾਸ ਮਾਡਲ ਲੋਕ ਤੇ ਕੁਦਰਤ ਪੱਖੀ ਬਣਾਉਣਾ ਅਤਿ ਜ਼ਰੂਰੀ



ਡਾ. ਗਿਆਨ ਸਿੰਘ

28 ਅਕਤੂਬਰ 2021 ਨੂੰ ਕੌਮੀ ਅਪਰਾਧ ਰਿਕਾਰਡ ਬਿਊਰੋ (NCRB) ਦੁਆਰਾ ਖ਼ੁਦਕੁਸ਼ੀਆਂ ਬਾਰੇ ਜਾਰੀ ਕੀਤੇ ਅੰਕੜਿਆਂ ਤੋਂ ਇਹ ਪਤਾ ਲੱਗਿਆ ਹੈ ਕਿ ਮੁਲਕ ਵਿਚ 2020 ਦੌਰਾਨ ਖੇਤੀਬਾੜੀ ਨਾਲ਼ ਸਬੰਧਤ 10677 ਲੋਕਾਂ ਨੇ ਖ਼ੁਦਕੁਸ਼ੀਆਂ ਕੀਤੀਆਂ ਹਨ। ਇਨ੍ਹਾਂ ਵਿਚੋਂ 5579 ਕਿਸਾਨ ਅਤੇ 5098 ਖੇਤ ਮਜ਼ਦੂਰ ਸਨ। 2019 ਦੌਰਾਨ 5957 ਕਿਸਾਨਾਂ ਨੇ ਖ਼ੁਦਕੁਸ਼ੀਆਂ ਕੀਤੀਆਂ ਸੀ ਜਿਨ੍ਹਾਂ ਦੀ ਗਿਣਤੀ 2020 ਦੌਰਾਨ 5579 ਦਿੱਤੀ ਗਈ ਹੈ। ਇਹ ਅੰਕੜੇ 2019-2020 ਦਰਮਿਆਨ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਵਿਚ 6.35 ਫ਼ੀਸਦ ਕਮੀ ਦਰਸਾ ਰਹੇ ਹਨ। 2019 ਦੌਰਾਨ 4324 ਖੇਤ ਮਜ਼ਦੂਰਾਂ ਨੇ ਖ਼ੁਦਕੁਸ਼ੀਆਂ ਕੀਤੀਆਂ ਸਨ ਜਿਨ੍ਹਾਂ ਦੀ ਗਿਣਤੀ 2020 ਦੌਰਾਨ 5098 ਦੱਸੀ ਗਈ ਹੈ। ਇਹ ਅੰਕੜੇ 2019-2020 ਦਰਮਿਆਨ ਖੇਤ ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ ਵਿਚ 17.9 ਫ਼ੀਸਦ ਵਾਧਾ ਦਰਸਾ ਰਹੇ ਹਨ। 2020 ਦੌਰਾਨ ਕਿਸਾਨਾਂ ਦੁਆਰਾ ਕੀਤੀਆਂ ਖ਼ੁਦਕੁਸ਼ੀਆਂ ਵਿਚੋਂ 5335 ਮਰਦਾਂ ਅਤੇ 244 ਔਰਤਾਂ ਨੇ ਕੀਤੀਆਂ ਸਨ। ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਵਿਚ ਔਰਤਾਂ ਦੀ ਫ਼ੀਸਦੀ 4.57 ਬਣਦੀ ਹੈ। 2020 ਦੌਰਾਨ ਖੇਤ ਮਜ਼ਦੂਰਾਂ ਦੁਆਰਾ ਕੀਤੀਆਂ ਖ਼ੁਦਕੁਸ਼ੀਆਂ ਵਿਚੋਂ 4621 ਮਰਦਾਂ ਅਤੇ 477 ਔਰਤਾਂ ਨੇ ਕੀਤੀਆਂ ਸਨ। ਖੇਤ ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ ਵਿਚੋਂ ਔਰਤਾਂ ਦੀ ਫ਼ੀਸਦੀ 10.32 ਬਣਦੀ ਹੈ।

ਕੌਮੀ ਅਪਰਾਧ ਰਿਕਾਰਡ ਬਿਊਰੋ ਦੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ ਬਾਰੇ ਜਾਰੀ ਕੀਤੇ ਜਾਂਦੇ ਅੰਕੜਿਆਂ ਬਾਰੇ ਵੱਖ ਵੱਖ ਵਿਦਵਾਨ ਅਤੇ ਸੰਸਥਾਵਾਂ ਕਿੰਤੂ-ਪਰੰਤੂ ਕਰਦੇ ਰਹੇ ਹਨ। ਬਿਊਰੋ ਇਹ ਅੰਕੜੇ ਤਿਆਰ ਕਰਕੇ ਜਾਰੀ ਕਰਨ ਲਈ ਸੂਬਾ ਅਤੇ ਕੇਂਦਰੀ ਸ਼ਾਸਤ ਇਲਾਕਿਆਂ ਦੀਆਂ ਸਰਕਾਰਾਂ ਦੁਆਰਾ ਮੁਹੱਈਆ ਕਰਵਾਈ ਜਾਣਕਾਰੀ ਉੱਪਰ ਨਿਰਭਰ ਕਰਦਾ ਹੈ। ਇਨ੍ਹਾਂ ਸਰਕਾਰਾਂ ਦੀ ਇਸ ਸੰਬੰਧ ਵਿਚ ਜਿਹੜੀ ਆਲੋਚਨਾ ਅਕਸਰ ਸਾਹਮਣੇ ਆਉਂਦੀ ਹੈ, ਉਸ ਅਨੁਸਾਰ ਇਹ ਸਰਕਾਰਾਂ ਆਪਣਾ ਅਕਸ ਬਚਾਉਣ ਲਈ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ ਦੀ ਗਿਣਤੀ ਨੂੰ ਘਟਾ ਕੇ ਕੌਮੀ ਅਪਰਾਧ ਰਿਕਾਰਡ ਬਿਊਰੋ ਨੂੰ ਜਾਣਕਾਰੀ ਭੇਜਦੀਆਂ ਹਨ। ਇਹ ਬਿਊਰੋ ਇਨ੍ਹਾਂ ਸਰਕਾਰਾਂ ਦੁਆਰਾ ਮੁਹੱਈਆ ਕਰਵਾਈ ਜਾਣਕਾਰੀ ਦੇ ਆਧਾਰ ਉੱਪਰ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ ਦੇ ਅੰਕੜੇ ਤਾਂ ਜਾਰੀ ਕਰਦਾ ਹੈ ਪਰ ਇਨ੍ਹਾਂ ਅੰਕੜਿਆਂ ਵਿਚ ਖ਼ੁਦਕੁਸ਼ੀਆਂ ਕਰਨ ਦੇ ਕਾਰਨਾਂ ਦਾ ਕੋਈ ਵੀ ਜ਼ਿਕਰ ਨਹੀਂ ਹੁੰਦਾ। ਖੇਤੀਬਾੜੀ ਖੇਤਰ ਵਿਚ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਤੋਂ ਬਿਨਾ ਪੇਂਡੂ ਛੋਟੇ ਕਾਰੀਗਰ ਵੀ ਆਪਣਾ ਯੋਗਦਾਨ ਪਾਉਂਦੇ ਹਨ ਜਿਨ੍ਹਾਂ ਦੁਆਰਾ ਕੀਤੀਆਂ ਖ਼ੁਦਕੁਸ਼ੀਆਂ ਦੇ ਅੰਕੜੇ ਇਕੱਠੇ ਹੀ ਨਹੀਂ ਕੀਤੇ ਜਾਂਦੇ। ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੁਆਰਾ ਰਿਪੋਰਟ ਕੀਤੀਆਂ ਖ਼ੁਦਕੁਸ਼ੀਆਂ ਤੋਂ ਇਲਾਵਾ ਉਨ੍ਹਾਂ ਦੀਆਂ ਉਹ ਖ਼ੁਦਕੁਸ਼ੀਆਂ ਵੀ ਹਨ ਜਿਹੜੀਆਂ ਉਨ੍ਹਾਂ ਨੇ ਆਪਣੀਆਂ ਜ਼ਿੰਦਗੀ ਪ੍ਰਤੀ ਸਾਰੀਆਂ ਆਸਾਂ ਮੁਕਾਏ ਜਾਣ ਦੇ ਨਤੀਜੇ ਵਜੋਂ ਘਰੋਂ ਲਾਪਤਾ ਹੋਣ ਤੋਂ ਬਾਅਦ ਕੀਤੀਆਂ ਹੁੰਦੀਆਂ ਹਨ ਅਤੇ ਉਨ੍ਹਾਂ ਦੀਆਂ ਲਾਸ਼ਾਂ ਦਾ ਸਸਕਾਰ ਲਾਵਾਰਿਸ ਲਾਸ਼ਾਂ ਵਜੋਂ ਕਰ ਦਿੱਤਾ ਜਾਂਦਾ ਹੈ।

ਮੁਲਕ ਦੂਜੀ ਸੰਸਾਰ ਜੰਗ ਤੋਂ ਲੈ ਕੇ ਪਹਿਲੀ ਪੰਜ ਸਾਲਾ ਯੋਜਨਾ (1951-56) ਤੋਂ ਪਹਿਲਾਂ ਅਨਾਜ ਪਦਾਰਥਾਂ ਦੀ ਭਾਰੀ ਥੁੜ ਦਾ ਸਾਹਮਣਾ ਕਰ ਰਿਹਾ ਸੀ। ਪਹਿਲੀ ਪੰਜ ਸਾਲਾ ਯੋਜਨਾ ਵਿਚ ਖੇਤੀਬਾੜੀ ਖੇਤਰ ਨੂੰ ਤਰਜੀਹ ਦਿੱਤੀ ਗਈ ਜਿਸ ਸਦਕਾ ਇਸ ਸਮੱਸਿਆ ਉੱਤੇ ਕਾਬੂ ਪਾਇਆ ਗਿਆ ਪਰ ਦੂਜੀ ਪੰਜ ਸਾਲਾ ਯੋਜਨਾ ਦੌਰਾਨ ਉਦਯੋਗਿਕ ਖੇਤਰ ਦੇ ਵਿਕਾਸ ਨੂੰ ਤਰਜੀਹ ਦੇਣ ਦੇ ਨਤੀਜੇ ਵਜੋਂ ਮੁਲਕ ਨੂੰ ਫਿਰ ਤੋਂ ਅਨਾਜ ਪਦਾਰਥਾਂ ਦੀ ਥੁੜ ਦਾ ਸਾਹਮਣਾ ਕਰਨਾ ਪਿਆ। 1964-66 ਦਰਮਿਆਨ ਮੁਲਕ ਵਿਚ ਪਏ ਸੋਕੇ ਨੇ ਅਨਾਜ ਪਦਾਰਥਾਂ ਦੀ ਥੁੜ ਨੂੰ ਬਹੁਤ ਗੰਭੀਰ ਬਣਾ ਦਿੱਤਾ। ਇਸ ਸਮੱਸਿਆ ਉੱਤੇ ਕਾਬੂ ਪਾਉਣ ਲਈ ਕੇਂਦਰ ਸਰਕਾਰ ਨੇ ਅਮਰੀਕਾ ਤੋਂ ਪੀਐੱਲ 480 ਅਧੀਨ ਅਨਾਜ ਮੰਗਵਾਇਆ ਜਿਸ ਦੀ ਮੁਲਕ ਨੂੰ ਵੱਡੀ ਕੀਮਤ ਤਾਰਨੀ ਪਈ।

ਅਨਾਜ ਪਦਾਰਥਾਂ ਦੀ ਭਾਰੀ ਥੁੜ ਉੱਪਰ ਕਾਬੂ ਪਾਉਣ ਲਈ ਕੇਂਦਰ ਸਰਕਾਰ ਨੇ ਮੁਲਕ ਵਿਚ ਖੇਤੀਬਾੜੀ ਦੀ ਨਵੀਂ ਜੁਗਤ ਅਪਣਾਉਣ ਦਾ ਫ਼ੈਸਲਾ ਕੀਤਾ ਜਿਹੜੀ ਵੱਧ ਝਾੜ ਦੇਣ ਵਾਲੇ ਬੀਜਾਂ, ਯਕੀਨੀ ਸਿੰਜਾਈ, ਰਸਾਇਣਿਕ ਖਾਦਾਂ, ਕੀਟਨਾਸ਼ਕਾਂ, ਨਦੀਨਨਾਸ਼ਕਾਂ ਤੇ ਹੋਰ ਰਸਾਇਣਾਂ, ਮਸ਼ੀਨਰੀ ਅਤੇ ਆਧੁਨਿਕ ਖੇਤੀਬਾੜੀ ਵਿਧੀਆਂ ਦਾ ਪੁਲੰਦਾ ਹੈ। ਇਹ ਜੁਗਤ ਪੰਜਾਬ ਦੇ ਹਿੰਮਤੀ ਕਿਸਾਨਾਂ, ਖੇਤ ਮਜ਼ਦੂਰਾਂ ਤੇ ਪੇਂਡੂ ਛੋਟੇ ਕਾਰੀਗਰਾਂ ਅਤੇ ਅਮੀਰ ਕੁਦਰਤੀ ਸਾਧਨਾਂ ਕਰਕੇ ਪਹਿਲ ਦੇ ਆਧਾਰ ਉੱਤੇ ਇਸ ਸੂਬੇ ਅਤੇ ਇਸ ਦੀ ਕਾਮਯਾਬੀ ਨੂੰ ਦੇਖਦੇ ਹੋਏ ਬਾਅਦ ਵਿਚ ਮੁਲਕ ਦੇ ਹੋਰ ਖੇਤਰਾਂ ਵਿਚ ਵੀ ਅਪਣਾਇਆ ਗਿਆ। ਮੁਲਕ ਦੇ ਹਿੰਮਤੀ ਕਿਸਾਨਾਂ, ਖੇਤ ਮਜ਼ਦੂਰਾਂ ਤੇ ਪੇਂਡੂ ਛੋਟੇ ਕਾਰੀਗਰਾਂ ਦੀ ਹੱਡ-ਭੰਨਵੀਂ ਮਿਹਨਤ ਅਤੇ ਕੁਦਰਤੀ ਸਾਧਨਾਂ ਦੀ ਹੱਦੋਂ ਵੱਧ ਵਰਤੋਂ ਨੇ ਅਨਾਜ ਪਦਾਰਥਾਂ ਦੀ ਭਾਰੀ ਥੁੜ ਦੀ ਗੰਭੀਰ ਸਮੱਸਿਆ ਉੱਤੇ ਤਾਂ ਕਾਬੂ ਪਾ ਲਿਆ ਪਰ ਸਰਕਾਰਾਂ ਦੀਆਂ ਖੇਤੀਬਾੜੀ ਨੀਤੀਆਂ, ਖੇਤੀਬਾੜੀ ਦੀ ਨਵੀਂ ਜੁਗਤ ਦੇ ਪੁਲੰਦੇ ਦੀ ਨਫ਼ੇ ਵਾਲੀ ਪਹੁੰਚ ਕਾਰਨ ਸਮਾਜਿਕ ਸਬੰਧਾਂ ਵਿਚ ਆਈਆਂ ਕਮਜ਼ੋਰੀਆਂ, 1991 ਤੋਂ ਮੁਲਕ ਵਿਚ ਉਦਾਰੀਕਰਨ, ਨਿੱਜੀਕਰਨ ਤੇ ਸੰਸਾਰੀਕਰਨ ਦੀਆਂ ਨਵੀਆਂ ਆਰਥਿਕ ਨੀਤੀਆਂ ਅਤੇ ਕੁਝ ਹੋਰ ਕਾਰਨਾਂ ਨੇ ਸੀਮਾਂਤ ਅਤੇ ਛੋਟੇ ਕਿਸਾਨਾਂ, ਖੇਤ ਮਜ਼ਦੂਰਾਂ ਤੇ ਪੇਂਡੂ ਛੋਟੇ ਕਾਰੀਗਰਾਂ ਦੇ ਸਮਾਜਿਕ-ਆਰਥਿਕ ਹਾਲਾਤ ਨੂੰ ਵਿਗਾੜ ਕੇ ਰੱਖ ਦਿੱਤਾ।

1951 ਦੌਰਾਨ ਮੁਲਕ ਦੀ 82 ਫ਼ੀਸਦ ਅਬਾਦੀ ਆਪਣੀ ਰੋਜ਼ੀ-ਰੋਟੀ ਲਈ ਖੇਤੀਬਾੜੀ ਖੇਤਰ ਉੱਪਰ ਨਿਰਭਰ ਸੀ ਜਿਸ ਨੂੰ ਰਾਸ਼ਟਰੀ ਆਮਦਨ ਵਿਚੋਂ 55 ਫ਼ੀਸਦ ਦੇ ਕਰੀਬ ਹਿੱਸਾ ਦਿੱਤਾ ਜਾ ਰਿਹਾ ਸੀ। ਵਰਤਮਾਨ ਸਮੇਂ ਦੌਰਾਨ ਮੁਲਕ ਦੀ 50 ਫ਼ੀਸਦ ਦੇ ਕਰੀਬ ਆਬਾਦੀ ਆਪਣੀ ਰੋਜ਼ੀ-ਰੋਟੀ ਲਈ ਖੇਤੀਬਾੜੀ ਉੱਪਰ ਨਿਰਭਰ ਹੈ ਪਰ 2018-19 ਦੌਰਾਨ ਇਸ ਅੱਧੀ ਅਬਾਦੀ ਨੂੰ ਰਾਸ਼ਟਰੀ ਆਮਦਨ ਵਿਚ ਹਿੱਸਾ 16 ਫ਼ੀਸਦ ਦਿੱਤਾ ਗਿਆ। ਰਾਸ਼ਟਰੀ ਆਮਦਨ ਵਿਚੋਂ ਖੇਤੀਬਾੜੀ ਖੇਤਰ ਉੱਪਰ ਨਿਰਭਰ ਵਰਗਾਂ ਵਿਚੋਂ ਸਭ ਤੋਂ ਵੱਡੀ ਮਾਰ ਸੀਮਾਂਤ ਤੇ ਛੋਟੇ ਕਿਸਾਨਾਂ, ਖੇਤ ਮਜ਼ਦੂਰਾਂ ਤੇ ਪੇਂਡੂ ਕਾਰੀਗਰਾਂ ਉੱਪਰ ਪਈ ਹੈ।

ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ ਦੇ ਅੰਕੜੇ ਅਤੇ ਖੋਜ ਅਧਿਐਨ ਇਹ ਤੱਥ ਸਾਹਮਣੇ ਲਿਆਏ ਹਨ ਕਿ ਕਿਸਾਨਾਂ ਵਿਚੋਂ ਸੀਮਾਂਤ ਤੇ ਛੋਟੇ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਵੱਡਾ ਹਿੱਸਾ ਹਨ ਅਤੇ ਖੇਤ ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ ਦੀ ਗਿਣਤੀ ਵਿਚ ਵਾਧਾ ਹੋ ਰਿਹਾ ਹੈ। ਖੇਤੀਬਾੜੀ ਖੇਤਰ ਨਾਲ਼ ਸਬੰਧਤ ਇਨ੍ਹਾਂ ਦੋਵੇਂ ਵਰਗਾਂ ਦੀਆਂ ਖ਼ੁਦਕੁਸ਼ੀਆਂ ਲਈ ਜ਼ਿੰਮੇਵਾਰ ਕਾਰਨਾਂ ਵਿਚ ਇਨ੍ਹਾਂ ਵਿਚ ਪਸਰੀ ਘੋਰ ਗ਼ਰੀਬੀ ਤੇ ਕਰਜ਼ਾ ਅਤੇ ਸਮਾਜਿਕ ਸਬੰਧਾਂ ਵਿਚ ਤੇਜ਼ੀ ਨਾਲ ਆਈ ਗਿਰਾਵਟ ਮੁੱਖ ਹਨ।

ਸੀਮਾਂਤ ਤੇ ਛੋਟੇ ਕਿਸਾਨ ਕੁੱਲ ਕਿਸਾਨਾਂ ਵਿਚੋਂ 88 ਫ਼ੀਸਦ ਹਨ ਜਿਨ੍ਹਾਂ ਵਿਚੋਂ ਸੀਮਾਂਤ ਕਿਸਾਨਾਂ ਦੀ ਫ਼ੀਸਦੀ 77 ਅਤੇ ਛੋਟੇ ਕਿਸਾਨਾਂ ਦੀ ਫ਼ੀਸਦੀ 17 ਹੈ। ਇਨ੍ਹਾਂ ਕਿਸਾਨਾਂ ਕੋਲ ਮੰਡੀ ਵਿਚ ਵੇਚਣ ਲਈ ਵਾਧੂ ਜਿਣਸਾਂ ਦੀ ਮਿਕਦਾਰ ਬਹੁਤ ਘੱਟ ਹੁੰਦੀ ਹੈ। ਖੇਤੀਬਾੜੀ ਜਿਣਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਦਾ ਗ਼ੈਰ-ਲਾਹੇਵੰਦ ਹੋਣਾ, ਸਾਰੀਆਂ ਜਿਣਸਾਂ ਦੀ ਘੱਟੋ-ਘੱਟ ਸਮਰਥਨ ਕੀਮਤਾਂ ਉੱਪਰ ਵੀ ਖ਼ਰੀਦਦਾਰੀ ਦਾ ਨਾ ਹੋਣਾ, ਵਿੱਤ ਦੀਆਂ ਸਮੱਸਿਆਵਾਂ, ਰੁਜ਼ਗਾਰ ਦੇ ਦਿਨਾਂ ਦਾ ਘਟਣਾ, ਖੇਤੀਬਾੜੀ ਉਤਪਾਦਨ ਵਿਚ ਵਰਤੇ ਜਾਣ ਵਾਲੇ ਆਦਾਨਾਂ (inputs) ਦੀਆਂ ਕੀਮਤਾਂ ਦਾ ਬੇਲਗਾਮ ਮੰਡੀ ਦੇ ਹਵਾਲੇ ਕਰਨਾ, ਗ਼ੈਰ-ਖੇਤੀਬਾੜੀ ਖੇਤਰ ਵਿਚ ਰੁਜ਼ਗਾਰ ਦੀ ਕਮੀ ਦਾ ਹੋਣਾ ਆਦਿ ਸੀਮਾਂਤ ਤੇ ਛੋਟੇ ਕਿਸਾਨਾਂ ਦੀ ਨਿਘਰਦੀ ਹਾਲਾਤ ਲਈ ਜ਼ਿੰਮੇਵਾਰ ਹਨ।

ਜਿੱਥੇ ਖੇਤੀਬਾੜੀ ਦੀ ਨਵੀਂ ਜੁਗਤ ਦੇ ਪੁਲੰਦੇ ਵਿਚੋਂ ਨਦੀਨਨਾਸ਼ਕਾਂ ਅਤੇ ਮਸ਼ੀਨ ਦੀ ਵਰਤੋਂ ਨੇ ਖੇਤੀਬਾੜੀ ਖੇਤਰ ਵਿਚ ਰੁਜ਼ਗਾਰ ਨੂੰ ਵੱਡੇ ਪੱਧਰ ਉੱਪਰ ਸੱਟ ਮਾਰੀ ਹੈ, ਉੱਥੇ ਇਸ ਦੀ ਸਭ ਤੋਂ ਵੱਡੀ ਮਾਰ ਖੇਤ ਮਜ਼ਦੂਰਾਂ ਤੇ ਪੇਂਡੂ ਛੋਟੇ ਕਾਰੀਗਰਾਂ ਉੱਪਰ ਪਈ ਹੈ, ਕਿਉਂਕਿ ਉਨ੍ਹਾਂ ਕੋਲ ਆਪਣੀ ਕਿਰਤ ਵੇਚਣ ਤੋਂ ਸਵਾਏ ਉਤਪਾਦਨ ਦਾ ਕੋਈ ਹੋਰ ਸਾਧਨ ਨਹੀਂ ਹੁੰਦਾ। ਮੁਲਕ ਦੇ ਖੇਤ ਮਜ਼ਦੂਰਾਂ, ਖ਼ਾਸਕਰ ਔਰਤ ਖੇਤ ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ ਦੀ ਵਧਦੀ ਗਿਣਤੀ ਖ਼ਤਰੇ ਵਾਲੀ ਘੰਟੀ ਹੈ ਕਿਉਂਕਿ ਖੇਤੀਬਾੜੀ ਖੇਤਰ ਵਿਚ ਉਨ੍ਹਾਂ ਲਈ ਰੁਜ਼ਗਾਰ ਤੇਜ਼ੀ ਨਾਲ ਘਟ ਰਿਹਾ ਹੈ ਪਰ ਗ਼ੈਰ-ਖੇਤੀਬਾੜੀ ਖੇਤਰ ਵਿਚ ਰੁਜ਼ਗਾਰ ਦੀਆਂ ਸੰਭਾਵਨਾਵਾਂ ਨਹੀਂ ਹਨ। ਖੇਤੀਬਾੜੀ ਦੀ ਨਵੀਂ ਜੁਗਤ ਅਪਣਾਉਣ ਤੋਂ ਪਹਿਲਾਂ ਕਿਸਾਨਾਂ, ਖੇਤ ਮਜ਼ਦੂਰਾਂ ਤੇ ਪੇਂਡੂ ਛੋਟੇ ਕਾਰੀਗਰਾਂ ਦੇ ਸਮਾਜਿਕ ਸੰਬੰਧ ਨਿੱਘੇ ਸਨ। ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਵਿਚ ਸਾਂਝ/ਸੀਰ ਸੀ, ਭਾਵੇਂ ਉਹ ਨਿਆਂਪੂਰਨ ਨਹੀਂ ਸੀ। ਔਖ ਦੇ ਮੌਕੇ ਵੱਡੇ ਕਿਸਾਨ ਸੀਮਾਂਤ ਤੇ ਛੋਟੇ ਕਿਸਾਨਾਂ, ਖੇਤ ਮਜ਼ਦੂਰਾਂ ਤੇ ਪੇਂਡੂ ਛੋਟੇ ਕਾਰੀਗਰਾਂ ਦੀ ਆਰਥਿਕ ਅਤੇ ਹੋਰ ਮਦਦ ਕਰਨ ਦੇ ਨਾਲ-ਨਾਲ ਉਨ੍ਹਾਂ ਨੂੰ ਹੌਂਸਲਾ ਵੀ ਦਿੰਦੇ ਸਨ। ਖੇਤੀਬਾੜੀ ਦੀ ਨਵੀਂ ਜੁਗਤ ਦੀ ਪਹੁੰਚ ਮੁਨਾਫ਼ਾਮੁਖੀ ਹੋਣ ਨੇ ਖੇਤੀਬਾੜੀ ਖੇਤਰ ਦੇ ਵੱਖ ਵੱਖ ਵਰਗਾਂ ਵਿਚਕਾਰ ਸਮਾਜਿਕ ਸਬੰਧਾਂ ਨੂੰ ਕਾਫ਼ੀ ਫਿੱਕਾ ਪਾਇਆ ਹੈ।

ਮਨੁੱਖਾਂ ਦੀ ਹੋਂਦ ਨੂੰ ਬਰਕਰਾਰ ਰੱਖਣ ਲਈ ਖੇਤੀ ਖੇਤਰ ਦੇ ਯੋਗਦਾਨ ਨੂੰ ਅਣਡਿੱਠ ਨਹੀਂ ਕਰਨਾ ਬਣਦਾ। ਇਸ ਲਈ ਸਮੇਂ ਦੀ ਲੋੜ ਹੈ ਕਿ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ ਰੋਕਣ ਲਈ ਸਰਕਾਰਾਂ, ਸਮਾਜ ਤੇ ਖੇਤੀ ਖੇਤਰ ਉੱਪਰ ਨਿਰਭਰ ਸਾਰੇ ਵਰਗ ਜਾਗਣ। ਅਜਿਹਾ ਤਾਂ ਹੀ ਸੰਭਵ ਹੈ, ਜੇ ਸਰਕਾਰਾਂ ਆਪਣੀਆਂ ਖੇਤੀਬਾੜੀ ਨੀਤੀਆਂ ਇਸ ਖੇਤਰ ਉੱਪਰ ਨਿਰਭਰ ਵਰਗਾਂ ਦੇ ਹੱਕ ਵਿਚ ਬਣਾਉਣ ਅਤੇ ਸੰਜੀਦਗੀ ਨਾਲ ਲਾਗੂ ਵੀ ਕਰਨ। ਸਮਾਜ ਦੇ ਮੁਕਾਬਲਤਨ ਅਮੀਰ ਵਰਗਾਂ ਨੂੰ ਇਨ੍ਹਾਂ ਵਰਗਾਂ ਦੇ ਯੋਗਦਾਨ ਨੂੰ ਦੇਖਦੇ ਹੋਏ ਇਨ੍ਹਾਂ ਦੇ ਹੱਕ ਵਿਚ ਖੜ੍ਹੇ ਹੋਣਾ ਬਣਦਾ ਹੈ। ਖੇਤੀਬਾੜੀ ਉੱਪਰ ਨਿਰਭਰ ਤਿੰਨਾਂ ਵਰਗਾਂ ਨੂੰ ਸਹਿਕਾਰੀ ਖੇਤੀਬਾੜੀ ਪ੍ਰਣਾਲੀ ਅਪਣਾਉਣ ਲਈ ਅੱਗੇ ਆਉਣਾ ਪਵੇਗਾ। ਅਜਿਹਾ ਕਰਨ ਲਈ ਮੁਲਕ ਦਾ ਆਰਥਿਕ ਵਿਕਾਸ ਮਾਡਲ ਲੋਕ ਅਤੇ ਕੁਦਰਤ ਪੱਖੀ ਬਣਾਇਆ ਜਾਣਾ ਅਤਿ ਜ਼ਰੂਰੀ ਹੈ।

## ਅੱਖਾਂ ਕੱਢ ਕੇ ਹੱਥ ਵੱਢਾਂਗਾ, ਸਾਬਕਾ ਮੰਤਰੀ ਨੂੰ ਮੰਦਰ 'ਚ ਬੰਧਕ ਬਣਾਉਣ ਤੋਂ ਨਾਰਾਜ਼ ਭਾਜਪਾ ਸੰਸਦ ਮੈਂਬਰ ਨੇ ਦਿੱਤੀ ਧਮਕੀ



ਨਵੀਂ ਦਿੱਲੀ/ਮਨਪ੍ਰੀਤ ਸਿੰਘ ਖਾਲਸਾ: ਰੋਹਤਕ ਤੋਂ ਭਾਜਪਾ ਦੇ ਸੰਸਦ ਮੈਂਬਰ ਆਪਣੇ ਸਾਬਕਾ ਮੰਤਰੀ ਮਨੀਸ਼ ਗਰੋਵਰ ਨੂੰ ਬੰਧਕ ਬਣਾਉਣ 'ਤੇ ਇੰਨੇ ਨਾਰਾਜ਼ ਹੋਏ ਕਿ ਉਨ੍ਹਾਂ ਨੇ ਸ਼ਬਦਾਂ ਦੀ ਹੱਦ ਹੀ ਪਾਰ ਕਰ ਦਿੱਤੀ। ਇਕ ਪ੍ਰੋਗਰਾਮ 'ਚ ਉਨ੍ਹਾਂ ਨੇ ਕਾਂਗਰਸ ਦੇ ਨਾਲ-ਨਾਲ ਕਿਸਾਨ ਆਗੂਆਂ ਨੂੰ ਧਮਕੀ ਦਿੰਦੇ ਹੋਏ ਕਿਹਾ ਕਿ ਜੋ ਵੀ ਮਨੀਸ਼ ਦਾ ਵਿਰੋਧ ਕਰਨ ਦੀ ਕੋਸ਼ਿਸ਼ ਕਰੇਗਾ, ਉਸ ਦੀਆਂ ਅੱਖਾਂ ਕੱਢ ਕੇ ਉਸ ਦੇ ਹੱਥ ਵੱਢ ਦੇਣਗੇ।

ਉਨ੍ਹਾਂ ਕਿਹਾ ਕਿ ਕਾਂਗਰਸ ਅਗਲੇ 25 ਸਾਲਾਂ ਤੱਕ ਇੱਕ ਚੱਕਰ ਵਿੱਚ ਘੁੰਮਦੀ ਰਹੇਗੀ। ਜਦਕਿ ਦੁਸ਼ਯੰਤ ਚੌਟਾਲਾ ਨਾਲ ਹੱਥ ਮਿਲਾਉਣ ਤੋਂ ਬਾਅਦ ਭਾਜਪਾ ਸੱਤਾ 'ਚ ਰਹੇਗੀ। ਉਹ ਰੋਹਤਕ ਵਿੱਚ ਇੱਕ ਜਨ ਸਭਾ ਵਿੱਚ ਬੋਲ ਰਹੇ ਸਨ। ਉਸ ਦੇ ਵਿਵਾਦਤ ਸ਼ਬਦਾਂ 'ਤੇ ਭੀੜ ਨੇ ਤਾੜੀਆਂ ਵੀ ਮਾਰੀਆਂ।

ਧਿਆਨ ਯੋਗ ਹੈ ਕਿ ਸ਼ੁੱਕਰਵਾਰ ਨੂੰ ਭਾਜਪਾ ਦੇ ਸਾਬਕਾ ਮੰਤਰੀ ਮਨੀਸ਼ ਗਰੋਵਰ ਨੂੰ ਕਿਲੋਈ ਦੇ ਇੱਕ ਮੰਦਰ ਵਿੱਚ ਕਿਸਾਨਾਂ ਨੇ ਘੇਰ ਲਿਆ ਸੀ ਜਦੋਂ ਉਹ ਭਾਜਪਾ ਦੇ ਹੋਰ ਨੇਤਾਵਾਂ ਦੇ ਨਾਲ ਕੇਦਾਰਨਾਥ ਤੋਂ ਪੀਐਮ ਮੋਦੀ ਦਾ ਲਾਈਵ ਟੈਲੀਕਾਸਟ ਦੇਖ ਰਹੇ ਸਨ। ਭੀੜ ਨੇ ਗਰੋਵਰ ਨੂੰ ਕਈ ਘੰਟਿਆਂ ਤੱਕ ਬੰਧਕ ਬਣਾ ਕੇ ਰੱਖਿਆ। ਮੁਆਫੀ ਮੰਗਣ ਤੋਂ ਬਾਅਦ ਹੀ ਉਸ ਨੂੰ ਜਾਣ ਦਿੱਤਾ ਗਿਆ। ਹਾਲਾਂਕਿ, ਗਰੋਵਰ ਨੇ ਆਪਣੀ ਮੁਆਫੀ ਨੂੰ ਇਹ ਕਹਿੰਦੇ ਹੋਏ ਖਾਰਜ ਕਰ ਦਿੱਤਾ ਕਿ ਉਸਨੇ ਕਿਸਾਨਾਂ ਦੇ ਕਹਿਣ 'ਤੇ ਰੱਬ ਅੱਗੇ ਹੱਥ ਜੋੜੇ ਸਨ, ਮਾਫੀ ਨਹੀਂ ਮੰਗੀ ਸੀ ਅਤੇ ਉਹ ਜਦੋਂ ਚਾਹੇਗਾ ਇਸ ਮੰਦਰ ਵਿੱਚ ਆਵੇਗਾ। ਕਿਸਾਨ ਮਨੀਸ਼ ਦੇ ਉਨ੍ਹਾਂ ਸ਼ਬਦਾਂ ਤੋਂ ਗੁੱਸੇ ਸਨ, ਜਿਨ੍ਹਾਂ 'ਚ ਉਸ ਨੇ ਅੰਦੋਲਨਕਾਰੀਆਂ ਨੂੰ ਬੇਰੋਜ਼ਗਾਰ, ਸ਼ਰਾਬੀ ਕਿਹਾ ਸੀ।

## ਕਿਸਾਨਾਂ-ਬੇਰੁਜ਼ਗਾਰਾਂ ਦੇ ਲਹੂ ਨਾਲ ਬਲਦੇ ਆਸਾਂ ਦੇ ਦੀਵਿਆਂ ਦੀ ਦੀਵਾਲੀ



ਗਗਨਦੀਪ ਧਾਲੀਵਾਲ

੯੯੮੮੯੩੩੧੬੧



ਦੀਵਾਲੀ ਇੱਕ ਪਵਿੱਤਰ ਤਿਉਹਾਰ ਹੈ। ਇਹ ਧਾਰਮਿਕ ਪੱਖ ਦੇ ਨਾਲ-ਨਾਲ ਸਮਾਜਿਕ ਪੱਖ ਤੋਂ ਵੀ ਬਹੁਤ ਮਹੱਤਵਪੂਰਨ ਤਿਉਹਾਰ ਹੈ । ਭਾਰਤ ਨੂੰ ਤਿਉਹਾਰਾਂ ਦਾ ਦੇਸ਼ ਵੀ ਕਿਹਾ ਜਾਂਦਾ ਹੈ। ਅੱਜ ਜਿਸ ਤਿਉਹਾਰ ਦੀ ਅਸੀਂ ਗੱਲ ਕਰ ਰਹੇ ਹਾਂ ਉਹ ਰੌਸ਼ਨੀਆਂ ਦਾ ਤਿਉਹਾਰ ਹੈ, ਹਨੇਰੇ 'ਚ ਰੌਸ਼ਨੀ ਦਾ ਅਤੇ ਗਿਆਨ ਦਾ ਪ੍ਰਤੀਕ ਹੈ। ਇੱਕ ਲੋੜਵੰਦ ਦੀ ਆਸ ਦੀ ਕਿਰਨ ਦਾ ਪ੍ਰਤੀਕ ਹੈ। ਦੀਵਾਲੀ ਵਾਲੇ ਦਿਨ ਹਰ ਇਹ ਤਿਉਹਾਰ ਹਰ ਕੋਈ ਆਪਣੇ ਘਰ ਰਹਿ ਕੇ ਮਨਾਉਣਾ ਚਾਹੁੰਦਾ ਹੈ।

ਪਿਛਲੇ ਸਾਲ ਤੋਂ ਦੁਨੀਆ ਭਰ ਵਿਚ ਸਭ ਤੋਂ ਖ਼ਤਰਨਾਕ ਹਨੇਰਾ ਕੋਵਿਡ-19 ਦਾ ਛਾਇਆ ਹੋਇਆ ਹੈ। ਜਿਸ ਦੀ ਲਪੇਟ ਵਿੱਚ ਆਉਣ ਨਾਲ ਕਈ ਘਰਾਂ ਦੇ ਚਿਰਾਗ ਬੁੱਝ ਚੁੱਕੇ ਹਨ। ਦੂਸਰਾ ਹਨੇਰਾ ਪੂਰੇ ਦੇਸ਼ ਦੇ ਕਿਸਾਨਾਂ ਲਈ ਕਾਲੇ ਕਾਨੂੰਨਾਂ ਨੇ ਕਰ ਰੱਖਿਆ ਹੈ। ਇਨ੍ਹਾਂ ਕਾਨੂੰਨਾਂ ਵਿਰੁੱਧ ਚੱਲ ਰਹੇ ਕਿਸਾਨੀ ਅੰਦੋਲਨਾਂ ਵਿੱਚ ਕਈ ਮਰਦ ਤੇ ਔਰਤਾਂ ਸ਼ਹੀਦੀ ਪ੍ਰਾਪਤ ਕਰ ਚੁੱਕੇ ਹਨ । ਤੀਸਰਾ ਹਨੇਰਾ ਅੱਜ ਦੇ ਪੜ੍ਹੇ ਲਿਖੇ ਬੇਰੁਜ਼ਗਾਰ ਅਧਿਆਪਕਾਂ ਲਈ ਸਮੇਂ ਦੀਆਂ ਸਰਕਾਰਾਂ ਨੇ ਕਰ ਰੱਖਿਆ ਹੈ, ਜਿਸ ਦੇਸ਼ ਦੀ ਤਾਕਤ ਨੌਜਵਾਨ ਅਤੇ ਕਿਸਾਨ ਸੜਕਾਂ 'ਤੇ ਹੋਣ ਸੋਚੋ ਉਸ ਦੇਸ਼ ਦੀ ਦੀਵਾਲੀ ਕਿਹੋ ਜਿਹੀ ਹੋਵੇਗੀ। ਇਨ੍ਹਾਂ ਝੂਠੇ ਵਾਅਦਿਆਂ ਤੇ ਮਾੜੀਆਂ ਸਰਕਾਰਾਂ ਕਾਰਨ ਅੱਜ ਲੋਕ ਆਪਣੇ ਪਰਿਵਾਰਾਂ ਤੋਂ ਦੂਰ ਸੜਕਾਂ ਉੱਤੇ ਬੈਠਣ ਲਈ ਮਜਬੂਰ ਹਨ। ਫਿਰ ਵੀ ਹੌਂਸਲਾ ਨਹੀਂ ਹਾਰ ਰਹੇ ਹਨ। ਉਹ ਆਪਣੇ ਹੱਕਾਂ ਲਈ ਲੜ ਕੇ ਆਪਣੇ ਲਹੂ ਨਾਲ ਦੀਵਾਲੀ ਦੇ ਦੀਪ ਜਗਾ ਰਹੇ ਹਨ। ਉਹਨਾਂ ਨੂੰ ਉਮੀਦ ਹੈ ਕਿ ਇੱਕ ਦਿਨ ਉਹਨਾਂ ਦੀ ਆਸ ਦਾ ਦੀਵਾ ਜ਼ਰੂਰ ਰੌਸ਼ਨੀ ਕਰੇਗਾ।

ਦੀਵਾਲੀ ਦਾ ਤਿਉਹਾਰ ਫ਼ਜ਼ੂਲ ਖ਼ਰਚੀ ਕਰਕੇ ਮਨਾਉਣ ਨਾਲ ਵਧੀਆਂ ਨਹੀਂ ਬਣ ਸਕਦਾ ਸਗੋਂ ਕਿਸਾਨਾਂ ਵਾਂਗ ਆਪਣੇ ਦੇਸ਼ ਲਈ ਦੂਜਿਆਂ ਲਈ ਕੁਰਬਾਨੀ ਦੇਣ ਨਾਲ ਵਧੀਆਂ ਬਣ ਸਕਦਾ ਹੈ । ਅਸੀਂ ਆਪਣੀ ਨਿੱਜੀ ਜ਼ਿੰਦਗੀ ਨੂੰ ਛੱਡਦੇ ਹੋਏ ਹਰੇ-ਭਰੇ ਰੁੱਖ ਲਗਾਕੇ ਲੋੜਵੰਦ ਲੋਕਾਂ ਦੀ ਆਰਥਿਕ ਮੱਦਦ, ਭੁੱਖੇ ਨੂੰ ਰੋਟੀ-ਪਾਣੀ, ਗਰੀਬ ਵਿਦਿਆਰਥੀਆਂ ਲਈ ਕਿਤਾਬਾਂ, ਪੜਾਈ ਦੀ ਫ਼ੀਸ ਭਰਕੇ, ਕਿਸੇ ਲੋੜਵੰਦ ਦੇ ਦੀਵੇ ਖਰੀਦ ਕੇ ਸਭ ਦੀ ਮਦਦ ਕਰ ਸਕਦੇ। ਆਓ ਦੋਸਤੋ ਫੁੱਟਪਾਥ ਸੜਕਾਂ ਉੱਪਰ ਆਸ ਦੀ ਕਿਰਨ ਜਗਾਈ ਬੈਠੇ ਗਰੀਬ ਲੋਕਾਂ ਕੋਲੋ ਦੀਵੇ ਮੋਮਬੱਤੀਆਂ ਖਰੀਦ ਕੇ ਉਹਨਾਂ ਸੰਗ ਦੀਵਾਲੀ ਮਨਾਈਏ।




# ਬੱਚਿਆਂ ਲਈ ਨੈਤਿਕ ਕਦਰਾਂ ਕੀਮਤਾਂ ਦੀ ਸਿੱਖਿਆ



**ਨਵਦੀਪ ਸਿੰਘ ਭਾਟੀਆ**
੯੮੭੬੭-੨੯੦੫੬

ਅੱਜ ਕੱਲ ਸਕੂਲਾਂ ’ਚ ਸਭ ਤੋਂ ਵੱਧ ਸਮੱਸਿਆ ਅਨੁਸ਼ਾਸਨ ਦੀ ਆ ਰਹੀ ਹੈ। ਜ਼ਿਆਦਾਤਰ ਸਕੂਲਾਂ ਨੂੰ ਇਸ ਸਮੱਸਿਆ ਨਾਲ ਜੂਝਣਾ ਪੈ ਰਿਹਾ ਹੈ। ਵਿਦਿਆਰਥੀਆਂ ਨੂੰ ਸਜ਼ਾ ਦੇਣ ਅਤੇ ਘੂਰਨ ਤੋਂ ਗੁਰੇਜ਼ ਕੀਤਾ ਜਾ ਰਿਹਾ ਹੈ ਕਿਉਂਕਿ ਆਰਟੀਈ ਮੁਤਾਬਕ ਵਿਦਿਆਰਥੀਆਂ ਨੂੰ ਕੁਝ ਨਹੀਂ ਕਿਹਾ ਜਾ ਸਕਦਾ। ਵਿਦਿਆਰਥੀਆਂ ਨੂੰ ਵੀ ਇਸ ਕਾਨੂੰਨ ਬਾਰੇ ਪਤਾ ਹੈ ਕਿਉਂਕਿ ਸਕੂਲ ਦੀ ਬਾਹਰਲੀ ਦੀਵਾਰ ’ਤੇ ਇਸ ਦੀਆਂ ਸਾਰੀਆਂ ਵਿਸ਼ੇਸ਼ਤਾਵਾਂ ਲਿਖੀਆਂ ਹੁੰਦੀਆਂ ਹਨ। ਪਹਿਲਾਂ ਕਿਹਾ ਜਾਂਦਾ ਸੀ ‘ਡੰਡਾ ਪੀਰ ਹੈ ਵਿਗੜਿਆਂ-ਤਿਗੜਿਆਂ ਦਾ’ ਅਤੇ ‘ਰੰਬਾ ਤੇ ਮੁੰਡਾ ਜਿੰਨਾ ਚੰਡੋ, ਓਨਾ ਚੰਗਾ’ ਜਦਕਿ ਹੁਣ ਉਲਟੀ ਗੰਗਾ ਵਹਿ ਰਹੀ ਹੈ। ਹਰ ਅਧਿਆਪਕ ਕੁਝ ਕਹਿਣ ਅਤੇ ਲਿਖਣ ਤੋਂ ਅਸਮਰੱਥ ਹੈ ਕਿਉਂਕਿ ਇੱਥੇ ਉਸ ਦੇ ਹੱਥ ਬੰਨ ਦਿੱਤੇ ਗਏ ਹਨ ਅਤੇ ਮੂੰਹ ਸਿਉਂ ਦਿੱਤਾ ਗਿਆ ਹੈ। ਵੈਸੇ ਅਧਿਆਪਕ ਕਸਾਈ ਨਹੀਂ ਹੁੰਦਾ। ਉਹ ਆਪਣੇ ਬੱਚਿਆਂ ਨੂੰ ਵੀ ਘੂਰਦਾ ਹੈ ਅਤੇ ਕਦੇ-ਕਦੇ ਹਲਕਾ ਜਿਹਾ ਮਾਰਦਾ ਵੀ ਹੈ। ਉਹ ਇਹ ਸਭ ਕੁਝ ਬੱਚੇ ਦੀ ਭਲਾਈ ਲਈ ਕਰਦਾ ਹੈ। ਘੁਮਿਆਰ ਜਦੋਂ ਭਾਂਡਾ ਬਣਾਉਂਦਾ ਹੈ ਤਾਂ ਆਪਣਾ ਇਕ ਹੱਥ ਭਾਂਡੇ ਦੇ ਅੰਦਰ ਰੱਖਦਾ ਹੈ ਅਤੇ ਦੂਜੇ ਹੱਥ ਨਾਲ ਉਸ ਨੂੰ ਬਾਹਰੋਂ ਥਾਪੜਦਾ ਹੈ।

ਸਰਕਾਰੀ ਸਕੂਲਾਂ ਦੇ ਅਧਿਆਪਕਾਂ ਨਾਲ ਵਿਦਿਆਰਥੀਆਂ ਵਿਚ ਘੱਟ ਰਹੇ ਅਨੁਸ਼ਾਸਨ ਬਾਰੇ ਅਕਸਰ ਵਿਚਾਰ-ਚਰਚਾ ਹੁੰਦੀ ਰਹਿੰਦੀ ਹੈ। ਸੈਮੀਨਾਰਾਂ ਅਤੇ ਵਰਕਸ਼ਾਪਾਂ ’ਚ ਅਧਿਆਪਕਾਂ ਦੀ ਆਮ ਸ਼ਿਕਾਇਤ ਹੈ ਕਿ ਉਨਾਂ ਦੇ ਸਕੂਲ ਦੇ ਵਿਦਿਆਰਥੀ ਕਹਿਣੇ ’ਚ ਨਹੀਂ ਹਨ। ਸਭ ਤੋਂ ਪਹਿਲਾਂ ਮੈਂ ਆਪਣੀ ਉਦਾਹਰਨ ਦੇਣੀ ਚਾਹੁੰਦਾ ਹਾਂ। ਦੋ ਸਾਲ ਪਹਿਲਾਂ ਮੇਰੀ ਡਿਊਟੀ ਕਿਸੇ ਪਿੰਡ ਵਿਚ ਪ੍ਰੀਖਿਆ ਦੌਰਾਨ ਸੁਪਰਡੈਂਟ ਵਜੋਂ ਲੱਗੀ। ਉੱਥੇ ਵਿਦਿਆਰਥੀਆਂ ਵਿਚ ਅਨੁਸ਼ਾਸਨ ਦੀ ਘਾਟ ਵੇਖਣ ਨੂੰ ਮਿਲੀ। ਮੈਂ ਉੱਥੇ ਸਕੂਲ ਦੇ ਅਧਿਆਪਕਾਂ ਨਾਲ ਇਸ ਮਸਲੇ ’ਤੇ ਗੱਲ ਕੀਤੀ ਤਾਂ ਉਨਾਂ ਨੇ ਕਿਹਾ ਕਿ ਅਸੀਂ ਸਖ਼ਤੀ ਨਹੀਂ ਕਰ ਸਕਦੇ ਕਿਉਂਕਿ ਸਕੂਲ ਦੇ ਗਰਾਊਂਡ ਦੇ ਪਿੱਛੇ ਭਾਖੜਾ ਨਹਿਰ ਵਗ ਰਹੀ ਹੈ।

ਜੇ ਮਾਪੇ ਤੇ ਅਧਿਆਪਕ ਥੋੜਾ ਵੀ ਬੱਚੇ ਨੂੰ ਡਾਂਟਦੇ ਹਨ ਤਾਂ ਬੱਚੇ ਭਾਖੜਾ ਨਹਿਰ ਵੱਲ ਭੱਜ ਪੈਂਦੇ ਹਨ ਕਿ ਅਸੀਂ ਮਰਨ ਚੱਲੇ ਹਾਂ। ਇਸ ਸਥਿਤੀ ਦਾ ਫ਼ਾਇਦਾ ਚੁੱਕ ਕੇ ਬੱਚੇ ਆਪਣੀਆਂ ਜਾਇਜ਼ ਅਤੇ ਨਾਜਾਇਜ਼ ਮੰਗਾਂ ਮਨਵਾਉਣ ਵਿਚ ਸਫਲ ਹੋ ਜਾਂਦੇ ਹਨ। ਅਜਿਹੇ ਵਿਚ ਅਧਿਆਪਕ ਅਤੇ ਮਾਪੇ ਬੇਵੱਸ ਨਜ਼ਰ ਆਉਂਦੇ ਹਨ। ਜਦੋਂ ਦੀ ਅੱਠਵੀਂ ਦੀ ਬੋਰਡ ਦੀ ਪ੍ਰੀਖਿਆ ਖ਼ਤਮ ਹੋਈ ਹੈ ਉਦੋਂ ਤੋਂ ਤਾਂ ਬੱਚਿਆਂ ਦਾ ਡਰ ਬਿਲਕੁਲ ਖ਼ਤਮ ਹੋ ਗਿਆ ਹੈ। ਗਰੇਡ ਸਿਸਟਮ ਤਹਿਤ ਡੀਈ ਵਾਲਾ ਵੀ ਅਗਲੀ ਜਮਾਤ ਵਿਚ ਕਰ ਦਿੱਤਾ ਜਾਂਦਾ ਸੀ। । ਨੌਵੀਂ ਵਿਚ ਸਕੂਲ ਮੁਖੀ ਵੱਲੋਂ ਆਪਣੇ ਸਕੂਲ ਦਾ ਨਤੀਜਾ ਬਿਹਤਰ ਦਿਖਾਉਣ ਖ਼ਾਤਰ ਬੱਚਿਆਂ ਨੂੰ ਵੱਧ ਤੋਂ ਵੱਧ ਬੇਲੋੜੀ ਗਰੇਸ ਦੇ ਕੇ ਅਗਲੀ ਜਮਾਤ ਵਿਚ ਤੋਰ ਦਿੱਤਾ ਜਾਂਦਾ ਹੈ। ਦਸਵੀਂ ਤਕ ਪਹੁੰਚਦੇ-ਪਹੁੰਚਦੇ ਪੜਾਈ ਵਿਚ ਅਜਿਹੇ ਬੱਚਿਆਂ ਦਾ ਪੱਧਰ ਬਹੁਤ ਨੀਵਾਂ ਰਹਿ ਜਾਂਦਾ ਹੈ। ਅਜਿਹੇ ਬੱਚੇ ਟੀਚਰਾਂ ਨੂੰ ਟਿੱਚ ਜਾਣਨ ਲੱਗਦੇ ਹਨ। ਮੈਂ ਪੱਚੀ ਸਾਲ ਤੋਂ ਸਰਕਾਰੀ ਨੌਕਰੀ ਵਿਚ ਹਾਂ। ਸਕੂਲ ਵਿਚ ਮੈਂ ਅਧਿਆਪਕਾਂ ਨੂੰ ਅਜਿਹੇ ਬੱਚਿਆਂ ਨਾਲ ਖਪਦੇ ਅਤੇ ਮੱਥਾ ਮਾਰਦੇ ਵੇਖਿਆ ਹੈ। ਪੀਟੀਐੱਮ ਵੇਲੇ ਮੈਂ ਬੱਚਿਆਂ ਦੀਆਂ ਮਾਵਾਂ ਨੂੰ ਹੰਝੂ ਕੇਰਦੀਆਂ ਨੂੰ ਵੇਖਿਆ ਹੈ। ਮਾਂ ਰੋ ਰਹੀ ਹੁੰਦੀ ਹੈ ਅਤੇ ਬੱਚਾ ਕਈ ਵਾਰ ਦੰਦੀਆਂ ਕੱਢ ਰਿਹਾ ਹੁੰਦਾ ਹੈ। ਉਸ ਦੇ ਕੰਨ ’ਤੇ ਜੂੰ ਤੱਕ ਨਹੀਂ ਸਰਕਦੀ।



ਇਸ ਸਾਰੇ ਵਰਤਾਰੇ ਪਿੱਛੇ ਇਕ ਨਹੀਂ, ਕਈ ਕਾਰਨ ਜ਼ਿੰਮੇਵਾਰ ਹਨ ਜੋ ਮੀਟਿੰਗ ਦੌਰਾਨ ਸਕੂਲ ਵਿਚ ਆ ਕੇ ਮਾਵਾਂ, ਅਧਿਆਪਕਾਂ ਨੂੰ ਦੱਸਦੀਆਂ ਹਨ। ਇਨਾਂ ਕਾਰਨਾਂ ’ਚੋਂ ਇਕ ਮੁੱਖ ਕਾਰਨ ਇਹ ਹੈ ਕਿ ਜਿਨਾਂ ਬੱਚਿਆਂ ਦੇ ਸਿਰ ਤੋਂ ਬਾਪ ਦਾ ਸਾਇਆ ਉੱਠ ਚੁੱਕਾ ਹੁੰਦਾ ਹੈ ਅਤੇ ਜਿਨਾਂ ਦੇ ਬਾਪ ਨਸ਼ੇੜੀ ਹੁੰਦੇ ਹਨ, ਉਹ ਮਾੜੀ ਸੰਗਤ ਵਿਚ ਪੈ ਕੇ ਵਿਗੜ ਜਾਂਦੇ ਹਨ। ਘਰ ਦਾ ਖ਼ਰਚਾ ਚਲਾਉਣ ਲਈ ਕਈ ਮਾਵਾਂ ਨੂੰ ਵੀ ਦਿਹਾੜੀ ਕਰਨੀ ਪੈਂਦੀ ਹੈ। ਦਾਰੂ ਪੀ ਕੇ ਬੱਚੇ ਦਾ ਬਾਪ ਉਸ ਦੀ ਮਾਂ ਦੀ ਕੁੱਟਮਾਰ ਕਰਦਾ ਹੈ। ਅਜਿਹਾ ਮਾਹੌਲ ਬੱਚੇ ਦੇ ਵਿਗੜਨ ਵਿਚ ਅਹਿਮ ਭੂਮਿਕਾ ਅਦਾ ਕਰਦਾ ਹੈ। ਸਕੂਲ ਵਿਚ ਅਧਿਆਪਕ ਬੱਚੇ ਦੇ ਸਰਬਪੱਖੀ ਵਿਕਾਸ ਲਈ ਤਨਦੇਹੀ ਨਾਲ ਕੋਸ਼ਿਸ਼ਾਂ ਕਰਦੇ ਹਨ। ਉਨਾਂ ਨੂੰ ਨੈਤਿਕ ਸਿੱਖਿਆ ਵੀ ਦਿੰਦੇ ਹਨ। ਹਕੀਕਤ ਇਹ ਹੈ ਕਿ ਸਕੂਲ ਵਿਚ ਵਾਤਾਵਰਨ ਭਾਵੇਂ ਜਿੰਨਾ ਮਰਜ਼ੀ ਚੰਗਾ ਬਣਾ ਲਵੋ ਜੇਕਰ ਘਰ ਜਾ ਕੇ ਬੱਚੇ ਨੂੰ ਵਾਤਾਵਰਨ ਸੁਖਾਵਾਂ ਨਹੀਂ ਮਿਲਦਾ ਤਾਂ ਉਸ ਦਾ ਸਰਬਪੱਖੀ ਵਿਕਾਸ ਨਹੀਂ ਹੋ ਸਕਦਾ। ਕਈ ਅਧਿਆਪਕ ਨਸ਼ੇੜੀ ਬਾਪਾਂ ਦੀ ਵੀ ਕੌਂਸਲਿੰਗ ਕਰਦੇ ਹਨ। ਕਈ ਵਾਰ ਇਸ ਦਾ ਪ੍ਰਭਾਵ ਗ਼ਲਤ ਪੈ ਜਾਂਦਾ ਹੈ ਅਤੇ ਬਾਪ ਘਰ ਜਾ ਕੇ ਬੱਚੇ ਦੀ ਮਾਂ ਨਾਲ ਹੋਰ ਲੜਦਾ ਹੈ ਕਿ ਤੂੰ ਮੇਰੇ ਨਸ਼ੇ ਦਾ ਸਕੂਲ ਵਿਚ ਜ਼ਿਕਰ ਕਿਉਂ ਕੀਤਾ। ਅਜਿਹੀਆਂ ਅਨੇਕਾਂ ਉਦਾਹਰਨਾਂ ਹਨ। ਇਕ ਸਕੂਲ ਵਿਚ ਗਿਆਰਵੀਂ ਦੇ ਵਿਦਿਆਰਥੀ ਨੂੰ ਕਿਸੇ ਮੈਡਮ ਨੇ ਉਸ ਦੀ ਗ਼ਲਤੀ ’ਤੇ ਘੂਰ ਦਿੱਤਾ। ਅਗਲੇ ਦਿਨ ਉਸ ਦੇ ਮਾਪੇ, ਦਾਦੀ ਤੇ ਪਿੰਡ ਦੇ ਕਈ ਹੋਰ ਬੰਦੇ ਸਕੂਲ ਵਿਚ ਮੈਡਮ ਨਾਲ ਲੜਨ ਲਈ ਆ ਗਏ। ‘ਉਹ ਸਕੂਲ ਦੇ ਪਿੱਛੇ ਰੇਲ ਪਟੜੀ ਹੈ ਜਿੱਥੇ ਇਕ ਲੜਕੇ ਨੇ ਖ਼ੁਦਕੁਸ਼ੀ ਕਰ ਲਈ ਸੀ। ਜੇਕਰ ਸਾਡਾ ਮੁੰਡਾ ਵੀ ਖ਼ੁਦਕੁਸ਼ੀ ਕਰ ਗਿਆ ਤਾਂ ਕੌਣ ਜ਼ਿੰਮੇਵਾਰ ਹੋਵੇਗਾ ?’

ਲੜਕੇ ਦੀ ਮਾਂ ਗੁੱਸੇ ਨਾਲ ਮੈਡਮ ਨੂੰ ਕਹਿ ਰਹੀ ਸੀ। ਲੜਕਾ ਵੀ ਨਾਲ ਹੀ ਖੜਾ ਸੀ। ਅਜਿਹੀ ਸਥਿਤੀ ਵਿਚ ਲੜਕੇ ਨੂੰ ਸ਼ਹਿ ਤਾਂ ਮਿਲੇਗੀ ਹੀ। ਕੁਝ ਮਾਪਿਆਂ ਦੀ ਸ਼ਿਕਾਇਤ ਹੁੰਦੀ ਹੈ ਕਿ ਸਾਡਾ ਬੱਚਾ ਪੜੇ ਜਾਂ ਨਾ ਪੜੇ। ਇਸ ਨੂੰ ਕੁਝ ਨਹੀਂ ਕਹਿਣਾ। ਇਹ ਤਾਂ ਮਸਾਂ ਤਿੰਨ-ਚਾਰ ਭੈਣਾਂ ਬਾਅਦ ਜੰਮਿਆ ਹੈ। ਨਸ਼ੇ, ਹਥਿਆਰ ਅਤੇ ਅਸ਼ਲੀਲਤਾ ਪ੍ਰਫੁੱਲਿਤ ਕਰਦੇ ਗੀਤ ਵੀ ਅੱਜ ਕੱਲ ਦੀ ਨੌਜਵਾਨ ਪੀੜੀ ’ਤੇ ਬਹੁਤ ਬੁਰਾ ਪ੍ਰਭਾਵ ਪਾਉਂਦੇ ਹਨ। ਜੋ ਕੁਝ ਉਨਾਂ ਨੂੰ ਪਰੋਸਿਆ ਜਾ ਰਿਹਾ ਹੈ ਉਹ ਉਸ ਦੇ ਸਿੱਟਿਆਂ ਤੋਂ ਅਨਜਾਣ ਹੋ ਕੇ ਉਸ ਨੂੰ ਸਵੀਕਾਰ ਕਰੀ ਜਾ ਰਹੇ ਹਨ। ਨੈਤਿਕਤਾ ਵਿਚ ਆਈ ਵੱਡੀ ਗਿਰਾਵਟ ਦਾ ਮੁੱਖ ਕਾਰਨ ਅਜਿਹੇ ਗੀਤ ਵੀ ਹਨ।

ਅੱਜ ਦੇ ਜ਼ਿਆਦਾਤਰ ਨੌਜਵਾਨ ਸੱਚਮੁੱਚ ਰਾਹ ਭਟਕ ਚੁੱਕੇ ਹਨ। ਧਾਰਮਿਕ ਅਸਥਾਨਾਂ ’ਤੇ ਆਉਂਦੇ-ਜਾਂਦੇ ਸਮੇਂ ਵੀ ਉਹ ਬੁਲਟ ਦੇ ਪਟਾਕੇ ਵਜਾਉਂਦੇ ਰਹਿੰਦੇ ਹਨ। ਇਨਾਂ ਸਾਰੀਆਂ ਗੱਲਾਂ ਨੂੰ ਵੇਖ ਕੇ ਸਿੱਖਿਆ ਮਹਿਕਮੇ ਵੱਲੋਂ ਮਹਿਸੂਸ ਕੀਤਾ ਗਿਆ ਹੈ ਕਿ ਸਕੂਲ ਪੱਧਰ ’ਤੇ ਸਿਲੇਬਸ ਵਿਚ ਇਕ ਅਲੱਗ ਵਿਸ਼ਾ ਰੱਖਿਆ ਜਾਵੇ ਜੋ ਵਿਦਿਆਰਥੀਆਂ ਦੀਆਂ ਨੈਤਿਕ ਕਦਰਾਂ-ਕੀਮਤਾਂ ਨਾਲ ਜੁੜਿਆ ਹੋਵੇ। ਸਮੇਂ-ਸਮੇਂ ’ਤੇ ਇਸ ਸਬੰਧ ਵਿਚ ਅਧਿਆਪਕਾਂ ਦੇ ਸੁਝਾਅ ਮੰਗੇ ਜਾ ਰਹੇ ਹਨ। ਇਕ-ਦੋ ਮੀਟਿੰਗਾਂ ਵਿਚ ਮੈਨੂੰ ਵੀ ਸ਼ਾਮਲ ਕੀਤਾ ਗਿਆ। ਸਾਰਿਆਂ ਦੀ ਇੱਕੋ ਆਵਾਜ਼ ਸੀ ਕਿ ਚੰਗੇ ਵਿੱਦਿਅਕ ਮਾਹੌਲ ਲਈ ਅਨੁਸ਼ਾਸਨ ਦਾ ਹੋਣਾ ਬਹੁਤ ਜ਼ਰੂਰੀ ਹੈ। ਇਹ ਤਾਂ ਹੀ ਸੰਭਵ ਹੈ ਜੇ ਬੱਚਿਆਂ ਨੂੰ ਨੈਤਿਕਤਾ ਦਾ ਪਾਠ ਪੜਾਇਆ ਜਾਵੇ। ਉਮੀਦ ਹੈ ਕਿ ਆਉਂਦੇ ਕੁਝ ਮਹੀਨਿਆਂ ਤਕ ਨੈਤਿਕ ਸਿੱਖਿਆ ਨੂੰ ਸਕੂਲੀ ਪਾਠਕ੍ਰਮ ਵਿਚ ਸ਼ਾਮਲ ਕਰ ਲਿਆ ਜਾਵੇਗਾ।

# ਬੱਚਿਆਂ ਦੇ ਗਿਆਨ ਦਾ ਭੰਡਾਰ : ਕੰਪਿਊਟਰ ਪਿਤਾਮਾ ਚਾਰਲਸ ਬੈਬੇਜ ਦਾ ਇਤਿਹਾਸ

**ਰਵਿੰਦਰਪਾਲ ਸਿੰਘ**
੯੮੧੫੨-੯੨੫੭੨

ਚਾਰਲਸ ਬੈਬੇਜ ਨੂੰ ਕੰਪਿਊਟਰ ਦਾ ਪਿਤਾ ਕਿਹਾ ਜਾਂਦਾ ਹੈ। ਚਾਰਲਸ ਬੈਬੇਜ ਦਾ ਜਨਮ 26 ਨਵੰਬਰ 1791 ਨੂੰ ਲੰਡਨ ਵਿਚ ਹੋਇਆ ਸੀ। ਉਹ ਇਕ ਅਮੀਰ ਪਰਿਵਾਰ ਵਿਚੋਂ ਸੀ ਅਤੇ ਉਸ ਦੇ ਪਿਤਾ ਦਾ ਨਾਂ ਬੈਂਜਾਮਿਨ ਬੈਬੇਜ ਸੀ, ਜੋ ਇਕ ਬੈਂਕਰ ਸੀ।

ਬੈਬੇਜ ਦੀ ਮੁੱਢਲੀ ਸਿੱਖਿਆ ਘਰ ਵਿਚ ਹੋਈ। ਇਕ ਪ੍ਰਾਈਵੇਟ ਅਧਿਆਪਕ ਉਸ ਨੂੰ ਘਰ ਵਿਚ ਹੀ ਪੜਾਉਣ ਆਉਂਦਾ ਸੀ। ਇਸ ਤੋਂ ਬਾਅਦ ਸਿੱਖਿਆ ਲਈ ਬੈਬੇਜ ਨੂੰ ਹੋਲਮਵੁੱਡ ਸਕੂਲ ਵਿਚ ਦਾਖ਼ਲ ਕਰਵਾਇਆ ਗਿਆ।

ਬੈਬੇਜ ਗਣਿਤ ਵਿਚ ਬਹੁਤ ਹੁਸ਼ਿਆਰ ਸੀ। ਉਹ ਹੋਲਮਵੁੱਡ ਸਕੂਲ ਵਿਚ ਮੌਜੂਦ ਲਾਇਬ੍ਰੇਰੀ ਤੋਂ ਗਣਿਤ ਦੀਆਂ ਕਿਤਾਬਾਂ ਲੈ ਕੇ ਪੜਦਾ ਸੀ। ਚਾਰਲਸ ਬੈਬੇਜ ਅਗਲੇਰੀ ਪੜਾਈ ਲਈ 1911 ਵਿਚ ਕੈਂਬਰਿਜ ਯੂਨੀਵਰਸਿਟੀ ਦੇ ਟ੍ਰਿਨਿਟੀ ਕਾਲਜ ਵਿਚ ਸ਼ਾਮਿਲ ਹੋਏ ਅਤੇ ਆਪਣੀ ਗ੍ਰੈਜੂਏਸ਼ਨ ਕੈਂਬਰਿਜ ਦੇ ਪੀਟਰਹਾਊਸ ਕਾਲਜ ਤੋਂ ਪੂਰੀ ਕੀਤੀ। 1814 ਵਿਚ, ਚਾਰਲਸ ਬਾਵੇਜ ਦਾ ਵਿਆਹ ਜੌਰਜੀਆਨਾ ਵਿਟਮੋਰ ਨਾਲ ਹੋਇਆ। ਉਨਾਂ ਦੇ ਕੁੱਲ 8 ਬੱਚੇ ਸਨ, ਜਿਨਾਂ ਵਿਚੋਂ ਸਿਰਫ਼ 3 ਬੱਚੇ ਬਚੇ ਸਨ।





ਚਾਰਲਸ ਬੈਬੇਜ ਨੇ ਰਾਇਲ ਐਨਾਲਿਟਿਕਲ ਐਂਡ ਗੋਸਟ ਕਲੱਬ ਨਾਂਅ ਦੀ ਇਕ ਸੁਸਾਇਟੀ ਵੀ ਬਣਾਈ। ਬੈਬੇਜ ਨੂੰ 1816 ਵਿਚ ‘ਰਾਇਲ ਸੁਸਾਇਟੀ’ ਦਾ ਮੈਂਬਰ ਚੁਣਿਆ ਗਿਆ ਸੀ। ਰਾਇਲ ਖਗੋਲ ਵਿਗਿਆਨ ਸੁਸਾਇਟੀ ਦੀ ਸਥਾਪਨਾ ਵੀ 1820 ਵਿਚ ਚਾਰਲਸ ਬੈਬੇਜ ਦੁਆਰਾ ਕੀਤੀ ਗਈ ਸੀ।

ਕੰਪਿਊਟਰ ਦੀ ਖੋਜ ਚਾਰਲਸ ਬੇਬੇਜ ਨੇ ਸਾਲ 1822 ਵਿਚ ਕੀਤੀ ਸੀ। ਸਮੇਂ-ਸਮੇਂ ’ਤੇ ਬਹੁਤ ਸਾਰੇ ਵਿਗਿਆਨੀਆਂ ਨੇ ਕੰਪਿਊਟਰ ਨਾਲ ਸਬੰਧਿਤ ਖੋਜਾਂ ਦੇ ਨਾਲ ਆਧੁਨਿਕ ਕੰਪਿਊਟਰ ਦੀ ਨੀਂਹ ਰੱਖੀ। ਇਹ ਪ੍ਰਕਿਰਿਆ ਸਾਲ 1945 ਵਿਚ ਵੀ ਜਾਰੀ ਰਹੀ। ਪਰ ਕੰਪਿਊਟਰ ਦੀ ਖੋਜ ਕਰਨ ਅਤੇ ਕੰਪਿਊਟਰ ਦਾ ਪਿਤਾਮਾ ਬਣਨ ਦਾ ਮਾਣ ਚਾਰਲਸ ਬੈਬੇਜ ਦੇ ਹਿੱਸੇ ਹੀ ਜਾਂਦਾ ਹੈ।

ਚਾਰਲਸ ਬੈਬੇਜ ਨੇ ਇਕ ਵਿਸ਼ਲੇਸ਼ਣਾਤਮਿਕ ਇੰਜਣ ਬਣਾਇਆ ਜੋ ਗਣਿਤ ਦੀ ਗਣਨਾ ਕਰਨ ਦੇ ਸਮਰੱਥ ਸੀ। ਇਹ ਇਕ ਮਕੈਨੀਕਲ ਮਸ਼ੀਨ ਸੀ। ਇਹ ਇਕ ਕਮਰੇ ਨਾਲੋਂ ਵੀ ਵੱਡੀ ਮਸ਼ੀਨ ਸੀ, ਜਿਸ ਨੂੰ ਬਣਾਉਣ ਵਿਚ ਬਹੁਤ ਖ਼ਰਚਾ ਆਇਆ। ਇਹ ਖ਼ਰਚਾ ਬ੍ਰਿਟਿਸ਼ ਸਰਕਾਰ ਦੁਆਰਾ ਚੁੱਕਿਆ ਗਿਆ ਸੀ। ਇਹ ਇੰਜਣ ਭਾਫ਼ ’ਤੇ ਚੱਲਦਾ ਸੀ, ਜਿਸ ਵਿਚ ਸ਼ਾਫਟ, ਕ੍ਰੈਂਕ ਆਦਿ ਜੁੜੇ ਹੋਏ ਸਨ। ਇਹ ਅਕਾਰ ਦੇ ਨਾਲ-ਨਾਲ ਭਾਰੀ ਵੀ ਬਹੁਤ ਸੀ। ਬਾਅਦ ਵਿਚ ਉਸ ਨੇ ਇਕ ਹੋਰ ਮਸ਼ੀਨ ਤਿਆਰ ਕੀਤੀ ਜਿਸ ਨੂੰ ਡਿਫਰੈਂਸ਼ੀਅਲ ਇੰਜਨ ਕਿਹਾ ਗਿਆ। ਬਾਅਦ ਵਿਚ ਇਹੀ ਮਸ਼ੀਨ ਆਧੁਨਿਕ ਕੰਪਿਊਟਰ ਦਾ ਆਧਾਰ ਬਣੀ। ਚਾਰਲਸ ਬੈਬੇਜ ਨੂੰ ਕੰਪਿਊਟਰ ਦਾ ਪਿਤਾਮਾ ਇਸ ਕਰਕੇ ਕਿਹਾ ਜਾਂਦਾ ਹੈ ਕਿਉਂਕਿ ਉਸ ਨੇ ਪਹਿਲਾ ਪ੍ਰੋਗਰਾਮਿੰਗ ਕੰਪਿਊਟਰ ਤਿਆਰ ਕੀਤਾ ਸੀ। ਇਸ ਮਹਾਨ ਗਣਿਤ ਸ਼ਾਸਤਰੀ, ਦਾਰਸ਼ਨਿਕ ਅਤੇ ਖੋਜੀ ਦੀ 18 ਅਕਤੂਬਰ, 1971 ਨੂੰ ਲੰਡਨ ਵਿਚ ਮੌਤ ਹੋ ਗਈ। ਚਾਰਲਸ ਬੈਬੇਜ ਦੁਆਰਾ ਕੰਪਿਊਟਰ ਦੀ ਖੋਜ ਲਈ ਦੁਨੀਆ ਉਸ ਨੂੰ ਹਮੇਸ਼ਾ ਯਾਦ ਰੱਖੇਗੀ।

# ਮਾਪਿਆਂ ਦੇ ਬੱਚਿਆਂ ਪ੍ਰਤੀ ਬਣਦੇ ਫ਼ਰਜ



ਸੰਜੀਵ ਝਾਂਜੀ, ਜਗਰਾਉਂ
੮੦੦੪੯੧੦੦੦੦

ਮਾਂ-ਬਾਪ ਦੀ ਇਹ ਇੱਛਾ ਹੁੰਦੀ ਹੈ ਕਿ ਉਨਾਂ ਦੇ ਬੱਚੇ ਵੱਡੇ ਹੋ ਕੇ ਨਾਮਵਰ ਵਿਅਕਤਿਤਵ ਦੇ ਮਾਲਕ ਅਤੇ ਉੱਚ ਅਫ਼ਸਰ ਬਣਨ। ਇਸ ਲਈ ਆਪਣੀ ਇਸ ਮੁੱਢਲੀ ਇੱਛਾ ਦੀ ਪੂਰਤੀ ਲਈ ਉਹ ਆਪਣੇ ਬੱਚਿਆਂ ਨੂੰ ਚੰਗੀ ਅਤੇ ਮਹਿੰਗੀ ਸਿੱਖਿਆ ਦਿਵਾਉਣ ਦੀ ਕੋਸ਼ਿਸ਼ ਕਰਦੇ ਹਨ।

ਬੱਚਿਆਂ ਦੀ ਜ਼ਿੰਮੇਵਾਰੀ ਨਿਭਾਉਣੀ ਹਰ ਮਾਂ-ਬਾਪ ਦਾ ਫ਼ਰਜ਼ ਹੈ ਪਰ ਸੋਚਣ ਵਾਲੀ ਗੱਲ ਇਹ ਹੈ ਕਿ ਕੀ ਸਾਰੇ ਮਾਂ-ਬਾਪ ਆਪਣੀ ਇਸ ਜ਼ਿੰਮੇਵਾਰੀ ਨੂੰ ਪੂਰਾ ਕਰਦੇ ਹਨ?

ਬੱਚਿਆਂ ਪ੍ਰਤੀ ਜ਼ਿੰਮੇਵਾਰੀ ਨਿਭਾਉਣ ਵਿੱਚ ਕਈ ਤਰਾਂ ਦੀਆਂ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਨਾਂ ਵਿੱਚੋਂ ਸਭ ਤੋਂ ਵੱਡੀ ਔਕੜ ਤਾਂ ਆਰਥਿਕ ਹੁੰਦੀ ਹੈ। ਦੂਜੀ ਵੱਡੀ ਔਕੜ ਸਮੇਂ ਦੀ ਘਾਟ ਹੁੰਦੀ ਹੈ।

ਬੱਚਿਆਂ ਤੋਂ ਅਸੀਂ ਕੁੱਝ ਚੰਗੀ ਆਸ ਤਾਂ ਹੀ ਕਰ ਸਕਦੇ ਹਾਂ ਜੇਕਰ ਅਸੀਂ ਉਨਾਂ ਪ੍ਰਤੀ ਮਿੱਤਰਤਾ ਵਾਲਾ ਵਤੀਰਾ ਰੱਖਿਆ ਹੋਵੇਗਾ। ਮਾਂ-ਬਾਪ ਬੱਚੇ ਦੇ ਸਭ ਤੋਂ ਨੇੜਲੇ ਦੋਸਤ ਹੁੰਦੇ ਹਨ। ਸਾਨੂੰ ਬੱਚਿਆ ਪ੍ਰਤੀ ਆਪਣਾ ਰੁਖ ਕੁੱਝ ਇਸ ਤਰਾਂ ਦਾ ਰੱਖਣਾ ਚਾਹੀਦਾ ਹੈ ਕਿ ਉਹ ਤੁਹਾਨੂੰ ਆਪਣਾ ਦੋਸਤ ਸਮਝਣ।

ਬੱਚਿਆਂ ਨੂੰ ਚੰਗੇ ਸੰਸਕਾਰ ਗ੍ਰਹਿਣ ਕਰਵਾਣੇ ਚਾਹੀਦੇ ਹਨ। ਸਭ ਤੋਂ ਪਹਿਲਾਂ ਬੱਚਾ ਸੰਸਕਾਰਾਂ ਨੂੰ ਆਪਣੇ ਮਾਂ-ਬਾਪ ਅਤੇ ਪਰਿਵਾਰ ਤੋਂ ਹੀ ਪ੍ਰਾਪਤ ਕਰਦਾ ਹੈ। ਇਹੀ ਬੱਚੇ ਦੀ ਮੁੱਢਲੀ ਸਿੱਖਿਆ ਹੁੰਦੀ ਹੈ। ਇਸ ਲਈ ਬੱਚਿਆਂ ਵਿਚ ਵੱਡਿਆਂ ਦੀ ਇੱਜ਼ਤ ਕਰਨ, ਆਏ ਗਏ ਦਾ ਆਦਰ-ਮਾਣ ਕਰਨ, ਵੱਡਿਆਂ ਨੂੰ ਜੀ ਕਹਿ ਕੇ ਬੁਲਾਉਣ, ਬੋਲਣ ਅਤੇ ਗੱਲਾਂ ਆਦਿ ਕਰਨ ਦਾ ਸਹੀ ਸਲੀਕਾ ਸਿਖਾਉਣਾ ਚਾਹੀਦਾ ਹੈ।

ਬੱਚਾ ਜਦੋਂ ਥੋੜਾ ਜਿਹਾ ਵੱਡਾ ਹੋ ਜਾਵੇ ਅਤੇ ਘਰੋ ਬਾਹਰ ਆਪਣੇ ਦੋਸਤਾਂ ਮਿੱਤਰਾਂ ਨਾਲ ਜਾ ਕੇ ਖੇਲਣਾ ਸ਼ੁਰੂ ਕਰ ਦੇਵੇ ਤਾਂ ਉਸ ਉੱਤੇ ਪੂਰੀ ਨਜ਼ਰ ਰੱਖਣੀ ਚਾਹੀਦੀ ਹੈ। ਇਸ ਗੱਲ ਦਾ ਵਿਸ਼ੇਸ਼ ਧਿਆਨ ਰਖਿਆ ਜਾਣਾ ਚਾਹੀਦਾ ਹੈ ਕਿ ਕੀ ਬੱਚਾ ਗਾਲਾਂ ਤਾਂ ਨਹੀਂ ਕੱਢ ਰਿਹਾ? ਬੱਚੇ ਨੂੰ ਅਜਿਹੇ ਗਲਤ ਸੰਗਤ ਵਾਲੇ ਮਿੱਤਰਾਂ ਤੋਂ ਦੂਰ ਰੱਖਣਾ ਚਾਹੀਦਾ ਹੈ।

ਸਮੇਂ-ਸਮੇਂ ਤੇ ਬੱਚੇ ਦੇ ਦੋਸਤਾਂ ਬਾਰੇ ਜਾਣਕਾਰੀ ਪ੍ਰਾਪਤ ਕਰਦੇ ਰਹਿਣਾ ਚਾਹੀਦਾ ਹੈ। ਉਨਾਂ ਦੇ ਮਾਤਾ-ਪਿਤਾ ਕੀ ਕਰਦੇ ਹਨ? ਉਹ ਕਿੱਥੇ ਰਹਿੰਦੇ ਹਨ? ਉਨਾਂ ਦੇ ਸੰਸਕਾਰ ਕਿਹੋ ਜਿਹੇ ਹਨ? ਉਨਾਂ ਬੱਚਿਆਂ ਦਾ ਵਤੀਰਾ ਕਿਹੋ ਜਿਹਾ ਹੈ? ਉਨਾਂ ਦੀ ਬੋਲ ਬਾਣੀ ਕਿਹੋ ਜਿਹੀ ਹੈ? ਆਦਿ ਅਜਿਹੇ ਕੁੱਝ ਪ੍ਰਸ਼ਨਾਂ ਦਾ ਕਦੇ-ਕਦੇ ਉੱਤਰ ਬੱਚੇ ਦੇ ਦੋਸਤਾਂ 'ਚੋਂ ਟਟੋਲਣਾ ਚਾਹੀਦਾ ਹੈ।

ਜਦੋਂ ਬੱਚਾ ਜਵਾਨੀ ਦੀ ਦਹਿਲੀਜ਼ 'ਤੇ ਕਦਮ ਰੱਖੇ ਤਾਂ ਉਸ ਵੇਲੇ ਉਸ ਤੇ ਵਿਸ਼ੇਸ਼ ਨਜ਼ਰ ਰੱਖਣੀ ਚਾਹੀਦੀ ਹੈ। ਉਹ ਕਿੱਥੇ ਜਾਂਦਾ ਹੈ? ਕਿਹੋ ਜਿਹੀਆਂ ਕਿਤਾਬਾਂ ਪੜਦਾ ਹੈ? ਕਿਸ ਤਰਾਂ ਦੇ ਟੀ.ਵੀ. ਸੀਰੀਅਲ ਵੇਖਦਾ ਹੈ? ਕਿਹੋਂ ਜਿਹੀਆਂ ਫ਼ਿਲਮਾਂ ਵੇਖਦਾ ਹੈ? ਉਸ ਦੀ ਰਹਿਣੀ-ਬਹਿਣੀ ਕਿਹੋ ਜਿਹੇ ਦੋਸਤਾਂ ਨਾ ਹੈ? ਆਦਿ ਅਜਿਹੇ ਕੁੱਝ ਪ੍ਰਸ਼ਨਾਂ ਦੇ ਉੱਤਰ ਉਨਾਂ ਦੀਆਂ ਹਰਕਤਾਂ ਤੋਂ ਲਭਣੇ ਚਾਹੀਦੇ ਹਨ।



ਦਸਵੀਂ ਜਮਾਤ ਪਾਸ ਕਰਨ ਉਪਰੰਤ ਅਜਿਹਾ ਸਮਾਂ ਆਉਂਦਾ ਹੈ ਜਦੋਂ ਬੱਚਾ ਜਿਆਦਾ ਦੁਵਿਧਾ ਵਿੱਚ ਹੁੰਦਾ ਹੈ, ਕਿਉਂਕਿ ਇਸ ਮੁਕਾਮ ਤੇ ਉਸ ਨੇ ਨਵੇਂ ਵਿਸ਼ਿਆਂ ਦੀ ਚੋਣ ਕਰਨੀ ਹੁੰਦੀ ਹੈ। ਅਜਿਹੇ ਮੌਕੇ ਮਾਂ-ਬਾਪ ਨੂੰ ਉਨਾਂ ਦਾ ਮਾਰਗ ਦਰਸ਼ਨ ਕਰਨਾ ਚਾਹੀਦਾ ਹੈ। ਬੱਚੇ ਦੀ ਬੌਧਿਕ ਸਮਰਥਾ, ਉਸਦੀਆਂ ਰੁਚੀਆਂ ਅਤੇ ਉਸ ਦੇ ਇੰਟਰਸਟ ਵਗੈਰਾ ਨੂੰ ਵੇਖ ਕੇ ਹੀ ਉਸ ਨੂੰ ਨਵੇਂ ਵਿਸ਼ੇ ਜਾਂ ਨਵੀਂ ਸਟਰੀਮ ਲੈ ਕੇ ਦੇਣੀ ਚਾਹੀਦੀ ਹੈ। ਅਜਿਹਾ ਕਰਦੇ ਸਮੇਂ ਆਪਣੀ ਆਰਥਿਕ ਹਾਲਤ ਨੂੰ ਵੀ ਧਿਆਨ ਵਿੱਚ ਰੱਖਣਾ ਚਾਹੀਦਾ ਹੈ, ਕਿਉਂਕਿ ਵਿਦਿਆ ਦੇ ਕਈ ਖੇਤਰ ਜਿਆਦਾ ਖਰਚੀਲੇ ਹਨ ਅਤੇ ਇਹ ਤੁਹਾਡੀ ਜ਼ਿੰਦਗੀ ਦੀ ਆਰਥਿਕ ਗੱਡੀ ਨੂੰ ਲੀਹੋ ਲਾਹ ਸਕਦੇ ਹਨ। ਪਰ ਫੇਰ ਵੀ ਚੰਗੀ ਸਿੱਖਿਆ ਦਵਾਉਣ ਵੱਲ ਧਿਆਨ ਜ਼ਰੂਰ ਕੇਂਦ੍ਰਤ ਕਰਨਾ ਚਾਹਦਾ

ਸਿੱਖਿਆ ਪ੍ਰਾਪਤੀ ਤੋਂ ਬਾਅਦ ਬੱਚਿਆਂ ਨੂੰ ਸੈਟ ਕਰਨਾ ਵੀ ਮਾਂ-ਬਾਪ ਦਾ ਵੱਡਾ ਫ਼ਰਜ਼ ਹੈ। ਬੱਚੇ ਦੇ ਜਨਮ ਤੋਂ ਹੀ ਇਸ ਦਿਸ਼ਾ ਵੱਲ ਆਰਥਿਕ ਸੋਚ ਰੱਖਣੀ ਚਾਹੀਦੀ ਹੈ। ਅੱਜਕੱਲ ਬਿਜਨਸ ਵਿੱਚ ਬਹੁਤ ਪੈਸਾ ਲੱਗਦਾ ਹੈ। ਇਸ ਲਈ ਸ਼ੁਰੂ ਤੋਂ ਹੀ ਬੱਚੇ ਦੇ ਖਾਤੇ ਵਿੱਚ ਆਪਣੀ ਆਮਦਨ ਜਾਂ ਤਨਖਾਹ ਦਾ ਕੁੱਝ ਹਿੱਸਾ ਜਮਾਂ ਕਰਵਾਂਦੇ ਰਹਿਣਾ ਚਾਹੀਦਾ ਹੈ। ਥੋੜੀ-ਥੋੜੀ ਜਮਾਂ ਕਰਵਾਈ ਰਾਸ਼ੀ ਵੀਹ-ਬਾਈ ਸਾਲਾ ਵਿੱਚ ਵੱਡਾ ਰੂਪ ਧਾਰ ਲੈਂਦੀ ਹੈ। ਜੇ ਬੱਚੇ ਨੂੰ ਡਾਕਟਰ, ਇੰਜੀਨੀਅਰ ਬਣਾਉਣਾ ਹੈ ਤਾਂ ਇਹ ਪੈਸਾ ਉਸ ਦੀ ਸਿੱਖਿਆ 'ਤੇ ਅਤੇ ਜੇ ਉਸਨੂੰ ਦੁਕਾਨ-ਫੈਕਟਰੀ ਖੋਲ ਕੇ ਦੇਣੀ ਹੈ ਤਾਂ ਇਹ ਰਾਸ਼ੀ ਬਿਜ਼ਨੈਸ ਸੈਟ ਕਰਨ ਵਿੱਚ ਵੱਡਾ ਰੋਲ ਅਦਾ ਕਰਦੀ ਹੈ। ਬਿਜ਼ਨੈਸ ਬੱਚੇ ਦੀ ਇੱਛਾ ਦੇ ਅਨੁਰੂਪ ਹੀ ਕਰਵਾਉਣਾ ਚਾਹੀਦਾ ਹੈ।

ਵਿਆਹ ਵੀ ਜ਼ਿੰਦਗੀ ਦਾ ਇਕ ਅਹਿਮ ਮੁਕਾਮ ਹੁੰਦਾ ਹੈ। ਇਸ ਮੌਕੇ ਮਾਪਿਆਂ ਨੂੰ ਬਹੁਤ ਭੱਜ-ਦੌੜ ਕਰਨੀ ਪੈਂਦੀ ਹੈ। ਵਿਆਹ ਵਿੱਚ ਬੱਚੇ ਦੀ ਇੱਛਾ ਨੂੰ ਹੀ ਸਨਮੁੱਖ ਰੱਖਣਾ ਚਾਹੀਦਾ ਹੈ। ਹਾਂ, ਉਸ ਨੂੰ ਉਚ-ਲੀਚ, ਗਲਤ ਠੀਕ ਬਾਰੇ ਜ਼ਰੂਰ ਦਸਣਾ ਚਾਹੀਦਾ ਹੈ। ਜੇ ਬੱਚਾ ਪ੍ਰੇਮ ਵਿਆਹ ਕਰਵਾਉਣਾ ਚਾਹੁੰਦਾ ਹੈ ਤਾਂ ਉਸ ਨੂੰ ਸਭ ਕੁਝ ਸਮਝਾਉਣ ਤੋਂ ਬਾਅਦ ਅਰੇਂਜਡ ਮੈਰਿਜ ਵਿੱਚ ਬਦਲਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

ਇਹ ਸਭ ਮਾਪਿਆਂ ਦੀਆਂ ਬੱਚਿਆਂ ਪ੍ਰਤੀ ਜ਼ੁੰਮੇਵਾਰੀਆਂ ਹਨ। ਹਰ ਮਾਂ-ਬਾਪ ਨੂੰ ਇਨਾਂ ਨੂੰ ਪੂਰਨ ਕਰਨ ਦੀ ਚੇਸ਼ਟਾ ਕਰਨੀ ਚਾਹਦੀ ਹੈ ਤਾਕਿ ਬੱਚਿਆਂ ਨਾਲ ਉਨਾਂ ਦੀ ਸਾਂਝ ਚੰਗੀ ਬਣੀ ਰਹੇ ਅਤੇ ਉਨਾਂ ਦਾ ਬੁਢਾਪਾ ਆਰਾਮ ਨਾਲ ਪਰਿਵਾਰ ਵਿੱਚ ਬੱਚਿਆਂ ਨਾਲ ਹੱਸ ਕੇ ਲੰਘ ਸਕੇ।

# ...ਤੇ ਰਾਜਾ ਹਾਰ ਗਿਆ

ਨਿਰਮਲ ਪ੍ਰੇਮੀ

ਯੁੱਧ ਹੋਇਆ ਅਤੇ ਰਾਜਾ ਹਾਰ ਗਿਆ। ਉਸ ਦੀ ਸੈਨਾ ਨੇ ਪੂਰੀ ਕੋਸ਼ਿਸ਼ ਕੀਤੀ। ਇੱਕ ਸਮਾਂ ਅਜਿਹਾ ਵੀ ਆਇਆ ਕਿ ਲੱਗਿਆ ਜਿੱਤ ਦੂਰ ਨਹੀਂ, ਪਰ ਅਚਾਨਕ ਅਜਿਹੀ ਘਟਨਾ ਵਾਪਰੀ ਜਿਸ ਨੇ ਨਤੀਜਾ ਹੀ ਉਲਟਾ ਦਿੱਤਾ।

ਰਾਜੇ ਦਾ ਰੱਥ ਉਂਜ ਤਾਂ ਪਿੱਛੇ ਸੀ ਅਤੇ ਅੱਗੇ ਸੈਨਿਕ ਸਨ, ਪਰ ਅਚਾਨਕ ਰਾਜੇ ਦਾ ਰੱਥ ਇੱਕ ਪਾਸੇ ਟੇਢਾ ਹੋ ਗਿਆ। ਸੰਭਲਣ ਦੀ ਲੱਖ ਕੋਸ਼ਿਸ਼ ਕਰਦੇ ਕਰਦੇ ਵੀ ਰਾਜਾ ਡਿੱਗ ਪਿਆ ਅਤੇ ਸੈਨਾ ਵਿੱਚ ਭੱਜ-ਦੌੜ ਮੱਚ ਗਈ। ਦੇਖਦੇ ਹੀ ਦੇਖਦੇ ਯੁੱਧ ਦਾ ਨਕਸ਼ਾ ਬਦਲ ਗਿਆ ਤੇ ਰਾਜਾ ਹਾਰ ਗਿਆ। ਰਾਜੇ ਦਾ ਜੋ ਅਪਮਾਨ ਹੋਣਾ ਸੀ ਉਹ ਤਾਂ ਹੋਇਆ ਹੀ। ਇਸ ਤੋਂ ਇਲਾਵਾ ਸੰਧੀ ਦੀਆਂ ਸ਼ਰਤਾਂ ਕਾਰਨ ਰਾਜ ਦਾ ਇੱਕ ਹਿੱਸਾ ਰਾਜੇ ਹੱਥੋਂ ਚਲਾ ਗਿਆ ਅਤੇ ਖ਼ਜ਼ਾਨਾ ਵੀ ਖਾਲੀ ਹੋ ਗਿਆ।

ਗੁੱਸੇ ਅਤੇ ਅਪਮਾਨ ਨਾਲ ਨਿਰਾਸ਼ ਰਾਜੇ ਨੇ ਮੰਤਰੀ ਨੂੰ ਤਲਬ ਕਰ ਲਿਆ ਅਤੇ ਕਿਹਾ, 'ਮੰਤਰੀ ਪਤਾ ਕਰੋ, ਮੇਰੀ ਹਾਰ ਦੇ ਕੀ ਕਾਰਨ ਸਨ?'

ਮੰਤਰੀ ਬੋਲਿਆ, 'ਮਹਾਰਾਜ, ਸਾਡੀ ਸੈਨਾ ਦੀ ਸ਼ਕਤੀ 'ਤੇ ਕਿਸੇ ਨੂੰ ਸ਼ੱਕ ਨਹੀਂ। ਕਾਰਨ ਸਿਰਫ਼ ਐਨਾ ਸੀ ਕਿ ਲੜਾਈ ਦੇ ਮੈਦਾਨ ਵਿੱਚ ਜਿਉਂ ਹੀ ਤੁਹਾਡਾ ਰੱਥ ਡਾਵਾਂਡੋਲ ਹੋਇਆ, ਸੈਨਾ ਵਿੱਚ ਭਰਮ ਫੈਲ ਗਿਆ। ਆਪਣੇ ਰਾਜੇ ਨੂੰ ਸੰਕਟ ਵਿੱਚ ਫਸਿਆ ਜਾਣ ਕੇ ਸੈਨਿਕਾਂ ਦਾ ਹੌਸਲਾ ਟੁੱਟ ਗਿਆ। ਮਹਾਰਾਜ, ਤੁਸੀਂ ਤਾਂ ਗਿਆਨੀ ਹੋ, ਜਾਣਦੇ ਹੀ ਹੋ ਕਿ ਯੁੱਧ ਤਾਕਤ ਨਾਲ ਨਹੀਂ, ਆਤਮ-ਵਿਸ਼ਵਾਸ ਨਾਲ ਲੜਿਆ ਜਾਂਦਾ ਹੈ।'

'ਪਰ ਮੇਰਾ ਰੱਥ ਡਾਵਾਂਡੋਲ ਕਿਵੇਂ ਹੋਇਆ? ਰਾਜੇ ਨੇ ਫਿਰ ਉੱਚੀ ਆਵਾਜ਼ ਵਿੱਚ ਪੁੱਛਿਆ।'

'ਮਹਾਰਾਜ, ਇਹ ਤਾਂ ਸਾਰਥੀ ਹੀ ਦੱਸ ਸਕਦਾ ਹੈ।'

'ਤਾਂ ਸਾਰਥੀ ਨੂੰ ਬੁਲਾਓ।'



ਹੱਫਦਾ-ਕੰਬਦਾ ਸਾਰਥੀ ਆਇਆ। ਰਾਜਾ ਉਸ ਨੂੰ ਦੇਖ ਕੇ ਬੋਲਿਆ, 'ਸਾਰਥੀ, ਤੈਨੂੰ ਯੁੱਧ ਮੈਦਾਨ ਵਿੱਚ ਰੱਥ ਚਲਾਉਣ ਦੀ ਸਿਖਲਾਈ ਦਿੱਤੀ ਜਾਂਦੀ ਹੈ। ਖ਼ਜ਼ਾਨੇ 'ਚੋਂ ਤਨਖ਼ਾਹ ਦਿੱਤੀ ਜਾਂਦੀ ਹੈ। ਇਸ ਦੇ ਬਾਵਜੂਦ ਤੂੰ ਆਪਣੇ ਫ਼ਰਜ਼ ਵਿੱਚ ਅਣਗਹਿਲੀ ਵਰਤੀ। ਦੱਸ, ਇਸ ਦੀ ਕੀ ਸਜ਼ਾ ਦਿੱਤੀ ਜਾਵੇ?'

ਸਾਰਥੀ ਡਰਦਾ-ਡਰਦਾ ਬੋਲਿਆ, 'ਮਹਾਰਾਜ, ਇਸ ਵਿੱਚ ਮੇਰਾ ਦੋਸ਼ ਨਹੀਂ ਹੈ। ਦਰਅਸਲ ਘੋੜਿਆਂ ਦੇ ਅਚਾਨਕ ਵਿਗੜ ਜਾਣ ਨਾਲ ਰੱਥ 'ਤੇ ਮੇਰਾ ਕਾਬੂ ਨਹੀਂ ਰਿਹਾ। ਤੁਸੀਂ ਜਾਣਦੇ ਹੋ, ਤੁਹਾਨੂੰ ਦੱਸਣ ਦੀ ਲੋੜ ਨਹੀਂ, ਪਰ ਮੇਰੇ ਵਿਚਾਰ ਨਾਲ ਸਾਰਾ ਦੋਸ਼ ਘੋੜਿਆਂ ਦੇ ਵਪਾਰੀ ਦਾ ਹੈ ਜਿਸ ਨੇ ਸੈਨਾ ਵਿੱਚ ਅਜਿਹੇ ਕਮਜ਼ੋਰ ਘੋੜਿਆਂ ਨੂੰ ਭੇਜਿਆ।'

ਰਾਜੇ ਨੇ ਹੁਕਮ ਦਿੱਤਾ, 'ਵਪਾਰੀ ਨੂੰ ਬੁਲਾਓ।'

ਘੋੜਿਆਂ ਦਾ ਵਪਾਰੀ ਆਇਆ। ਰਾਜੇ ਨੂੰ ਪ੍ਰਣਾਮ ਕਰਦਾ ਹੋਇਆ ਬੋਲਿਆ, 'ਮਹਾਰਾਜ, ਮੈਂ ਤਾਂ ਕਈਆਂ ਸਾਲਾਂ ਤੋਂ ਤੁਹਾਡੀ ਸੈਨਾ ਵਿੱਚ ਘੋੜਿਆਂ ਨੂੰ ਭੇਜਦਾ ਆ ਰਿਹਾ ਹਾਂ। ਅੱਜ ਤਕ ਅਜਿਹਾ ਕਦੀ ਨਹੀਂ ਹੋਇਆ। ਮੇਰੇ ਘੋੜਿਆਂ ਦੀ ਪ੍ਰਸਿੱਧੀ ਤਾਂ ਸਮੁੰਦਰ ਪਾਰ ਤਕ ਹੈ। ਮੇਰੇ ਵਿਚਾਰ ਨਾਲ ਸਾਰਾ ਦੋਸ਼ ਰੱਥ ਬਣਾਉਣ ਵਾਲੇ ਮਿਸਤਰੀ ਦਾ ਹੈ।'

ਮਿਸਤਰੀ ਨੂੰ ਸੱਦਿਆ ਗਿਆ। 'ਮਹਾਰਾਜ, ਮੈਂ ਤਾਂ ਲੱਕੜ ਦੇ ਵਪਾਰੀ ਰਾਹੀਂ ਭੇਜੀ ਗਈ ਲੱਕੜੀ 'ਤੇ ਹੀ ਆਪਣਾ ਹੁਨਰ ਦਿਖਾਉਂਦਾ ਹਾਂ। ਜੇਕਰ ਰੱਥ ਦਾ ਪਹੀਆ ਟੁੱਟਿਆ ਤਾਂ ਇਸ ਵਿੱਚ ਮੇਰਾ ਦੋਸ਼ ਬਿਲਕੁਲ ਨਹੀਂ ਹੈ।" ਰਾਜਾ ਬੋਲਿਆ, 'ਸੈਨਿਕੋ ਲੱਕੜ ਦੇ ਵਪਾਰੀ ਨੂੰ ਹਾਜ਼ਰ ਕਰੋ।'

ਲੱਕੜ ਦਾ ਵਪਾਰੀ ਆਇਆ ਅਤੇ ਦੱਸਣ ਲੱਗਿਆ, 'ਮਹਾਰਾਜ, ਤੇਜ਼ ਗਤੀ ਵਿੱਚ ਜਦੋਂ ਰੱਥ ਦੀ ਧੁਰੀ ਦਾ ਪੇਚ ਨਿਕਲ ਗਿਆ ਤਾਂ ਪਹੀਆ ਟੁੱਟਣਾ ਹੀ ਸੀ। ਸਾਰੀ ਗਲਤੀ ਲੁਹਾਰ ਦੀ ਹੈ, ਜਿਸ ਨੇ ਪੇਚ ਠੀਕ ਨਹੀਂ ਲਗਾਇਆ।'

ਲੁਹਾਰ ਨੂੰ ਸੱਦਿਆ ਗਿਆ। ਲਗਾਤਾਰ ਭੱਠੀ ਦੇ ਨੇੜੇ ਬੈਠਣ ਨਾਲ ਤਾਂਬੇ ਵਾਂਗ ਚਮਕਦਾ ਹੋਇਆ ਸਰੀਰ ਲੈ ਲੁਹਾਰ ਦਰਬਾਰ ਵਿੱਚ ਆ ਕੇ ਖੜਾ ਹੋ ਗਿਆ। ਰਾਜਾ ਬੋਲਿਆ, 'ਐ ਲੁਹਾਰ, ਕੀ ਤੈਨੂੰ ਨਹੀਂ ਪਤਾ ਕਿ ਯੁੱਧ ਦੇ ਮੈਦਾਨ ਵਿੱਚ ਲੜਨ ਵਾਲਾ ਸਿਪਾਹੀ ਹੀ ਰਾਜ ਦੀ ਸੇਵਾ ਨਹੀਂ ਕਰਦਾ? ਰਾਜ ਦੇ ਹਰ ਨਾਗਰਿਕ ਦਾ ਵੀ ਓਨਾ ਹੀ ਮਹੱਤਵਪੂਰਨ ਯੋਗਦਾਨ ਹੁੰਦਾ ਹੈ। ਰਾਜ ਪੱਥ 'ਤੇ ਝਾੜੂ ਮਾਰਨ ਵਾਲੇ ਇੱਕ ਕਰਮਚਾਰੀ ਦਾ ਵੀ ਓਨਾ ਹੀ ਮਹੱਤਵ ਹੈ, ਜਿੰਨਾ ਕਿ ਯੁੱਧ ਵਿੱਚ ਸਿਰ ਕਟਾਉਣ ਵਾਲੇ ਸੈਨਿਕ ਦਾ। ਤੁਸੀਂ ਆਪਣੇ ਫ਼ਰਜ਼ ਵਿੱਚ ਕੁਤਾਹੀ ਵਰਤੀ, ਜਿਸ ਦੇ ਨਤੀਜੇ ਵਜੋਂ ਸਾਨੂੰ ਹਾਰ ਦਾ ਸਾਹਮਣਾ ਕਰਨਾ ਪਿਆ। ਇਸ ਲਈ ਤੈਨੂੰ ਕਿਉਂ ਨਾ ਮੌਤ ਦੀ ਸਜ਼ਾ ਦਿੱਤੀ ਜਾਵੇ?'

ਲੁਹਾਰ ਬੋਲਿਆ, 'ਮਹਾਰਾਜ, ਤੁਸੀਂ ਗਿਆਨੀ ਹੋ। ਤੁਹਾਡੇ ਬਣਾਏ ਗਏ ਨਿਯਮ ਸਾਡੀ ਨੀਤੀ ਹਨ। ਉਨਾਂ 'ਤੇ ਉਂਗਲੀ ਚੁੱਕ ਕੇ ਨਰਕ ਦਾ ਭਾਗੀ ਭਲਾ ਕੌਣ ਬਣਨਾ ਚਾਹੇਗਾ? ਤੁਹਾਡਾ ਫ਼ੈਸਲਾ ਕਹਿੰਦਾ ਹੈ ਕਿ ਮੈਂ ਦੋਸ਼ੀ ਹਾਂ ਤਾਂ ਮੈਂ ਦੋਸ਼ੀ ਹੋਵਾਂਗਾ। ਤੁਹਾਡੇ ਗਿਆਨ ਅਤੇ ਫ਼ੈਸਲੇ 'ਤੇ ਸ਼ੱਕ ਕਰਨ ਦਾ ਕਿਸੇ ਨੂੰ ਵੀ ਅਧਿਕਾਰ ਨਹੀਂ ਹੈ, ਪਰ ਮਹਾਰਾਜ ਮਰਨ ਤੋਂ ਪਹਿਲਾਂ ਮੈਂ ਆਪਣੀ ਇੱਕ ਜਗਿਆਸਾ ਸ਼ਾਂਤ ਕਰਨਾ ਚਾਹੁੰਦਾ ਹਾਂ।'

'ਹਾਂ ਹਾਂ ਪੁੱਛੋ, ਅਸੀਂ ਮਰਨ ਵਾਲੇ ਦੀ ਆਖ਼ਰੀ ਇੱਛਾ ਦਾ ਆਦਰ ਕਰਦੇ ਹਾਂ।' ਰਾਜੇ ਨੇ ਮੁੱਛਾਂ ਨੂੰ ਤਾਅ ਦਿੰਦੇ ਹੋਏ ਕਿਹਾ।

'ਮਹਾਰਾਜ, ਇਹ ਸੱਚ ਹੈ ਕਿ ਇਸ ਹਾਰ ਦਾ ਆਖਰੀ ਕਾਰਨ ਮੈਂ ਹਾਂ, ਪਰ ਹੁਣ ਤਕ ਤੁਸੀਂ ਐਨੇ ਯੁੱਧ ਲੜੇ, ਐਨੀ ਵਾਰ ਜਿੱਤ ਪ੍ਰਾਪਤ ਕੀਤੀ, ਤਦ ਕੀ ਹਰ ਵਾਰ ਉਨਾਂ ਜਿੱਤਾਂ ਦਾ ਵੀ ਆਖ਼ਰੀ ਕਾਰਨ ਮੈਂ ਸੀ?'

ਰਾਜਾ ਡੌਰ-ਭੌਰ ਹੋ ਗਿਆ। ਸਾਰੇ ਦਰਬਾਰੀ ਚੁੱਪ। ਤਾਂਬੇ ਵਰਗੇ ਸਰੀਰ ਜਿਹਾ ਲੁਹਾਰ ਉੱਤਰ ਦੀ ਉਡੀਕ ਵਿੱਚ ਖੜਾ ਰਿਹਾ।

# 21ਵੀਂ ਸਦੀ ਦਾ ਨਵਾਂ ਨਸ਼ਾ

ਵਿਜੈ ਗਰਗ, ਮਲੋਟ

ਸਟੀਵ ਜੌਬਸ ਵਰਗੇ ਅਨੇਕਾਂ ਹੀ ਟੈਕਨੋਕਰੈਟ ਆਪਣੇ ਬੱਚਿਆਂ ਨੂੰ ਸਾਨਫਰਾਂਸਿਸਕੋ ਦੇ ਬੇਅ ਏਰੀਏ ਵਿੱਚ ਅਜਿਹੇ ਸਕੂਲਾਂ ਵਿੱਚ ਭੇਜਦੇ ਹਨ, ਜਿੱਥੇ ਟੈਕਨਾਲੋਜੀ ਵਰਤਣ 'ਤੇ ਪਾਬੰਦੀ ਹੈ। ਸ਼ਾਇਦ ਉਨਾਂ ਨੂੰ ਜ਼ਿੰਦਗੀ ਦੇ ਸ਼ੁਰੂਆਤੀ ਸਾਲਾਂ ਵਿੱਚ ਟੈਕਨਾਲੋਜੀ ਵਰਤਣ ਨਾਲ ਹੋਣ ਵਾਲੇ ਨੁਕਸਾਨਾਂ ਦਾ ਪਤਾ ਹੈ। ਕਈ ਵਿਗਿਆਨੀਆਂ ਦਾ ਵੀ ਮੰਨਣਾ ਹੈ ਕਿਉਂਕਿ ਟੱਚ ਸਕਰੀਨ ਟੈਕਨਾਲੋਜੀ ਨਵੀਂ ਹੈ ਅਤੇ ਇਸ ਦੇ ਅਸਰਾਂ ਬਾਰੇ ਹਾਲੇ ਚੰਗੀ ਤਰਾਂ ਰਿਸਰਚ ਨਹੀਂ ਕੀਤੀ ਗਈ, ਇਸ ਲਈ ਇਸ ਦੇ ਵਡੇਰੀ ਉਮਰ ਵਿੱਚ ਕੀ ਖਤਰੇ ਹੋ ਸਕਦੇ ਹਨ, ਇਸ ਬਾਰੇ ਹਾਲੇ ਕੁਝ ਨਹੀਂ ਪਤਾ।

ਐਡਿਕਸ਼ਨ ਮਾਹਿਰ ਨਿਕੋਲਸ ਕਡਾਰਸ ਦਾ ਮੰਨਣਾ ਹੈ ਕਿ ਸਕਰੀਨ ਦੇਖਣੀ ਵੀ ਨਸ਼ਿਆਂ ਦੀ ਤਰਾਂ ਹੀ ਹੈ। ਜ਼ਿਆਦਾ ਸਕਰੀਨ ਦੇਖਣ ਨਾਲ ਬੱਚੇ ਦਾ ਵਿਕਾਸ ਰੁਕ ਜਾਂਦਾ ਹੈ ਅਤੇ ਦਿਮਾਗ ਵਿੱਚ ਡੋਪਾਮਿਨ ਦਾ ਲੈਵਲ ਵਧ ਜਾਂਦਾ ਹੈ। ਯਾਦ ਰਹੇ ਡੋਪਾਮਿਨ ਨਿਊਰੋ ਟਰਾਂਸਮਿਟਰ ਹੈ, ਜਿਸ ਨਾਲ ਅਨੰਦਮਈ ਅਵਸਥਾ ਦਾ ਅਹਿਸਾਸ ਹੁੰਦਾ ਹੈ। ਪਰ ਜਦੋਂ ਇਸਦਾ ਲੈਵਲ ਲੋੜ ਤੋਂ ਜ਼ਿਆਦਾ ਵਧ ਜਾਂਦਾ ਹੈ, ਤਾਂ ਜਿਸ ਚੀਜ਼ (ਸਕਰੀਨ ਜਾਂ ਡਰੱਗ ਆਦਿ) ਨਾਲ ਇਸਦਾ ਲੈਵਲ ਵਧਿਆ ਹੈ, ਦਿਮਾਗ ਉਸ ਨੂੰ ਪਛਾਨਣਾ ਸ਼ੁਰੂ ਕਰ ਦਿੰਦਾ ਹੈ ਅਤੇ ਐਡਿਕਸ਼ਨ (ਲਤ ਲੱਗਣ) ਦੀ ਸੰਭਾਵਨਾ ਬਣਦੀ ਹੈ, ਭਾਵ ਤੁਸੀਂ ਉਸ ਚੀਜ਼ ਨੂੰ ਲੈਣ ਲਈ ਉਤਾਵਲੇ ਹੋ ਜਾਂਦੇ ਹੋ।

ਵਿਨੀਪੈਗ ਵਿੱਚ ਬੱਚਿਆਂ ਦੇ ਮਾਹਿਰ ਡਾ. ਗਰਾਂਟ ਮੈਕਡੂਗਲ ਦਾ ਵੀ ਮੰਨਣਾ ਹੈ ਕਿ ਜ਼ਿਆਦਾ ਸਕਰੀਨ ਦੇਖਣੀ ਬੱਚਿਆਂ ਲਈ ਬਹੁਤ ਹਾਨੀਕਾਰਕ ਹੈ। ਉਹਨਾਂ ਕਿਹਾ ਕਿ ਉਹਨਾਂ ਕੋਲ ਅਜਿਹੇ ਬਹੁਤ ਬੱਚੇ ਆਉਂਦੇ ਹਨ, ਜੋ ਜ਼ਿਆਦਾ ਸਕਰੀਨ ਦੇਖਣ ਕਰਕੇ ਮੋਟਾਪੇ ਦਾ ਸ਼ਿਕਾਰ ਹਨ। ਉਨਾਂ ਸਲਾਹ ਦਿੱਤੀ ਕਿ ਸਕਰੀਨ ਦੇਖਣੀ ਬੰਦ ਕਰੋ ਅਤੇ ਆਪਣੇ ਬੱਚਿਆਂ ਨਾਲ ਖੇਡੋ। ਇੱਕ ਮਹੀਨੇ ਵਿੱਚ ਤੁਸੀਂ ਉਨਾਂ ਦੇ ਵਿਹਾਰ ਵਿੱਚ ਤਬਦੀਲੀ ਦੇਖੋਗੇ। ਵਿਨੀਪੈਗ ਰੀਜਨਲ ਹੈਲਥ ਅਥਾਰਟੀ ਦੇ ਮਾਹਿਰਾਂ ਦਾ ਵੀ ਇਹੀ ਮੰਨਣਾ ਹੈ ਕਿ ਜ਼ਿਆਦਾ ਸਕਰੀਨ ਦੇਖਣ ਨਾਲ ਹੋਰ ਬਿਮਾਰੀਆਂ ਦੇ ਨਾਲ-ਨਾਲ ਬੱਚੇ ਨੂੰ ਸੋਸਾਇਟੀ ਵਿੱਚ ਨਾ ਵਿਚਰਨਾ ਆਉਣਾ ਮੁਸ਼ਕਿਲਾਂ ਨੂੰ ਹੱਲ ਕਰਨ ਦੀ ਅਸਮਰੱਥਾ ਅਤੇ ਇੱਕ ਦਮ ਗੁੱਸਾ ਆਉਣਾ ਆਦਿ ਅਲਾਮਤਾਂ ਵੀ ਚਿੰਬੜ ਜਾਂਦੀਆਂ ਹਨ।

ਹੇਠਾਂ ਦਿੱਤੇ ਕੁਝ ਨੁਕਤੇ ਵਰਤ ਕੇ ਤੁਸੀਂ ਬੱਚੇ ਦਾ (ਅਤੇ ਆਪਣਾ ਵੀ) ਸਕਰੀਨ ਟਾਈਮ ਘਟਾ ਸਕਦੇ ਹੋ :-

ਬੱਚੇ ਲਈ ਰੋਲ ਮਾਡਲ ਬਣੋ। ਇਹ ਔਖਾ ਹੈ, ਪਰ ਕਰਨਾ ਪੈਣਾ ਹੈ। ਜੇ ਬੱਚੇ ਤੁਹਾਨੂੰ ਕਿਤਾਬ ਪੜਦਿਆਂ, ਬਾਹਰ ਕੁਝ ਨਾ ਕੁਝ ਖੇਡਦਿਆਂ ਘਰ ਤੋਂ ਬਾਹਰ ਵਾਲੀ ਖੇਡ ਜਾਂ ਘਰ ਦਾ ਕੰਮ ਕਾਜ ਕਰਦਿਆਂ ਦੇਖਣਗੇ, ਤਾਂ ਉਹ ਵੀ ਉਵੇਂ ਹੀ ਕਰਨਗੇ, ਪਰ ਜੇ ਬੱਚੇ ਤੁਹਾਨੂੰ ਫੋਨ, ਆਈਪੈਡ, ਟੀ.ਵੀ. ਆਦਿ ਦੇਖਦੇ ਦੇਖਣਗੇ, ਤਾਂ ਉਹ ਵੀ ਸਕਰੀਨ 'ਤੇ ਜ਼ਿਆਦਾ ਸਮਾਂ ਲਗਾਉਣਗੇ।

* ਆਪਣਾ ਮਾਂ-ਬਾਪ ਵਾਲਾ ਫਰਜ਼ ਨਿਭਾਓ। ਬੱਚਿਆਂ ਦੀਆਂ ਚੰਗੀਆਂ ਆਦਤਾਂ ਨੂੰ ਉਤਸ਼ਾਹਿਤ ਕਰੋ ਅਤੇ ਮਾੜੀਆਂ ਆਦਤਾਂ ਨੂੰ ਰੋਕੋ, ਚਾਹੇ ਤੁਹਾਨੂੰ ਇਹਦੇ ਲਈ ਥੋੜੀ ਸਖਤੀ ਕਰਨੀ ਪਏ। ਉਹਨਾਂ ਨੂੰ ਸਮਝਾਓ ਕਿ ਤੁਸੀਂ ਉਨਾਂ ਨੂੰ ਕਿਉਂ ਰੋਕ ਰਹੇ ਹੋ।

* ਬੱਚਿਆਂ ਦਾ (ਅਤੇ ਆਪਣਾ ਵੀ) ਸਕਰੀਨ ਦੇਖਣ ਦਾ ਸਮਾਂ ਨਿਰਧਾਰਤ ਕਰੋ ਕਿ ਤੁਸੀਂ ਕਿੰਨਾ ਵੱਧ ਤੋਂ ਵੱਧ ਸਮਾਂ ਸਕਰੀਨ 'ਤੇ ਗੁਜ਼ਾਰ ਸਕਦੇ ਹੋ। ਫੋਨ 'ਤੇ ਤੁਸੀਂ ਅਜਿਹੀ ਕੋਈ ਐਪ ਡਾਊਨਲੋਡ ਕਰ ਸਕਦੇ ਹੋ, ਜਿਸ ਨਾਲ ਤੁਹਾਨੂੰ ਪਤਾ ਲਗਦਾ ਹੈ ਕਿ ਤੁਸੀਂ ਇੱਕ ਦਿਨ ਵਿੱਚ ਕਿੰਨਾ ਸਮਾਂ ਫੋਨ 'ਤੇ ਬਿਤਾਇਆ। ਆਈ ਫੋਨ ਲਈ ਅਜਿਹੀ ਐਪ ਦਾ ਨਾਂ ਮੋਮੈਂਟ ਹੈ।

* ਬੱਚਿਆਂ ਨਾਲ ਖੇਡੋ, ਕਿਤਾਬਾਂ ਪੜੋ, ਉਨਾਂ ਨਾਲ ਗੱਲਾਂ ਬਾਤਾਂ ਕਰੋ।

* ਆਪਣੇ ਬੱਚਿਆਂ ਦੇ ਵਰਤਾਓ ਵਿੱਚ ਤਬਦੀਲੀ ਨੋਟ ਕਰੋ। ਜ਼ਿਆਦਾ ਸਕਰੀਨ ਦੇਖਣ ਨਾਲ ਬੱਚੇ ਖਿਝਣ ਲੱਗ ਜਾਂਦੇ ਹਨ। ਉਹਨਾਂ ਨੂੰ ਉਸੇ ਵਕਤ ਦੱਸੋ ਕਿ ਇਹ ਠੀਕ ਨਹੀਂ।

* ਇੱਕ ਸਰਵੇ ਵਿੱਚ ਦੇਖਿਆ ਗਿਆ ਹੈ ਕਿ ਜ਼ਿਆਦਾਤਰ ਪਰਿਵਾਰਾਂ ਵਿੱਚ ਖਾਣਾ ਖਾਣ ਸਮੇਂ ਲੋਕ ਟੀ.ਵੀ. ਦੇਖਦੇ ਹਨ। ਇਸ ਰੁਝਾਨ ਨੂੰ ਨਕੇਲ ਪਾਉਣ ਦੀ ਜ਼ਰੂਰਤ ਹੈ।

ਬਾਕੀ ਸਫ਼ਾ 30 'ਤੇ

# ਖ਼ੁਸ਼ੀਆਂ ਦਾ ਤਿਉਹਾਰ ਦੀਵਾਲੀ

**ਡਾ. ਪ੍ਰਿਤਪਾਲ ਸਿੰਘ ਮਹਿਰੋਕ**

ਦੀਵਾਲੀ ਭਾਰਤ ਦੇ ਪ੍ਰਮੁੱਖ ਤਿਉਹਾਰਾਂ ਵਿੱਚੋਂ ਇੱਕ ਹੈ। ਇਸ ਨੂੰ ਪੂਰੇ ਦੇਸ਼ ਵਿੱਚ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਮਨੁੱਖ ਦੇ ਸੰਘਰਸ਼, ਉਸ ਦੇ ਰਸਤਿਆਂ ਵਿੱਚ ਆਉਂਦੀਆਂ ਰੁਕਾਵਟਾਂ, ਉਸ ਦੀ ਲੰਮੀ ਜੱਦੋ-ਜਹਿਦ ਦੀ ਇਬਾਰਤ ਤੇ ਉਸ ਦੇ ਹਾਰਨ-ਜਿੱਤਣ ਦੀਆਂ ਗਾਥਾਵਾਂ ਉਸ ਦੇ ਸਿਰੜ ਜਿੰਨੀਆਂ ਹੀ ਪੁਰਾਣੀਆਂ ਹਨ। ਮਨੁੱਖ ਜਦੋਂ ਵੀ ਆਪਣੇ ਸੰਘਰਸ਼ ਦੀ ਯਾਤਰਾ ਵਿੱਚ ਜੇਤੂ ਬਣ ਕੇ ਨਿਕਲਦਾ ਹੈ ਤਾਂ ਆਪਣੀ ਜਿੱਤ ਦੇ ਮੌਕੇ 'ਤੇ ਉਹ ਖ਼ੁਸ਼ੀ ਦਾ ਪ੍ਰਗਟਾਵਾ ਕਰਦਾ ਹੈ ਤੇ ਰੱਜ ਕੇ ਜਸ਼ਨ ਮਨਾਉਂਦਾ ਹੈ। ਜਦੋਂ ਉਹ ਖ਼ੁਸ਼ੀ ਨੂੰ ਦੂਜਿਆਂ ਨਾਲ ਸਾਂਝਾ ਕਰਦਾ ਹੈ ਤਾਂ ਉਸ ਦੀ ਖ਼ੁਸ਼ੀ ਦੂਣ-ਸਵਾਈ ਹੋ ਜਾਂਦੀ ਹੈ। ਦੀਵਾਲੀ ਦਾ ਤਿਉਹਾਰ ਆਉਂਦਾ ਹੈ ਤਾਂ ਲੋਕ ਇਸ ਮੌਕੇ ਦੀਆਂ ਅਥਾਹ ਖ਼ੁਸ਼ੀਆਂ ਨੂੰ ਦੂਜਿਆਂ ਨਾਲ ਵੰਡਾਉਂਦੇ ਹਨ। ਰਲ-ਮਿਲ ਕੇ ਕਿਸੇ ਨਾ ਕਿਸੇ ਰੂਪ ਵਿੱਚ ਖ਼ੁਸ਼ੀਆਂ ਮਨਾਉਣ ਵਾਲਾ ਅਜਿਹਾ ਕੋਈ ਨਾ ਕੋਈ ਤਿਉਹਾਰ ਲਗਪਗ ਹਰੇਕ ਸਮਾਜ ਵਿੱਚ ਮਨਾਇਆ ਜਾਂਦਾ ਹੈ। ਮਨੁੱਖ ਆਪਣੀ ਸਪੰਨਤਾ ਦੇ ਜਸ਼ਨ ਮਨਾਉਂਦਾ ਹੈ।

ਦੀਵਾਲੀ ਦਾ ਤਿਉਹਾਰ ਮਨੁੱਖ ਲਈ ਕਈ ਤਰ੍ਹਾਂ ਦੇ ਸੁਨੇਹੇ ਲੈ ਕੇ ਆਉਂਦਾ ਹੈ। ਲੋਕ ਆਪਣੇ ਘਰਾਂ, ਦਫ਼ਤਰਾਂ, ਕਾਰੋਬਾਰੀ ਅਦਾਰਿਆਂ, ਸਾਂਝੇ ਅਸਥਾਨਾਂ, ਵਸਤੂਆਂ, ਵਸਤਰਾਂ ਤੇ ਹੋਰ ਵੀ ਬਹੁਤ ਕੁਝ ਦੀ ਸਫ਼ਾਈ ਕਰਦੇ ਹਨ। ਸਾਫ਼ ਸੁਥਰਾ ਘਰ, ਦਫ਼ਤਰ, ਵਸਤਰ ਆਦਿ ਸਭ ਨੂੰ ਚੰਗੇ ਲੱਗਦੇ ਹਨ। ਇਸ ਮੌਕੇ 'ਤੇ ਮਨੁੱਖ ਨੂੰ ਉੱਜਵਲ ਵਿਚਾਰ ਧਾਰਨ ਕਰਨ ਤੇ ਉਨ੍ਹਾਂ ਨੂੰ ਅਮਲ ਵਿੱਚ ਲਿਆਉਣ ਦਾ ਸੰਕਲਪ ਵੀ ਕਰਨਾ ਚਾਹੀਦਾ ਹੈ। ਉਸ ਕੋਲ ਉਜਾਲਾ ਕਰਨ ਦੇ ਵਿਭਿੰਨ ਸਾਧਨ ਹਨ ਜੋ ਹਰ ਕਿਸੇ ਨੂੰ ਚੰਗੇ ਲੱਗਦੇ ਹਨ। ਇਸੇ ਸੰਦਰਭ ਵਿੱਚ ਦੀਵਾਲੀ ਦੇ ਮਹੱਤਵ ਨੂੰ ਪਛਾਣਨ ਦੀ ਲੋੜ ਹੈ। ਦੀਵਾਲੀ ਦੀਆਂ ਬਹੁਰੰਗੀ ਰੌਸ਼ਨੀਆਂ ਦਾ ਮਤਲਬ ਇਹ ਲਿਆ ਜਾਣਾ ਚਾਹੀਦਾ ਹੈ ਕਿ ਮਨੁੱਖ ਹਨੇਰੇ ਤੋਂ ਪ੍ਰਕਾਸ਼ ਵੱਲ ਵਧਦਾ ਜਾਵੇ। ਹਨੇਰਾ ਵੀ ਤਾਂ ਜੀਵਨ ਦਾ ਇੱਕ ਹਿੱਸਾ ਹੈ... ਜਿਸ ਨੂੰ ਹਰ ਕੋਈ ਸਵੀਕਾਰ ਕਰਦਾ ਹੈ। ਮਨੁੱਖ ਦੀ ਇੱਕ ਵੱਡੀ ਪ੍ਰਾਪਤੀ ਇਹ ਹੈ ਕਿ ਹਨੇਰੇ ਨੂੰ ਦੂਰ ਕਰਨ ਦੀ ਕਲਾ ਵੀ ਉਸ ਕੋਲ ਹੈ। ਹਨੇਰੇ ਨੂੰ ਪਛੰਡਣ ਲਈ ਨਵੇਂ ਉਤਸ਼ਾਹ ਦੀ ਲੋੜ ਹੁੰਦੀ ਹੈ। ਨਵੇਂ ਦਿਸਹੱਦੇ ਛੂੰਹਦੇ ਰਹਿਣ ਦੀ ਇੱਛਾ ਸ਼ਕਤੀ ਰੱਖਣ ਵਾਲੇ ਸਮਾਜ ਨਵੀਂ ਨਵੇਲੀ ਰੌਸ਼ਨੀ ਦੀ ਤਲਾਸ਼ ਕਰ ਹੀ ਲੈਂਦੇ ਹਨ। ਅਜਿਹਾ ਕਰਕੇ ਉਹ ਆਪਣੀ ਹਰ ਦੀਵਾਲੀ ਰੌਸ਼ਨੀਆਂ ਨਾਲ ਭਰ ਸਕਦੇ ਹਨ। ਸਿਹਤਮੰਦ ਵਿਚਾਰ ਤਰੰਗਾਂ ਤੇ ਮਨੁੱਖ ਦੀ ਚੰਗੀ ਨੀਅਤ ਵਾਲੇ ਮਜ਼ਬੂਤ ਇਰਾਦੇ ਦੀਵਾਲੀ ਦਾ ਅਸਲ ਤੇ ਸਹੀ ਆਨੰਦ ਦੇ ਸਕਦੇ ਹਨ।

ਅਜੋਕੇ ਮਨੁੱਖ ਦੀਆਂ ਮਨੋ-ਗ੍ਰੰਥੀਆਂ ਦਾ ਜੰਜਾਲ ਉਸ ਨੂੰ ਰੌਸ਼ਨੀ ਤੋਂ ਦੂਰ ਲਿਜਾ ਰਿਹਾ ਹੈ। ਉਲਝਣਾਂ, ਤਣਾਓ, ਗੁੰਝਲਾਂ ਆਦਿ ਵਧ ਰਹੀਆਂ ਹਨ। ਕਦੇ ਅਜਿਹਾ ਸਮਾਂ ਵੀ ਆਉਂਦਾ ਹੈ ਕਿ ਛਿਨ-ਭੰਗਰ ਲਈ ਹਨੇਰੇ ਦੀ ਜਿੱਤ ਹੁੰਦੀ ਪ੍ਰਤੀਤ ਹੁੰਦੀ ਹੈ, ਪਰ ਇਹ ਇੱਕ ਭੁਲੇਂਦਰਾ ਹੁੰਦਾ ਹੈ। ਰੌਸ਼ਨੀ ਕਰਨ, ਰੌਸ਼ਨੀ ਵੱਲ ਵਧਣ ਤੇ ਆਪਣੇ ਅੰਦਰ ਨੂੰ ਜਗਮਗਾਉਣ ਤੋਂ ਬਿਨਾਂ ਨਾ ਕਿਸੇ ਨੂੰ ਅਸਲ ਜਿੱਤ ਪ੍ਰਾਪਤ ਹੁੰਦੀ ਹੈ, ਨਾ ਹੁਲਾਸ, ਨਾ ਹੁਲਾਰਾ ਮਿਲਦਾ ਹੈ। ਦੀਵਾਲੀ ਦੇ ਇਸ ਸੰਦੇਸ਼ ਤੇ ਇਸ ਮਹੱਤਵ ਨੂੰ ਸਮਝਣ ਦੀ ਲੋੜ ਹੈ। ਦੀਵਾਲੀ ਦਾ ਉਤਸਵ ਮਹਾਨਤਾ ਅਤੇ ਪਵਿੱਤਰਤਾ ਦੇ ਜਿਨ੍ਹਾਂ ਆਦਰਸ਼ਾਂ ਨੂੰ ਮਿਥ ਕੇ ਸ਼ੁਰੂ ਹੋਇਆ ਹੋਵੇਗਾ, ਉਹ ਮਹੱਤਵ ਅਤੇ ਸੰਦੇਸ਼ ਅਸੀਂ ਭੁੱਲਦੇ ਜਾ ਰਹੇ ਹਾਂ। ਪੈਸੇ, ਵਸੀਲਿਆਂ ਤੇ ਆਧੁਨਿਕਤਾ ਦੀ ਅੰਨੀ ਦੌੜ ਵਿੱਚ ਅਸੀਂ ਦੀਵਾਲੀ ਦੇ ਵਾਸਤਵਿਕ ਮਹੱਤਵ ਨੂੰ ਵਿਸਾਰ ਕੇ ਫੋਕੇ ਵਿਖਾਵੇ, ਖੋਖਲੀ ਸ਼ਾਨੋ-ਸ਼ੌਕਤ, ਇਸ ਤਿਉਹਾਰ ਨੂੰ ਇੱਕ ਮੌਕੇ ਵਜੋਂ ਵਰਤਣ ਦੀ ਉਡੀਕ ਅਤੇ ਫਜ਼ੂਲ ਕਿਸਮ ਦੇ ਆਡੰਬਰਾਂ ਵਿੱਚ ਉਲਝਦੇ ਜਾ ਰਹੇ ਹਾਂ। ਅਜਿਹੇ ਆਡੰਬਰ ਤੇ ਵਿਖਾਵਾ ਇਸ ਤਿਉਹਾਰ ਨੂੰ ਬਹੁਤ ਮਹਿੰਗਾ ਤੇ ਖਰਚੀਲਾ ਬਣਾ ਦਿੰਦੇ ਹਨ। ਖ਼ਰੀਦ ਕੇ ਜਾਂ ਕਿਰਾਏ 'ਤੇ ਲਿਆਂਦੇ ਬਿਜਲੀ ਦੇ ਬਹੁਰੰਗੇ ਬਲਬਾਂ ਨਾਲ ਘਰ ਨੂੰ ਸਜਾਉਣਾ, ਬੱਚਿਆਂ ਲਈ ਨਵੇਂ ਕੱਪੜੇ ਖ਼ਰੀਦਣੇ, ਖਿਡਾਉਣੇ ਖ਼ਰੀਦਣੇ, ਵਿਤੋਂ ਬਾਹਰੀ ਅਣਲੋੜੀਂਦੀ ਆਤਿਸ਼ਬਾਜ਼ੀ ਖ਼ਰੀਦਣੀ, ਦੋਸਤਾਂ, ਰਿਸ਼ਤੇਦਾਰਾਂ, ਆਂਢ-ਗੁਆਂਢ ਨੂੰ ਰੱਖ ਰਖਾਓ ਲਈ ਮਹਿੰਗੇ ਤੋਹਫ਼ਿਆਂ ਦਾ ਦੇਣ-ਲੈਣ ਕਰਨਾ, ਘਰ ਨੂੰ ਅਣਲੋੜੀਂਦਾ ਰੰਗ-ਰੋਗਨ ਕਰਵਾਉਣਾ, ਬੱਚਿਆਂ ਦੀਆਂ ਮੰਗਾਂ ਦੀ ਲੰਮੀ ਸੂਚੀ ਨੂੰ ਪੂਰਾ ਕਰਨ ਲਈ ਪੂਰਾ ਤਾਣ ਲਾ ਦੇਣਾ ਆਦਿ ਦੀਵਾਲੀ ਦੇ ਅਵਸਰ 'ਤੇ ਅਜਿਹਾ ਕੁਝ ਕਰਨਾ ਜ਼ਰੂਰੀ ਸਮਝਿਆ ਜਾਣ ਲੱਗ ਪਿਆ ਹੈ। ਹੁਣ ਧਾਰਨਾ ਇਹ ਬਣ ਗਈ ਹੈ ਕਿ ਜੇ ਇਹ ਕੁਝ ਨਾ ਕੀਤਾ ਤਾਂ ਲੋਕ ਕੀ ਕਹਿਣਗੇ?

ਇਹ ਪ੍ਰਸ਼ਨ ਆਮ ਆਦਮੀ ਲਈ ਮੁਸ਼ਕਲਾਂ ਖੜੀਆਂ ਕਰਦਾ ਹੈ। ਅਸਲ ਵਿੱਚ ਅਣਕਿਆਸੀ ਮਹਿੰਗਾਈ ਦੇ ਇਸ ਸਮੇਂ ਵਿੱਚ ਸਾਧਾਰਨ ਆਦਮੀ ਲਈ ਦੀਵਾਲੀ ਮਨਾਉਣੀ ਮੁਸ਼ਕਲ ਵੀ ਹੋ ਗਈ ਹੈ ਤੇ ਪਹੁੰਚ ਤੋਂ ਬਾਹਰ ਵੀ। ਇੱਥੇ ਫਿਰ ਇਹ ਸਵਾਲ ਪੈਦਾ ਹੁੰਦਾ ਹੈ ਕਿ ਕੀ ਫੋਕਾ ਵਿਖਾਵਾ ਕਰਕੇ ਤੇ ਆਡੰਬਰ ਰਚ ਕੇ ਹੀ ਦੀਵਾਲੀ ਮਨਾਈ ਜਾ ਸਕਦੀ ਹੈ? ਕੀ ਇਸ ਸਭ ਕੁਝ ਤੋਂ ਬਗੈਰ ਦੀਵਾਲੀ ਦੀਆਂ ਖ਼ੁਸ਼ੀਆਂ ਵਿੱਚ ਸ਼ਰੀਕ ਨਹੀਂ ਹੋਇਆ ਜਾ ਸਕਦਾ ? ਕੀ ਉਪਰੋਕਤ ਗੱਲਾਂ ਦੀ ਪੂਰਤੀ ਕਰਕੇ ਹੀ ਦੀਵਾਲੀ ਦੇ ਮਹੱਤਵ ਨੂੰ ਸਮਝਿਆ ਜਾ ਸਕਦਾ ਹੈ ? ਦੀਵਾਲੀ ਦੇ ਮਹੱਤਵ ਨੂੰ ਸਮਝਣ ਲਈ ਇਹ ਪ੍ਰਸ਼ਨ ਬੜੇ ਮਹੱਤਵਪੂਰਨ ਹਨ ਜਿਨ੍ਹਾਂ 'ਤੇ ਸੰਜੀਦਗੀ ਨਾਲ ਵਿਚਾਰ ਕਰਨੀ ਬਣਦੀ ਹੈ। ਚੀਜ਼ਾਂ ਦਾ ਖਿਲਾਰਾ ਪਾਉਣ, ਫ਼ਜ਼ੂਲਖਰਚੀ ਕਰਨ, ਅਣਲੋੜੀਂਦਾ ਵਿਖਾਵਾ ਕਰਨ, ਬੇਹਿਸਾਬੇ ਆਡੰਬਰ ਰਚਣ ਤੋਂ ਬਗੈਰ ਵੀ ਦੀਵਾਲੀ ਦੀਆਂ ਖ਼ੁਸ਼ੀਆਂ ਮਨਾਈਆਂ ਜਾ ਸਕਦੀਆਂ ਹਨ। ਆਤਿਸ਼ਬਾਜ਼ੀ ਨਾ ਚਲਾਈ ਜਾਵੇ ਜਾਂ ਘੱਟ ਤੋਂ ਘੱਟ ਪ੍ਰਤੀਕ ਮਾਤਰ ਚਲਾਈ ਜਾਵੇ ਤਾਂ ਅਸੀਂ ਹਵਾ ਦੇ ਪ੍ਰਦੂਸ਼ਣ ਦੇ ਨਾਲ ਨਾਲ ਸ਼ੋਰ ਪ੍ਰਦੂਸ਼ਣ ਨੂੰ ਘਟਾਉਣ ਵਿੱਚ ਆਪਣੀ ਭੂਮਿਕਾ ਨਿਭਾ ਰਹੇ ਹੋਵਾਂਗੇ। ਉਸ ਦਿਨ ਵਾਤਾਵਰਣ ਵਿੱਚ ਜ਼ਹਿਰੀਲੀਆਂ ਗੈਸਾਂ ਰਲਣ ਦੀ ਮਾਤਰਾ ਨੂੰ ਕੁਝ ਹੱਦ ਤੱਕ ਘਟਾਇਆ ਜਾ ਸਕਦਾ ਹੈ। ਦੀਵਾਲੀ ਦੇ ਤਿਉਹਾਰ 'ਤੇ ਬਾਜ਼ਾਰਾਂ ਵਿੱਚ ਹਰੇਕ ਚੀਜ਼ ਦੀਆਂ ਕੀਮਤਾਂ ਵਧ ਜਾਂਦੀਆਂ ਹਨ। ਮੁੱਲ ਵੱਧ ਤੇ ਵਸਤੂ ਘਟੀਆ ਹੁੰਦੀ ਹੈ। ਚੋਰ ਬਾਜ਼ਾਰੀ ਹੁੰਦੀ ਹੈ। ਕੀ ਲੋਕਾਂ ਵੱਲੋਂ ਖ਼ਰੀਦੀ ਜਾਣ ਵਾਲੀ ਚੀਜ਼ ਦੀ ਮੰਗ ਵਧਣ ਕਰਕੇ ਵੱਡੇ ਵਪਾਰੀਆਂ, ਕਾਰੋਬਾਰੀਆਂ ਤੇ ਛੋਟੇ ਦੁਕਾਨਦਾਰਾਂ ਵੱਲੋਂ ਮਹਿੰਗਾਈ ਵਧਾ ਦੇਣੀ ਸਰਾਸਰ ਲੁੱਟ ਅਤੇ ਮੌਕੇ ਦਾ ਅਣ-ਉਚਿਤ ਲਾਭ ਉਠਾਉਣਾ ਨਹੀਂ? ਕੀ ਇਹੀ ਦੀਵਾਲੀ ਦਾ ਸੁਨੇਹਾ ਹੈ? ਤਿਉਹਾਰਾਂ ਦੇ ਦਿਨੀਂ ਥਾਂ ਥਾਂ ਲੱਗੇ ਸੇਲ ਦੇ ਬੈਨਰ, ਫਲੈਕਸ, ਵੱਡੇ ਵੱਡੇ ਹੋਰਡਿੰਗਜ਼ ਤੇ ਹੋਰ ਮਾਧਿਅਮਾਂ ਰਾਹੀਂ ਕੀਤੀ ਜਾਂਦੀ ਇਸ਼ਤਿਹਾਰਬਾਜ਼ੀ ਦੀਵਾਲੀ ਦੇ ਨਾਂ 'ਤੇ ਗਾਹਕਾਂ ਨਾਲ ਨਿਰਾ ਧੋਖਾ ਨਹੀਂ?



ਕੁਝ ਲੋਕ ਦੀਵਾਲੀ ਦੇ ਮੌਕੇ 'ਤੇ ਲੱਛਮੀ ਦੀ ਪੂਜਾ ਕਰਦੇ ਹਨ। ਇਹ ਵਿਸ਼ਵਾਸ ਪਾਇਆ ਜਾਂਦਾ ਹੈ ਕਿ ਲੱਛਮੀ ਦੀ ਪੂਜਾ ਨਾ ਕੀਤੇ ਜਾਣ ਦੀ ਸੂਰਤ ਵਿੱਚ ਉਹ ਨਾਰਾਜ਼ ਹੋ ਜਾਵੇਗੀ। ਗੱਲ ਵਿਸ਼ਵਾਸ ਦੀ ਹੈ। ਕਈ ਪ੍ਰਸ਼ਨ ਵੀ ਉੱਠਦੇ ਹਨ। ਅਜਿਹੇ ਵਿੱਚ ਦੌਲਤ ਦੇ ਖ਼ਜ਼ਾਨੇ ਕਿਵੇਂ ਭਰਨਗੇ? ਕੀ ਫਿਰ ਲੱਛਮੀ ਪੂਜਾ ਸਵਾਰਥ ਹਿਤ ਨਹੀਂ ਕੀਤੀ ਜਾ ਰਹੀ ਹੁੰਦੀ? ਜੇ ਸਵਾਲ ਖ਼ਜ਼ਾਨੇ ਭਰਪੂਰ ਕਰਨ ਤੇ ਪੈਸੇ ਨਾਲ ਮਾਲਾ ਮਾਲ ਹੋਣ ਦਾ ਹੈ ਤਾਂ ਸਪੱਸ਼ਟ ਹੈ ਕਿ ਇਸ ਪਿੱਛੇ ਵੀ ਮਨੁੱਖ ਦੀ ਖ਼ੁਦਗਰਜ਼ੀ ਕੰਮ ਕਰ ਰਹੀ ਹੁੰਦੀ ਹੈ। ਜੇ ਦੀਵਾਲੀ ਵਾਲੇ ਦਿਨ ਜਾਂ ਰਾਤ ਸਮੇਂ ਧੰਨ ਦੌਲਤ ਦੀ ਪੂਜਾ ਹੀ ਕਰਨੀ ਹੈ, ਲੋਕਾਂ ਦੀ ਲੁੱਟ ਕਰਨੀ ਹੈ, ਸ਼ਰਾਬ ਜਾਂ ਹੋਰ ਨਸ਼ੇ ਪੀਣੇ-ਖਾਣੇ ਹਨ, ਜੂਆ ਖੇਡਣਾ ਹੈ, ਲੱਚਰ ਗੀਤ ਵੇਖਣੇ/ਸੁਣਨੇ ਹਨ, ਉਨ੍ਹਾਂ ਦੀਆਂ ਧੁਨੀਆਂ/ਬੋਲਾਂ 'ਤੇ ਬੇਹੂਦਾ ਕਿਸਮ ਦੇ ਨਾਚ ਨੱਚਣੇ ਹਨ ਤਾਂ ਲੱਛਮੀ ਜਾਂ ਹੋਰ ਦੇਵੀ ਦੇਵਤਿਆਂ ਦੀ ਪੂਜਾ ਕਰਨ ਦਾ ਕੀ ਲਾਭ ? ਕੀ ਇਸੇ ਲਈ ਹੀ ਅਸੀਂ ਹਰੇਕ ਸਾਲ ਦੀਵਾਲੀ ਦੀ ਬੇਸਬਰੀ ਨਾਲ ਉਡੀਕ ਕਰਦੇ ਹਾਂ? ਸਾਡਾ ਧਾਰਮਿਕ ਵਿਰਸਾ ਬਹੁਤ ਮਹਾਨ ਹੈ। ਦੀਵਾਲੀ ਵਾਲੇ ਦਿਨ ਸਾਨੂੰ ਆਪਣੇ ਗੁਰੂਆਂ, ਭਗਤਾਂ, ਸੰਤਾਂ, ਪੈਗੰਬਰਾਂ ਦੀਆਂ ਵਡਮੁੱਲੀਆਂ ਤੇ ਮਹਾਨ ਸਿੱਖਿਆਵਾਂ ਨੂੰ ਅਮਲ ਵਿੱਚ ਲਿਆਉਣ ਦਾ ਸੰਕਲਪ ਕਰਨਾ ਚਾਹੀਦਾ ਹੈ। ਪਹਿਲਾਂ ਕੀਤੇ ਹੋਏ ਸੰਕਲਪ ਨੂੰ ਦ੍ਰਿੜ ਕੀਤਾ ਜਾਣਾ ਚਾਹੀਦਾ ਹੈ। ਸਬਰ, ਸੰਤੋਖ, ਧੀਰਜ ਤੇ ਸੰਜਮ ਵਿੱਚ ਰਹਿ ਕੇ ਤਿਉਹਾਰ ਮਨਾਉਣ ਤੇ ਜੀਵਨ ਬਤੀਤ ਕਰਨ ਦਾ ਆਨੰਦ ਉਠਾਉਣਾ ਚਾਹੀਦਾ ਹੈ।

ਕਰੋਨਾ ਵਰਗੀ ਆਫ਼ਤ ਦੇ ਸਮੇਂ ਦੀਵਾਲੀ ਦੇ ਅਵਸਰ 'ਤੇ ਅਣਗਹਿਲੀ ਨਹੀਂ ਵਰਤਣੀ ਚਾਹੀਦੀ। ਸਗੋਂ ਵਧੇਰੇ ਸਾਵਧਾਨੀ ਤੋਂ ਕੰਮ ਲੈਣਾ ਚਾਹੀਦਾ ਹੈ। ਸਮੇਂ ਸਮੇਂ ਸਰਕਾਰਾਂ ਵੱਲੋਂ ਲਗਾਈਆਂ ਜਾਂਦੀਆਂ ਪਾਬੰਦੀਆਂ ਦੀ ਪਾਲਣਾ ਕਰਨੀ ਸਮੇਂ ਦੀ ਲੋੜ ਬਣ ਗਈ ਹੈ। ਪਾਬੰਦੀਆਂ ਤਾਂ ਹਨ ਹੀ, ਇਨ੍ਹਾਂ ਸਥਿਤੀਆਂ ਵਿੱਚ ਸਵੈ ਜ਼ਾਬਤਾ ਬਣਾਈ ਰੱਖਣ ਦੀ ਵਧੇਰੇ ਲੋੜ ਹੈ। ਕਾਮਿਆਂ ਕੋਲੋਂ ਰੁਜ਼ਗਾਰ ਖੁੱਸ ਰਿਹਾ ਹੈ। ਬੇਰੁਜ਼ਗਾਰੀ ਤੇ ਮਹਿੰਗਾਈ ਵਧਦੀ ਜਾ ਰਹੀ ਹੈ। ਸਾਧਾਰਨ ਮਨੁੱਖ ਬੇਚੈਨ ਹੈ। ਪਿਛਲੇ ਗਿਆਰਾਂ ਮਹੀਨਿਆਂ ਤੋਂ ਦੇਸ਼ ਦਾ ਅੰਨਦਾਤਾ ਆਪਣੇ ਹੱਕਾਂ ਦੀ ਰਾਖੀ ਲਈ ਸੜਕਾਂ 'ਤੇ ਬੈਠਣ ਲਈ ਮਜਬੂਰ ਹੈ। ਉਸ ਦੇ ਭਵਿੱਖ ਦੀ ਅਨਿਸ਼ਚਿਤਤਾ, ਉਸ ਵੱਲੋਂ ਉਠਾਏ ਜਾ ਰਹੇ ਨੁਕਸਾਨ ਤੇ ਉਸ ਵੱਲੋਂ ਝੱਲੀਆਂ ਜਾ ਰਹੀਆਂ ਮੁਸੀਬਤਾਂ ਦਾ ਅਨੁਮਾਨ ਲਗਾਉਣਾ ਕਠਿਨ ਹੈ। ਇਸ ਸਮੇਂ 'ਤੇ ਇਨ੍ਹਾਂ ਹਾਲਤਾਂ ਵਿੱਚ ਤਿਉਹਾਰਾਂ ਦੇ ਮੌਕੇ 'ਤੇ ਬੇਹੱਦ ਸੰਜਮ ਵਰਤਣ ਦੀ ਲੋੜ ਹੈ। ਵਿਸ਼ੇਸ਼ ਕਰਕੇ ਦੀਵਾਲੀ ਦੇ ਤਿਉਹਾਰ 'ਤੇ ਮਨੁੱਖ ਨੂੰ ਸਵੈ ਅਤੇ ਸਮਾਜ ਪ੍ਰਤੀ ਆਪਣੀ ਜ਼ਿੰਮੇਵਾਰੀ ਨੂੰ ਸਮਝਣ ਦੀ ਲੋੜ ਹੋਵੇਗੀ। ਸਾਵਧਾਨੀਆਂ ਵਰਤ ਕੇ ਸੰਜਮਤਾ ਨਾਲ ਦੀਵਾਲੀ ਮਨਾਉਣ ਦੀ ਲੋੜ ਦੀ ਤੀਬਰਤਾ ਨੂੰ ਸਮਝਣਾ ਵੀ ਸਮੇਂ ਦੀ ਮੰਗ ਬਣ ਗਈ ਹੈ। ਇਨ੍ਹਾਂ ਕੁਝ ਗੱਲਾਂ 'ਤੇ ਗੌਰ ਕਰਕੇ ਅਸੀਂ ਦੀਵਾਲੀ ਦੇ ਮਹੱਤਵ ਨੂੰ ਬਿਹਤਰ ਸਮਝ ਸਕਦੇ ਹਾਂ ਤੇ ਦੀਵਾਲੀ ਨੂੰ ਯਾਦਗਾਰੀ ਤਿਉਹਾਰ ਬਣਾਉਣ ਵਿੱਚ ਆਪਣਾ ਬਣਦਾ ਹਿੱਸਾ ਪਾ ਸਕਦੇ ਹਾਂ।

# ਆਓ ਇਸ ਦੀਵਾਲੀ ਜਗਾਈਏ ਆਸਾਂ ਦੇ ਦੀਵੇ



**ਹਰਕੀਰਤ ਕੌਰ**

੯੭੭੯੧੧੮੦੬੬

ਛੋਟੇ ਹੁੰਦੇ ਸਕੂਲ ਵਿੱਚ ਪੜਦੇ ਜਦ 'ਸਾਡੇ ਤਿਉਹਾਰ' ਸਿਰਲੇਖ ਹੇਠ ਲੇਖ ਲਿਖਦੇ ਹੁੰਦੇ ਸਾਂ ਤਾਂ ਉਸ ਦੀ ਸ਼ੁਰੂਆਤੀ ਲਾਈਨ ਹੁੰਦੀ ਸੀ ਕਿ 'ਭਾਰਤ ਤਿਉਹਾਰਾਂ ਦਾ ਤੇ ਮੇਲਿਆਂ ਦਾ ਦੇਸ਼ ਹੈ।' ਉਸ ਸਮੇਂ ਐਨੀ ਕੋਈ ਖਾਸ ਜਾਣਕਾਰੀ ਨਹੀਂ ਸੀ, ਪਰ ਹੁਣ ਇਹ ਜਾਣ ਕੇ ਬਹੁਤ ਖ਼ੁਸ਼ੀ ਹੁੰਦੀ ਹੈ ਕਿ ਸਚਮੁੱਚ ਹੀ ਭਾਰਤ ਦੇਸ਼ ਦੁਨੀਆਂ ਦਾ ਵਿਲੱਖਣ ਦੇਸ਼ ਹੈ, ਕਿਉਂਕਿ ਭਾਰਤ ਵਿੱਚ ਦੁਨੀਆਂ ਦੇ ਸਾਰੇ ਦੇਸ਼ਾਂ ਨਾਲੋਂ ਵੱਧ ਤਿਉਹਾਰ ਮਨਾਏ ਜਾਂਦੇ ਹਨ। ਉਸ ਤੋਂ ਵੀ ਵੱਡੀ ਗੱਲ ਇਹ ਕਿ ਹਰ ਇੱਕ ਤਿਉਹਾਰ ਦੀ ਕੋਈ ਨਾ ਕੋਈ ਇਤਿਹਾਸਕ ਮਹਾਨਤਾ ਜ਼ਰੂਰ ਹੈ। ਹਰ ਤਿਉਹਾਰ ਨਾਲ ਕੋਈ ਨਾ ਕੋਈ ਇਤਿਹਾਸਕ ਘਟਨਾ ਜ਼ਰੂਰ ਜੁੜੀ ਹੋਈ ਹੈ। ਜਿਵੇਂ ਜਿਵੇਂ ਸਮੇਂ ਵਿੱਚ ਤਬਦੀਲੀ ਆਉਂਦੀ ਗਈ ਤਿਵੇਂ ਤਿਵੇਂ ਸਾਡੇ ਰਹਿਣ ਸਹਿਣ ਅਤੇ ਤਿਉਹਾਰਾਂ ਨੂੰ ਮਨਾਉਣ ਦੇ ਤੌਰ ਤਰੀਕਿਆਂ ਵਿੱਚ ਵੀ ਤਬਦੀਲੀ ਆ ਗਈ ਹੈ। ਮੈਨੂੰ ਯਾਦ ਹੈ ਕਿ ਕਿਵੇਂ ਸਾਡੇ ਬਚਪਨ ਵਿੱਚ ਤਿਉਹਾਰਾਂ ਦਾ ਵਿਆਹਾਂ ਵਰਗਾ ਚਾਅ ਹੁੰਦਾ ਸੀ। ਮਾਤਾ ਜੀ ਨੇ ਸਾਰੇ ਘਰ ਨੂੰ ਇਸ ਤਰਾਂ ਸਜ਼ਾ ਦੇਣਾ, ਜਿਵੇਂ ਕਿਸੇ ਸਜ ਵਿਆਹੀ ਨੇ ਘਰ ਪੈਰ ਪਾਉਣਾ ਹੋਵੇ। ਤਿਉਹਾਰ ਵਾਲੇ ਦਿਨ ਸਾਰੇ ਪਰਿਵਾਰ ਦੇ ਮੈਂਬਰਾਂ ਦੀ ਪਸੰਦ ਦੀਆਂ ਵਸਤਾਂ ਬਣਨੀਆਂ ਤੇ ਸਭ ਤੋਂ ਪਹਿਲਾਂ ਗੁਰੂਘਰ ਦੇ ਪਾਠੀ ਸਿੰਘ ਨੂੰ ਪ੍ਰਸ਼ਾਦਾ ਛਕਾਉਣਾ। ਤਿਉਹਾਰਾਂ ਤੇ ਨਵੇਂ ਕੱਪੜੇ ਪਾਉਣ ਦਾ ਚਾਅ ਤੇ ਪਟਾਕੇ ਚਲਾਉਣ ਲਈ ਰਾਤ ਦਾ ਬੇਸਬਰੀ ਨਾਲ ਇੰਤਜ਼ਾਰ ਕਰਨ ਦਾ ਅਹਿਸਾਸ ਅੱਜ ਵੀ ਬੀਤ ਗਏ ਸਮੇਂ ਦੀ ਯਾਦ ਦਵਾ ਦਿੰਦਾ ਹੈ। ਇਹ ਤਾਂ ਗੱਲਾਂ ਸੀ ਬੀਤੇ ਹੋਏ ਸਮੇਂ ਦੀਆਂ, ਅੱਜ ਤਿਉਹਾਰਾਂ ਨੂੰ ਮਨਾਉਣ ਦੇ ਤੌਰ ਤਰੀਕੇ ਭਾਵੇਂ ਬਦਲ ਚੁੱਕੇ ਹਨ, ਪਰ ਉਨ੍ਹਾਂ ਦੀ ਮਹਾਨਤਾ ਵਿੱਚ ਕੁਝ ਜਿਆਦਾ ਤਬਦੀਲੀ ਨਹੀਂ ਆਈ। ਪਹਿਲਾਂ ਜਿੱਥੇ ਅਸੀਂ ਦੀਵਾਲੀ ਵਾਲੇ ਦਿਨ ਘਰ ਵਿੱਚ ਰਹਿ ਕੇ ਤਿਉਹਾਰ ਮਨਾਉਂਦੇ ਸਾਂ, ਉੱਥੇ ਅੱਜ ਬਹੁਤੇ ਲੋਕ ਘਰ ਤੋਂ ਬਾਹਰ ਖਾਣਾ ਖਾ ਕੇ ਜਾਂ ਡਿਸਕੋ ਕਲੱਬਾਂ ਵਿੱਚ ਜਾ ਕੇ ਤਿਉਹਾਰ ਨੂੰ ਮਨਾਉਣ ਨੂੰ ਪਹਿਲ ਦਿੰਦੇ ਹਨ। ਹਾਂ ਇਸਦੇ ਨਾਲ ਨਾਲ ਇੱਕ ਅਜਿਹਾ ਵਰਗ ਵੀ ਹੈ ਜੋ ਇਸ ਭਾਗਾਂ ਭਰੇ ਦਿਨ ਨੂੰ ਗੁਰੂਘਰ ਦੇ ਲੇਖੇ ਵੀ ਲਾਉਂਦਾ ਹੈ। ਇਸ ਤਰਾਂ ਕੁਝ ਤਬਦੀਲੀਆਂ ਨੂੰ ਸਵੀਕਾਰ ਕਰਦੇ ਹੋਏ ਹਰ ਕਿਸੇ ਦਾ ਤਿਉਹਾਰ ਨੂੰ ਮਨਾਉਣ ਦਾ ਤਰੀਕਾ ਅਲੱਗ ਅਲੱਗ ਹੈ। ਦੀਵਾਲੀ ਇੱਕ ਬਹੁਤ ਵਿਲੱਖਣ ਤਿਉਹਾਰ ਹੈ। ਇੱਕ ਅਜਿਹਾ ਤਿਉਹਾਰ ਜੋ ਆਉਂਦਾ ਹੈ ਤਾਂ ਚਾਰੇ ਪਾਸੇ ਰੌਸ਼ਨੀਆਂ ਹੀ ਰੌਸ਼ਨੀਆਂ ਬਿਖੇਰ ਦਿੰਦਾ ਹੈ। ਹਨੇਰੀਆਂ ਰਾਤਾਂ ਵਿੱਚ ਘਰਾਂ ਦੀਆਂ ਛੱਤਾਂ ਤੇ ਜੱਗਦੇ ਦੀਵੇ ਧਰਤੀ ਉੱਤੇ ਵੀ ਤਾਰਿਆਂ ਦੀ ਵਿਛੀ ਚਾਦਰ ਦਾ ਭੁਲੇਖਾ ਪਾਉਂਦੇ ਹਨ। ਮੇਰੇ ਪਿਤਾ ਜੀ ਹਰ ਦਿਵਾਲੀ ਉੱਤੇ ਦੱਸਦੇ ਹੁੰਦੇ ਨੇ ਕਿ ਇਹ ਦੀਵੇ ਕੇਵਲ ਦੀਵੇ ਨਹੀਂ ਹਨ, ਬਲਕਿ ਹਨੇਰਿਆਂ ਵਿੱਚ ਚਾਨਣ ਕਰਨ ਦੀ ਛੋਟੀ ਜਿਹੀ ਕੋਸ਼ਿਸ਼ ਤੇ ਆਸ ਹਨ। ਮੈਂ ਵੀ ਹੈਰਾਨ ਹੋ ਕੇ ਦੇਖਦੀ ਹੁੰਦੀ ਹਾਂ ਕਿ ਕਿਵੇਂ ਹਰ ਇੱਕ ਦੀਵਾ, ਹਨੇਰੀ ਰਾਤ ਵਿੱਚ ਚਾਨਣ ਕਰਨ ਲਈ ਜੱਦੋ-ਜਹਿਦ ਕਰ ਰਿਹਾ ਹੈ। ਉਨ੍ਹਾਂ ਦੀਵਿਆਂ ਨੂੰ ਜੱਗਦਾ ਦੇਖ ਮੈਂ ਜ਼ਿੰਦਗੀ ਵਿੱਚ ਇੱਕ ਸਬਕ ਸਿੱਖਿਆ ਕਿ ਜੇਕਰ ਇੱਕ ਛੋਟਾ ਜਿਹਾ ਦੀਵਾ ਆਪ ਜਲ ਕਿ ਆਪਣਾ ਚਾਰ ਚੁਫ਼ੇਰਾ ਰੁਸ਼ਣਾ ਸਕਦਾ ਹੈ ਤਾਂ ਆਸਾ ਦਾ ਦੀਵਾ ਬਾਲ ਇੱਕ ਇਨਸਾਨ ਵੀ ਆਪਣੀ ਹਨੇਰੀ ਜ਼ਿੰਦਗੀ ਵਿੱਚ ਰੌਸ਼ਨੀਆਂ ਭਰ ਸਕਦਾ ਹੈ। ਜੇਕਰ ਮੌਜੂਦਾ ਸਾਲ ਦੇ ਵੱਲ ਝਾਤ ਮਾਰੀਏ ਤਾਂ ਇਸ ਵਾਰ ਵੀ ਅਸੀ ਹਰ ਸਾਲ ਦੀ ਤਰਾਂ ਕਾਮਨਾ ਤਾਂ ਇੱਕ ਖ਼ੁਸ਼ੀਆਂ ਖੇੜੇ ਤੇ ਨਵੇਂ ਜਜ਼ਬਿਆਂ ਨਾਲ ਭਰੇ ਤੇ ਸਫਲਤਾ ਦੇ ਨਵੇਂ ਰਾਹ ਖੋਲਣ ਵੱਜੋਂ ਕੀਤੀ ਸੀ, ਪਰ ਮਹਾਂਮਾਰੀ ਦੇ ਆਉਣ ਨਾਲ ਜਿੱਥੇ ਹਾਲਾਤ ਬਹੁਤ ਵਿਗੜ ਗਏ, ਉੱਥੇ ਬਹੁਤ ਸਾਰੇ ਸੁਪਨੇ ਸਜਾਈ ਬੈਠੇ ਲੋਕਾਂ ਦੀਆਂ ਆਸਾਂ 'ਤੇ ਪਾਣੀ ਫਿਰ ਗਿਆ। ਪਰ ਸਿਆਣੇ ਕਹਿੰਦੇ ਹਨ ਕਿ ਹਾਲਾਤ ਸਦਾ ਇੱਕੋ ਜਿਹੇ ਨਹੀ ਰਹਿੰਦੇ। ਇਸੇ ਤਰਾਂ ਇਹ ਸਮਾਂ ਵੀ ਬੀਤ ਜਾਵੇਗਾ। ਪਰ ਅਸੀਂ ਆਸ ਨਹੀਂ ਛੱਡਣੀ ਹੈ। ਢਹਿ ਢੇਰੀ ਹੋ ਕੇ ਨਹੀਂ ਬੈਠਣਾ ਹੈ। ਇਸ ਦੀਵਾਲੀ 'ਤੇ ਅਸੀ ਜਿੱਥੇ ਤੇਲ ਦੇ ਦੀਵੇ ਜਗਾ ਆਪਣੇ ਘਰਾਂ ਦੇ ਵਿਹੜੇ ਰੁਸ਼ਨਾਉਣੇ ਹਨ, ਉੱਥੇ ਆਸਾਂ ਦੇ ਦੀਵੇ ਬਾਲ ਆਪਣੀ ਜ਼ਿੰਦਗੀ ਵਿੱਚ ਛਾਈ ਨਕਾਰਾਤਮਕ ਸੋਚ ਅਤੇ ਅਗਿਆਨਤਾ ਦੇ ਹਨੇਰੇ ਨੂੰ ਵੀ ਦੂਰ ਕਰਨਾ ਹੈ। ਅਸੀਂ ਸੰਕਲਪ ਕਰਨਾ ਹੈ ਕਿ ਇਹ ਦੀਵੇ ਕੇਵਲ ਸਾਡੇ ਚਾਰ ਚੁਫ਼ੇਰੇ ਨੂੰ ਹੀ ਨਹੀਂ ਬਲਕਿ ਸਾਡੇ ਮਨ ਨੂੰ ਵੀ ਰੁਸ਼ਨਾਉਣ। ਸਾਡਾ ਯਤਨ ਰਹੇ ਕਿ ਅਸੀਂ ਆਪਣੇ ਆਲੇ ਦੁਆਲੇ ਵੀ ਪਿਆਰ, ਮਹੁੱਬਤ, ਏਕਤਾ, ਮਿਲਵਰਤਨ ਅਤੇ ਆਪਣੇਪਨ ਦੇ ਦੀਪ ਜਗਾਈਏ ਤਾਂ ਜੋ ਸੱਚਮੁੱਚ ਦੀਵਾਲੀ ਦੇ ਮਾਧਿਅਮ ਰਾਹੀਂ ਅਸੀਂ ਇੱਕ ਚੰਗੇ ਸਮਾਜ ਦੀ ਸਿਰਜਣਾ ਕਰ ਸਕੀਏ।

# ‘ਸੁਪਨੇ ਆਇਆ ਭੀ ਗਇਆ, ਮੈ ਜਲ ਭਰਿਆ ਰੋਇ’

## ਮੂਲ ਰਚਨਾ, ਪੰਥ ਰਤਨ, ਗੁਰਮਿਤ ਮਾਰਤੰਡ, ਗਿਆਨੀ ਸੰਤ ਮਸਕੀਨ ਸਿੰਘ ਜੀ

**ਭਾਗ 13**

**ਸੰਪਾਦਤ: ਸਰਬਜੀਤ ਕੌਰ**

ਪੁਨਿਆਂ ਦਾ ਜਨਮ ਹਰ ਵਸਤੂ ਦੀ ਤਰਾਂ ਹੁੰਦਾ ਹੈ, ਜੋ ਕਿ ਬਕਾਇਦਾ ਬੀਜ ਤੋਂ ਹੁੰਦਾ ਹੈ। ਅੰਤਰ ਆਤਮਾ ਅੰਦਰ ਕੁਝ ਅਜਿਹਾ ਹੈ ਜੋ ਸੁਪਨਿਆਂ ਨੂੰ ਜਨਮ ਦਿੰਦਾ ਹੈ। ਸੁਪਨੇ ਸਾਡੇ ਅੰਦਰ ਦੇ ਜੀਵਨ ਦੀ ਝਾਕੀ ਪ੍ਰਗਟ ਕਰਦੇ ਹਨ ਤੇ ਇਨਾਂ ਸੁਪਨਿਆਂ ਦਾ ਸਾਡੇ ਜੀਵਨ ’ਤੇ ਬਹੁਤ ਗਹਿਰਾ ਪ੍ਰਭਾਵ ਪੈਂਦਾ ਹੈ। ਅਸੀਂ ਜਾਗ੍ਰਿਤ ਅਵਸਥਾ ਵਿਚ ਜੋ ਨਹੀਂ ਕਰ ਸਕਦੇ ਉਹ ਸੁਪਨਿਆਂ ਵਿੱਚ ਕਰਦੇ ਹਾਂ ਜੋ ਜਾਗ੍ਰਿਤ ਅਵਸਥਾ ਵਿੱਚ ਪ੍ਰਾਪਤ ਨਹੀਂ ਕਰ ਸਕੇ ਉਹ ਸੁਪਨਿਆਂ ਵਿੱਚ ਹੀ ਪ੍ਰਾਪਤ ਕਰ ਸਕਦੇ ਹਾਂ।

ਕਿਸੇ ਇਨਸਾਨ ਨੂੰ ਕਤਲ ਕਰਨਾ ਚਾਹਿਆ ਪਰ ਨਹੀਂ ਕਰ ਸਕੇ, ਫਿਰ ਐਸਾ ਕਤਲ ਅਸੀਂ ਰਾਤ ਨੂੰ ਸੁਪਨਿਆਂ ਵਿੱਚ ਕਰਦੇ ਹਾਂ, ਚੋਰੀ ਕਰਨੀ ਚਾਹੀ ਸੀ, ਕੋਈ ਦੁਰਾਚਾਰ ਕਰਨਾ ਚਾਹਿਆ ਸੀ, ਨਹੀਂ ਕਰ ਸਕੇ ਤਾਂ ਇਹ ਸਭ ਕੁਝ ਸੁਪਨਿਆਂ ਵਿੱਚ ਹੋਵੇਗਾ। ਸਤਿਸੰਗ ਦੀ ਇੱਛਾ ਸੀ ਗੁਰੂ ਦੇ ਮਿਲਣ ਦੀ ਤੜਪ ਸੀ ਨਾਮ ਰਸ ਮੰਨਣ ਦੀ ਉਮੰਗ ਸੀ। ਜਦੋਂ ਇਹ ਅਵਸਥਾਵਾਂ ਜਾਗ੍ਰਿਤ ਵਿਚ ਨਾ ਪ੍ਰਾਪਤ ਹੋਈਆਂ ਤਾਂ ਇਹ ਸੁੱਖ ਅਸੀਂ ਸੁਪਨਿਆਂ ਵਿਚ ਰਸ ਮਾਣਦੇ ਹਾਂ। ਕਿਸੇ ਮਿੱਤਰ ਦੋਸਤ ਨੂੰ ਦਿਨ ਭਰ ਯਾਦ ਕੀਤਾ ਹੈ ਤੇ ਉਸ ਦੀ ਯਾਦ ਵਿੱਚ ਸੌਂ ਗਏ ਹਾਂ ਫਿਰ ਰਾਤ ਨੂੰ ਉਸ ਦਾ ਮੇਲ ਸੁਪਨਿਆਂ ਵਿੱਚ ਹੁੰਦਾ ਹੈ। ਜਾਗ੍ਰਿਤ ਵਿੱਚ ਜੋ ਵਿਚਾਰ ਅੰਤਰ ਆਤਮਾ ਦੇ ਅੰਦਰ ਚਲੇ ਜਾਂਦੇ ਹਨ ਉਹ ਸੁਪਨੇ ਬਣਦੇ ਹਨ। ਸੁਪਨੇ ਆਪਣੇ ਆਪ ਵਿੱਚ ਪੈਦਾ ਨਹੀਂ ਹੁੰਦੇ ਮੰਦਿਰ ਸੁਪਨਿਆਂ ਦਾ ਆਵਣਾ ਅੰਤਿਸ਼ਕਰਨ ਵਿੱਚ ਮੰਦੇ ਸੰਸਕਾਰਾਂ ਦਾ ਪ੍ਰਗਟਾਵਾ ਹੈ। ਮਨੁੱਖ ਦੀ ਉਮਰ ਇਕ ਤਿਹਾਈ ਸੁੱਤੀਆਂ ਹੀ ਲੰਘ ਜਾਂਦੀ ਹੈ। ਨਵਾਂ ਜਨਮਿਆ ਬੱਚਾ ਕੋਈ ਵੀਹ ਘੰਟੇ ਸੌਂਦਾ ਹੈ। ਇੱਕ ਸਾਲ ਦਾ ਹੋਵੇ ਤਾਂ ਸਤਾਰਾਂ ਘੰਟੇ ਸੌਂਦਾ ਹੈ। ਇਸੇ ਤਰਾਂ ਜਵਾਨੀ ਤੱਕ ਪੁੱਜਦਿਆਂ ਨੀਂਦ ਸੱਤ ਘੰਟੇ ਦੀ ਤੇ ਬੁਢਾਪੇ ਵਿੱਚ ਕੇਵਲ ਚਾਰ ਘੰਟਿਆਂ ਦੀ ਰਹਿ ਜਾਂਦੀ ਹੈ। ਕਈ ਵਾਰ ਬੁਢਾਪੇ ਵਿੱਚ ਨੀਂਦ ਖੋ ਜਾਂਦੀ ਹੈ ਘੰਟਾ ਦੋ ਘੰਟੇ ਹੀ ਨੀਂਦ ਆਉਂਦੀ ਹੈ ਪਰ ਕਈ ਵਾਰ ਬੱਚੇ ਦੀ ਤਰਾਂ ਬੁੱਢਾ ਮਨੁੱਖ ਵੀ ਸੋਲ਼ਾਂ ਸਤਾਰਾਂ ਘੰਟੇ ਨੀਂਦ ਲੈ ਲੈਂਦਾ ਹੈ।

ਸੋ ਕੋਈ ਇਕ ਤਿਹਾਈ ਉਮਰ ਸੁੱਤਿਆਂ ਲੰਘ ਜਾਂਦੀ ਹੈ ਇੰਨਾ ਕੀਮਤੀ ਜੀਵਨ ਤੇ ਉਸ ਦਾ ਇੱਕ ਤਿਹਾਈ ਭਾਗ ਸੁੱਤਿਆਂ ਹੀ ਅਚੇਤ ਲੰਘ ਜਾਵੇ ਇਹ ਸੰਤ ਪੁਰਸ਼ਾਂ ਨੂੰ ਪ੍ਰਵਾਨ ਨਹੀਂ ਸੀ। ਸੋ ਉਹ ਇਸ ਕੋਸ਼ਿਸ਼ ਵਿੱਚ ਰਹੇ ਕਿ ਸੌਣਾ ਵੀ ਸਫਲ ਹੋ ਜਾਵੇ ਤਾਂ ਫਿਰ ਕੁਝ ਐਸੇ ਉਪਰਾਲੇ ਕੀਤੇ ਗਏ ਕਿ ਸੌਣਾ ਵੀ ਲੇਖੇ ਲੱਗੇ। ਇਹ ਸਭ ਤਾਂ ਠੀਕ ਹੈ ਕਿ ਦਿਨ ਦੇ ਜਾਗ੍ਰਿਤੀ ਅਵਸਥਾ ਦੀ ਅਧੂਰੀ ਵਾਸ਼ਨਾ ਹੀ ਰਾਤ ਨੂੰ ਸੁਪਨਿਆਂ ਦੀ ਸ਼ਕਲ ਧਾਰਨ ਕਰਦੀ ਹੈ। ਹੁਣ ਸੁਪਨੇ ਪਵਿੱਤਰ ਆਉਣ ਤਾਂ ਸੁਪਨੇ ਵਿੱਚ ਅਸੀਂ ਨੇਕ ਬਣ ਸਕੀਏ ਅਜਿਹੇ ਕੁਝ ਉਪਰਾਲੇ ਕਰਨੇ ਪੈਣਗੇ। ਇਹ ਗੱਲ



ਯਾਦ ਰੱਖਣ ਵਾਲੀ ਹੈ ਕਿ ਸੁਪਨਿਆਂ ਦਾ ਮਨੁੱਖੀ ਜੀਵਨ ਤੇ ਗਹਿਰਾ ਪ੍ਰਭਾਵ ਪੈਂਦਾ ਹੈ ਜਿਸ ਤਰਾਂ ਦਾ ਸੁਪਨਾ ਹੋਵੇ ਉਸ ਤਰਾਂ ਦੀ ਸਰੀਰਕ ਦਸ਼ਾ ਹੋ ਜਾਂਦੀ ਹੈ ਸਰੀਰ ਸੁਪਨਿਆਂ ਤੋਂ ਬਹੁਤ ਪ੍ਰਭਾਵਿਤ ਹੁੰਦਾ ਹੈ। ਕੁਝ ਪਿਛਲੇ ਜਨਮਾਂ ਦੇ ਸੰਸਕਾਰ ਵੀ ਸੁਪਨਿਆਂ ਨੂੰ ਜਨਮ ਦੇਣ ਵਿੱਚ ਸਹਾਇਕ ਹੁੰਦੇ ਹਨ ਸੋ ਜਿਤਨੇ ਤੱਕ ਅੰਦਰ ਮਾੜੀ ਵਾਸਨਾ ਮੌਜੂਦ ਹੈ ਸੁਪਨੇ ਮਲੀਨ ਆਵਣਗੇ ਸੁਪਨੇ ਵਿੱਚ ਵੀ ਪਤਿਤ ਕਰਮ ਨਾ ਹੋਵੇ ਇਸ ਲਈ ਸ੍ਰੀ ਦਸਮ ਬਾਣੀ ਵਿਚ ਬਿਆਨ ਕੀਤਾ ਹੈ :

**ਨਿਜ ਨਾਰੀ ਕੇ ਸੰਗ ਨੇਹੁੰ ਤੁਮ ਬਢਈਅਹੁ।**
**ਪਰ ਨਾਰੀ ਕੀ ਸੇਜ ਭੂਲ ਸੁਪਨੇ ਹੂੰ ਨ ਜਇਅਹੁ।**
**ਅਗਰ ਸੁਪਨੇ ਵਿੱਚ ਪ੍ਰਭੂ ਨੂੰ ਮਿਲਣਾ ਹੋਵੇ ਤਾਂ ਐਸੇ ਸੁਪਨੇ ਮਲੀਨ ਜਾਗ੍ਰਿਤ ਅਵਸਥਾ ਨਾਲੋਂ ਬਹੁਤ ਚੰਗੇ ਹਨ।**
**ਕਬ ਦੇਖਉ ਪ੍ਰਭੁ ਅਪਨਾ ਆਤਮ ਕੇ ਰੰਗਿ।।**
**ਜਾਗਨ ਤੇ ਸੁਪਨਾ ਭਲਾ ਬੁਸੀਐ ਪ੍ਰਭ ਸੰਗਿ।।**

ਸੁਪਨੇ ਵਿੱਚ ਜਦੋਂ ਗੁਰੂ ਨੂੰ ਮਿਲਣ ਦੀ ਝਲਕ ਪੈਦਾ ਹੁੰਦੀ ਹੈ ਤਾਂ ਉਸ ਦੀ ਛਾਬੀ ਵਿੱਚ ਹੀ ਸੁਰਤ ਲੀਨ ਰਹਿੰਦੀ ਹੈ ਸੁਪਨੇ ਨੂੰ ਜ਼ਰਾ ਮਾਤਰ ਵੀ ਲੰਬਾ ਕਰਨ ਦਾ ਖਿਆਲ ਆਇਆ ਤਾਂ ਨੀਂਦ ਖੁੱਲ ਕੇ ਸੁਪਨਾ ਟੁੱਟ ਜਾਂਦਾ ਹੈ।

ਸੁਪਨੈ ਊਭੀ ਭਈ ਗਹਿਓ ਕੀ ਨ ਅੰਚਲਾ ॥ ਸੁੰਦਰ ਪੁਰਖ ਬਿਰਾਜਿਤ ਪੇਖਿ ਮਨੁ ਬੰਚਲਾ ॥ ਖੋਜਉ ਤਾ ਕੇ ਚਰਣ ਕਹਹੁ ਕਤ ਪਾਈਐ ॥ ਹਰਿਹਾਂ ਸੋਈ ਜਤੰਨੁ ਬਤਾਇ ਸਖੀ ਪ੍ਰਿਉ ਪਾਈਐ ॥੧੩॥ ਪੰਨਾ ੧੩੬੨

ਸੁਪਨੇ ਵਿੱਚ ਮਿਲੀ ਝਲਕ ਵੀ ਜੀਵਨ ਬਦਲ ਕੇ ਰੱਖ ਦਿੰਦੀ ਹੈ। ਇੱਕ ਨਵਾਂ ਮੋੜ ਮਿਲਦਾ ਹੈ ਜਿਸ ਨਾਲ ਜੀਵਨ ਧੰਨ ਧੰਨ ਹੋ ਜਾਂਦਾ ਹੈ ਸੁਪਨਾ ਕੁਝ ਪਲ ਛਿਨ ਦਾ ਹੁੰਦਾ ਹੈ ਖਾਸ ਕਰ ਕੇ ਪਵਿੱਤਰ। ਇਹ ਮਿਲਣ ਦਾ ਸੁਪਨਾ ਤਾਂ ਬਹੁਤ ਹੀ ਛੋਟਾ ਹੁੰਦਾ ਹੈ ਹਾਂ ਦੁਖਾਂਤ ਘਟਨਾ ਪੂਰਵਕ ਸੁਪਨਾ ਕਾਫ਼ੀ ਲੰਬਾ ਚਲਦਾ ਹੈ ਕਿਉਂਕਿ ਉਹੋ ਜਿਹੇ ਸੁਪਨਿਆਂ ਨੂੰ ਲੰਬਾ ਕਰਨ ਲਈ ਅੰਦਰ ਪਏ ਹੋਏ ਸੰਸਕਾਰਾਂ ਦੀ ਮਦਦ ਮਿਲਦੀ ਹੈ। ਪਰ ਪਵਿੱਤਰ ਸੁਪਨਾ ਤਾਂ ਆਇਆ ਤੇ ਗਿਆ ਹੀ ਹੁੰਦਾ ਹੈ

**ਮੈ ਰੋਵੰਦੀ ਸਭੁ ਜਗੁ ਰੁਨਾ ਰੁੰਨੜੇ ਵਣਹੁ ਪੰਖੇਰੂ ॥ ਇਕੁ ਨ ਰੁਨਾ ਮੇਰੇ ਤਨ ਕਾ ਬਿਰਹਾ ਜਿਨਿ ਹਉ ਪਿਰਹੁ ਵਿਛੋੜੀ ॥ ਸੁਪਨੈ ਆਇਆ ਭੀ ਗਇਆ ਮੈ ਜਲੁ ਭਰਿਆ ਰੋਇ ॥ ਆਇ ਨ ਸਕਾ ਤੁਝ ਕਨਿ ਪਿਆਰੇ ਭੇਜਿ ਨ ਸਕਾ ਕੋਇ ॥ ਆਉ ਸਭਾਗੀ ਨੀਦੜੀਏ ਮਤੁ ਸਹੁ ਦੇਖਾ ਸੋਇ ॥ ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ ॥ ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ ॥ ਕਿਉ ਨ ਮਰੀਜੈ ਜੀਅੜਾ ਨ ਦੀਜੈ ਜਾ ਸਹੁ ਭਇਆ ਵਿਡਾਣਾ ॥੧॥੩॥ ਪੰਨਾ ੫੫੮**

ਸੁਪਨੇ ਵਿੱਚ ਮੇਲੇ ਪ੍ਰਭੂ ਦਾ ਦੁਬਾਰਾ ਮਿਲਣਾ ਹੋਵੇ ਤਾਂ ਉਹੋ ਜਿਹੀ ਨੀਂਦ ਤੇ ਸੁਪਨੇ ਨੂੰ ਜਨਮ ਦੇਣ ਵਾਲੀ ਸ਼ਕਤੀ ਚਾਹੀਦੀ ਹੈ ਅਭਿਆਸੀ ਇਸ ਸੁਪਨੇ ਤੇ ਨੀਂਦ ਦੀ ਉਡੀਕ ਕਰਦੇ ਰਹਿੰਦੇ ਹਨ।

ਜਦ ਜਾਗ੍ਰਿਤ ਵਿਚ ਕੁਝ ਤਾਂ ਘਟੇ ਤਾਂ ਸੁਪਨੇ ਵੀ ਨਹੀਂ ਆਵਦੇ ਭਾਈ ਗੁਰਦਾਸ ਜੀ ਜਦ ਬਨਾਰਸ ਕਾਫੀ ਸਮੇਂ ਤੱਕ ਸਿੱਖੀ ਦਾ ਪ੍ਰਚਾਰ ਕਰਦੇ ਰਹੇ ਤਾਂ ਉਨਾਂ ਦਾ ਗੁਰੂ ਹਰਗੋਬਿੰਦ ਸਾਹਿਬ ਜੀ ਦਾ ਵਿਛੋੜਾ ਬਹੁਤ ਲੰਮਾ ਪੈ ਗਿਆ ਤਾਂ ਭਾਈ ਗੁਰਦਾਸ ਜੀ ਆਪ ਵਿਆਕੁਲ ਹੋ ਕੇ ਇਹ ਪੱਤ੍ਰਿਕਾ ਲਿਖਦੇ ਰਹੇ।

ਕਬ ਲਾਗੇ ਮਸਤਿਕ ਚਰਨ ਰਜ,
ਦਰਸੁ ਦਇਆ ਦ੍ਰਿਗਨ ਕਬ ਦੇਖਓ।।

ਬਾਰ ਬਾਰ ਭਾਈ ਗੁਰਦਾਸ ਜੀ ਉਸ ਮਿਲਾਪ ਦੀਆਂ ਘੜੀਆਂ ਨੂੰ ਚੇਤੇ ਕਰਨ ਲਈ ਗਏ ਜਦ ਆਪ ਜੀ ਰੋਜ਼ ਹੀ ਸਤਿਗੁਰਾਂ ਪਾਸ ਹੁੰਦੇ ਸਨ ਸਤਿਗੁਰੂ ਜੀ ਦਾ ਮਿਹਰ ਭਰਿਆ ਹੱਥ ਰੋਜ਼ ਸੀਸ ਤੇ ਬਖ਼ਸ਼ਿਸ਼ ਕਰਦਾ ਸੀ ਪਿਆਰੇ ਬਚਨ ਰੋਜ਼ ਸੁਣਨ ਨੂੰ ਮਿਲਦੇ ਸਨ, ਸਤਿਗੁਰ ਆਵਾਜ਼ ਮਾਰ ਕੇ ਬੁਲਾਉਂਦੇ ਸਨ। ਉਹ ਸਾਰੀ ਵਿਥਿਆ ਨੂੰ ਯਾਦ ਕਰਦੇ ਹਿਰਦਾ ਵੈਰਾਗੀ ਹੋ ਅੱਖਾਂ ਸੇਜਲ ਹੋ ਜਾਂਦੀਆਂ ਸਨ। ਭਾਈ ਗੁਰਦਾਸ ਇੰਨੇ ਜ਼ਿਆਦਾ ਬਿਰਹੀ ਹੋਏ ਕਿ ਜੇ ਸੁਪਨਾ ਵੀ ਆ ਜਾਵੇ ਤਾਂ ਵੀ ਮਨ ਨੂੰ ਢਾਰਸ ਬਨਾਈ ਜਾ ਸਕੇ ਪਰ ਸੁਪਨਾ ਵੀ ਨਹੀਂ ਆ ਰਿਹਾ ਸੀ। ਮਨ ਦੇ ਵਿੱਚ ਇੰਨਾ ਬਿਰਹਾ ਹੋਵੇ ਤਾਂ ਫਿਰ ਸੁਪਨਿਆਂ ਵਿਚ ਮਿਲਣ ਹੋ ਹੀ ਜਾਂਦਾ ਹੈ।

ਇਸਤਰੀ ਜਗਤ ਵਿਚ ਕ੍ਰਿਸ਼ਨ ਭਗਤ ਮੀਰਾ ਦਾ ਆਪਣਾ ਇੱਕ ਖ਼ਾਸ ਸਥਾਨ ਹੈ। ਮੀਰਾ ਰਾਤ ਨੂੰ ਕ੍ਰਿਸ਼ਨ ਜੀ ਨੂੰ ਚੇਤੇ ਕਰ ਸੌਂ ਗਈ ਇਸ ਚਿੰਤਨ ਤੋਂ ਬਣੇ ਸੰਸਕਾਰਾਂ ਨੇ ਸੁਪਨੇ ਨੂੰ ਜਨਮ ਦਿੱਤਾ ਪਰ ਸੁਪਨੇ ਵਿਚ ਜਦ ਮੱਥਾ ਟੇਕਣ ਲਈ ਉੱਠਣ ਦੀ ਕੋਸ਼ਿਸ਼ ਕੀਤੀ ਤਾਂ ਨੀਂਦ ਟੁੱਟ ਗਈ ਤੇ ਸੁਪਨਾ ਜਾਂਦਾ ਰਿਹਾ ਨਾਲ ਹੀ ਕ੍ਰਿਸ਼ਨ ਜੀ ਓਝਲ ਹੋ ਗਏ ਤਾਂ ਦੁਖੀ ਹੋ ਕੇ ਕਹਿਣ ਲੱਗੀ। ਲੋਕੀਂ ਸੌਂ ਕੇ ਗਵਾ ਛੱਡਦੇ ਹਨ ਮੈਂ ਜਾਗ ਕੇ ਗਵਾ ਬੈਠੀ।

ਸੁਪਨੇ ਵਿੱਚ ਜੇਕਰ ਮਨ ਬਹੁਤ ਉਛਾਲਾ ਖਾਧਾ ਜਾਵੇ ਤਾਂ ਛੇਤੀ ਸੁਪਨਾ ਟੁੱਟ ਜਾਂਦਾ ਹੈ ਤੇ ਕਾਫੀ ਸਮੇਂ ਤੱਕ ਸੁਪਨੇ ਵਿਚ ਆਏ ਮਿੱਤਰ ਦੀ ਤੜਪ ਮਨ ਵਿੱਚ ਬਣੀ ਰਹਿੰਦੀ ਹੈ। ਸੋ ਧੰਨ ਓ ਸੱਤ ਪੁਰਸ਼ ਹਨ ਜਿਨਾਂ ਨੂੰ ਐਸੀ ਪਿਆਰੇ ਸੁਪਨੇ ਵਿਚ ਆਉਂਦੇ ਹਨ ਸੁਪਨਿਆਂ ਤੋਂ ਆਪਣੇ ਅੰਦਰ ਦੀ ਤਸਵੀਰ ਝਲਕਾਂ ਮਾਰਦੀ ਹੈ ਮਲੀਨ ਸੁਪਨੇ ਅੰਦਰ ਦੀ ਮਲੀਨਤਾ ਦੀ ਨਿਸ਼ਾਨੀ ਹਨ। ਕੋਈ ਸੁਪਨੇ ਵਿਚ ਵਾਹਿਗੁਰੂ ਆਖ ਦੇਵੇ ਤਾਂ ਇਸ ਘਟਨਾ ਦਾ ਇਹ ਸਬੂਤ ਹੈ ਕਿ ਇਸ ਨੇ ਜਾਗ੍ਰਿਤ ਅਵਸਥਾ ਵਿਚ ਵੀ ਆਖਣ ਦੀ ਪੂਰੀ ਕੋਸ਼ਿਸ਼ ਕੀਤੀ ਸੀ ਕਬੀਰ ਤਾਂ ਐਸੇ ਪੁਰਸ਼ ਤੋਂ ਸਦਕੇ ਜਾਂਦੇ ਹਨ।

ਕੋਈ ਸੁਪਨੇ ਵਿੱਚ ਵਾਹਿਗੁਰੂ ਆਖ ਦੇਵੇ ਤਾਂ ਇਸ ਘਟਨਾ ਦਾ ਹੀ ਸਬੂਤ ਹੈ ਕਿ ਇਸ ਨੇ ਜਾਗਰਿਤੀ ਅਵਸਥਾ ਵਿੱਚ ਵੀ ਆਖਣ ਦੀ ਪੂਰੀ ਕੋਸ਼ਿਸ਼ ਕੀਤੀ ਸੀ। ਕਬੀਰ ਤਾਂ ਐਸੇ ਪੁਰਸ਼ ਤੋਂ ਸਦਕੇ ਜਾਂਦੇ ਹਨ ਜਿਸ ਦੇ ਮੂੰਹੋਂ ਸੁਪਨੇ ਵਿਚ ਰਾਮ ਨਿਕਲ ਆਵੇ। ਅਕਾਲ ਪੁਰਖ ਦੇ ਵਿਛੋੜੇ ਵਿੱਚ ਵਿਰਾਗਮਈ ਹੋਈ ਰੂਹ ਸੁਪਨਿਆਂ ਵਿੱਚ ਹੀ ਉਸ ਅਕਾਲ ਪੁਰਖ ਦੇ ਦਰਸ਼ਨ ਦੀਦਾਰੇ ਕਰਦੀ ਹੈ ਪਰ ਇਹ ਦਰਸ਼ਨ ਉਨਾਂ ਸੱਚੀਆਂ ਰੂਹਾਂ ਨੂੰ ਹੀ ਹੁੰਦੇ ਹਨ ਜੋ ਅੰਦਰੋਂ ਸੱਚੀਆਂ ਅਤੇ ਪਵਿੱਤਰ ਉਸ ਅਕਾਲ ਪੁਰਖ ਦੀ ਰਜ਼ਾ ਤੇ ਭਗਤੀ ਵਿੱਚ ਲੀਨ ਰਹਿੰਦੀਆਂ ਹਨ। ਅਕਾਲ ਦੀ ਦ੍ਰਿਸ਼ਟੀ ਤੋਂ ਜੇਕਰ ਸੰਸਾਰ ਨੂੰ ਵੇਖਿਆ ਜਾਵੇ ਤਾਂ ਇਹ ਵੀ ਇੱਕ ਸੁਪਨਾ ਹੈ। ਇਸ ਸੁਪਨੇ ਦਾ ਅੰਤ ਉਦੋਂ ਹੁੰਦਾ ਹੈ ਜਦੋਂ ਇਨਸਾਨ ਦੀ ਮੌਤ ਹੋ ਜਾਂਦੀ ਹੈ। ਮੌਤ ਹੋਣ ਤੋਂ ਬਾਅਦ ਹੀ ਇਨਸਾਨ ਨੂੰ ਅਕਾਲ ਪੁਰਖ ਦੇ ਸੱਚ ਦਾ ਸਾਹਮਣਾ ਕਰਨਾ ਪੈਂਦਾ ਹੈ।

**ਬਾਕੀ ਸਫ਼ਾ 30 ’ਤੇ**

# ਗਿਆਨ ਸ਼ਕਤੀ ਦੇ ਧਾਰਨੀ ਹੋਣਾ ਸਫਲ ਜੀਵਨ ਦਾ ਸਬਕ

**ਡਾਕਟਰ ਇੰਦਰਜੀਤ ਸਿੰਘ ਗੋਗੋਆਣੀ**

ਧਾਰਮਿਕ ਜਗਤ ਵਿਚ ਉੱਤਮ ਸ਼ਖ਼ਸੀਅਤ ਨੂੰ ਸੋਲਾਂ ਕਲਾ ਸੰਪੂਰਨ ਵੀ ਕਿਹਾ ਗਿਆ ਅਤੇ ਬੇਅੰਤ ਸ਼ਕਤੀਆਂ ਦੇ ਮਾਲਕ ਵੀ ਕਿਹਾ। ਦਰਅਸਲ ਆਮ ਮਨੁੱਖ ਲਈ ਸਫਲ ਜੀਵਨ ਜੀਣ ਵਾਸਤੇ ਇਹ ਸਿੱਖਿਆਵਾਂ ਹਨ ਜਾਂ ਇੰਜ ਕਹੀਏ ਕਿ ਇਕ ਪੁਸਤਕ ਦੇ ਸੋਲਾਂ ਸਬਕ ਜਾਂ ਸਿੱਖਿਆਦਾਇਕ ਪਾਠ ਹਨ ਜੋ ਸਫਲ ਜੀਵਨ ਜੀਣ ਦਾ ਹੁਨਰ ਸਿਖਾਉਂਦੀ ਹੈ। ਪਹਿਲਾ ਸਬਕ ‘ਗਿਆਨ ਕਲਾ’ ਹੈ।

‘ਮਹਾਨ ਕੋਸ਼’ ਅਨੁਸਾਰ ਗਿਆਨ ਤੋਂ ਭਾਵ, ਜਾਣਨਾ, ਬੋਧ, ਸਮਝ, ਇਲਮ ਆਦਿ। ਸਮ ਅਰਥ ਕੋਸ਼ ਵਿਚ ਗਿਆਨ ਦੇ ਸਮਾਨਅਰਥੀ ਸ਼ਬਦ-ਵਿੱਦਿਆ, ਅਨਭਉ, ਅਨੰਭਉ, ਸੁਬਿਦਿਆ, ਗਯਾਨ, ਗ੍ਯਿਆਨ, ਚੇਤਨਤਾ, ਜਾਨ, ਜਾਨਣਾ, ਪ੍ਰਕਾਸ਼, ਬੇਦ, ਬੋਧ, ਵਿਬੋਧ, ਵੇਦ ਆਦਿ ਸ਼ਬਦ ਹਨ।

ਹੁਣ ਸਫਲ ਜੀਵਨ ਲਈ ਸਭ ਤੋਂ ਪਹਿਲਾਂ ਨਿੱਜ ਦਾ ਗਿਆਨ ਭਾਵ ਆਪਣੇ-ਆਪ ਬਾਰੇ ਜਾਣਨਾ ਹੈ ਕਿ ਮੈਂ ਕੀ ਹਾਂ, ਕਿਉਂ ਹਾਂ ਤੇ ਮੇਰੇ ਸੰਸਾਰ ਜਾਂ ਸਮਾਜ ਵਿਚ ਕੀ ਫ਼ਰਜ਼ ਤੇ ਅਧਿਕਾਰ ਹਨ? ਸਰੀਰ ਬਾਰੇ ਗਿਆਨ, ਖ਼ੁਰਾਕ ਤੇ ਪੁਸ਼ਾਕ ਦਾ ਗਿਆਨ, ਆਲੇ ਦੁਆਲੇ ਦਾ ਗਿਆਨ, ਸਮਾਜ, ਸੰਸਾਰ, ਮਾਪੇ, ਰਿਸ਼ਤੇ, ਕਾਦਰ, ਕੁਦਰਤ, ਉੱਦਮ, ਉਤਸ਼ਾਹ, ਆਸ਼ਾਵਾਦ, ਕਿਰਤ, ਵਿੱਦਿਆ, ਖ਼ੁਸ਼ੀ, ਅਨੰਦ ਆਦਿ ਸਭ ਗਿਆਨ ‘ਤੇ ਆਧਾਰਿਤ ਹਨ। ਇਸੇ ਲਈ ਗਿਆਨ ਦੀ ਪ੍ਰਕਾਸ਼ ਨਾਲ ਤੇ ਅਗਿਆਨਤਾ ਦੀ ਹਨੇਰੇ ਨਾਲ ਤੁਲਨਾ ਕੀਤੀ ਜਾਂਦੀ ਹੈ। ਗੁਰੂ ਨਾਨਕ ਪਾਤਸ਼ਾਹ ਜੀ ਦਾ ਫ਼ਰਮਾਨ ਹੈ:

**ਦੀਵਾ ਬਲੈ ਅੰਧੇਰਾ ਜਾਇ**
**ਬੇਦ ਪਾਠ ਮਤਿ ਪਾਪਾ ਖਾਇ**
**ਉਗਵੈ ਸੂਰ ਨ ਜਾਪੈ ਚੰਦ**
**ਜਹ ਗਿਆਨ ਪ੍ਰਗਾਸੁ ਅਗਿਆਨੁ ਮਿਟੰਤੁ**
(ਅੰਗ : ੭੯੧)

ਭਾਵ ਜਿਵੇਂ ਦੀਵੇ ਦੀ ਰੌਸ਼ਨੀ ਨਾਲ ਹਨੇਰਾ ਦੂਰ ਹੋ ਜਾਂਦਾ ਹੈ, ਇਸੇ ਤਰਾਂ ਧਰਮ ਪੁਸਤਕਾਂ ਦੇ ਪਾਠ-ਪਾਪਾਂ ਦਾ ਨਾਸ਼ ਕਰ ਦਿੰਦੇ ਹਨ। ਜਿਵੇਂ ਸੂਰਜ ਦੇ ਪ੍ਰਕਾਸ਼ਮਾਨ ਹੋਣ ਨਾਲ ਚੰਦਰਮਾ ਅਲੋਪ ਹੋ ਜਾਂਦਾ ਹੈ, ਇਸੇ ਪ੍ਰਕਾਰ ਜਿਥੇ ਗਿਆਨ ਦਾ ਪ੍ਰਕਾਸ਼ ਹੋ ਜਾਏ, ਉਥੇ ਅਗਿਆਨਤਾ ਦਾ ਹਨੇਰਾ ਮਿਟ ਜਾਂਦਾ ਹੈ।

ਦੂਜੇ ਪਾਸੇ ਅਧੂਰਾ ਤੇ ਥੋੜਾ ਗਿਆਨ ਕਿਸੇ ਧਰਮ, ਕੌਮ ਜਾਂ ਸਮਾਜ ਦੇ ਲੋਕਾਂ ਲਈ ਅੱਤ ਖ਼ਤਰਨਾਕ ਹੁੰਦਾ ਹੈ। ਲੋਕ ਅਖਾਣ ‘ਨੀਮ ਹਕੀਮ ਖ਼ਤਰਾ ਏ ਜਾਨ’ ਅਤੇ ‘ਟਿੰਡਾਂ ਪੱਥ ਨਾ ਜਾਣਦਾ ਮੇਰਾ ਮੱਘੀਆਂ ਦਾ ਉਸਤਾਦ’ ਅਧੂਰੇ ਗਿਆਨ ਦੀਆਂ ਉਦਾਹਰਨਾਂ ਹਨ। ਗਿਆਨ ਤਾਂ ਅਥਾਹ ਸਾਗਰ ਹੈ ਤੇ ਜਾਗਦੀਆਂ ਰੂਹਾਂ ਸਦਾ ਕਾਰਜਸ਼ੀਲ ਰਹਿੰਦੀਆਂ ਹਨ। ਇਕੱਲਾ ਕਿਤਾਬੀ ਗਿਆਨ ਜਾਂ ਡਿਗਰੀਆਂ ਹੀ ਗਿਆਨ ਨਹੀਂ ਹੁੰਦੀਆਂ, ਅਨੁਭਵੀ ਗਿਆਨ ਵੀ ਹੁੰਦਾ ਹੈ। ਬਾਬਾ ਬੁੱਲੇ ਸ਼ਾਹ ਨੇ ਇਸੇ ਪ੍ਰਸੰਗ ਵਿਚ ਲਿਖਿਆ ਹੈ: ‘ਪੜ ਪੜ ਆਲਮ ਫ਼ਾਜ਼ਲ ਹੋਇਉਂ, ਪਰ ਆਪਣੇ ਆਪ ਨੂੰ ਪੜਿਆ ਈ ਨਹੀਂ’ ਗਿਆਨ ਕਲਾ ਤਾਂ ਸ਼ਕਤੀ ਹੈ। ਆਪੇ ਦੀ ਚੇਤਨਾ, ਭਲੇ ਬੁਰੇ ਦੀ ਪਹਿਚਾਣ। ਭਗਤ ਕਬੀਰ ਜੀ ਨੇ ‘ਕਬੀਰਾ ਜਹਾ ਗਿਆਨੁ ਤਹ ਧਰਮ ਹੈ’ ਫ਼ਰਮਾਉਂਦਿਆਂ ਸਮਾਜ ਨੂੰ ਨੇਕੀ, ਪਰਉਪਕਾਰ ਤੇ ਧਰਮ ਪ੍ਰਤੀ ਜਾਗ੍ਰਿਤ ਕੀਤਾ। ਗਿਆਨ ਹਰ ਮੁਸ਼ਕਲ ਭਰਪੂਰ ਤਾਲੇ ਦੀ ਕੁੰਜੀ ਹੈ। ਸਦੀਵ ਗਿਆਨ ਪ੍ਰਾਪਤੀ ਦੀ ਲੋਚਾ ‘ਕਰਤ ਕਰਤ ਅਭਿਆਸ ਸੇ ਜੜ ਮਤ ਹੋਤ ਸੁਜਾਨ’ ਵਾਲੀ ਗੱਲ ਹੁੰਦੀ ਹੈ। ਸ਼ੇਖ ਸਾਅਦੀ ਨੂੰ ਕਿਸੇ ਨੇ ਪੁੱਛਿਆ ਕਿ ਏਨਾ ਗਿਆਨ ਕਿਥੋਂ ਪ੍ਰਾਪਤ ਕੀਤਾ? ਉਹ ਕਹਿੰਦਾ ‘ਨੇਤਰਹੀਣਾਂ ਕੋਲੋਂ, ਕਿਉਂਕਿ ਉਹ ਜਦ ਤੱਕ ਧਰਤੀ ਮਾਪ ਨਹੀਂ ਲੈਂਦੇ, ਅਗਲਾ ਕਦਮ ਨਹੀਂ ਪੁੱਟਦੇ।’ ਪਹਿਲਾਂ ‘ਤੋਲੋ ਫੇਰ ਬੋਲੋ’ ਵੀ ਗਿਆਨ ਦਾ ਇਕ ਨੁਕਤਾ ਹੈ।

‘ਗਿਆਨ’ ਨਿੱਜ ਦਾ ਵਿਕਾਸ ਤੇ ਸਵੈ ਦੀ ਚੇਤੰਨਤਾ ਹੈ। ਇਕ ਸੋਚ ਕਿ ਅੱਜ ਨਵਾਂ ਕੀ ਸਿੱਖਿਆ ਹੈ? ਖੇਤਰ ਕੋਈ ਵੀ ਹੋਵੇ, ਗਿਆਨ ਅਸੀਮ ਹੈ। ਜੇਕਰ ਮਨ ਨੀਵਾਂ ਹੋਵੇ ਤਾਂ ਮੱਤ ਉੱਚੀ ਹੁੰਦੀ ਹੈ। ਗਿਆਨ ਹੋਵੇ ਤਾਂ ਮਨ ਸਥਿਰ ਰਹਿੰਦਾ ਹੈ। ਗੁਰੂ ਨਾਨਕ ਪਾਤਸ਼ਾਹ ਜੀ ‘ਗਿਆਨ ਕਾ ਬਧਾ ਮਨੁ ਰਹੈ’ ਦਾ ਮੰਤਰ ਦ੍ਰਿੜ ਕਰਵਾਉਂਦੇ ਹਨ। ਗਿਆਨ ਜਿਥੋਂ ਵੀ ਮਿਲੇ, ਜਿਸ ਕੀਮਤ ’ਤੇ ਮਿਲੇ ਭਲਾ ਹੀ ਭਲਾ ਹੈ। ਇਹ ਸ਼ਹਿਦ ਦੀਆਂ ਮੱਖੀਆਂ ਵਾਂਗ ਸਦਾ ਕਾਰਜਸ਼ੀਲਤਾ ਦਾ ਨਾਉਂ ਹੈ। ਇਹ ਮਹਾਨ ਪੁਸਤਕਾਂ, ਗ੍ਰੰਥ, ਲਾਇਬ੍ਰੇਰੀਆਂ, ਮੈਗਜ਼ੀਨ, ਅਖ਼ਬਾਰ, ਖੋਜੀ ਵਿਦਵਾਨ ਸਭ ਚੰਗੇ ਸਮਾਜ ਦੀ ਸਿਰਜਣਾ ਦੇ ਉਸਤਾਦ ਤੇ ਗਿਆਨ ਦਾ ਭੰਡਾਰ ਹਨ, ਇਨਾਂ ਨੂੰ ਪਿਆਰ ਕਰੀਏ। ਪੰਜਾਬੀਆਂ ਨੂੰ ਮਿਹਣਾ ਵੀ ਹੈ ਕਿ ਸਾਲ ਵਿਚ ਇਹ ਜਿੰਨੇ ਕਰੋੜ ਦਾ ਨਸ਼ਾ ਕਰਦੇ ਹਨ, ਉਹਦੇ ਦਸਵੇਂ ਹਿੱਸੇ ਮੁੱਲ ਦੀਆਂ ਵੀ ਪੁਸਤਕਾਂ ਨਹੀਂ ਖਰੀਦੇ। ਕਾਸ਼, ਇਸ ਦੇ ਉਲਟ ਹੁੰਦਾ ਤਾਂ ਅਸੀਂ ਕਿੰਨੀਆਂ ਅਲਾਮਤਾਂ ਤੇ ਫੋਕਟ ਕਰਮਕਾਂਡਾਂ ਤੋਂ ਬਚ ਜਾਂਦੇ। ਗਿਆਨ ਦੀ ਮਹਿਮਾ ਵਰਨਣ ਕਰਦਿਆਂ ਕਲਗੀਧਰ ਪਾਤਸ਼ਾਹ ਜੀ ਦਾ ਫ਼ਰਮਾਨ ਹੈ:

**ਧੀਰਜ ਧਾਮ ਬਨਾਇ ਇਹੈ ਤਨ,**
**ਬੁਧਿ ਸੁ ਦੀਪਕ ਜਿਉ ਉਜੀਅਰੈ**
**ਗਿਯਾਨਹਿ ਕੀ ਬਢਨੀ ਮਨਹੁ ਹਾਥ ਲੈ,**
**ਕਾਤਰਤਾ ਕੁਤਵਾਰ ਬੁਹਾਰੈ**
**(ਸ੍ਰੀ ਦਸਮ ਗ੍ਰੰਥ, ਪੰਨਾ ੫੭੦)**

ਭਾਵ ਤਨ ਨੂੰ ਧੀਰਜ ਦਾ ਘਰ ਬਣਾਓ ਤੇ ਬੁੱਧ ਰੂਪੀ ਦੀਪਕ ਜਗਾਉ। ਮਨ ਰੂਪੀ ਹੱਥ ਦੇ ਵਿਚ ਗਿਆਨ ਰੂਪੀ ਬੁਹਾਰੀ ਪਕੜੋ, ਕਾਇਰਤਾ ਤੇ ਡਰਪੋਕਪੁਣੇ ਦਾ ਕੂੜਾ ਹੂੰਝਿਆ ਜਾਵੇਗਾ।

ਤੱਤਸਾਰ ਕਿ ਹਨੇਰੇ ਦੀ ਕੋਈ ਹੋਂਦ ਨਹੀਂ, ਚਾਨਣ ਦੀ ਗ਼ੈਰ-ਹਾਜ਼ਰੀ ਹੈ। ਇਸੇ ਤਰਾਂ ਅਗਿਆਨਤਾ ਦੀ ਕੋਈ ਹੋਂਦ ਨਹੀਂ, ਗਿਆਨ ਦੀ ਗ਼ੈਰ-ਹਾਜ਼ਰੀ ਹੈ। ਗਿਆਨ ਇਕ ਸ਼ਕਤੀ ਹੈ ਤੇ ਇਸ ਸ਼ਕਤੀ ਦੇ ਧਾਰਨੀ ਹੋਣਾ ਸਫਲ ਜੀਵਨ ਦਾ ਸਬਕ ਹੈ।

# ਮੇਰਾ ਵੱਸਦਾ ਰਹੇ ਪੰਜਾਬ



**ਮਾਸਟਰ ਸੰਜੀਵ ਧਰਮਾਣੀ**
੯੪੭੮੫੬੧੩੫੬

ਪੰਜਾਬ ਦਾ ਨਾਂ ਜ਼ੁਬਾਨ ’ਤੇ ਆਉਂਦੇ ਸਾਰ ਹੀ ਮਨ ਵਿੱਚ ਖੁੱਲ੍ਹੇ ਡੁੱਲ੍ਹੇ ਖੇਤਾਂ, ਪਿੱਪਲਾਂ, ਬੋਹੜਾਂ, ਸਰੋਂ ਦਾ ਸਾਗ, ਮੱਕੀ ਦੀ ਰੋਟੀ ਲੱਸੀ, ਉੱਚੇ-ਲੰਮੇ ਗੱਭਰੂ, ਮੁਟਿਆਰਾਂ, ਗੁਰੂਆਂ-ਪੀਰਾਂ, ਦਰਿਆਵਾਂ, ਭੰਗੜੇ, ਪਗੜੀ ਅਤੇ ਬੈਲ ਗੱਡੀਆਂ ਦਾ ਦ੍ਰਿਸ਼ ਸੁਭਾਵਿਕ ਹੀ ਮਨ ਵਿੱਚ ਆਪਣੀ ਛਾਪ ਛੱਡ ਜਾਂਦਾ ਹੈ ਅਤੇ ਦਿਲੋਂ ਦਿਮਾਗ ਵਿੱਚ ਖੁਸ਼ਹਾਲੀ, ਮਿਲਵਰਤਨ, ਸਿਦਕ ਸਿਰੜ, ਮਿਹਨਤ, ਸਾਦਗੀ, ਇਮਾਨਦਾਰੀ, ਪਰਉਪਕਾਰ ਤੇ ਜਜ਼ਬੇ ਦੀ ਭਾਵਨਾ ਘਰ ਕਰ ਜਾਂਦੀ ਹੈ । ਪੰਜਾਬ ਭਾਰਤੀ ਭੂ-ਖੰਡ ਦਾ ਅਜਿਹਾ ਖੇਤਰ ਹੈ ਜਿਸ ਦੀਆਂ ਹੱਦਾਂ ਪੂਰਵ ਇਤਿਹਾਸ ਕਾਲ ਤੋਂ ਲੈ ਕੇ ਅਜੋਕੇ ਸਮੇਂ ਤੱਕ ਬਦਲਦੀਆਂ ਰਹੀਆਂ ਹਨ। ਅਜ਼ਾਦੀ ਸਮੇਂ ਪੰਜਾਬ ਦੀ ਧਰਤੀ ਭਾਰਤੀ ਪੰਜਾਬ ਅਤੇ ਪਾਕਿਸਤਾਨੀ ਪੰਜਾਬ (ਲਹਿੰਦਾ ਪੰਜਾਬ) ਵਿੱਚ ਤਕਸੀਮ ਹੋ ਗਈ। ਪੰਜਾਬ ਉਹ ਮਹਾਨ ਤੇ ਪਵਿੱਤਰ ਧਰਤੀ ਹੈ ਜਿੱਥੋਂ ਸ੍ਰੀ ਅਨੰਦਪੁਰ ਸਾਹਿਬ ਤੋਂ ਦਸਵੇਂ ਪਾਤਸ਼ਾਹ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਮਹਰਾਜ ਜੀ ਨੇ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ‘ਖਾਲਸਾ ਪੰਥ’ ਦੀ ਸਥਾਪਨਾ ਕੀਤੀ ਅਤੇ ਗਿੱਦੜਾਂ ਨੂੰ ਸ਼ੇਰ ਬਣਾਇਆ। ਇਸ ਧਰਤੀ ’ਤੇ ਹੀ ਸ਼ਹੀਦ ਭਗਤ ਸਿੰਘ ਅਤੇ ਸ਼ਹੀਦ ਊਧਮ ਸਿੰਘ ਜਿਹੇ ਯੋਧੇ ਪੈਦਾ ਹੋਏ। ਇਸ ਪੰਜਾਬ ਦੀ ਧਰਤੀ ’ਤੇ ਹੀ ਮਹਾਰਾਜਾ ਰਣਜੀਤ ਸਿੰਘ ਜੀ, ਸਰਦਾਰ ਹਰੀ ਸਿੰਘ ਨਲੂਆ ਜੀ, ਬਾਬਾ ਬੰਦਾ ਸਿੰਘ ਜੀ ਬਹਾਦਰ ਆਦਿ ਮਹਾਨ ਜਰਨੈਲ ਪੈਦਾ ਹੋਏ। ਪੰਜਾਬ ਦੇ ਪਿੰਡਾਂ ਦੀਆਂ ਰੌਣਕਾਂ, ਚੌਪਾਲਾਂ, ਸੱਥਾਂ, ਰੁੱਖਾਂ, ਹਰੇ-ਭਰੇ ਖੇਤਾਂ, ਦੇਸੀ ਖੇਡਾਂ ਅਤੇ ਮਿਲਾਪੜੇ ਲੋਕਾਂ ਦਾ ਕੀ ਕਹਿਣਾ। ਪੰਜਾਬੀਆਂ ਨੇ ਸ਼ੁਰੂ ਤੋਂ ਹੀ ਵਿਦੇਸ਼ੀ ਹਮਲਾਵਰਾਂ ਦਾ ਡਟ ਕੇ ਮੁਕਾਬਲਾ



ਕੀਤਾ, ਅਜ਼ਾਦੀ ਦੀ ਲੜਾਈ ਵਿੱਚ ਅਥਾਹ ਯੋਗਦਾਨ ਪਾਇਆ, ਧਾੜਵੀਆਂ ਨੂੰ ਮੂੰਹ ਤੋੜ ਜਵਾਬ ਦਿੱਤੇ ਅਤੇ ਸਿਦਕ ਤੇ ਸਿਰੜ ਨਾਲ ਆਪਣੀ ਧਰਤੀ ਅਤੇ ਵਿਰਸੇ ਦੀ ਸੰਭਾਲ ਤੇ ਰੱਖਿਆ ਕੀਤੀ। ਪੰਜਾਬ ਦਾ ਪੌਣ- ਪਾਣੀ ਵੀ ਬਹੁਤ ਚੰਗਾ ਅਤੇ ਸ਼ੁੱਧ ਹੈ, ਇੱਕ ਵਾਰ ਜੋ ਇੱਥੇ ਆ ਜਾਵੇ ਉਹ ਇੱਥੇ ਦਾ ਹੀ ਹੋ ਕੇ ਰਹਿ ਜਾਂਦਾ ਹੈ। ਪੰਜਾਬ ਗੁਰੂਆਂ- ਪੀਰਾਂ ਦੀ ਉਹ ਪਵਿੱਤਰ ਧਰਤੀ ਹੈ ਜਿੱਥੋਂ ਸਾਨੂੰ ਮਹਾਂਪੁਰਖਾਂ ਤੋਂ ਜੀਵਨ ਦਾਇਕ ਅਨੋਖੀ ਤੇ ਵਡਮੁੱਲੀ ਸਿੱਖਿਆ ਵੀ ਵਿਰਸੇ ਵਿੱਚ ਮਿਲੀ ਹੈ ਜਿਸ ਦਾ ਕੋਈ ਸਾਨੀ ਨਹੀਂ। ਪੰਜਾਬ ਦੇ ਪੱਖੀਵਾਸ ਕਬੀਲਿਆਂ ਵਿੱਚ ਮਿਰਾਸੀ, ਮਦਾਰੀ, ਲੱਲੀ, ਸਿਕਲੀਗਰ, ਗਾਡੀ ਲੁਹਾਰ, ਮਾਰਵਾੜੀ, ਬਾਜ਼ੀਗਰ, ਕਰਨਾਟੀ ਨੱਟ ਆਦਿ ਦੀ ਆਪਣੀ ਵੱਖਰੀ ਹੀ ਦਿਖ ਹੈ। ਪੰਜਾਬ ਦੇ ਵਿਆਹਾਂ ਦੀਆਂ ਰਸਮਾਂ ਜਿਵੇਂ ਵਟਣਾ ਮਲਣਾ, ਕੁੜੀ ਦੇ ਮਹਿੰਦੀ ਲਾਉਣੀ , ਮੁੰਡੇ ਦੀਆਂ ਅੱਖਾਂ ਵਿੱਚ ਭਰਜਾਈਆਂ ਵੱਲੋਂ ਸੁਰਮਾ ਪਾਉਣਾ, ਜੰਞ ਦਾ ਢੁਕਾਅ, ਮਿਲਣੀ, ਲਾਵਾਂ, ਪਾਣੀ ਵਾਰਨਾ, ਛਿਟੀਆਂ ਖੇਡਣਾ ਆਦਿ ਬਹੁਤ ਹੀ ਅਨੰਦਦਾਇਕ ਅਤੇ ਦਿਲ ਨੂੰ ਛੂਹ ਜਾਣ ਵਾਲੀਆਂ ਰਸਮਾਂ ਹਨ। ਕਬੱਡੀ, ਖੋਹ-ਖੋਹ, ਕਿੱਕਲੀ, ਖਿੱਦੋ ਖੂੰਡੀ, ਗੁੱਲੀ ਡੰਡਾ, ਗੱਤਕਾ ਆਦਿ ਮਸ਼ਹੂਰ ਪੰਜਾਬੀ ਖੇਡਾਂ ਹਨ। ਸਾਡੇ ਗੁਰੂ ਸਾਹਿਬਾਨਾਂ ਵੱਲੋਂ ਚਲਾਈ ਗਈ ਲੰਗਰ ਪ੍ਰਥਾ ਦਾ ਤਾਂ ਕੀ ਕਹਿਣਾ। ਇਸ ਦਾ ਕੋਈ ਸਾਨੀ ਨਹੀਂ। ਗੁਰੂ ਘਰਾਂ ਵਿੱਚ ਵਰਤਾਏ ਜਾਂਦੇ ਅਤੁੱਟ ਲੰਗਰ ਪੰਜਾਬ ਦੀ ਪਹਿਚਾਣ ਮਰਿਆਦਾ ਅਤੇ ਦਿਖ ਨੂੰ ਵੱਖਰੀ ਤੇ ਨਿਆਰੀ ਰੰਗਤ ਦਿੰਦੇ ਹਨ। ਮਨੁੱਖਤਾ ਦੀ ਸੇਵਾ ਲਈ ਇਹ ਪੰਜਾਬ ਤੇ ਪੰਜਾਬੀਆਂ ਦਾ ਬਹੁਤ ਵੱਡਾ ਉਪਰਾਲਾ ਹੈ। ਪੰਜਾਬ ਦੇ ਮਾਝੇ ਮਾਲਵੇ ਤੇ ਦੁਆਬੇ ਆਦਿ ਖੇਤਰਾਂ ਦੀ ਆਪਣੀ ਅਲੱਗ ਅਲੱਗ ਖਾਸੀਅਤ ਹੈ । ਦੁਆਬੇ ਦੀ ਦਿਲਕਸ਼ ਖੁੱਲੀ-ਡੁੱਲੀ ਹਰੀ ਭਰੀ ਧਰਤੀ ਵੀ ਮਨ ਨੂੰ ਟੁੰਬ ਜਾਂਦੀ ਹੈ ।ਦੁਆਬਾ ਅੰਬਾਂ ਕਰਕੇ ਵੀ ਜਾਣਿਆ ਜਾਂਦਾ ਹੈ। ਕਹਿੰਦੇ ਵੀ ਹਨ, ‘ਅੰਬੀਆਂ ਨੂੰ ਤਰਸੇਂਗੀ, ਛੱਡ ਕੇ ਦੇਸ਼ ਦੋਆਬਾ।’ ਲਹਿ- ਲਹਾਉਂਦੀਆਂ ਫ਼ਸਲਾਂ ਦਾ ਦ੍ਰਿਸ਼ ਹਰ ਕਿਸੇ ਨੂੰ ਮੋਹ ਲੈਂਦਾ ਹੈ । ਪਿੱਪਲਾਂ ਅਤੇ ਬੋਹੜਾਂ ਦੀਆਂ ਠੰਢੀਆਂ ਮਿੱਠੀਆਂ ਛਾਵਾਂ ਅਤੇ ਹਸਮੁੱਖ ਤੇ ਮਿਲਾਪੜੇ ਸੁਭਾਅ ਦੇ ਨੇਕਦਿਲ ਲੋਕ ਹਰ ਕਿਸੇ ਦੇ ਦਿਲ ਨੂੰ ਭਾ ਜਾਂਦੇ ਹਨ । ਪੰਜਾਬੀ ਗਹਿਣਿਆਂ ਤੇ ਪੁਸ਼ਾਕਾਂ ਦਾ ਆਪਣਾ ਹੀ ਨਿਆਰਾਪਣ ਹੈ। ਪਗੜੀ, ਕੁੜਤਾ, ਪਜਾਮਾ ਤੇ ਤੰਬਾ ਪੰਜਾਬੀਆਂ ਨੂੰ ਨਿਵੇਕਲੀ ਸ਼ਾਨ ਬਖ਼ਸ਼ਦੇ ਹਨ । ਕੋਕਰੂ, ਵਾਲੀਆਂ, ਟਿੱਕਾ, ਕੈਂਠਾ, ਕੜਾ, ਮੁੱਛਾਂ ਵਾਲੀ ਪੰਜਾਬੀ ਜੁੱਤੀ, ਧੌੜੀ ਦੀ ਜੁੱਤੀ, ਨਗਾਰਾ, ਤ੍ਰਿੰਝਣ, ਫੁਲਕਾਰੀ, ਸੱਥਾਂ, ਹਲਟ, ਬਲਦ, ਟਾਹਲੀਆਂ, ਕਿੱਕਰਾਂ, ਚਾਟੀ-ਮਧਾਣੀ, ਗਹੂੜੀਆਂ ਕਾਟੋ, ਚਿਮਟਾ, ਢੋਲ, ਬੈਲਗੱਡੀਆਂ ਦੀਆਂ ਦੌੜਾਂ, ਪੀਂਘਾਂ ਝੂਟਦਿਆਂ ਮੁਟਿਆਰਾਂ, ਮੇਲੇ, ਹੋਲਾ-ਮਹੱਲਾ, ਗੁਰਦੁਆਰੇ, ਕ੍ਰਿਪਾਨ, ਬਰਛਾ, ਨੇਜਾ, ਢਾਲ, ਟਰੈਕਟਰ ਟਰਾਲੀਆਂ, ਹਰੇ ਭਰੇ ਖੇਤ ਅਤੇ ਹਸਮੁੱਖ ਸੁਭਾਅ ਪੰਜਾਬ ਦੇ ਸੱਭਿਆਚਾਰ ਤੇ ਅਮੀਰ ਵਿਰਸੇ ਨੂੰ ਦਰਸਾਉਂਦੇ ਹਨ। ‘ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ’ ਪੰਜਾਬੀਆਂ ਦਾ ਪ੍ਰਸਿੱਧ ਅਖਾਣ ਹੈ। ਪੰਜਾਬ ਦੀਆਂ ਬੋਲੀਆਂ, ਟੱਪੇ, ਢੋਲਾ, ਮਾਹੀਆ, ਸਿੱਠਣੀਆਂ, ਲੋਰੀਆਂ, ਵਾਰਾਂ, ਅਖਾਣ, ਬੁਝਾਰਤਾਂ, ਸੱਸੀ ਪੁੰਨੂੰ, ਹੀਰ ਰਾਂਝਾ, ਮਿਰਜ਼ਾ ਸਾਹਿਬਾਂ ਦੀਆਂ ਕਹਾਣੀਆਂ, ਬਾਬਾ ਫਰੀਦ ਦੇ ਸਲੋਕ, ਬੁੱਲ੍ਹੇ ਸ਼ਾਹ ਤੇ ਸ਼ਾਹ ਹੁਸੈਨ ਦੀਆਂ ਕਾਫ਼ੀਆਂ, ਸੁਲਤਾਨ ਬਾਹੂ ਦੀਆਂ ਸੀਹਰਫੀਆਂ, ਵਾਰਸ ਸ਼ਾਹ ਦੀਆਂ ਰਚਨਾਵਾਂ, ਵਾਰਿਸ ਦੀ ਹੀਰ, ਪੀਲੂ ਦਾ ਮਿਰਜ਼ਾ, ਹਾਸ਼ਮ ਦੀ ਸੱਸੀ ਤੇ ਕਾਦਰਯਾਰ ਦਾ ਪੂਰਨ ਭਗਤ, ਲੁਧਿਆਣੇ ਦਾ ਛਪਾਰ ਮੇਲਾ, ਸ੍ਰੀ ਅਨੰਦਪੁਰ ਸਾਹਿਬ ਦੀ ਵਿਸਾਖੀ, ਅੰਮ੍ਰਿਤਸਰ ਸ੍ਰੀ ਹਰਿਮੰਦਰ ਸਾਹਿਬ ਦੀ ਦੀਵਾਲੀ, ਗਿੱਧਾ, ਭੰਗੜਾ, ਸੰਮੀ, ਝੂਮਰ, ਕੁਕੜਾਂ ਤਿਤਰਾਂ ਦੀ ਲੜਾਈ, ਲੋਕ ਚਿੱਤਰਕਾਰੀ, ਅਖਾਣ : ਪੰਚਾਂ ਵਿੱਚ ਪਰਮੇਸ਼ਰ ਤੇ ਪੰਜਾਬ ਜਿਉਂਦਾ ਗੁਰਾਂ ਦੇ ਨਾਂ ’ਤੇ’ , ਵੀਰਤਾ ਅਤੇ ਅਣਖ, ਸੱਚੀ ਸੁੱਚੀ ਤੇ ਮਿੱਠੀ ਪੰਜਾਬੀ ਭਾਸ਼ਾ, ਧਰਮ ਨਿਰਲੇਪਤਾ, ਬਾਜ਼, ਮੋਰੜੇ ਘੋੜੇ, ਜਗਰਾਉਂ ਦਾ ਰੌਸ਼ਨੀਆਂ ਦਾ ਮੇਲਾ, ਸੁਰਿੰਦਰ ਕੌਰ , ਰੇਸ਼ਮਾ ਤੇ ਗੁਰਦਾਸ ਮਾਨ ਜਿਹੇ ਲੋਕ ਗਾਇਕ, ਲਾੜੇ ਪਾਸੋਂ ਸੁਣੇ ਜਾਂਦੇ ਛੰਦ ਆਦਿ ਪੰਜਾਬ ਅਤੇ ਪੰਜਾਬੀਅਤ ਦੀ ਛਾਪ ਦਿੰਦੇ ਹਨ, ਜਿਨਾਂ ਵਿੱਚੋਂ ਸਾਡੇ ਵਿਰਸੇ ਅਤੇ ਸੱਭਿਆਚਾਰ ਦੀ ਝਲਕ ਆਪ-ਮੁਹਾਰੇ ਹੀ ਨਿਕਲ ਕੇ ਸਾਹਮਣੇ ਆ ਜਾਂਦੀ ਹੈ । ਇਹੀ ਅਲੌਕਿਕਤਾ ਅਤੇ ਦਿੱਖ ਪੰਜਾਬੀਆਂ ਦੇ ਜੀਵਨ ਦਾ ਅਨਿੱਖੜਵਾਂ ਅੰਗ ਹੈ। ਭਾਵੇਂ ਕਿ ਅੱਜ ਕਾਫੀ ਕੁਝ ਸਾਡੇ ਮਨਾਂ ਜਾਂ ਵਿਰਸੇ ਵਿੱਚੋਂ ਅਲੋਪ ਹੁੰਦਾ ਜਾ ਰਿਹਾ ਹੈ , ਪਰ ਫਿਰ ਵੀ ਸੱਚ ਕਹਾਂ ‘ਨਹੀ ਰੀਸਾਂ ਮੇਰੇ ਪਿਆਰੇ ਪੰਜਾਬ ਦੀਆਂ।’

‘ਦੇਸ਼ਾਂ ਵਿੱਚੋਂ ਦੇਸ਼ ਪੰਜਾਬ ,
ਦਿਲ ਦਿਮਾਗ਼ ਰੂਹ ਵਿੱਚ ਪੰਜਾਬ,
ਹੱਸਦਾ ਵਸਦਾ ਰਹੇ ਪੰਜਾਬ,
ਦੁੱਖਾਂ ਮੁਸੀਬਤਾਂ ਤੋਂ ਬਚੇ ਪੰਜਾਬ ,
ਦਿਨ-ਰਾਤ ਤਰੱਕੀਆਂ ਕਰੇ ਪੰਜਾਬ,
ਦੁਨੀਆ ’ਚ ਨਾਂ ਉੱਚਾ ਕਰੇ ਪੰਜਾਬ।’

# ਸਕੂਨ

**ਕੁਲਵੰਤ ਘੋਲੀਆ**
੯੫੧੭੨-੯੦੦੦੬

ਕਈ ਕਈ ਘੰਟੇ ਪਾਪਾ ਜੀ ਗੁਰੂ ਦੀ ਤਾਬਿਆ ਵਿੱਚ ਬੈਠ ਪਾਠ ਕਰਦੇ ਅਤੇ ਮੈਂ ਵੀ ਪਾਪਾ ਜੀ ਦੇ ਗੋਡਿਆਂ ’ਤੇ ਸਿਰ ਰੱਖ ਪਿੱਛੇ ਪਿੱਛੇ ਬੋਲੀ ਜਾਣਾ। ਅੱਜ ਵੀ ਪਾਪਾ ਜੀ ਸੁਵੱਖਤੇ ਉੱਠਦੇ ਅਤੇ ਰੋਜ਼ ਗੁਰੂਘਰ ਜਾਂਦੇ। ਮੇਨ ਬਾਜ਼ਾਰ ਵਿਚ ਵੱਡੀ ਕਰਿਆਨੇ ਦੀ ਦੁਕਾਨ ’ਤੇ ਕਈ ਕਾਮੇ, ਸਾਰਾ ਦਿਨ ਰਤਾ ਵੀ ਵਿਹਲ ਨਾ ਮਿਲਦੀ ਕੰਮ ਦੇ ਬੋਝ ਕਾਰਨ ਮਨ ਵਿਚ ਪ੍ਰੇਸ਼ਾਨੀ ਜਿਹੀ ਬਣੀ ਰਹਿਣੀ। ਕਦੇ ਕਦਾਈਂ ਪਾਪਾ ਜੀ ਵੀ ਦੁਕਾਨ ’ਤੇ ਗੇੜਾ ਮਾਰ ਜਾਂਦੇ। ਦੋ ਦਿਨਾਂ ਤੋਂ ਪੈ ਰਹੇ ਮੀਂਹ ਨੇ ਮੌਸਮ ਵਿੱਚ ਬਦਲਾਅ ਲਿਆ ਠੰਢ ਮਹਿਸੂਸ ਹੋਣ ਲਾ ਦਿੱਤੀ। ਦੁਪਹਿਰੋਂ ਬਾਅਦ ਦੁਕਾਨ ’ਤੇ ਆਏ ਗਾਹਕ ਨੇ ਕੰਬਦੇ ਹੱਥਾਂ ਨਾਲ ਇਕ ਗਿੱਲੀ ਜਿਹੀ ਪਰਚੀ ਮੈਨੂੰ ਫੜਾ ਦਿੱਤੀ। ਪੁੱਤਰਾ ਆਹ ਸਾਮਾਨ ਜਲਦੀ ਦੇਵੀਂ। ਦੋ ਦਿਨਾਂ ਤੋਂ ਬਾਜ਼ਾਰ ਵਿੱਚ ਰੇਹੜੀ ਲੈ ਫਿਰਦਾ, ਪਰ ਮੀਂਹ ਨੇ ਠੰਢ ਜਿਹੀ ਕਰ ਦਿੱਤੀ ਅਤੇ ਇੱਕ ਵੀ ਨਾਰੀਅਲ ਨਹੀਂ ਵਿਕਿਆ। ਕੱਲ ਨੂੰ ਧੀ ਦੀ ਵੇਖ ਵਖਾਈ ਆ ਅਤੇ ਘਰ ਖਾਣ ਨੂੰ ਕੁਝ ਵੀ ਨਹੀਂ ਸੀ।ਪਤਾ ਨਹੀਂ ਉਹ ਕਿਹੜਾ ਰੱਬ ਦਾ ਬੰਦਾ ਸੀ ਜਿਸ ਨੇ ਵਰਦੇ ਮੀਂਹ ਵਿੱਚ ਵੀ ਮੇਰੀਆਂ ਅੱਖਾਂ ’ਚੋਂ ਵਹਿੰਦੇ ਹੰਝੂਆਂ ਨੂੰ ਵੇਖ ਲਿਆ ਅਤੇ ਸਾਰੇ ਹੀ ਨਾਰੀਅਲ ਖ਼ਰੀਦ ਕੇ ਲੈ ਗਿਆ। ਮੇਰਾ ਧਿਆਨ ਵੀ ਸਾਰਾ ਉਸ ਗਾਹਕ ਦੀਆਂ ਗੱਲਾਂ ਵੱਲ ਹੋ ਗਿਆ। ਸੱਚਮੁੱਚ ਕਈ ਲੋਕ ਤਾਂ ਰੱਬ ਵਰਗੇ ਹੀ ਹੁੰਦੇ ਨੇ, ਕਿੰਨੇ ਵਧੀਆ ਢੰਗ ਨਾਲ ਉਸ ਗ਼ਰੀਬ ਦੀ ਮਦਦ ਵੀ ਕਰ ਦਿੱਤੀ ਅਤੇ ਉਸ ਨੂੰ ਮਹਿਸੂਸ ਵੀ ਨਹੀਂ ਹੋਣ ਦਿੱਤਾ। ਉਸ ਦੇ ਚਿਹਰੇ ’ਤੇ ਆਏ ਸਕੂਨ ਨੂੰ ਵੇਖ ਲੱਗ ਰਿਹਾ ਸੀ ਕਿ ਉਹ ਕਿੰਨੀ ਪ੍ਰੇਸ਼ਾਨੀ ਵਿਚੋਂ ਲੰਘਿਆ ਹੋਵੇਗਾ। ਸ਼ਾਮ ਤੱਕ ਦੁਕਾਨ ਦੇ ਸਾਰੇ ਕੰਮ ਨਿਪਟਾ ਘਰ ਪਹੁੰਚਿਆ। ਸਾਹਮਣੇ ਪਏ ਕਿੰਨੇ ਸਾਰੇ ਨਾਰੀਅਲ ਵੇਖ ਸਮਝ ਗਿਆ ਕਿ ਉਹ ਰੱਬ ਦਾ ਬੰਦਾ ਕੌਣ ਸੀ। ਅਕਸਰ ਨਿੱਕੇ ਹੁੰਦਿਆਂ ਪਾਪਾ ਜੀ ਨੂੰ ਪੁੱਛਣਾ ਕਿ ਰੱਬ ਕਿੱਥੇ ਰਹਿੰਦਾ ਏ ਤਾਂ ਪਾਪਾ ਜੀ ਨੇ ਵੀ ਕਹਿ ਦੇਣਾ ਕਿ ਰੱਬ ਸਾਡੇ ਅੰਦਰ ਹੀ ਏ। ਅੱਜ ਕਿੰਨਾ ਚਿਰ ਪਾਪਾ ਜੀ ਨੂੰ ਘੁੱਟ ਜੱਫੀ ਪਾਈ ਰੱਖੀ। ਖ਼ੁਦ ਦੇ ਵਜੂਦ ਨੂੰ ਟਟੋਲ ਅੱਜ ਕਿੰਨੇ ਹੀ ਸਵਾਲਾਂ ਦੇ ਜਵਾਬ ਵੀ ਮਿਲ ਗਏ, ਪਾਪਾ ਜੀ ਦੇ ਗੋਡਿਆਂ ’ਤੇ ਸਿਰ ਧਰ ਬੈਠਾ ਰਿਹਾ। ਪਤਾ ਨਹੀਂ ਅੱਜ ਇਸ ਅੰਦਰਲੇ ਰੱਬ ਕਰਕੇ ਕਿੰਨੀਆਂ ਹੀ ਰੂਹਾਂ ਨੂੰ ਸਕੂਨ ਮਿਲ ਗਿਆ।



# ਪੁੱਠਾ ਪੰਗਾ



**ਸੰਜੀਵ ਸਿੰਘ ਝੱਜ**
**੯੮੧੫੧੫੦੫੪੨**

ਨਿੱਤ ਦਿਨ ਸੋਸ਼ਲ ਮੀਡੀਆ ਤੇ ਆਤਮਘਾਤ ਦੀਆਂ ਸੰਵੇਦਨਸ਼ੀਲ ਵੀਡੀਓਜ਼ ਆਮ ਹੀ ਮਿਲ ਪੈਂਦੀਆਂ ਹਨ। ਪਿਛਲੇ ਮਹੀਨੇ ਕੁ ਤੋਂ ਇੱਕ ਵੀਡੀਓ ਹਰ ਮੋਬਾਇਲ ’ਤੇ ਲਗਾਤਾਰ ਘੁੰਮ ਰਹੀ ਹੈ ਜਿਸ ਵਿੱਚ ਇਕ ਕਿਸ਼ੋਰ ਅਵਸਥਾ ਦਾ ਜੁਆਨ ਕਿਸੇ ਕੁੜੀ ਦੇ ਚੱਕਰ ਵਿੱਚ ਖ਼ੁਦਕੁਸ਼ੀ ਕਰਨ ਲਈ ਰੋਂਦਾ ਰੋਂਦਾ ਵੀਡੀਓ ਬਣਾ ਰਿਹਾ ਸੀ। ਉਸ ਜੁਆਨ ਦੀ ਮਾਂ ਉਸ ਨੂੰ ਖ਼ੁਦਕੁਸ਼ੀ ਨਾ ਕਰਨ ਦੇ ਵਾਸਤੇ ਪਾ ਰਹੀ ਸੀ ਅਤੇ ਉਸ ਨੂੰ ਤਸੱਲੀ ਦੇ ਰਹੀ ਸੀ ਕਿ ਜਿੱਥੇ ਉਹ ਕਹੇਗਾ ਉਹ ਉਸਦਾ ਵਿਆਹ ਉੱਥੇ ਹੀ ਕਰਵਾ ਦੇਵੇਗੀ। ਬਸ, ਖ਼ੁਦਕੁਸ਼ੀ ਦਾ ਮਾੜਾ ਖਿਆਲ ਉਹ ਆਪਣੇ ਜਿਹਨ ’ਚੋਂ ਕੱਢ ਦੇਵੇ। ਸ਼ਾਇਦ ਉਸ ਨੌਜਵਾਨ ਦੀ ਮਾਂ ਉਸ ਨੂੰ ਖ਼ੁਦਕੁਸ਼ੀ ਕਰਨ ਤੋਂ ਰੋਕਣ ਵਿਚ ਸਫਲ ਹੋ ਗਈ ਸੀ।ਅੱਗੇ ਕਿਵੇਂ ਕਿਵੇਂ ਗੱਲ ਕਿਸ ਕੰਢੇ ਲੱਗੀ, ਉਸ ਬਾਰੇ ਕੁਝ ਵੀ ਖ਼ਬਰ ਨਹੀਂ। ਖ਼ੈਰ, ਪ੍ਰਮਾਤਮਾ ਕਿਸੇ ਵੀ ਇਨਸਾਨ ਦੇ ਮਨ ਅੰਦਰ ਇਹੋ ਜਿਹੇ ਖਿਆਲ ਨਾ ਪੈਦਾ ਹੋਣ ਦੇਵੇ, ਇਹੋ ਦਿਲੋਂ ਅਰਦਾਸ ਕਰਦਾ ਹਾਂ।

ਉਹ ਵੀਡੀਓ ਦੇਖਣ ਤੋਂ ਬਾਹਦ ਮੈਨੂੰ ਆਪਣੇ ਨਾਲ ਕਿਸ਼ੋਰ ਅਵਸਥਾ ਵਿਚ ਵਾਪਰਿਆ ਇੱਕ ਕਿੱਸਾ ਯਾਦ ਆ ਗਿਆ। ਹੋਇਆ ਇਸ ਤਰਾਂ ਕਿ ਮੈਂ ਉਦੋਂ ਨਵਾਂ ਨਵਾਂ ਉਡਾਰੂ ਹੋਇਆ ਸੀ, ਸ਼ਾਇਦ ਪੰਦਰਵੇਂ ਵਰੇ ਵਿਚ ਪੈਰ ਧਰਿਆ ਸੀ। ਉਦੋਂ ਵੀਡੀਓ ਗੇਮਾਂ ਨੇ ਨਵਾਂ ਨਵਾਂ ਜ਼ੋਰ ਫੜਿਆ ਸੀ। ਮੇਰਾ ਇਕ ਦੋਸਤ ਜਿਸ ਨਾਲ ਮੇਰੇ ਸੁਰ ਬਹੁਤੇ ਸਿੱਧੇ ਨਹੀਂ ਸਨ, ਉਹ ਵੀਡੀਓ ਗੇਮ ਲੈ ਆਇਆ। ਜਦੋਂ ਵੀ ਸਕੂਲ ਜਾਣਾ ਉਦੋਂ ਪੂਰੇ ਰਸਤੇ ਉਸਨੇ ਮਾਰੀਓ, ਕੋਂਟਰਾ, ਬੂਮਰ ਮੈਨ ਅਤੇ ਰੋਡ ਫਾਈਟਰ ਦਾ ਰਾਗ ਅਲਾਪਦੇ ਨੇ ਜਾਣਾ। ਕਿਉਂਕਿ ਮੇਰੀ ਉਸ ਨਾਲ ਸੂਤ ਨਹੀਂ ਸੀ, ਇਸ ਕਰਕੇ ਮੈਂ ਇਹ ਜਤਾਉਣਾ ਜਿਵੇਂ ਮੈਂ ਉਸਦੀ ਗੱਲ ਸੁਣ ਹੀ ਨਾ ਰਿਹਾ ਹੋਵਾਂ। ਜਦੋਂ ਕਿ ਮੇਰਾ ਕੰਨ ਟ੍ਰਾਂਸਮੀਟਰ ਦੀ ਤਰਾਂ ਉਸਦੇ ਨਾਲ ਨਾਲ ਹੀ ਹੁੰਦਾ ਸੀ। ਜਦੋਂ ਸਾਰੇ ਸਾਥੀ ਉਸਦੀਆਂ ਗੱਲਾਂ ਸੁਣਨ ਲਈ ਉਹਦੇ ਅੱਗੇ ਪਿੱਛੇ ਈ ਘੁੰਮਣ ਲੱਗ ਪਏ ਅਤੇ ਮੈਂ ਟਰੱਕ ਯੂਨੀਅਨ ਦੇ ਮੰਜੇ ’ਤੇ ਇਕੱਲੇ ਬੈਠੇ ਬੰਦੇ ਦੀ ਤਰਾਂ ਭੈੜਾ ਜਿਹਾ ਮਹਿਸੂਸ ਕਰਨ ਲੱਗ ਪਿਆ। ਉਸੇ ਦਿਨ ਮੈਂ ਘਰ ਆ ਕੇ ਵੀਡੀਓ ਗੇਮ ਲੈਣ ਲਈ ਮਾਤਾ ਕੋਲ ਖਰੂਦ ਪਾ ਦਿੱਤਾ। ਪਹਿਲਾਂ ਪਹਿਲ ਮੈਨੂੰ ਕਿਸੇ ਨੇ ਬਹੁਤਾ ਭਾਅ ਨਹੀਂ ਦਿੱਤਾ।ਮੈਂ ਕਲੇਸ਼ ਦੀ ਕਿੱਲੀ ਥੋੜੀ ਹੋਰ ਨੱਪ ਦਿੱਤੀ।ਮੈਂ ਮਾਤਾ ਦੇ ਸਾਹਮਣੇ ਖਾਣਾ ਪੀਣਾ ਤਿਆਗ ਦਿੱਤਾ ਅਤੇ ਅੱਗੋਂ ਪਿੱਛੋਂ ਲੰਗਰ ਨੂੰ ਗੇੜਾ ਦੇਣ ਲੱਗਾ। ਕੁਝ ਦਿਨ ਲੰਘੇ ਪਰ ਸਾਰੇ ਟੋਟਕੇ ਕਿਸੇ ਕੰਮ ਨਾ ਆਏ। ਇਕ ਦਿਨ ਅਚਾਨਕ ਮੇਰਾ ਇਕ ਦੋਸਤ ਜਿਸਦੇ ਨਾਨਕੇ ਸਾਡੇ ਪਿੰਡ ਸੀ, ਉਹ ਮਿਲ ਪਿਆ।ਮੈਂ ਆਪਣੀ ਸਮੱਸਿਆ ਉਸਨੂੰ ਦੱਸੀ ਅਤੇ ਉਸਨੇ ਇਹੋ ਜਿਹੇ ਨਾਜ਼ੁਕ ਮੌਕਿਆਂ ’ਤੇ ਵਰਤਿਆ ਜਾਣ ਵਾਲਾ ਅਚੂਕ ਰਾਮਬਾਣ ਇਲਾਜ ਕੱਢ ਮਾਰਿਆ। ਮੈਂ ਸਾਰਾ ਨੁਸਖ਼ਾ ਸਮਝ ਕੇ ਘਰ ਆਇਆ ਅਤੇ ਮਾਤਾ ਨੂੰ ਭਰੇ ਜਿਹੇ ਮਨ ਨਾਲ ਗੇਮ ਬਾਰੇ ਪੁੱਛਿਆ ਪਰ ਮਾਤਾ ਨੇ ਸਾਫ਼ ਕੋਰੀ ਚਿੱਟੀ ਟਣਕਦੀ ਨਾਂਹ ਕਰ ਦਿੱਤੀ। ਮੈਂ ਚੁੱਕ ਵਿੱਚ ਆਏ ਨੇ ਦੋਸਤ ਵਲੋਂ ਦਿੱਤਾ ਅਸਤਰ ਕੱਢ ਕੇ ਕਮਾਨ ਤੇ ਚੜਾਉਂਦਿਆਂ ਬਿਆਨ ਚਲਾ ਮਾਰਿਆ, ‘ਜੇਕਰ ਮੈਨੂੰ ਵੀਡੀਓ ਗੇਮ ਨਾ ਲੈ ਕੇ ਦਿੱਤੀ ਤਾਂ ਮੈਂ ਖੂਹ ਵਿਚ ਛਾਲ ਮਾਰੀ ਦੇਣੀ’।ਗ਼ਲਤੀ ਮੈਥੋਂ ਇਹ ਹੋ ਗਈ ਕਿ ਤੈਸ਼ ਵਿਚ ਆਏ ਨੇ ਮੈਂ ਕਲੌਕ ਤੇ ਨਜ਼ਰ ਨਹੀਂ ਮਾਰੀ।

ਬਾਪੂ ਦੇ ਡਿਊਟੀ ਤੋਂ ਆਉਣ ਦੀ ਖ਼ਤਰਨਾਕ ਘੜੀ ਆ ਚੁੱਕੀ ਸੀ। ਘੜੀ ਕੀ ਆ ਚੁੱਕੀ ਸੀ ਬਾਪੂ ਤਾਂ ਗੇਟ ਵਿਚ ਖੜਾ ਸੀ ਅਤੇ ਮੇਰੀ ਸਾਰੀ ਕਰਤੂਤ ਨੋਟ ਕਰ ਚੁੱਕਾ ਸੀ।ਬਾਪੂ ਨੇ ਸਾਇਕਲ ਸਟੈਂਡ ’ਤੇ ਲਾਇਆ ਅਤੇ ਸਿੱਧਾ ਬਾਥਰੂਮ ਵਿਚ ਗਿਆ ਅਤੇ ਉਥੋਂ ਖੂਹ ’ਚੋਂ ਪਾਣੀ ਕੱਢਣ ਵਾਲੀ ਲੱਜ ਚੁੱਕ ਲਿਆਇਆ।ਕਸੂਤੀ ਸਲਾਹ ਦੇਣ ਵਾਲਾ ਮੇਰਾ ਦਿਮਾਗ ਆਪ ਪਤਾ ਨਹੀਂ ਸਰੀਰ ਦੇ ਕਿਹੜੇ ਕੋਨੇ ਵਿਚ ਵੜ ਗਿਆ ਸੀ। ਮੈਨੂੰ ਕੁਝ ਵੀ ਸਮਝ ਨਹੀਂ ਪੈ ਰਿਹਾ ਸੀ। ਬਸ ਇੰਨਾ ਕੁ ਮੈਂ ਭਾਂਪ ਗਿਆ ਸੀ ਕਿ ਅੱਜ ਕੁਝ ਇਤਿਹਾਸਿਕ ਭਦਰਕਾਰਾ ਹੋਣ ਜਾ ਰਿਹਾ ਹੈ।ਮੈਨੂੰ ਬਾਂਹ ਤੋਂ ਧੂਹ ਕੇ ਬਾਪੂ ਗੇਟ ’ਚੋਂ ਬਾਹਰ ਨਿਕਲ ਪਿਆ।ਮੈਨੂੰ ਲੱਤਾਂ ਵਿਚ ਪਾਣੀ ਉੱਤਰ ਗਿਆ ਜਾਪ ਰਿਹਾ ਸੀ ਪਰ ਬਾਪੂ 5911 ਦੀ ਤਰਾਂ ਮੈਨੂੰ ਮਗਰ ਘੜੀਸੀ ਉਸੇ ਸਪੀਡ ਵਿਚ ਤੁਰਿਆ ਜਾ ਰਿਹਾ ਸੀ। ਖੂਹ ਕੋਲ ਪੁੱਜ ਕੇ ਬਾਪੂ ਨੇ ਬੜੇ ਠਰੰਮੇ ਨਾਲ ਪਹਿਲਾਂ ਆਪਣੀ ਪੈਂਟ ਕਮੀਜ਼ ਉਤਾਰੀ।

ਅਗਲਾ ਨੰਬਰ ਮੇਰਾ ਸੀ।ਬਾਪੂ ਨੇ ਮੇਰੇ ਲੱਕ ਨਾਲ ਰੱਸਾ ਬੰਨ ਕੇ ਗੋਲ ਗੰਢ ਮਾਰੀ ਅਤੇ ਬਨੇਰੇ ਤੋਂ ਧੱਕਾ ਮਾਰ ਦਿੱਤਾ। ਘਰ ਤੋਂ ਖੂਹ ਤੱਕ ਦੇ ਸਫ਼ਰ ਦੌਰਾਨ ਕੋਈ ਵੀ ਵਾਰਤਾਲਾਪ ਜਾਂ ਦਲੀਲ ਅਪੀਲ ਸਾਡੇ ਪਿਓ ਪੁੱਤ ਵਿਚਕਾਰ ਡਿਸਕਸ ਨਹੀਂ ਸੀ ਹੋਈ, ਪਰ ਡਿੱਗਦੇ ਸਾਰ ਹੀ ਮੈਂ ਸਿੱਧਾ ਵੀਡੀਓ ਗੇਮ ਵਾਲੇ ਮੁੱਦੇ ’ਤੇ ਆ ਗਿਆ ਅਤੇ ਡੰਡ ਦੁਆਹੀ ਪਾ ਦਿੱਤੀ। ਜਿਉਂ ਤਰਲੇ ਮਿਨਤਾਂ ਪਾਉਣ ਲੱਗਾ, ਪਰ ਬਾਪੂ ਕਿੱਥੇ ਮੰਨੇ ਕਹਿੰਦਾ,‘ਗੇਮ ਤਾਂ ਤੇਰੀ ਅੱਜ ਮੈਂ ਪਾਉਣੀ ਏ ਪੰਦਰਾਂ ਦਿਨ ਹੋ ਗਏ ਤੈਨੂੰ ਦੇਖਦੇ ਨੂੰ’ ਆਖੇ ਈ ਨਹੀਂ ਲਗਦਾ ਮੂਹਰਿਓਂ ਚਲਾ ਚਲਾ ਮਾਰਦਾ’ ਤੇਰੇ ਜਿਹੇ ਨਰੜ ਦਾ ਕਰਨਾ ਵੀ ਕੀ ਆ’ ?

ਸਾਰਾ ਮੁਹੱਲਾ ਇਕੱਠਾ ਹੋ ਗਿਆ।ਖੂਹ ’ਚੋਂ ਗੂੰਜਵਾਂ ਚੀਕ ਚਿਹਾੜਾ ਸੁਣ ਕੇ ਉਸੇ ਦੋਸਤ ਨੇ ਮੇਰੀ ਦਾਦੀ ਨੂੰ ਜਾ ਦੱਸਿਆ ਕਿ ਤੁਹਾਡਾ ਛੋਟਾ ਮਾਮੇ ਨੇ ਖੂਹੇ ਵਿਚ ਲਟਕਾਇਆ ਹੋਇਆ। ਸ਼ਾਇਦ ਉਹ ਵੀ ਸੁਰਖ਼ਰੂ ਹੋਣ ਨੂੰ ਫਿਰਦਾ ਸੀ ਕਿਉਂਕਿ ਮੈਂ ਉਸਦਾ ਨਾਮ ਪਹਿਲੀਆਂ ਵਿਚ ਬਕ ਚੁੱਕਾ ਸੀ ਅਤੇ ਜੁੱਤੀਆਂ ਦਾ ਸੌਦਾ ਉਸਦਾ ਵੀ ਤਿਆਰ ਹੀ ਹੋਣ ਵਾਲਾ ਸੀ।ਦਾਦੀ ਨੇ ਆ ਕੇ ਲੱਜ ਖਿੱਚੀ ਤੇ ਮੈਨੂੰ ਬਾਹਰ ਕੱਢਿਆ

ਉਸ ਦਿਨ ਦੋ ਗੱਲਾਂ ਸਮਝ ਪਈਆਂ, ਇੱਕ, ਜਦੋਂ ਡਰ ਦਿਮਾਗ ਤੇ ਹਾਵੀ ਹੁੰਦਾ ਡਰਿਆ ਬੰਦਾ ਅਗਲੀਆਂ ਪਿਛਲੀਆਂ ਕਰਤੂਤਾਂ ਤੇ ਹੋਰ ਪਤਾ ਨਹੀਂ ਕੀ ਕੀ ਮਰਿਆ ਮੁੱਕਿਆ ਬਕ ਜਾਂਦਾ ਅਤੇ ਦੂਜਾ ਕਿ ਮਰਨ ਮਰਾਉਣ ਵਾਲੇ ਫੋਕੇ ਫ਼ਾਇਰ ਇਸ ਘਰ ਵਿਚ ਕੱਢਣੇ ਸਖ਼ਤ ਮਨਾਂ ਹਨ। ਕੋਈ ਵੀ ਕੱਦ ਨਾਲੋਂ ਵੱਡੀ ਧਮਕੀ ਦੇਣ ਤੋਂ ਪਹਿਲਾਂ ਘੱਟੋ ਘੱਟ ਹਜ਼ਾਰ ਡੂਢ ਹਜ਼ਾਰ ਵਾਰ ਇਕਾਂਤ ਵਿਚ ਬਹਿ ਕੇ ਸੋਚੋ, ਨਹੀਂ ਲੈਣੇ ਦੇ ਦੇਣੇ ਵੀ ਪੈ ਸਕਦੇ ਹਨ।

## ਇਕ ਸਿੱਖਿਆ ਦਾਇਕ ਕਹਾਣੀ

# ਲਾਲਚ ਬੁਰੀ ਬਲਾ ਹੈ



**ਜੋਰਾਵਰ ਸਿੰਘ ਤਰਸਿੱਕਾ**

ਪੁਰਾਣੇ ਸਮਿਆਂ ਦੀ ਗੱਲ ਹੈ ਇਕ ਗਰੀਬ ਪੰਡਤ ਸੀ ਜਿਸ ਦੀ ਭਗਵਾਨ ਤੇ ਬਹੁਤ ਸ਼ਰਧਾ ਸੀ। ਉਸ ਨੇ ਪਿੰਡ ਦੇ ਹੀ ਇਕ ਮੰਦਰ ਵਿੱਚ ਰਮਾਇਣ ਦਾ ਪਾਠ ਸੁਰੂ ਕੀਤਾ ਤੇ ਇਕ ਸਾਲ ਬਾਅਦ ਭੋਗ ਪਾਉਣ ਦੀ ਅਰਦਾਸ ਕੀਤੀ । ਜਦੋਂ ਪੰਡਤਾਣੀ ਨੂੰ ਪਤਾ ਲਗਾ ਤਾ ਉਹ ਕਹਿਣ ਲੱਗੀ ਤੈਨੂੰ ਇਕ ਸਾਲ ਦੇ ਰਮਾਇਣ ਪਾਠ ਨਾਲ ਕੀ ਮਿਲਣਾ ਹੈ ? ਮੰਦਰ ਵਿੱਚ ’ਤੇ ਕੋਈ ਆਉਂਦਾ ਨਹੀਂ, ਨਾ ਕੋਈ ਪੈਸਾ ਹੀ ਹੋਣਾ ਕਿਉਂ ਆਪਣਾ ਟਾਇਮ ਖਰਾਬ ਕਰਦੇ ਹੋ । ਕੋਈ ਹੋਰ ਕੰਮ ਕਾਰ ਕਰ ਲਵੋ ਕੋਈ ਪੈਸਾ ਆਵੇਗਾ ਤੇ ਘਰ ਦਾ ਤੋਰੀ ਫੁਲਕਾ ਚਲਦਾ ਰਹੇਗਾ। ਪਰ ਪੰਡਤ ਦੀ ਸ਼ਰਧਾ ਸੀ, ਉਸ ਨੇ ਪੰਡਤਾਣੀ ਦੀ ਗੱਲ ਵੱਲ ਬਹੁਤਾ ਧਿਆਨ ਨਾ ਦਿੱਤਾ ਤੇ ਆਪਣੇ ਨੇਮ ਨਾਲ ਹਰ ਰੋਜ਼ ਰਮਾਇਣ ਦਾ ਪਾਠ ਕਰਦਾ ਗਿਆ। ਜਦੋਂ ਇਕ ਸਾਲ ਪੂਰਾ ਹੋ ਗਿਆ ਤੇ ਅਗਲੇ ਦਿਨ ਰਮਾਇਣ ਦਾ ਭੋਗ ਪੈਣਾ ਸੀ । ਉਸ ਸ਼ਾਮ ਨੂੰ ਰਾਮ ਚੰਦਰ ਜੀ ਦੀ ਮੂਰਤੀ ਵਿੱਚੋਂ ਅਵਾਜ ਆਈ ਹੇ ਹਨੂਮਾਨ ਜੀ ਇਸ ਪੰਡਤ ਨੇ ਬੜੀ ਸ਼ਰਧਾ ਨਾਲ ਇਕ ਸਾਲ ਰਮਾਇਣ ਦਾ ਪਾਠ ਕੀਤਾ ਹੈ । ਇਹ ਘਰ ਤੋਂ ਵੀ ਬਹੁਤ ਗਰੀਬ ਹੈ ਇਸ ਦੀ ਹੁਣ ਗਰੀਬੀ ਕੱਟ ਦਿੱਤੀ ਜਾਵੇ ਇਸ ਨੂੰ ਪੈਸੇ ਦਿੱਤੇ ਜਾਣ। ਹਨੂੰਮਾਨ ਦੀ ਮੂਰਤੀ ਵਿੱਚੋਂ ਅਵਾਜ ਆਈ, ਪ੍ਰਭੂ ਜੀ ਹੁਕਮ ਕਰੋ ਕਿੰਨੇ ਪੈਸੇ ਦਿੱਤੇ ਜਾਣ, ਤਾਂ ਰਾਮ ਚੰਦਰ ਜੀ ਦੀ ਮੂਰਤੀ ਕਹਿਣ ਲੱਗੀ ਇਸ ਨੂੰ ਦੋ ਹਜ਼ਾਰ ਮੋਹਰ ਦਿੱਤੀ ਜਾਵੇ । ਹਨੂੰਮਾਨ ਜੀ ਕਹਿਣ ਲੱਗੇ ਠੀਕ ਆ ਭਗਵਾਨ ਜੀ, ਕੱਲ ਤਕ ਇਸ ਨੂੰ ਦੋ ਹਜ਼ਾਰ ਮੋਹਰ ਮਿਲ ਜਾਵੇਗੀ। ਇਹ ਸਾਰੀ ਵਾਰਤਾ ਮੰਦਰ ਕੋਲੋਂ ਲੰਘਦੇ ਜਾਂਦੇ ਸ਼ਾਹੂਕਾਰ ਨੇ ਸੁਣੀ ਜੋ ਬਹੁਤ ਲਾਲਚੀ ਸੀ ਤੇ ਲੋਕਾਂ ਨੂੰ ਬਹੁਤ ਤੰਗ ਪ੍ਰੇਸ਼ਾਨ ਕਰਕੇ ਮਾਇਆ ਇਕੱਠੀ ਕਰਦਾ ਸੀ । ਇਹ ਵਾਰਤਾ ਸੁਣ ਕੇ ਉਹ ਸ਼ਾਹੂਕਾਰ ਸੋਚੀਂ ਪੈ ਗਿਆ, ਇਹ ਦੋ ਹਜ਼ਾਰ ਮੋਹਰ ਮੈਨੂੰ ਕਿਵੇਂ ਮਿਲ ਸਕਦੀ ਹੈ । ਸੋਚਦਾ ਸੋਚਦਾ ਪੰਡਤ ਦੇ ਘਰ ਪਹੁੰਚ ਗਿਆ ਤੇ ਪੰਡਤ ਨੂੰ ਕਹਿਣ ਲੱਗਾ ਦੇਖ ਪੰਡਤਾ ਤੂੰ ਕੱਲ ਰਮਾਇਣ ਦਾ ਭੋਗ ਪਾਉਣਾ ਹੈ ਮੰਦਰ ਵਿੱਚ । ਇਉਂ ਕਰ ਆਹ ਫੜ ਇਕ ਹਜਾਰ ਮੋਹਰ ਤੇ ਜੋ ਕੱਲ ਜਿੰਨਾ ਚੜਾਵਾ ਹੋਇਆ ਉਹ ਸਾਰਾ ਮੇਰਾ ਹੋਵੇਗਾ। ਜਦੋਂ ਇਕ ਹਜ਼ਾਰ ਮੋਹਰ ਪੰਡਤਾਣੀ ਨੇ ਦੇਖੀ ਉਹ ਖੁਸ਼ੀ ਵਿੱਚ ਝੂੰਮਣ ਲੱਗ ਪਈ, ਉਸ ਪੰਡਤ ਦੀ ਸਾਰੀ ਗਰੀਬੀ ਨਿਕਲ ਗਈ ਸੀ। ਪੰਡਿਤ ਨੇ ਹਾਂ ਕਰ ਦਿੱਤੀ, ਸੇਠ ਜੀ ਕੱਲ ਜੋ ਵੀ ਕੁਝ ਹੋਇਆ ਸਭ ਤੁਹਾਡਾ, ਸ਼ਾਹੂਕਾਰ ਵੀ ਖੁਸ਼ ਹੋ ਗਿਆ। ਜਦੋਂ ਸਵੇਰ ਹੋਈ, ਸ਼ਾਹੂਕਾਰ ਸਵੇਰ ਤੋਂ ਹੀ ਮੰਦਰ ਵਿੱਚ ਜਾ ਕੇ ਬੈਠ ਗਿਆ, ਪੰਡਿਤ ਆਪਣੇ ਟਾਇਮ ਨਾਲ ਆਇਆ ਤੇ ਆ ਕੇ ਰਮਾਇਣ ਦੇ ਪਾਠ ਦਾ ਭੋਗ ਪਾਇਆ, ਇਸ ਮੰਦਰ ਵਿੱਚ ਤੇ ਪਹਿਲਾਂ ਹੀ ਕੋਈ ਨਹੀਂ ਸੀ ਵੜਦਾ ਫੇਰ ਉਸ ਦਿਨ ਕਿਸ ਨੇ ਵੜਨਾ ਸੀ। ਪੰਡਿਤ ਨੇ ਭੋਗ ਪਾਇਆ ਤੇ ਆਪਣੇ ਘਰ ਚਲਾ ਗਿਆ ਇਹ ਸਭ ਵੇਖ ਕੇ ਸ਼ਾਹੂਕਾਰ ਨੂੰ ਅੱਗ ਲੱਗ ਗਈ, ਆਪੇ ਤੋਂ ਬਾਹਰ ਹੋ ਗਿਆ। ਹਨੂੰਮਾਨ ਦੀ ਮੂਰਤੀ ਸਾਹਮਣੇ ਖਲੋ ਕੇ ਬੁਰਾ ਭਲਾ ਕਹਿਣ ਲੱਗ ਪਿਆ ਤੇ ਗੁੱਸੇ ਵਿੱਚ ਆ ਕੇ ਹਨੂੰਮਾਨ ਦੀ ਮੂਰਤੀ ਦੇ ਲੱਤ ਕੱਢ ਮਾਰੀ । ਜਦੋਂ ਲੱਤ ਮਾਰੀ, ਰੱਬ ਦੀ ਮਰਜੀ, ਲੱਤ ਮੂਰਤੀ ਵਿੱਚ ਫੱਸ ਗਈ ਬਹੁਤ ਕੋਸ਼ਿਸ਼ ਕੀਤੀ ਪਰ ਲੱਤ ਨਾ ਨਿਕਲੀ । ਚੱਕਰ ਖਾ ਕੇ ਸ਼ਾਹੂਕਾਰ ਡਿੱਗ ਪਿਆ, ਜਦੋਂ ਸ਼ਾਹੂਕਾਰ ਨੂੰ ਹੋਸ਼ ਆਈ ਉਸ ਸਮੇਂ ਰਾਮ ਚੰਦਰ ਜੀ ਦੀ ਮੂਰਤੀ ਹਨੂੰਮਾਨ ਨੂੰ ਕਹਿ ਰਹੀ ਸੀ ਹਨੂੰਮਾਨ ਜੀ ਉਸ ਪੰਡਿਤ ਨੂੰ ਪੈਸੇ ਦੇ ਦਿੱਤੇ ਸਨ। ਹਨੂੰਮਾਨ ਦੀ ਮੂਰਤੀ ਕਹਿ ਰਹੀ ਸੀ ਭਗਵਾਨ ਜੀ ਇਕ ਹਜ਼ਾਰ ਤੇ ਕੱਲ ਹੀ ਭੇਜ ਦਿੱਤਾ ਸੀ ਬਾਕੀ ਇਸ ਸ਼ਾਹੂਕਾਰ ਦੀ ਲੱਤ ਫੜੀ ਹੈ ਜਦੋਂ ਹਜ਼ਾਰ ਮੋਹਰ ਹੋਰ ਦੇ ਦੇਵੇਗਾ ਲੱਤ ਛੱਡ ਦੇਵਾਂਗਾ । ਜਦੋਂ ਸ਼ਾਹੂਕਾਰ ਨੇ ਇਹ ਗੱਲ ਸੁਣੀ ਤਾਂ ਪੀੜ ਦੇ ਮਾਰੇ ਲੱਗਾ ਰੌਲਾ ਪਾਉਣ। ਉਧਰ ਸ਼ਾਹੂਕਾਰ ਦੀ ਘਰਵਾਲੀ ਸਵੇਰ ਤੋਂ ਗਏ ਸ਼ਾਹੂਕਾਰ ਨੂੰ ਲੱਭਦੀ ਲੱਭਦੀ ਜਦੋਂ ਮੰਦਰ ਦੇ ਨੇੜੇ ਪਹੁੰਚੀ ਤਾਂ ਸ਼ਾਹੂਕਾਰ ਦੀਆਂ ਚੀਕਾਂ ਸੁਣ ਕੇ ਮੰਦਰ ਦੇ ਅੰਦਰ ਗਈ ਤਾਂ ਸ਼ਾਹੂਕਾਰ ਨੂੰ ਲਮਕਦਾ ਵੇਖ ਕੇ ਹੈਰਾਨ ਹੋ ਗਈ। ਸ਼ਾਹੂਕਾਰ ਛੇਤੀ ਨਾਲ ਆਪਣੀ ਘਰਵਾਲੀ ਨੂੰ ਕਹਿਣ ਲੱਗਾ, ਛੇਤੀ ਨਾਲ ਘਰੋਂ ਇਕ ਹਜ਼ਾਰ ਮੋਹਰ ਲੈ ਕੇ ਪੰਡਿਤ ਦੇ ਘਰ ਦੇ ਕੇ ਆ ਤੇ ਮੇਰੀ ਏਥੋਂ ਜਾਨ ਛੁਡਵਾ । ਇਹ ਸੁਣ ਕੇ ਸ਼ਾਹੂਕਾਰ ਦੀ ਘਰਵਾਲੀ ਇਕ ਹਜ਼ਾਰ ਮੋਹਰ ਲੈ ਕੇ ਪੰਡਿਤ ਦੇ ਘਰ ਦੇ ਕੇ ਆਈ । ਫੇਰ ਕਦੇ ਜਾ ਕੇ ਸ਼ਾਹੂਕਾਰ ਦੀ ਜਾਨ ਛੁੱਟੀ ਤੇ ਅੱਗੋਂ ਤੋਂ ਸ਼ਾਹੂਕਾਰ ਨੇ ਲਾਲਚ ਕਰਨ ਤੋਂ ਤੋਬਾ ਕੀਤੀ ਤੇ ਮੁਆਫ਼ੀ ਮੰਗੀ ਤੇ ਚੰਗਾ ਜੀਵਨ ਬਤੀਤ ਕਰਨ ਦਾ ਪ੍ਰਣ ਕੀਤਾ।

ਇਸ ਤੋਂ ਦੋ ਸਿਖਿਆ ਮਿਲਦੀਆਂ ਹਨ ਇਕ ਤੇ ਪ੍ਰਮਾਤਮਾ ’ਤੇ ਪੂਰਾ ਵਿਸ਼ਵਾਸ ਬਣਾ ਕੇ ਰਖੋ ਪਤਾ ਨਹੀਂ ਕਿਹੜੇ ਰੂਪ ਵਿੱਚ ਆ ਕੇ ਵਾਹਿਗੁਰੂ ਤੁਹਾਡੇ ਕਾਰਜ ਸਵਾਰ ਦੇਵੇ। ਦੂਸਰਾ ਲਾਲਚ ਬੁਰੀ ਬਲਾ ਹੈ ਇਸ ਤੋਂ ਬਚ ਕੇ ਰਹੋ ਜੀ ।

# ਨਾਰਨੌਂਦ ਵਿੱਚ ਕੱਲ੍ਹ 3 ਕਿਸਾਨਾਂ ਖ਼ਿਲਾਫ਼ ਦਰਜ ਕੇਸ ਹਰਿਆਣਾ ਸਰਕਾਰ ਵਾਪਸ ਲਵੇ ਅਤੇ ਭਾਜਪਾ ਸੰਸਦ ਰਾਮ ਚੰਦਰ ਜਾਂਗੜਾ ਅਤੇ ਉਸਦੇ ਸਾਥੀਆਂ ਵਿਰੁੱਧ ਕੇਸ ਦਰਜ ਕੀਤਾ ਜਾਵੇ -ਸੰਯੁਕਤ ਕਿਸਾਨ ਮੋਰਚਾ

## 8 ਨਵੰਬਰ ਨੂੰ ਹਾਂਸੀ ਦੇ ਐਸ ਪੀ ਦਫਤਰ ਦਾ ਹੋਏਗਾ ਘੇਰਾਓ

**ਨਵੀਂ ਦਿੱਲੀ/ਮਨਪ੍ਰੀਤ ਸਿੰਘ ਖਾਲਸਾ:-** ਕਿਸਾਨ ਧਰਨਾਕਾਰੀਆਂ ਦਾ ਇੱਕ ਵੱਡਾ ਇਕੱਠ ਹਰਿਆਣਾ ਦੇ ਨਾਰਨੌਂਦ ਥਾਣੇ ਵਿੱਚ ਲਗਾਤਾਰ ਥਾਣੇ ਦੇ ਘਿਰਾਓ ਵਿੱਚ ਧਰਨਾ ਦੇ ਰਿਹਾ ਹੈ। ਪ੍ਰਦਰਸ਼ਨਕਾਰੀਆਂ ਵਿੱਚ ਵੱਡੀ ਗਿਣਤੀ ਵਿੱਚ ਔਰਤਾਂ ਕਿਸਾਨ ਸ਼ਾਮਲ ਹਨ। ਕਿਸਾਨ ਮੰਗ ਕਰ ਰਹੇ ਹਨ ਕਿ ਭਾਜਪਾ ਦੇ ਸੰਸਦ ਮੈਂਬਰ ਰਾਮ ਚੰਦਰ ਜਾਂਗੜਾ ਅਤੇ ਉਸ ਦੇ ਸਾਥੀਆਂ ਖ਼ਿਲਾਫ਼ ਕੱਲ੍ਹ ਇੱਕ ਪ੍ਰਦਰਸ਼ਨਕਾਰੀ ਕੁਲਦੀਪ ਸਿੰਘ ਰਾਣਾ ਨੂੰ ਗੰਭੀਰ ਰੂਪ ਵਿੱਚ ਜ਼ਖ਼ਮੀ ਕਰਨ ਲਈ ਕੇਸ ਦਰਜ ਕੀਤਾ ਜਾਵੇ। ਇਸ ਤੋਂ ਇਲਾਵਾ, ਭਾਜਪਾ ਸੰਸਦ ਰਾਮ ਚੰਦਰ ਜਾਂਗੜਾ ਦੇ ਖਿਲਾਫ ਸਥਾਨਕ ਕਿਸਾਨਾਂ ਦੁਆਰਾ ਕਾਲੇ ਝੰਡੇ ਪ੍ਰਦਰਸ਼ਨ ਕੀਤੇ ਜਾਣ ਤੋਂ ਬਾਅਦ ਕੱਲ੍ਹ ਹਰਿਆਣਾ ਦੇ ਹਾਂਸੀ ਦੇ ਨਾਰਨੌਂਦ ਪੁਲਿਸ ਸਟੇਸ਼ਨ ਵਿੱਚ ਤਿੰਨ ਕਿਸਾਨਾਂ ਵਿਰੁੱਧ ਐਫਆਈਆਰ ਦਰਜ ਕੀਤੀ ਗਈ ਹੈ। ਇਸ ਐਫਆਈਆਰ ਵਿੱਚ ਹਰਸ਼ਦੀਪ ਗਿੱਲ, ਕੈਲਾਸ਼ ਅਤੇ ਸੁਧੀਰ ਖ਼ਿਲਾਫ਼ ਆਈਪੀਸੀ ਦੀਆਂ ਧਾਰਾਵਾਂ 120 ਬੀ, 147, 148, 149, 186, 341, 353 ਅਤੇ 427 (ਅਪਰਾਧਿਕ ਸਾਜ਼ਿਸ਼, ਦੰਗਾ, ਸਰਕਾਰੀ ਕਰਮਚਾਰੀ ਉੱਤੇ ਹਮਲਾ ਆਦਿ) ਤਹਿਤ ਮਾਮਲਾ ਦਰਜ ਕੀਤਾ ਗਿਆ ਸੀ। ਉਨ੍ਹਾਂ ਨੂੰ ਕੱਲ੍ਹ ਦੇਰ ਸ਼ਾਮ ਐਸ.ਕੇ.ਐਮ ਦੇ ਕਈ ਆਗੂਆਂ ਸਮੇਤ ਥਾਣੇ ਦੇ ਬਾਹਰ ਇਕੱਠੇ ਹੋਣ ਵਾਲੇ ਕਿਸਾਨਾਂ ਦੇ ਵੱਡੇ ਇਕੱਠ ਦੇ ਦਬਾਅ ਹੇਠ ਰਿਹਾਅ ਕਰ ਦਿੱਤਾ ਗਿਆ ਸੀ, ਪਰ ਇਹ ਕੇਸ ਉਨ੍ਹਾਂ ਖ਼ਿਲਾਫ਼ ਦਰਜ ਕੀਤਾ ਗਿਆ ਸੀ। ਇਸੇ ਦੌਰਾਨ ਪੁਲੀਸ ਦੇ ਲਾਠੀਚਾਰਜ ਵਿੱਚ ਗੰਭੀਰ ਜ਼ਖ਼ਮੀ ਹੋਏ ਪ੍ਰਦਰਸ਼ਨਕਾਰੀ ਕੁਲਦੀਪ ਰਾਣਾ ਨੂੰ ਜਿੰਦਲ ਹਸਪਤਾਲ ਦੇ ਆਈਸੀਯੂ ਵਿੱਚ ਦਾਖ਼ਲ ਕਰਵਾਇਆ ਗਿਆ ਸੀ ਅਤੇ ਉਸ ਦਾ ਅਜੇ ਤੱਕ ਖ਼ਤਰੇ ਤੋਂ ਬਾਹਰ ਨਹੀਂ ਦੱਸਿਆ ਗਿਆ। ਐਸਕੇਐਮ ਮੰਗ ਕਰਦੀ ਹੈ ਕਿ ਹਰਿਆਣਾ ਪੁਲੀਸ ਵੱਲੋਂ ਕਿਸਾਨਾਂ ਖ਼ਿਲਾਫ਼ ਦਰਜ ਕੇਸ ਤੁਰੰਤ ਵਾਪਸ ਲਿਆ ਜਾਵੇ, ਭਾਜਪਾ ਸੰਸਦ ਰਾਮ ਚੰਦਰ ਜਾਂਗੜਾ ਖ਼ਿਲਾਫ਼ ਕੇਸ ਦਰਜ ਕੀਤਾ ਜਾਵੇ ਅਤੇ ਭਾਜਪਾ ਸੰਸਦ ਮੈਂਬਰ ਕਿਸਾਨਾਂ ਨੂੰ ਵੱਖ-ਵੱਖ ਨਾਵਾਂ ਨਾਲ ਬੁਲਾਉਣ ਲਈ ਮੁਆਫ਼ੀ ਮੰਗਣ। ਐਸਕੇਐਮ ਨੇ ਭਾਜਪਾ-ਜੇਜੇਪੀ ਨੇਤਾਵਾਂ ਨੂੰ ਕਿਸਾਨਾਂ ਨੂੰ ਭੜਕਾਉਣਾ ਬੰਦ ਕਰਨ ਲਈ ਕਿਹਾ ਹੈ, ਅਤੇ ਭਾਜਪਾ ਦੀਆਂ ਪਾਰਟੀ ਗਤੀਵਿਧੀਆਂ ਲਈ ਵੱਖ-ਵੱਖ ਸੰਸਥਾਵਾਂ (ਕਾਲਜਾਂ, ਮੰਦਰਾਂ ਅਤੇ ਹੋਰ ਸਥਾਨਾਂ) ਦੀ ਵਰਤੋਂ ਬੰਦ ਕਰਨ ਲਈ ਵੀ ਕਿਹਾ ਹੈ। ਰੋਹਤਕ ਵਿੱਚ ਪਿੰਡ ਕਿਲੋਈ




ਵਿੱਚ ਇਸ ਦਾ ਵਿਰੋਧ ਕਰਦਿਆਂ ਕਿਸਾਨਾਂ ਨੇ ਥਾਂ-ਥਾਂ ਦਾ ਘਿਰਾਓ ਕੀਤਾ ਅਤੇ ਕਈ ਘੰਟੇ ਭਾਜਪਾ ਆਗੂਆਂ ਨੂੰ ਬਾਹਰ ਨਹੀਂ ਜਾਣ ਦਿੱਤਾ।

28 ਅਕਤੂਬਰ 2021 ਨੂੰ ਟਿੱਕਰੀ ਬਾਰਡਰ ’ਤੇ ਸ਼ਹੀਦ ਹੋਈਆਂ ਤਿੰਨ ਮਹਿਲਾ ਕਿਸਾਨਾਂ ਲਈ ਕੱਲ੍ਹ (7 ਨਵੰਬਰ 2021) ਖੀਵਾ ਦਿਆਲਪੁਰਾ (ਪੰਜਾਬ ਦਾ ਮਾਨਸਾ ਜ਼ਿਲ੍ਹਾ) ਵਿਖੇ ਹੋਣ ਵਾਲੀ ਅੰਤਮ ਅਰਦਾਸ ਵਿੱਚ ਬਹੁਤ ਸਾਰੇ ਸੰਯੁਕਤ ਕਿਸਾਨ ਮੋਰਚਾ ਨੇਤਾਵਾਂ ਦੇ ਸ਼ਾਮਲ ਹੋਣ ਦੀ ਉਮੀਦ ਹੈ। ਉਸ ਸਵੇਰ ਦੀ ਇੱਕ ਭਿਆਨਕ ਘਟਨਾ ਵਿੱਚ ਅਮਰਜੀਤ ਕੌਰ , ਗੁਰਮੇਲ ਕੌਰ ਅਤੇ ਸੁਖਵਿੰਦਰ ਕੌਰ ਨੂੰ ਇਕ ਟਿੱਪਰ ਟਰੱਕ ਨੇ ਕੁਚਲ ਕੇ ਮੌਤ ਦੇ ਘਾਟ ਉਤਾਰ ਦਿੱਤਾ, ਜਦੋਂਕਿ ਦੋ ਹੋਰ ਔਰਤਾਂ ਹਰਮੀਤ ਕੌਰ ਅਤੇ ਗੁਰਮੇਲ ਕੌਰ ਗੰਭੀਰ ਰੂਪ ਵਿਚ ਜ਼ਖਮੀ ਹੋ ਗਈਆਂ। ਪੰਜਾਬ ਸਰਕਾਰ ਵੱਲੋਂ ਐਕਸ-ਗ੍ਰੇਸ਼ੀਆ ਵਜੋਂ ਐਲਾਨਿਆ ਮੁਆਵਜ਼ਾ ਇਨ੍ਹਾਂ ਛੋਟੀਆਂ ਔਰਤਾਂ ਦੇ ਪਰਿਵਾਰਾਂ ਦੇ ਕਰਜ਼ਿਆਂ ਦੇ ਮੁਕਾਬਲੇ ਨਾਕਾਫ਼ੀ ਹੈ, ਅਤੇ ਮੋਰਚਾ ਮੁਆਵਜ਼ੇ ਦੀ ਰਕਮ ਨੂੰ ਵਧਾਉਣ ਦੀ ਮੰਗ ਕਰਦਾ ਹੈ। ਮੋਰਚੇ ਨੇ ਤਿੰਨ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਲਈ ਵੱਖ-ਵੱਖ ਵਿਰੋਧ ਸਥਾਨਾਂ ’ਤੇ ਪ੍ਰਾਰਥਨਾ ਸਭਾਵਾਂ ਕਰਨ ਦਾ ਸੱਦਾ ਵੀ ਦਿੱਤਾ ਹੈ।

ਦੀਵਾਲੀ ਵਾਲ਼ੀ ਰਾਤ ਸਿੰਘੂ ਬਾਰਡਰ ’ਤੇ ਅੱਗ ਲੱਗ ਗਈ ਸੀ, ਜਿਸ ਵਿੱਚ ਦੋ ਟੈਂਟ ਅਤੇ ਇੱਕ ਟਰਾਲੀ ਸੜ ਕੇ ਸੁਆਹ ਹੋ ਗਈ ਸੀ।

**ਬਾਕੀ ਸਫ਼ਾ 30 ’ਤੇ**

# ਕਹਾਣੀ : ਭਾਗਾਂ ਅਤੇ ਜਾਨੀ

**ਗੈਰੀ ਢਿੱਲੋਂ**

‘ਵੇ ਸਰਦਾਰਾ! ਟੋਕਰੀ ਤੂੜੀ ਦੀ ਪਾ ਦੇਹ ਵੇ, ਤੇਰੇ ਬੱਚੇ ਜੀਣ’

ਦਰਵਾਜੇ ਵਿਚ ਲੰਮੀਆਂ ਤਾਣੀ ਪਿਆ ਉਜਾਗਰ ਅਭੜਵਾਹੇ ਉੱਠਿਆ, ਬੂਹੇ ਚ ਖੜੀ ਗੱਡੀਆਂ ਵਾਲੀ ਵਣਜਾਰਨ ਦੀ ‘ਵਾਜ ਉਸਨੂੰ ਸੂਲ ਵਾਂਗ ਖੁੱਭੀ।

‘ਮੂੰਹ ਚੱਕ ਲੈਂਦੇ ਆ ਦੁਪਹਿਰੇ, ਨਾ ਆਪ ਟਿਕਣ ਨਾ ਦੂਜੇ ਨੂੰ ਮਰਨ ਦੇਣ ਏਹੇ’

ਬੁੜ-ਬੁੜ ਕਰਦਾ ਉਜਾਗਰ ਮੰਜੀ ਤੋਂ ਉੱਠ ਖਲੋਤਾ। ਖੁਰਲੀ ਵੰਨੀ ਹੱਥ ਕਰ ਕੇ ਕਹਿੰਦਾ - ‘ਅਉਥੇ ਪਿਆ ਹੋਣਾ ਮਾੜਾ ਮੋਟਾ ਬਚਿਆ ਖੁਚਿਆ, ਪਾਲਾ ਚੱਕ ਕੇ’

ਇਸ਼ਾਰਾ ਮਿਲਦੇ ਹੀ ਵਣਜਾਰਨ ਨੇ ਕੁੱਛੜ ਚੁੱਕਿਆ ਸਮਾਨ ਹੇਠਾਂ ਰੱਖ ਦਿੱਤਾ ਤੇ ਖੁਰਲੀ ਵੱਲ ਤੁਰ ਪਈ। ਉਜਾਗਰ ਦੁਬਾਰੇ ਫੇਰ ਮੰਜੀ ਤੇ ਢੇਰੀ ਹੋ ਗਿਆ।

ਹੂੰਝ ਕੇ ਮਸਾਂ ਅੱਧੀ ਕੁ ਟੋਕਰੀ ਜੁੜੀ, ਚਾਦਰ ਚ ਬੰਨ ਕੇ ਵਣਜਾਰਨ ਦਰਵਾਜੇ ਵਿੱਚ ਆ ਬੈਠੀ।

‘ਵੇ ਸਰਦਾਰਾ! ਕੁਛ ਲੈਣਾ ਤਾਂ ਦੱਸ ਦੇਹ’

‘ਕੁਸ਼ ਨੀ ਲੈਣਾ ਬੱਸ’ ਓਹਨੇ ਪਏ ਪਏ ਹੀ ਜਵਾਬ ਦਿੱਤਾ

‘ਵੇ ਕੋਈ ਖੁਰਚਣਾ ਲੈਲਾ, ਚਿਮਟਾ ਲੈਲਾ’

‘ਨਾ ਖੁਰਚਣੇ ਚਿਮਟੇ ਨੂੰ ਏਥੇ ਕੇਹੜੀ ਸੱਗੀ ਫੁੱਲ ਆਲੀ ਦੇ ਹੱਥ ਮੱਚਦੇ ਆ, ਕੱਲਾ ਟੋਟਰੂ ਆਂ ਆਵਦੀਆਂ ਪਕਾ ਲੈਨਾ’

‘ਚੰਗਾ ਸਰਦਾਰਾ! ਤੇਰੀ ਮਰਜੀ’

ਵਣਜਾਰਨ ਨੇ ਚਾਦਰ ਦੀ ਗਠੜੀ ਬੰਨ ਕੇ ਚੁੱਕੀ ਤੇ ਕੁੱਛੜ ’ਚ ਆਪਣਾ ਸਮਾਨ ਲੈ ਕੇ ਤੁਰ ਗਈ।

ਨਾਮ ਉਸਦਾ ਉਜਾਗਰ ਸਿੰਘ ਸੀ ਪਰ ਪਿੰਡ ਵਿੱਚ ਸਾਰੇ ਉਸ ਨੂੰ ‘ਜਾਨੀ’ ਕਹਿ ਕੇ ਬੁਲਾਉਂਦੇ ਸੀ। ਇਕੱਲਾ ਹੀ ਰਹਿੰਦਾ ਸੀ, ਜਮੀਨ ਥੋੜੀ ਅਤੇ ਲੱਤੋਂ ਲੰਗਾ ਹੋਣ ਕਰਕੇ ਕੋਈ ਸਾਕ ਨਾ ਨੇਪਰੇ ਚੜਿਆ। ਬਾਪ ਤਾਂ ਨਿੱਕੇ ਹੁੰਦੇ ਦਾ ਹੀ ਚੱਲ ਵਸਿਆ ਸੀ, ਤੇ ਬੇਬੇ ਵੀ ਵਿਚਾਰੀ ਨੂੰਹ ਨੂੰ ਉਡੀਕਦੀ ਉਡੀਕਦੀ ਪਿੱਛੇ ਜਹੇ ਚੱਲ ਵਸੀ।

ਪਿੱਛੇ ਰਹਿ ਗਿਆ ਉਜਾਗਰ ਉਰਫ ‘ਜਾਨੀ’ ਅਤੇ ਸੁੰਨਾ ਵੇਹੜਾ।

ਇੱਕ ਮੱਝ ਰੱਖੀ ਸੀ, ਓਹਦੇ ਜੋਗੇ ਪੱਠੇ ਬੀਜ ਲੈਂਦਾ ਤੇ ਬਾਕੀ ਪੈਲੀ ਹਿੱਸੇ ਤੇ ਦੇ ਦਿੰਦਾ। ਖੇਤੋਂ ਪੱਠੇ ਲੈ ਆਉਂਦਾ, ਸੱਥ ’ਚ ਤਾਸ਼ ਕੁੱਟ ਲੈਂਦਾ, ਖੁਰਲੀ ਵਿਚ ਹੱਥ ਮਾਰ ਲੈਂਦਾ ਤੇ ਦੁਪਹਿਰਾ ਦਰਵਾਜੇ ’ਚ ਸੌਂ ਕੇ ਲੰਘਾ ਲੈਂਦਾ।

ਬੱਸ ਇਹੋ ਉਸ ਦੀ ਛੋਟੀ ਜਿਹੀ ਦੁਨੀਆ ਸੀ। ਪਿੰਡ ਵਿਚ ਖੁਸ਼ੀ-ਗਮੀ ਹੁੰਦੀ, ਓਥੇ ਵੀ ਨਾ-ਮਾਤਰ ਹੀ ਜਾਂਦਾ। ਆਲੇ ਦੁਆਲੇ ਵਾਪਰਦੇ ਚੰਗੇ ਮਾੜੇ ਦੀ ਬਹੁਤੀ ਪ੍ਰਵਾਹ ਨਾ ਕਰਦਾ। ਸ਼ਾਇਦ ਹਲਾਤਾਂ ਦੇ ਝੱਖੜ ਨੇ ਉਸਦੇ ਜਜ਼ਬਾਤ ਹੀ ਮਾਰ ਦਿੱਤੇ ਸਨ।

ਦਿਨ ਢਲਦੇ ਓਹਨੇ ਦਰਵਾਜੇ ’ਚੋਂ ਮੰਜੀ ਚੱਕ ਦਿੱਤੀ। ਤੂੜੀ ਆਲੀ ਸਬਾਤ ਵਿਚੋਂ ਟੋਕਰੀ ਭਰ ਕੇ ਖੁਰਲੀ ਕੋਲ ਆਇਆ, ਖੁਰਲੀ ਪੂਰੀ ਹੂੰਝੀ ਦੇਖ ਵਣਜਾਰਨ ਨੂੰ ਮਨ ਹੀ ਮਨ ਗਾਹਲਾਂ ਕੱਢਣ ਲੱਗ ਗਿਆ, ‘ਕਰਲੋ ਫੈਦਾ ਇਹਨਾਂ ਦਾ, ਡੱਕਾ ਨੀ ਛੱਡਿਆ ਸਾਰਾ ਹੂੰਝ ਕੇ ਲੈਗੀ, ਬਈ ਬੰਦੇ ਨੂੰ ਸਬਰ ਸੰਤੋਖ ਤਾਂ ਹੋਵੇ ਮਾੜਾ ਮੋਟਾ’

ਅਗਲੇ ਦਿਨ ਆਥਣ ਵੇਲੇ ਚਾਹ ਧਰੀ ਬੈਠਾ, ਓਹੀ ਵਣਜਾਰਨ ਬੂਹੇ ਤੇ ਆ ਖੜੀ।

‘ਵੇ ਸਰਦਾਰਾ! ਕੱਲ ਵਾਲੀ ਬਚੀ ਖੁਚੀ ਤੂੜੀ ਪਾ ਦੇਹ ਵੇ’

‘ਆਜਾ ਆਜਾ ਪਾਵਾਂ ਤੈਨੂੰ ਮੱਕੀ, ਸਾਰੀ ਖੁਰਲੀ ਹੂੰਝ ਕੇ ਲੈਗੀ ਤੂੰ ਕੱਲ’

‘ਵੇ ਅੱਧੀ ਟੋਕਰੀ ਤੇ ਸੀ ਸਰਦਾਰਾ, ਤੇਰੇ ਕੀ ਕੰਮ ਆਉਣੀ ਭਲਾਂ’?

‘ਤੇ ਤੈਨੂੰ ਚਕਾਈ ਦਾ ਵੀ ਕੀ ਫੈਦਾ? ਅੱਗੋਂ ਉਜਾਗਰ ਬੁੜਕਿਆ

‘ਵੇ ਤੈਨੂੰ ਕਿਹਾ ਸੀ ਕੁਸ਼ ਲੈ ਲਾ, ਤੂੰ ਕੇਹੜੇ ਮੰਨਿਆ’

‘ਨਾਂ ਦੇਣ ਨੂੰ ਤੇਰੇ ਕੋਲ ਹੈ ਕੀ? ਆਹ ਤੱਕਲੇ ਖੁਰਚਣੇ ਕੀ ਮੈਂ ਢੂਹੇ ਵਿਚ ਲੈਣੇ ਆਂ’

‘ਚੰਗਾ ਤੇਰੀ ਮਰਜੀ ਸਰਦਾਰਾ’ ਕਹਿ ਕੇ ਵਣਜਾਰਨ ਤੁਰਨ ਲੱਗੀ ਤਾਂ ਉਜਾਗਰ ਕਹਿੰਦਾ ‘ਖੜ ਜਾ ਬਿੰਦ’

ਦਾਹੜੀ ਖੁਰਕਦਾ ਕੁਝ ਸੋਚਣ ਲੱਗ ਪਿਆ, ਵਣਜਾਰਨ ਬੂਹੇ ਤੇ ਹੀ ਖਲੋ ਗਈ। ਖੌਰੇ ਕੀ ਸੋਚ ਕੇ ਉਜਾਗਰ ਨੂੰ ਤਰਸ ਜਿਹਾ ਆ ਗਿਆ, ਓਹਨੇ ਵਣਜਾਰਨ ਨੂੰ ਅੰਦਰ ਸੱਦ ਲਿਆ।

‘ਆਜਾ ਚਾਹ ਪੀ ਲੈ, ਨਾਲੇ ਆਏਂ ਕਰ, ਜੇ ਤੂੜੀ ਲੈ ਕੇ ਜਾਣੀ ਹੁੰਦੀ ਆ ਤਾਂ ਕੰਮ ਕਰਵਾ ਕੇ ਜਾਇਆ ਕਰ’

ਵਣਜਾਰਨ ਨੇ ਅਗਾਂਹ ਹੋ ਕੇ ਦਰਵਾਜੇ ਵਿਚ ਆਪਣੀ ਕੁੱਛੜ ਚੁੱਕਿਆ ਸਮਾਨ ਇੱਕ ਪਾਸੇ ਰੱਖ ਦਿੱਤਾ।

‘ਦੱਸ ਵੇ ਸਰਦਾਰਾ ਕੀ ਕੰਮ ਕਰਨਾ’

‘ਕਰਨਾ ਕੀ ਆ? ਅਹੁ ਪਈ ਟੋਕਰੀ ਤੇ ਤੂੜੀ ਪਾ ਦੇ, ਅਹੁ ਦਾਣਾ ਬੱਠਲ ਵਿਚ ਪਿਆ ਭਿੱਜਿਆ, ਰਲਾ ਦੇ ਚੱਕ ਕੇ... ਪਹਿਲਾਂ ਚਾਹ ਪੀ ਲੈ ਆਜਾ’

ਕਹਿ ਕੇ ਓਹਨੇ ਬਾਟੀ ਚੱਕ ਕੇ ਵਣਜਾਰਨ ਵੱਲ ਵਧਾ ਦਿੱਤੀ।

ਬਾਟੀ ਫੜ ਕੇ ਵਣਜਾਰਨ ਕੰਧ ਨਾਲ ਢੋਹ ਲਾ ਕੇ ਭੁੰਜੇ ਹੀ ਬੈਠ ਗਈ। ਓਹਨੇ ਵੇਹੜੇ ’ਚ ਨਜਰ ਮਾਰੀ, ਉਦਾਸ ਵੇਹੜਾ ਤੇ ਓਥੇ ਉੱਗੇ ਨਿੱਕੇ ਨਿੱਕੇ ਘਾਹ ਦੇ ਵਿਰਲੇ ਡੱਕੇ, ਥਾਂ ਥਾਂ ਤੋਂ ਉਖੜੇ ਕੰਧਾਂ ਦੇ ਖਲੇਪੜ ਇਸ ਗੱਲ ਦੀ ਗਵਾਹੀ ਭਰਦੇ ਸਨ ਕਿ ਉਜਾਗਰ ਦੇ ਇਸ ਵੇਹੜੇ ਨੂੰ ਕਿਸੇ ‘ਕਰਮਾਂ ਵਾਲੀ’ ਦੇ ਝਾਂਜਰਾਂ ਵਾਲੇ ਪੈਰ ਨਸੀਬ ਨਹੀਂ ਹੋਏ।

ਓਹਨੇ ਗੱਲ ਤੋਰੀ -‘ਹੈਂ ਵੇ ਸਰਦਾਰਾ! ਸੱਚੀਓਂ ਹੋਰ ਜੀਅ ਹੈਨੀ ਕੇ ਏਥੇ ਤੇਰੇ ਨਾਲ’?

‘ਹੈਗਾ ਆ, ਹੈ ਕਿਉਂ ਨੀ? ਤਿੰਨ ਆਂ ਸੁੱਖ ਨਾਲ ਅਸੀਂ’

‘ਹੋਰ ਕੌਣ ਏ? ਦਿਸਦਾ ਤੇ ਹੈ ਨਈਂ’

‘ਦਿਸਦਾ ਕਿਉਂ ਨੀ? ਇੱਕ ਮੈਂ ਤੇ ਦੂਜੀ ਅਹੁ ਖੜੀ ਮੇਰੀ ਮੱਝ ਤੇ ਤੀਜਾ ਓਹਦਾ ਕੱਟਾ, ਹਾ ਹਾ ਹਾ ਹਾ ਹਾ’

ਓਹਦੇ ਇਸ ਠਹਾਕੇ ਨਾਲ ਵਣਜਾਰਨ ਦੇ ਮੂਹੋਂ ਵੀ ਹਾਸੇ ਦੀ ਫੁਹਾਰ ਛੁੱਟ ਪਈ, ਮੱਥੇ ਤੇ ਹੱਥ ਰੱਖ ਕਿੰਨਾ ਚਿਰ ਹੱਸਦੀ ਰਹੀ, ਸੋਨੇ ਦੇ ਪੋਪਲੇ ਚੜੇ ਦੰਦਾਂ ਦੇ ਸੋਹਣੇ ਹਾਸੇ ਨੇ ਉਜਾਗਰ ਨੂੰ ਜਿਵੇਂ ਸੁੰਨ ਕਰ ਦਿੱਤਾ। ਉਹ ਮੂੰਹ ਅੱਡੀ ਵਣਜਾਰਨ ਦੇ ਹਾਸੇ ਵਿਚ ਕਿਧਰੇ ਖੋ ਗਿਆ।

‘ਜਾਹ ਵੇ ਸਰਦਾਰਾ! ਮੈਂ ਤੇ ਪੁੱਛਦੀ ਸੀ ਕੋਈ ਹੋਰ ਜੀਅ ਕਿਉਂ ਨੀ ਦਿਖਦਾ’

ਉਜਾਗਰ ਜਿਵੇਂ ਨੀਂਦ ਤੋਂ ਜਾਗਿਆ ਹੋਵੇ..‘ਹੈਂਅ’? ‘ਇਹ ਵੀ ਤਾਂ ਜੀਅ ਹੀ ਆ ਘਰ ਦੇ’ ਵਣਜਾਰਨ ਚਾਹ ਪੀ ਕੇ ਬਾਟੀ ਮਾਂਜਣ ਲੱਗ ਗਈ, ਉਜਾਗਰ ਨੇ ਵੀ ਚਾਹ ਮੁਕਾ ਕੇ ਬਾਟੀ ਰੱਖ ਦਿੱਤੀ।

‘ਉਰੇ ਈ ਫੜਾ ਦੇ...ਮਾਂਜ ਦੇਨੀ ਆਂ ਮੈਂ’ ਕਹਿ ਕੇ ਆਪਣਾ ਹੱਥ ਉਜਾਗਰ ਵੱਲ ਵਧਾ ਦਿੱਤਾ।

ਬਾਟੀ ਓਹਨੂੰ ਫੜਾ ਕੇ ਉਜਾਗਰ ਦਰਵਾਜੇ ਵਿਚ ਮੰਜੀ ਤੇ ਸਰਾਲ ਵਾਂਗ ਜਾ ਲਿਟਿਆ। ਵਣਜਾਰਨ ਟੋਕਰੀ ਚੱਕ ਕੇ ਤੂੜੀ ਪਾਉਣ ਲੱਗ ਪਈ।

ਮੰਜੀ ਤੇ ਲਿਟਿਆ ਪਿਆ ਉਜਾਗਰ ਵੇਹੜੇ ਵਿਚ ਤੁਰੀ ਫਿਰਦੀ ਲਗਰ ਵਰਗੀ ਵਣਜਾਰਨ ਨੂੰ ਦੇਖਦਾ ਦੇਖਦਾ ਖਿਆਲਾਂ ਦੇ ਦਰਿਆ ਵਿਚ ਵਹਿ ਤੁਰਿਆ।

‘ਓ ਸੱਚੇ ਪਾਸ਼ਾਹ! ਭਲਾਂ ਮੈਂ ਕੀ ਤੇਰੇ ਮਾਂਹ ਮਾਰੇ ਸੀ? ਲੱਤੋਂ ਆਹਰੀ ਨਾ ਰੱਖਦਾ ਤਾਂ ਖੌਰੇ ਏਸ ਘਰ ਨੂੰ ਵੀ ਰੰਗ ਭਾਗ ਲੱਗ ਹੀ ਜਾਂਦੇ’

ਵੇਹੜੇ ਵਿਚ ਫਿਰਦੀ ਲੰਮ-ਸਲੰਮੀਂ ਵਣਜਾਰਨ ਵਿੱਚੋਂ ਓਹਨੂੰ ਇਸ ਘਰ ਦੀ ਮਾਲਕਣ ਦੇ ਭੁਲੇਖੇ ਪਏ ਪੈਣ, ਖਿਆਲਾਂ



ਵਿਚ ਵਹਿੰਦਾ-ਵਹਿੰਦਾ ਉਹ ਦੂਰ ਨਿਕਲ ਗਿਆ।

‘ਵੇ ਸਰਦਾਰਾ! ਪੱਠੇ ਪਾ ਤੇ, ਆਹ ਦੇਖਲਾ ਅੱਧੀ ਟੋਕਰੀ ਈ ਲੈਤੀ ਆ’

ਉਜਾਗਰ ਬੁੜਕ ਕੇ ਉੱਠਿਆ, ਸਾਹਮਣੇ ਵਣਜਾਰਨ ਚਾਦਰ ਖੋਹਲ ਕੇ ਖੜੀ ਸੀ।

‘ਚੰਗਾ ਜਾਹ, ਕੱਲ ਨੂੰ ਆ ਜੀਂ ਆਪੇ ਟੈਮ ਨਾਲ’

ਕਹਿ ਕੇ ਓਹ ਫੇਰ ਤੋਂ ਲਿਟ ਗਿਆ ਤੇ ਵਣਜਾਰਨ ਚੁਪਚਾਪ ਤੁਰ ਗਈ।

ਅਗਲੇ ਦਿਨ ਉਹ ਆਈ, ਉਜਾਗਰ ਚਾਹ ਬਣਾਈ ਬੈਠਾ ਸੀ। ਦੋਹਾਂ ਨੇ ਚਾਹ ਪੀਤੀ, ਨਿੱਕੀਆਂ ਨਿੱਕੀਆਂ ਗੱਲਾਂ ਕੀਤੀਆਂ ਤੇ ਆਖਿਰ ਵਣਜਾਰਨ ਉੱਠਕੇ ਤੂੜੀ ਰਲਾਉਣ ਲੱਗ ਗਈ ਤੇ ਉਹ ਕੱਲ ਵਾਂਗ ਦਰਵਾਜੇ ਡੱਠੀ ਮੰਜੀ ਤੇ ਲਿਟ ਗਿਆ। ਜਾਣ ਲੱਗੀ ਨੇ ਤੂੜੀ ਆਲੀ ਚਾਦਰ ਖੋਹਲ ਕੇ ਓਹੀ ਗੱਲ ਕਹੀ ‘ਲੈ ਸਰਦਾਰਾ ਦੇਖਲਾ ਭਲਾਂ...ਅੱਧੀ ਟੋਕਰੀ ਈ ਲੈਤੀ ਆ’

‘ਓ ਤੂੰ ਰਹਿਣ ਦਿਆ ਕਰ ਦੱਸਣ ਨੂੰ..ਲੈਜਾਇਆ ਕਰ ਚੁੱਪ ਕਰਕੇ...ਨਾਲੇ ਗੱਲ ਸੁਣ, ਭਲਾਂ ਕੀ ਨਾਓਂ ਆ ਤੇਰਾ’?

‘ਮੇਰਾ ਨਾਓਂ ਤਾਂ ਭਾਗਾਂ ਹੈਗਾ ਸਰਦਾਰਾ, ਪਰ ਭਾਗ ਖੋਟੇ ਆ’

‘ਅੱਛਾ? ਸੋਹਣਾ ਆ ਨਾਓਂ ਤਾਂ ਤੇਰਾ..ਭਾਗਾਂ..ਪਰ ਭਾਗ ਕਿਵੇਂ ਖੋਟੇ ਹੋਗੇ ਬਈ’.? ਓਹਨੇ ਥੋਡੀ ਖੁਰਕਦੇ ਨੇ ਸਵਾਲ ਕੀਤਾ।

‘ਅਸੀਂ 5 ਭੈਣਾਂ ਆਂ ਸਰਦਾਰਾ...4 ਮੈਥੋਂ ਛੋਟੀਆਂ ਸੀ ਉਹ ਵਿਆਹ ‘ਤੀਆਂ.. ਵੀਰ ਕੋਈ ਦਿੱਤਾ ਨਾ ਰੱਬ ਨੇ..ਮੈਨੂੰ ਮੇਰੀ ਬੇਬੇ ਨੇ ਘਰ ਬਹਾ ਲਿਆ..ਕਹਿੰਦੀ ਇਹ ਨਈ ਵਿਆਹੁਣੀ’।

‘ਅੱਛਾ! ਚੱਲ ਕੋਈ ਨਾ..ਜੋ ਉਤਲੇ ਨੂੰ ਚੰਗਾ ਲੱਗੇ..ਨਾਲੇ ਤੂੰ ਮੈਨੂੰ ਆਹਾ ਸਰਦਾਰਾ ਸਰਦੂਰਾ ਨਾ ਕਿਹਾ ਕਰ...ਨਾਓਂ ਈ ਲੈ ਲਿਆ ਕਰ ਮੇਰਾ’

ਸੁਣਕੇ ਵਣਜਾਰਨ ਨੇ ਨੀਵੀਂ ਪਾ ਲਈ...‘ਕੀ ਨਾਉਂ ਲਿਆ ਕਰਾਂ ਭਲਾਂ ਸਰਦਾਰਾ’?

“ਨਾਉਂ ਤਾਂ ਮੇਰਾ ਉਜਾਗਰ ਸਿਹੁੰ ਆ..ਊਂ ਸਾਰੇ ਜਾਨੀ ਕਹਿੰਦੇ ਆ ਮੈਨੂੰ...ਤੂੰ ਵੀ ਜਾਨੀ ਕਹਿ ਲਿਆ ਕਰ।’

‘ਚੰਗਾ..ਤੇਰੀ ਮਰਜੀ..ਮੈਂ ਚੱਲੀ ਹੁਣ’...ਕਹਿ ਕੇ ਉਸਨੇ ਨਜ਼ਰਾਂ ਉਜਾਗਰ ਦੇ ਚੇਹਰੇ ਤੇ ਗੱਡ ਲਈਆਂ ਜਿਵੇਂ ਜਾਣ ਦੀ ਇਜਾਜ਼ਤ ਮੰਗ ਰਹੀ ਹੋਵੇ।

‘ਚੰਗਾ ਜਾਹ ਹੁਣ, ਟੈਮ ਨਾਲ ਆ ਜੀਂ ਕੱਲ ਨੂੰ’ ਕਹਿ ਕੇ ਓਹ ਫੇਰ ਲਿਟ ਗਿਆ ਤੇ ਭਾਗਾਂ ਹਾਮੀ ਭਰ ਕੇ ਤੁਰ ਗਈ।

ਹੁਣ ਇਹ ਰੋਜ ਦਾ ਹੀ ਸਿਲਸਿਲਾ ਹੋ ਗਿਆ। ਹਫਤਾ ਕੁ ਬੀਤ ਗਿਆ। ਹੁਣ ਉਜਾਗਰ ਨੂੰ ਦਿਨ ਚੜਦੇ ਹੀ ਆਥਣ ਹੋਣ ਦੀ ਕਾਹਲ ਹੋਣ ਲੱਗ ਪੈਂਦੀ, ਹੁਣ ਚਾਹ ਦੀ ਪਤੀਲੀ ਤਾਂ ਪਹਿਲਾਂ ਵਾਂਗ ਓਸੇ ਵੇਲੇ ਹੀ ਚੜਦੀ ਪਰ ਹੁਣ ਚਾਹ ਗੁੜ ਵਾਲੀਆਂ ਪੀਪੀਆਂ ਨੂੰ ਆਥਣ ਵੇਲੇ ਭਾਗਾਂ ਦੇ ਹੱਥ ਨਸੀਬ ਹੋਣ ਲੱਗ ਪਏ।

ਉਹ ਆਉਂਦੀ..ਚਾਹ ਧਰਦੀ, ਚਾਹ ਰਿੱਝਣ ਤੱਕ ਤੂੜੀ ਰਲਾ ਦਿੰਦੀ ਫੇਰ ਦੋਵੇਂ ਕੱਠੇ ਬਹਿ ਕੇ ਚਾਹ ਪੀਂਦੇ।

ਭਾਗਾਂ ਦੀਆਂ ਮਸ਼ਕਰੀਆਂ ਨੇ ਉਜਾਗਰ ਦਾ ਖਲੋਤਾ ਹੋਇਆ ਜਜ਼ਬਾਤਾਂ ਦਾ ਖੂਹ ਮੁੜ ਤੋਂ ਗੇੜ ਦਿੱਤਾ।

ਉਹ ਕਦੇ ਮੰਜੀ ਤੇ ਬਹਿ ਕੇ ਤੁਰੀ ਫਿਰਦੀ ਨੂੰ ਨਿਹਾਰਦਾ ਰਹਿੰਦਾ..ਕਦੇ ਮੱਝ ਵਿਚਦੀ ਕੱਢ ਕੇ ਭਾਗਾਂ ਨੂੰ ਸੁਣਾਉਂਦਾ ‘ਲੈ ਕਰਮਾਂ ਆਲੀਏ ਤੂੰ ਤਾਂ ਮੇਰੇ ਮਰੇ ’ਚ ਸਾਹ ਪਾ ਤੇ ਜਦ ਦੀ ਆਈ ਐਂ’..

ਭਾਗਾਂ ਅੱਗੋਂ ਤੁਰੀ ਫਿਰਦੀ ਟੇਢੀ ਅੱਖ ਨਾਲ ਝਾਕ ਕੇ ਮੁਸ਼ਕੜੀਏ ਹੱਸ ਪੈਂਦੀ ਪਰ ਜਵਾਬ ਨਾ ਦਿੰਦੀ। ਪੱਠਿਆਂ ਤੋਂ ਵੇਹਲੀ ਹੋ ਕੇ ਵੇਹੜਾ ਸੰਭਰ ਦਿੰਦੀ...ਵੇਹੜੇ ਵਿਚ ਲੱਗੇ ਗੱਡਮੇ ਨਲਕੇ ਤੋਂ ਪਾਣੀ ਦੇ ਤੌੜੇ ਭਰ ਕੇ ਰੱਖ ਦਿੰਦੀ.. ਇੱਕ ਦਿਨ ਓਹਨੇ ਵੇਹੜੇ ਦੀ ਨੁਕਰੇ ਗੁਲਾਬੀ ਫੁੱਲਾਂ ਵਾਲੀ ਬੂਟੀ ਲਿਆ ਕੇ ਲਾ ਦਿੱਤੀ...ਪਤਾ ਨਹੀਂ ਕਿਧਰੋਂ ਲੱਭ ਕੇ ਲਿਆਈ।

ਜਿਵੇਂ ਸਿਆਣੇ ਕਹਿੰਦੇ ਹੁੰਦੇ ਆ ਕੇ ਰੱਬ ਨੇ ਔਰਤ ਜਾਤ ਨੂੰ ਇਹ ਕਲਾ ਬਖਸ਼ੀ ਏ ਕਿ ਜੇ ਇਹ ਚਾਹਵੇ ਤਾਂ ਮੁਰਦੇ ਦੇ ਪ੍ਰਾਣ ਮੋੜ ਲਿਆਵੇ ਤੇ ਇਹ ਕਹਾਵਤ ਏਥੇ ਬਿਲਕੁਲ ਫਿੱਟ ਬੈਠੀ...ਉਜਾਗਰ ਦਾ ਓਹੀ ਉੱਜੜ ਗਿਆ ਵੇਹੜਾ ਭਾਗਾਂ ਦੀ ਘੰਟੇ ਕੁ ਦੀ ਹਾਜ਼ਰੀ ਨਾਲ ਹੀ ਮਹਿਕਣ ਲੱਗ ਗਿਆ।

ਤੇ ਦੂਜੇ ਪਾਸੇ ਗਲੀ-ਗਵਾਂਢ ਗੱਲਾਂ ਵੀ ਚੱਲ ਪਈਆਂ.. ਬੁੜੀਆਂ ਸਿਰ ਜੋੜ ਜੋੜ ਬਹਿਣ...‘ਲੈ ਕੁੜੇ! ਨਪੁੱਤਾ ਗੱਡੀਆਂ ਆਲੀ ਰੱਖੀ ਬੈਠਾ’...‘ਇਹਦਾ ਕੁਜਾਤ ਦਾ ਕੀ ਪਤੈ ‘ਗੂਠਾ ਲਬਾ ਕੇ ਸਾਰਾ ਕੁਸ ਲੈਜੇ’..

ਕੋਈ ਕਹੇ ‘ਮਾਂ ਵਿਲਕਦੀ ਮਰਗੀ..ਇਹਨੂੰ ਛਰਮ ਹਯਾ ਹੈਣੀ ਬੀ ਚਗਲਾ ਜੇ ਆਹੀ ਕੁਸ ਕਰਨਾ ਸੀ ਓਹਦੇ ਜਿਉਂਦੀ ਤੋਂ ਕਰ ਲੈਂਦਾ..ਉਹ ਤਾਂ ਬਚਾਰੀ ਸੁਰਖਰੂ ਹੋ ਕੇ ਮਰਦੀ’

ਜਿੰਨੇ ਮੂੰਹ ਓਨੀਆਂ ਗੱਲਾਂ ਪਰ ਉਜਾਗਰ ਇਹ ਸਭ ਕਾਸੇ ਤੋਂ ਬੇਖਬਰ ਆਪਣੀ ਹੀ ਦੁਨੀਆਂ ਵਿਚ ਮਸਤ ਸੀ।

**(ਬਾਕੀ ਅਗਲੀ ਕਿਸ਼ਤ ’ਚ)....**

# ਕਮਾਲ ਦੀ ਸੀ ਜਸਦੇਵ ਸਿੰਘ ਦੀ ਹਾਕੀ ਕੁਮੈਂਟਰੀ

**ਪ੍ਰੋਫੈਸਰ ਪਰਮਜੀਤ ਸਿੰਘ**

1948 ’ਚ ਮਹਾਤਮਾ ਗਾਂਧੀ ਦੇ ਦਾਹ ਸੰਸਕਾਰ ਦੀ ਅੰਤਿਮ ਯਾਤਰਾ ਦੇ ਸਮੇਂ ਵਿਸ਼ਵ ਪ੍ਰਸਿੱਧ ਅੰਗਰੇਜ਼ੀ ਕੁਮੈਂਟੇਟਰ ਮੈਲਵਿਲ ਡਿਮੇਲੋ ਦੀ ਕੁਮੈਂਟਰੀ ਨੂੰ ਸੁਣ ਕੇ ਰਾਜਸਥਾਨ ਦੇ ਜ਼ਿਲੇ ਮਾਧੋਪੁਰ ਦੇ ਪਿੰਡ ਬੋਲੀ ਦਾ ਇਕ ਬੀ.ਏ. ਭਾਗ ਪਹਿਲਾ ਦਾ ਵਿਦਿਆਰਥੀ ਏਨਾ ਭਾਵੁਕ ਹੋਇਆ, ਉਹ ਛੇਤੀ ਨਾਲ ਕੋਲ ਬੈਠੀ ਆਪਣੀ ਮਾਂ ਨੂੰ ਕਹਿਣ ਲੱਗਾ, ‘ਮਾਂ ਮੈਂ ਦੁਨੀਆ ਦਾ ਇਕ ਵੱਡਾ ਹਿੰਦੀ ਦਾ ਕੁਮੈਂਟੇਟਰ ਬਣਾਂਗਾ।’ ਮਾਂ ਨੇ ਨੌਨਿਹਾਲ ਦੇ ਮੋਢੇ ਨੂੰ ਪਿਆਰ ਨਾਲ ਪਲੋਸਦਿਆਂ ਕਿਹਾ, ‘ਤੇਰੇ ਕੋਲੋਂ ਇਹ ਨਹੀਂ ਹੋਵੇਗਾ। ਨਹੀਂ ਮਾਂ, ਕਹਿ ਦਿੱਤਾ ਤਾਂ ਕਹਿ ਦਿੱਤਾ।’ ਇਹ ਪ੍ਰਤਿੱਗਿਆ, ਇਹ ਵਚਨਬੱਧਤਾ ਸੀ ਉਸ ਜਸਦੇਵ ਸਿੰਘ ਦੀ, ਜਿਸ ਨੂੰ ਅਸੀਂ ਦੁਨੀਆ ਦਾ ਸਭ ਤੋਂ ਬਹੁਚਰਚਿਤ ਹਿੰਦੀ ਖੇਡ ਕੁਮੈਂਟੇਟਰ ਮੰਨਦੇ ਹਾਂ। ਉਨਾਂ ਨੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਖੇਡ ਕੁਮੈਂਟਰੀ ਡੈਸਕ ‘ਤੇ ਆਪਣੀ ਸੁਰੀਲੀ, ਆਕਰਸ਼ਕ ਆਵਾਜ਼ ਨਾਲ ਖੇਡ ਕੁਮੈਂਟੇਟਰੀ ਵਿਚ ਸਨਸਨੀ ਫੈਲਾਈ। ਹਾਕੀ ਕੁਮੈਂਟਰੀ ਕਰਨ ਵਿਚ ਅਜੇ ਤੱਕ ਕੋਈ ਉਨਾਂ ਦਾ ਸਾਨੀ ਨਹੀਂ। ਭਾਰਤੀ ਹਾਕੀ ਦੇ ਸੁਨਹਿਰੀ ਕਾਲ ਦੀ ਸਭ ਤੋਂ ਵੱਡੀ ਖੁਸ਼ਕਿਸਮਤੀ ਇਹ ਸੀ ਕਿ ਉਸ ਵੇਲੇ ਦੇ ਭਾਰਤੀ ਹਾਕੀ ਖਿਡਾਰੀਆਂ ਨੂੰ ਅਵਾਮ ’ਚ ਹਰਮਨ-ਪਿਆਰੇ ਕਰਨ ਲਈ ਸ. ਜਸਦੇਵ ਸਿੰਘ ਦੀ ਆਵਾਜ਼ ਮਿਲੀ। ਲੋਕ ਵਿਸ਼ਵ ਕੱਪ ਹਾਕੀ, ਉਲੰਪਿਕ ਹਾਕੀ ਦੇ ਟੂਰਨਾਮੈਂਟ ਦੀ ਰੇਡੀਓ ਕੁਮੈਂਟਰੀ ਸੁਣਨ ਲਈ ਸਾਰੇ ਰੁਝੇਵੇਂ ਛੱਡ ਕੇ ਘਰਾਂ, ਗਲੀਆਂ, ਬਾਜ਼ਾਰਾਂ, ਦਫ਼ਤਰਾਂ ’ਚ ਇਕ ਰੇਡੀਓ ਦੇ ਆਲੇ-ਦੁਆਲੇ ਵੱਡੇ ਹਜ਼ੂਮ ਵਿਚ ਇਕੱਠੇ ਹੋ ਜਾਂਦੇ। ਦਹਾਕਿਆਂ ਤੱਕ, ਇਹ 1964 ਤੋਂ ਲੈ ਕੇ 2000 ਤੱਕ ਇਹੋ ਜਿਹਾ ਹਾਕੀ ਮੁਹੱਬਤੀ ਮੰਜ਼ਰ ਵੇਖਣ ਨੂੰ ਮਿਲਦਾ ਰਿਹਾ। ਭਾਰਤੀ ਟੀਮ ਦੇ ਮੈਦਾਨ ਵਿਚ ਉਤਰਨ ਦਾ ਸੀਨ, ਖੇਡ ਆਰੰਭ ਹੋਣ ਦੀ ਜਾਣਕਾਰੀ, ਟੀਮ ਦੇ ਖਿਡਾਰੀਆਂ ਦੀ ਸਰੀਰਕ ਭਾਸ਼ਾ, ਪੈਨਲਟੀ ਕਾਰਨਰ ਮਿਲਣ ਵੇਲੇ, ਕਿਸੀ ਖਿਡਾਰੀ ਵਲੋਂ ਚੰਗੀ ਡਰਿਬਲਿੰਗ, ਡਾਜਿੰਗ ਦਾ ਪ੍ਰਦਰਸ਼ਨ ਗੇਂਦ ਕੰਟਰੋਲ, ਚੰਗਾ ਪਾਸਿੰਗ ਸਿਸਟਮ ਅਤੇ ਭਾਰਤ ਵਲੋਂ ਗੋਲ ਕਰਨ ਅਤੇ ਭਾਰਤੀ ਟੀਮ ਵਿਰੁੱਧ ਗੋਲ ਹੋਣ ਦੀ ਸਾਰੀ ਕਹਾਣੀ ਨੂੰ ਜਸਦੇਵ ਸਿੰਘ ਆਪਣੀ ਸੁਰੀਲੀ ਆਵਾਜ਼ ਨਾਲ ਜਿਵੇਂ ਬਿਆਨਦੇ ਉਹ ਸਭ ਲਾਜਵਾਬ ਸੀ। ਭਾਰਤੀ ਟੀਮ ਦੇ ਜਿੱਤ ਦੇ ਜਸ਼ਨ ਜਾਂ ਹਾਰ ਦੇ ਗ਼ਮ ਵੇਲੇ ਉਹ ਖੇਡ



ਸਰੋਤਿਆਂ ਨੂੰ ਏਨਾ ਭਾਵੁਕ ਕਰ ਦਿੰਦੇ ਸਨ ਕਿ ਕਈ ਆਪਣੀਆਂ ਅੱਖਾਂ ਨੂੰ ਨਮ ਹੋਣ ਤੋਂ ਨਹੀਂ ਸਨ ਰੋਕ ਸਕਦੇ, ਰੇਡੀਓ ਦੁਆਲੇ ਖੜੇ ਹੀ ਝੂਮ ਵੀ ਉਠਦੇ ਸਨ, ਬੇਕਾਬੂ ਵੀ ਹੋ ਜਾਂਦੇ ਸਨ।

18 ਮਈ 1931 ਨੂੰ ਜਨਮੇ, 1985 ਵਿਚ ਪਦਮਸ੍ਰੀ ਉਲੰਪਿਕ ਆਰਡਰ ਨਾਲ ਨਿਵਾਜੇ ਜਾ ਚੁੱਕੇ, ਉਰਦੂ ਦੇ ਵਿਦਿਆਰਥੀ ਪਰ ਹਿੰਦੀ ਕੁਮੈਂਟਰੀ ਦੇ ਤਹਿਲਕਾ ਮਚਾਉਣ ਵਾਲੇ ਅਤੇ ਇੰਜੀਨੀਅਰਿੰਗ ਪਰਿਵਾਰ ਨਾਲ ਸਬੰਧਤ ਅਤੇ 1960 ਤੋਂ ਕੁਮੈਂਟਰੀ ਦੀ ਸ਼ੁਰੂਆਤ ਕਰਨ ਵਾਲੇ ਅਤੇ ਬਿਨਾਂ ਕੋਈ ਸਕ੍ਰਿਪਟ ਬਣਾਏ, ਸਫਲ ਕੁਮੈਂਟਰੀ ਕਰਨ ਵਾਲੇ ਜਸਦੇਵ ਸਿੰਘ ਦਾ ਕੁਮੈਂਟਰੀ ਬਾਰੇ ਵਿਚਾਰ ਹੈ ਕਿ ਕੁਮੈਂਟੇਟਰ ਆਪਣੇ ਸ਼ਬਦਾਂ ਰਾਹੀਂ ਤਮਾਮ ਦ੍ਰਿਸ਼ ਦੀ ਜਾਣਕਾਰੀ ਤਾਂ ਦੇਵੇ ਪਰ ਜੋ ਕੁਝ ਰੇਡੀਓ ਜਾਂ ਟੀ.ਵੀ. ਰਾਹੀਂ ਪਾਠਕ ਇਸ ਤੋਂ ਇਲਾਵਾ ਹੋਰ ਵੀ ਸੁਣ ਸਕਦਾ ਹੈ, ਉਹ ਵੀ ਸੁਣਨ ਦੇਵੇ। ਉਨਾਂ ਦਾ ਕਹਿਣਾ ਹੈ ਕਿ ਖੇਡ ਜਗਤ ਦੀ ਕੁਮੈਂਟਰੀ ਨੇ ਉਨਾਂ ਨੂੰ ਕਿ ਵਿਸ਼ੇਸ਼ ਪਛਾਣ ਦਿੱਤੀ। ਅੱਠ ਵਿਸ਼ਵ ਕੱਪ ਹਾਕੀ, 9 ਉਲੰਪਿਕ ਹਾਕੀ ਟੂਰਨਾਮੈਂਟ, 6 ਏਸ਼ੀਅਨ ਖੇਡਾਂ, ਦੇਸ਼-ਵਿਦੇਸ਼ ‘ਚ ਅਨੇਕਾਂ ਹਾਕੀ ਟੂਰਨਾਮੈਂਟਾਂ ਦੀ ਕੁਮੈਂਟਰੀ ਕੀਤੀ।

**ਬਾਕੀ ਸਫ਼ਾ 30 ’ਤੇ**

# ਸੋਸ਼ਲ ਮੀਡੀਆ-ਸ਼ਹਿਦ ਜਾਂ ਜਹਿਰ



**ਅਸ਼ੋਕ ਸੋਨੀ, ਕਾਲਮ ਨਵੀਸ**
੯੮੭੨੭੦੫੦੭੮

ਸੋਸ਼ਲ ਮੀਡੀਆ, ਥੋੜੇ ਸਮੇਂ ਵਿਚ ਹੀ ਭਾਰਤ ਵਰਗੇ ਪਿਛੜੇ ਦੇਸ਼ 'ਚ ਤੂਫਾਨ ਦੀ ਗਤੀ ਨਾਲ ਆਈ, ਇੰਟਰਨੈੱਟ ਕ੍ਰਾਂਤੀ ਰਾਹੀਂ, ਇੰਨਾ ਤਾਕਤਵਰ ਹੋ ਗਿਆ ਹੈ ਕਿ ਚੰਗੇ ਭਲੇ ਵਿਕਸਿਤ ਮੁਲਕਾਂ ਨੂੰ ਹੈਰਾਨ ਕਰ ਦਿੱਤਾ ਹੈ। ਪਹੁੰਚ ਦੇਖੋ, ਅੱਜ ਕੱਲ ਮੰਤਰੀਆਂ, ਪਾਰਟੀ ਪ੍ਰਧਾਨਾਂ ਦੇ ਅਸਤੀਫੇ ਤੋਂ ਲੈ ਕੇ, ਪਿੰਡ ਵਿਚ ਟੂਟੀ ਕਿੰਨੇ ਵਜੇ ਆਉਣੀ ਹੈ, ਸੋਸ਼ਲ ਮੀਡੀਆ ਹੀ ਦੱਸ ਰਿਹਾ ਹੈ। ਸੋਸ਼ਲ ਮੀਡੀਆ ਨੇ, ਇਸ ਵਿਸ਼ਾਲ ਦੁਨੀਆ ਨੂੰ ਛੋਟਾ ਬਣਾ ਕੇ, ਹਰੇਕ ਦੀ ਪਹੁੰਚ ਵਿਚ ਲੈ ਆਂਦਾ ਹੈ। ਮੀਡੀਆ ਤੇ ਆਮ ਹੀ, ਜਿੱਥੇ ਕਿਸੇ ਖਾਸ ਰਾਜਨੀਤਕ ਜਾਂ ਧਾਰਮਿਕ ਪੱਖ ਵੱਲ ਝੁਕਾਅ ਦੇ ਆਰੋਪ ਲੱਗਦੇ ਰਹਿੰਦੇ ਹਨ, ਉੱਥੇ ਹੀ ਖਬਰਾਂ ਦੇ ਖੇਤਰ ਵਿੱਚ, ਅੱਜ ਸੋਸ਼ਲ ਮੀਡੀਆ ਸਭ ਤੋਂ ਤਾਕਤਵਰ ਹਥਿਆਰ ਬਣ ਚੁੱਕਾ ਹੈ। ਸਿੱਖਿਆ, ਵਿਚਾਰ, ਸੂਚਨਾ, ਜਾਣਕਾਰੀਆਂ ਤੇ ਸਾਹਿਤ ਦਾ ਪ੍ਰਚਾਰ ਪ੍ਰਸਾਰ, ਸੋਸ਼ਲ ਮੀਡੀਆ ਰਾਹੀਂ, ਜਿਸ ਤੇਜੀ ਨਾਲ ਹਰੇਕ ਤੱਕ ਪੁੱਜਾ ਹੈ, ਉਹ ਅਦਭੁੱਤ ਹੈ। ਸੋਸ਼ਲ ਮੀਡੀਆ ਸਿਰਫ ਮਨੋਰੰਜਨ ਦਾ ਹੀ ਨਹੀਂ, ਲੱਖਾਂ ਲੋਕਾਂ ਦੇ ਰੁਜ਼ਗਾਰ ਦਾ ਵੀ ਸਾਧਨ ਹੈ। ਲਾਕਡਾਊਨ ਵਿਚ ਪੂਰੀ ਦੁਨੀਆ ਦੇ ਵਿਦਿਆਰਥੀਆਂ ਨੇ ਸੋਸ਼ਲ ਮੀਡੀਆ ਰਾਹੀਂ ਜਿਸ ਤਰਾਂ ਆਪਣੀ ਪੜਾਈ ਜਾਰੀ ਰੱਖੀ, ਬਾਕਮਾਲ ਸੀ।

ਭ੍ਰਿਸ਼ਟਾਚਾਰ ਨੂੰ ਠੱਲ ਪਾਉਣ ਤੇ ਧੱਕੇਸ਼ਾਹੀ ਵਿਰੁੱਧ ਲੋਕ ਲਹਿਰ ਬਣਾਉਣ ਵਿਚ ਸੋਸ਼ਲ ਮੀਡੀਆ ਨੇ ਪ੍ਰਭਾਵਸ਼ਾਲੀ ਭੂਮਿਕਾ ਨਿਭਾਉਂਦਿਆਂ ਵੱਡੇ-ਵੱਡੇ ਮਗਰਮੱਛਾਂ ਨੂੰ ਲਪੇਟੇ ਵਿਚ ਲਿਆ ਹੈ। ਅੱਜ ਸਾਡੇ ਦੇਸ਼ ਵਿਚ ਲਗਭਗ ਹਰੇਕ ਸਰਕਾਰੀ ਤੇ ਪ੍ਰਾਈਵੇਟ ਵਿਭਾਗ ਦਾ ਕੰਮਕਾਜ਼, ਸੋਸ਼ਲ ਮੀਡੀਆ ਦੇ ਬਿਨਾਂ ਚਲਾਉਣਾ ਸੰਭਵ ਹੀ ਨਹੀਂ ਹੈ। ਤੁਸੀਂ ਹੈਰਾਨ ਹੋ ਜਾਵੋਗੇ ਕਿ ਸ਼ੁਰੂਆਤ ਵਿਚ ਜਿੰਨਾ ਫੇਸਬੁੱਕ ਤੇ ਵਟਸਐਪ ਵਰਗੇ ਸੋਸ਼ਲ ਮੀਡੀਆ ਪਲੇਟਫਾਰਮਾਂ ਤੇ ਸਰਕਾਰਾਂ ਨੇ ਸਰਕਾਰੀ ਮੁਲਾਜ਼ਮਾਂ ਨੂੰ ਸਰਕਾਰੀ ਘੰਟਿਆਂ ਵਿਚ ਵਰਤਣ ਲਈ ਸਖਤ ਕਾਰਵਾਈਆਂ ਤੱਕ ਕੀਤੀਆਂ ਸਨ, ਅੱਜ ਉਸੇ ਵਟਸਐਪ ਦੇ ਸਰਕਾਰੀ ਗਰੁੱਪਾਂ ਵਿਚ ਸਰਕਾਰੀ ਮੈਸੇਜ ਦਾ ਰਪਲਾਈ ਨਾ ਕਰਨ 'ਤੇ ਕਾਰਵਾਈਆਂ ਹੁੰਦੀਆਂ ਹਨ। ਨਾਲ ਹੀ ਵਿਭਾਗਾਂ ਦੇ ਫੇਸਬੁੱਕ ਪੇਜ਼ਾਂ ਨੂੰ ਲਾਈਕ ਕਰਵਾਉਣ ਹਿੱਤ ਵੱਡੇ ਪੱਧਰ ਤੇ ਮੁਹਿੰਮਾਂ ਚਲਾਈਆਂ ਜਾਂਦੀਆਂ ਹਨ।ਅੱਜ ਸੋਸ਼ਲ ਮੀਡੀਆ ਰਾਹੀਂ ਲੋਕੀਂ ਵੱਡੇ-ਵੱਡੇ ਵਪਾਰ, ਕਾਰੋਬਾਰ ਚਲਾ ਰਹੇ ਹਨ, ਉਥੇ ਹੀ ਇੰਸਟਾਗਰਾਮ ਵਰਗੇ ਪਲੇਟਫਾਰਮ ਤੇ ਨੌਜਵਾਨ ਵਰਗ ਪੇਜਾਂ ਰਾਹੀਂ, ਵਧੀਆ ਪੈਸੇ ਕਮਾ ਰਹੇ ਹਨ। ਸੋਸ਼ਲ ਮੀਡੀਆ 'ਤੇ ਖਾਸਕਰ ਯੂ-ਟਿਊਬ ਰਾਹੀਂ ਅਣਗਿਣਤ ਛੁਪੀਆਂ ਹੋਈਆਂ ਪ੍ਰਤਿਭਾਵਾਂ, ਉਸ ਥਾਂ ਤੱਕ ਅੱਪੜ ਚੁਕੀਆਂ ਹਨ, ਜਿਸ ਦਾ ਉਨਾਂ ਸੁਪਨੇ ਵਿਚ ਵੀ ਅੰਦਾਜ਼ਾ ਨਹੀਂ ਲਗਾਇਆ ਹੋਣਾ।



ਕੀ ਸੋਸ਼ਲ ਮੀਡੀਆ ਰਾਹੀਂ ਅਸੀਂ, ਸਿਰਫ ਪ੍ਰਗਤੀ ਹੀ ਕੀਤੀ ਹੈ, ਜੀ ਨਹੀਂ। ਸਾਡੇ ਦੇਸ਼ ਵਿਚ ਸੋਸ਼ਲ ਮੀਡੀਆ ਨੇ, ਸਭਿਆਚਾਰਕ, ਨੈਤਿਕ ਤੇ ਸਮਾਜਿਕ ਕਦਰਾਂ-ਕੀਮਤਾਂ ਦਾ ਵੱਡੇ ਪੱਧਰ 'ਤੇ ਘਾਣ ਕੀਤਾ ਹੈ। ਦੇਸ਼ ਵਿੱਚ ਅਫਵਾਹਾਂ ਰਾਹੀਂ, ਨਫਰਤ ਫੈਲਾਉਣ ਵਿੱਚ ਸਭ ਤੋਂ ਵੱਡਾ ਰੋਲ ਸੋਸ਼ਲ ਮੀਡੀਆ ਦਾ ਹੀ ਹੈ। ਆਪਣੇ ਸੌੜੇ ਹਿੱਤਾਂ ਲਈ ਦੇਸ਼ ਵਿਰੋਧੀ ਤੇ ਸਮਾਜ ਵਿਰੋਧੀ ਲੋਕ, ਇਸ ਨੂੰ ਹਥਿਆਰ ਦੇ ਰੂਪ ਵਿਚ ਵਰਤਦੇ ਹਨ। ਖੁੰਭਾਂ ਦੀ ਤਰਾਂ ਪੈਦਾ ਹੋਏ ਵੈਬ-ਚੈਨਲ ਤੇ ਅਖੌਤੀ ਕੱਚੇ-ਪਿੱਲੇ ਪੱਤਰਕਾਰਾਂ ਰਾਹੀਂ ਬਿਨਾਂ ਸਿਰ ਪੈਰ ਦੀਆਂ ਝੂਠੀਆਂ ਖਬਰਾਂ ਦੀ ਹਨੇਰੀ, ਸਿਰਫ ਆਪਣਾ ਪ੍ਰੋਪੇਗੰਡਾ ਸੈਟ ਕਰਨ ਜਾਂ ਸਨਸਨੀ ਫੈਲਾ ਕੇ ਲਾਈਕ, ਸ਼ੇਅਰ ਪ੍ਰਾਪਤ ਕਰਨ ਲਈ ਚੱਲ ਰਹੀ ਹੈ। ਜਿਸਨੇ ਮੁਲਕ ਦੀ ਫਿਜ਼ਾ ਵਿਚ ਇਕ ਬੇਭਰੋਸਗੀ ਦੇ ਮਾਹੌਲ ਦੀ ਸਿਰਜਣਾ ਕਰ ਦਿੱਤੀ ਹੈ। ਵਿਡੰਬਨਾ ਇਹ ਹੈ ਕਿ ਅੱਜ, ਸੱਚ ਲੋਕਾਂ ਤੱਕ ਅਪੜਨ ਤੋਂ ਪਹਿਲਾਂ ਹੀ ਝੂਠ ਦੇ ਜਾਲ ਵਿਚ ਫੱਸ ਅਕਸਰ ਦਮ ਤੋੜ ਜਾਂਦਾ ਹੈ।

ਸੋਸ਼ਲ ਮੀਡੀਆ, ਪੋਰਨੋਗਰਾਫੀ 'ਤੇ ਰੋਕ ਲਾਉਣ ਦੀਆਂ ਸਰਕਾਰ ਦੀ ਕੋਸ਼ਿਸ਼ਾਂ ਦੀ ਰਾਹ ਵਿਚ ਵੱਡਾ ਰੋੜਾ ਹੈ। ਸੋਸ਼ਲ ਮੀਡੀਆ 'ਤੇ ਸਾਡੇ ਫੋਨ ਰਾਹੀਂ ਨਿੱਜੀ ਜਾਣਕਾਰੀਆਂ ਚੋਰੀ ਕਰਨ ਦੇ ਵੱਡੇ ਪੱਧਰ ਤੇ ਇਲਜ਼ਾਮ ਲੱਗ ਰਹੇ ਹਨ, ਪਿੱਛੇ ਜਿਹੇ ਸਰਕਾਰ ਨਾਲ ਇਸੇ ਸਬੰਧੀ ਵੱਡਾ ਵਿਵਾਦ ਵੀ, ਲੰਮਾ ਸਮਾਂ ਜਾਰੀ ਰਿਹਾ ਸੀ। ਬਾਕੀ ਪੈਸੇ ਨਾਲ ਖਰੀਦੇ ਝੂਠੇ ਲਾਈਕ-ਵਿਯੂ ਦੇ ਵਿਵਾਦ ਵੀ ਜੱਗ-ਜਾਹਰ ਹੀ ਹਨ। ਅੱਜ ਕੱਲ ਵੱਡੇ ਪੱਧਰ 'ਤੇ ਜਿੱਥੇ, ਸੋਸ਼ਲ ਮੀਡੀਆ ਰਾਹੀ ਸਾਈਬਰ ਠੱਗੀਆਂ ਤੇ ਬਲੈਕਮੇਲਿੰਗ ਕਰਨ ਵਾਲੇ ਗਿਰੋਹ ਵੀ ਸਰਗਰਮ ਹਨ, ਉੱਥੇ ਹੀ ਜਾਅਲੀ ਆਈ ਡੀ ਰਾਹੀਂ ਕਿੰਨੇ ਹੀ ਲੋਕਾਂ ਨੂੰ ਰਗੜਾ ਲੱਗ ਚੁੱਕਾ ਹੈ। ਸੋਸ਼ਲ ਮੀਡੀਆ 'ਤੇ ਫੋਨ ਕਾਲ ਰਿਕਾਰਡ ਦੀ ਪੇਚੀਦਗੀ ਕਾਰਨ, ਅਪਰਾਧਿਕ ਗਤੀਵਿਧੀਆਂ ਨੂੰ ਹੱਲ ਕਰਨ ਵਿਚ ਪੁਲਿਸ ਵੀ ਕਈ ਵਾਰ ਨਾਕਾਮ ਹੋ ਜਾਂਦੀ ਹੈ। ਸੋਸ਼ਲ ਮੀਡੀਆ ਕਾਰਨ, ਹਰ ਕੋਈ ਈਗੋ ਦੀ ਬੀਮਾਰੀ ਤੋਂ ਇਸ ਤਰਾਂ ਗ੍ਰਸਤ ਹੈ ਕਿ ਜੇਕਰ ਕੋਈ ਵੀ ਸਾਥੀ, ਤੁਹਾਡੀ ਗੱਲ ਸੋਸ਼ਲ ਮੀਡੀਆ 'ਤੇ ਕੱਟਦਾ ਹੈ ਤਾਂ ਸਿਰਫ ਆਪਣੇ-ਆਪ ਨੂੰ ਜਿਆਦਾ ਸਿਆਣਾ ਸਾਬਤ ਕਰਨ ਹਿੱਤ ਤੁਸੀਂ, ਬਹਿਸ ਜਿੱਤਣ ਲਈ ਪੂਰੀ ਵਾਹ ਲਾ ਦਿੰਦੇ ਹੋ। ਹਾਲਾਂਕਿ ਬਹਿਸ ਤਾਂ ਤੁਸੀਂ ਭਾਵੇਂ ਜਿੱਤ ਜਾਂਦੇ ਹੋ ਪਰ ਉਸ ਸਾਥੀ ਨੂੰ ਹਮੇਸ਼ਾ ਲਈ ਗਵਾ ਦਿੰਦੇ ਹੋ। ਹਾਲਾਤ ਇਹ ਹਨ ਕਿ ਸੋਸ਼ਲ ਮੀਡੀਆ ਦੇ ਝਗੜੇ, ਅਕਸਰ ਡਾਂਗਾਂ-ਤਲਵਾਰਾਂ, ਥਾਣਿਆਂ ਤੇ ਅਦਾਲਤਾਂ ਤੱਕ ਅੱਪੜ ਜਾਂਦੇ ਹਨ, ਜਿਨਾਂ ਵਿੱਚ ਆਮ ਲੋਕ ਹੀ ਨਹੀਂ, ਬਹੁਤ ਵੱਡੀਆਂ ਹਸਤੀਆਂ ਵੀ ਸ਼ਾਮਲ ਹਨ। ਸਾਡੇ ਵਿੱਚੋਂ ਜਿਆਦਾਤਰ ਲੋਕ, ਸੋਸ਼ਲ ਮੀਡੀਆ ਰੂਪੀ ਨਸ਼ੇ ਦੀ ਲਗਾਤਾਰ, ਹੱਦੋਂ ਵੱਧ ਵਰਤੋਂ ਕਰਕੇ, ਅਮਲੀ ਬਣ ਚੁੱਕੇ ਹਨ। ਹਾਲਾਤ ਇਹ ਹਨ ਕਿ ਅੱਜ ਮੇਰੇ ਵਰਗੇ ਸਿਰੇ ਦੇ ਵਿਹਲੇ ਬੰਦੇ ਵੀ, ਸੋਸ਼ਲ ਮੀਡੀਆ ਰਾਹੀਂ ਇੰਨੇ ਕੁ ਵਿਅਸਤ ਹਨ ਕਿ ਖੇਤ ਪੱਠੇ ਲੈਣ ਜਾਂਦੇ, ਚੱਲਦੇ ਮੋਟਰਸਾਇਕਲਾਂ ਤੇ ਅਸੀਂ ਸਟੇਟਸ ਅਪਡੇਟ ਕਰਦੇ ਰਹਿੰਦੇ ਹਾਂ। ਪਰਿਵਾਰ ਦੇ ਮੈਂਬਰਾਂ ਵਿਚ ਇਸ ਲਤ ਕਾਰਨ ਆਪਸੀ ਦੂਰੀ ਲਗਾਤਾਰ ਵੱਧਦੀ ਹੀ ਜਾ ਰਹੀ ਹੈ।

ਇਸ ਸਾਰੀ ਚਰਚਾ ਤੋਂ ਬਾਅਦ ਕੀ ਆਪਾਂ ਨੂੰ, ਸੋਸ਼ਲ ਮੀਡੀਆ ਦੀ ਵਰਤੋਂ ਬੰਦ ਹੀ ਕਰ ਦੇਣੀ ਚਾਹੀਦੀ ਹੈ, ਜੀ ਨਹੀਂ, ਦੁਨੀਆ ਦੇ ਨਾਲ ਚੱਲਣ ਲਈ, ਇਹ ਇਸ ਸਮੇਂ ਦਾ ਸਭ ਤੋਂ ਮਹੱਤਵਪੂਰਨ ਸਾਧਨ ਹੈ ਪਰ ਇਸ ਖਤਰਨਾਕ ਹਥਿਆਰ ਦੀ ਹੱਦੋਂ ਵੱਧ, ਅਨੈਤਿਕ ਤੇ ਲਾਪ੍ਰਵਾਹੀ ਨਾਲ ਕੀਤੀ ਵਰਤੋਂ, ਬਹੁਤ ਹੀ ਖਤਰਨਾਕ ਸਿੱਧ ਹੋ ਸਕਦੀ ਹੈ। ਇਸ ਸਬੰਧੀ ਜਿੱਥੇ ਸਰਕਾਰ ਨੂੰ ਹੋਰ ਸਖਤ ਕਾਨੂੰਨ ਬਣਾਉਣ ਦੀ ਲੋੜ ਹੈ, ਉਥੇ ਹੀ ਸਾਨੂੰ ਵੀ ਆਪਣੇ ਵਿਵੇਕ ਤੇ ਸਾਵਧਾਨੀ ਨਾਲ, ਇਸ ਅਦੁੱਤੀ ਦਾਤ ਦੀ ਸੁਚੱਜੀ ਵਰਤੋਂ ਕਰਨੀ ਚਾਹੀਦੀ ਹੈ। ਜਿੱਥੇ ਸਿਆਣੇ ਹੱਥਾਂ ਵਿਚ ਆਈ ਸੱਪ ਦੀ ਜ਼ਹਿਰ ਵੀ ਦਵਾਈ ਵਿਚ ਬਦਲ ਜਾਂਦੀ ਹੈ। ਉੱਥੇ ਹੀ ਮੂਰਖ ਸ਼ਹਿਦ ਨਾਲ ਵੀ ਫਾਇਦੇ ਨਹੀਂ ਲੈ ਸਕਦੇ, ਸੋ ਆਓ, ਅੱਜ ਤੋਂ ਹੀ ਸੋਸ਼ਲ ਮੀਡੀਆ ਦੀ ਸੀਮਤ 'ਤੇ ਨਿਯੰਤ੍ਰਿਤ ਵਰਤੋਂ ਦਾ ਪ੍ਰਣ ਲਈਏ।

## ਆਪਣੇ ਆਪ ਨਾਲ ਕੁਝ ਗੱਲਾਂ

ਪੰਜਾਬੀ ਨਾਲ ਜੋ ਰੱਖਦੇ ਪਿਆਰ
ਕੰਨ ਧਰ ਅਰਜ਼, ਸੁਣੋ ਸਰਕਾਰ।
ਲਾਈਨਾਂ ਲਿਖੋ, ਚਾਹੇ ਦੋ ਜਾਂ ਚਾਰ
ਹੋਵਣ ਨਾ ਕੇਵਲ, ਓਹ ਕੰਮ ਸਾਰ।
ਕਿਸ ਥਾਂ ਤੇ ਬਿੰਦੀ ਨੂੰ ਲਾਉਣਾ ਹੈ,
ਕਿਸ ਥਾਂ ਤੋਂ ਇਹਨੂੰ ਹਟਾਉਣਾ ਹੈ।
ਸੱਸੇ ਤੇ ਸ਼ਸ਼ੇ ਦੇ, ਫ਼ਰਕ ਨੂੰ ਜਾਣੋ
ਕਰਕੇ ਕਰ ਕੇ ਦੀ ਰਮਜ਼ ਪਛਾਣੋ।
ਬੋਲਣ ਦੀ ਭਾਸ਼ਾ ਹੋਰ ਹੈ ਹੁੰਦੀ
ਲਿਖਣ ਦੀ ਵੱਖਰੀ, ਤੋਰ ਹੈ ਹੁੰਦੀ।
ਕਾਮਾ ਵੀ ਕਈ ਥਾਂ, ਲਾਉਣਾ ਪੈਂਦਾ
ਅਧਕ ਨੂੰ ਕਿਤੋਂ, ਹਟਾਉਣਾ ਪੈਂਦਾ।
ਖੁੱਲਾ ਉੜਾ ਵੀ, ਕੰਮ ਹੈ ਆਉਂਦਾ
ਕਈ ਥਾਵਾਂ ਤੇ, ਸਾਥ ਨਿਭਾਉਂਦਾ।
ਹੋਰਾਂ ਦੀ ਰਚਨਾ, ਨੂੰ ਪੜਨਾ ਹੈ
ਆਪਣੀ ਗੱਲ ਤੇ ਨਹੀਂ ਅੜਨਾ ਹੈ।
ਨਾ ਅਤੇ ਨਾਂ ਵਿੱਚ, ਫ਼ਰਕ ਬੜਾ ਹੈ
ਕਿਧਰੇ 'ਤੇ' ਕਿਤੇ, 'ਅਤੇ' ਖੜਾ ਹੈ।
ਟਾਈਪ 'ਚ ਗ਼ਲਤੀ, ਕਰ ਲੈਂਦੇ ਹਾਂ
ਜੋ ਦੱਸਦਾ ਉਸ ਦੇ, ਗਲ ਪੈਂਦੇ ਹਾਂ।
ਪੰਜਾਬੀ ਨੂੰ ਭਾਵੇਂ ਮਾਂ, ਕਹਿੰਦੇ ਹਾਂ
ਲਿਖਣ ਵੇਲੇ ਹੀ, ਭੁੱਲ ਬਹਿੰਦੇ ਹਾਂ।
ਗਰੁੱਪਾਂ ਵਿੱਚ ਛਾ, ਜਾਣਾ ਚਾਹੁੰਦੇ
ਸ਼ਬਦ ਨਹੀਂ ਪਰ, ਸਹੀ ਥਾਂ ਲਾਉਂਦੇ।
ਐਡਮਿਨ ਵੀ ਕਿੰਨੇ, ਠੀਕ ਕਰਨਗੇ
ਕਿੰਨਾਂ ਚਿਰ ਗਲਤੀ, ਓਹ ਜਰਨਗੇ।
ਨੰਨੇ ਦੀ ਥਾਂ ਣਾਣਾ, ਮੈਂ ਲਾਉਂਦਾ ਹਾਂ
ਕੱਢਣੋ ਨੁਕਸ ਨਾ, ਸ਼ਰਮਾਉਂਦਾ ਹਾਂ।
ਭੇਜਣ ਤੋਂ ਪਹਿਲਾਂ, ਬੋਲ ਕੇ ਵੇਖੋ
ਲਫ਼ਜ਼ਾਂ ਨੂੰ ਜ਼ਰਾ, ਟਟੋਲ ਕੇ ਵੇਖੋ।
ਥੋੜੀ ਵਿੱਚ ਜੇ, ਚੋਕਰ ਰਹਿ ਜਾਵੇ
ਓਹ ਭੇਜਣ ਦੀ ਨਾ, ਕਾਹਲੀ ਪਾਵੇ।
ਇੱਕ-ਦੋ ਛਾਣੇ, ਓਹ ਹੋਰ ਲਗਾਵੇ
ਰਚਨਾ ਮਹਿਕੇ, ਖੁਦ ਨੂੰ ਚਮਕਾਵੇ।
ਤਾਂ ਹੀ ਫਿਰ 'ਇੰਦਰ' ਗੱਲ ਬਣੇਗੀ
ਪੰਜਾਬੀ ਜਦ ਲੇਖਕ ਹੋਰ ਜਣੇਗੀ।

**ਇੰਦਰ ਪਾਲ ਸਿੰਘ**
੯੭੭੯੫੯੮੪੨੩੫

# ਕੰਜ਼ਿਊਮਰਿਜ਼ਮ ਅਤੇ ਵਾਤਾਵਰਨ ਦਾ ਨੁਕਸਾਨ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**ਸੁਖਵੰਤ ਹੁੰਦਲ**

ਕੰਜ਼ਿਊਮਰਿਜ਼ਮ ਕਾਰਨ ਵਾਤਾਵਰਨ ਨੂੰ ਹੋਣ ਵਾਲੇ ਨੁਕਸਾਨ ਦੇ ਸਬੰਧ ਵਿੱਚ ਨੋਟ ਕਰਨ ਵਾਲੀ ਅਗਲੀ ਗੱਲ ਇਹ ਹੈ ਕਿ ਕੰਜ਼ਿਊਮਰ ਵਸਤਾਂ ਦੇ ਉਤਪਾਦਨ, ਵਿਕਰੀ ਅਤੇ ਖਪਤ ਦੌਰਾਨ ਬਹੁਤ ਸਾਰਾ ਕੂੜਾ ਕਰਕਟ ਪੈਦਾ ਹੁੰਦਾ ਹੈ। ਕਈ ਵਿਦਵਾਨਾਂ ਅਨੁਸਾਰ ਕੂੜਾ-ਕਰਕਟ ਅਤੇ ਤਬਾਹੀ ਕੰਜ਼ਿਊਮਰ ਸੁਸਾਇਟੀ ਦੇ ਜ਼ਰੂਰੀ ਹਿੱਸੇ ਹਨ। ਸ਼ਾਇਦ ਇਸ ਹੀ ਕਰਕੇ ਪਿਛਲੇ 30 ਸਾਲਾਂ ਦੌਰਾਨ ਅਮਰੀਕਾ ਵਿੱਚ ਕੂੜੇ ਦਾ ਉਤਪਾਦਨ ਦੁੱਗਣਾ ਹੋ ਗਿਆ ਹੈ ਅਤੇ ਅਮਰੀਕਾ ਵਿੱਚ 80 ਫੀਸਦੀ ਵਸਤਾਂ ਸਿਰਫ ਇਕ ਵਾਰ ਹੀ ਵਰਤੀਆਂ ਜਾਂਦੀਆਂ ਹਨ।

ਇਸ ਨੁਕਤੇ ਨੂੰ ਹੋਰ ਸਪਸ਼ਟ ਕਰਨ ਲਈ ਅਸੀਂ ਪਲਾਸਟਿਕ ਦੀਆਂ ਵਸਤਾਂ ਬਾਰੇ ਥੋੜੇ ਵਿਸਥਾਰ ਨਾਲ ਗੱਲ ਕਰਾਂਗੇ। 5-6 ਦਹਾਕਿਆਂ ਦੌਰਾਨ ਪਲਾਸਟਿਕ ਦੀ ਵਰਤੋਂ ਵਿੱਚ ਅਥਾਹ ਵਾਧਾ ਹੋਇਆ ਹੈ। ਨਿਊਯਾਰਕ ਟਾਈਮਜ਼ ਵਿੱਚ 20 ਮਈ 2011 ਨੂੰ ਛਪੇ ਇਕ ਆਰਟੀਕਲ ਅਨੁਸਾਰ, 1950ਵਿਆਂ ਵਿੱਚ ਦੁਨੀਆ ਵਿੱਚ ਪਲਾਸਟਿਕ ਦਾ ਸਾਲਾਨਾ ਉਤਪਾਦਨ 15 ਲੱਖ (1.5 ਮਿਲੀਅਨ) ਟਨ ਹੁੰਦਾ ਸੀ ਅਤੇ ਹੁਣ ਇਹ 25 ਕਰੋੜ (250 ਮਿਲੀਅਨ) ਟਨ ਤੱਕ ਪਹੁੰਚ ਗਿਆ ਹੈ। ਪਲਾਸਟਿਕ ਤੋਂ ਤਿਆਰ ਕੀਤੀਆਂ ਵਸਤਾਂ ਵਿੱਚੋਂ ਅੱਧੀਆਂ ਸਿਰਫ ਇਕ ਵਾਰੀ ਹੀ ਵਰਤੀਆਂ ਜਾਂਦੀਆਂ ਹਨ ਜਿਵੇਂ ਕਿ ਸ਼ੈਂਪੂ ਦੀਆਂ ਬੋਤਲਾਂ, ਇਕ ਵਾਰ ਵਰਤ ਕੇ ਸੁੱਟ ਦੇਣ ਵਾਲੇ ਰੇਜ਼ਰ ਬਲੇਡ, ਪਲਾਸਟਿਕ ਦੇ ਚਮਚੇ ਅਤੇ ਕਾਂਟੇ, ਕਈ ਤਰਾਂ ਦੇ ਖਾਣਿਆਂ ਵਾਲੀਆਂ ਡੱਬੀਆਂ ਆਦਿ। ਉੱਤਰੀ ਅਮਰੀਕਾ ਅਤੇ ਪੱਛਮੀ ਯੂਰਪ ਵਿੱਚ ਇਕ ਵਿਅਕਤੀ ਸਾਲ ਵਿੱਚ 100 ਕਿਲੋਗ੍ਰਾਮ ਦੇ ਬਰਾਬਰ ਪਲਾਸਟਿਕ ਵਰਤਦਾ ਹੈ ਅਤੇ 2015 ਤੱਕ ਇਸ ਦਰ ਦੇ 140 ਕਿਲੋਗ੍ਰਾਮ ਤੱਕ ਪਹੁੰਚ ਜਾਣ ਦੇ ਆਸਾਰ ਹਨ । ਤੇਜ਼ੀ ਨਾਲ ਵਿਕਾਸ ਕਰ ਰਹੇ ਏਸ਼ੀਅਨ ਮੁਲਕਾਂ ਵਿੱਚ ਇਸ ਸਮੇਂ ਇਹ ਦਰ 20 ਕਿਲੋਗ੍ਰਾਮ ਸਾਲਾਨਾ ਹੈ ਪਰ ਅਨੁਮਾਨ ਹੈ ਕਿ 2015 ਤੱਕ ਇਨਾਂ ਮੁਲਕਾਂ ਵਿੱਚ ਇਹ ਦਰ 36 ਕਿਲੋਗ੍ਰਾਮ ਸਾਲਾਨਾ ਹੋ ਜਾਏਗੀ।

ਪਲਾਸਟਿਕ ਦੀਆਂ ਬਹੁਤੀਆਂ ਵਸਤਾਂ ਵਰਤੋਂ ਬਾਅਦ ਕੂੜੇ ਦੇ ਢੇਰਾਂ 'ਤੇ ਚਲੀਆ ਜਾਂਦੀਆਂ ਹਨ। ਅਮਰੀਕਾ ਦੀ ਇਨਵਾਇਰਮੈਂਟਲ ਪ੍ਰੋਟੈਕਸ਼ਨ ਏਜੰਸੀ ਅਨੁਸਾਰ ਸੰਨ 2009 ਵਿੱਚ ਅਮਰੀਕਾ ਵਿੱਚ ਸਿਰਫ 7 ਫੀਸਦੀ ਪਲਾਸਟਿਕ ਹੀ ਰੀਸਾਈਕਲ ਕੀਤੀ ਗਈ ਸੀ।

ਜੇ ਇਕੱਲੇ ਪਲਾਸਟਿਕ ਬੈਗਾਂ ਦੀ ਸਥਿਤੀ ਦੇਖੀ ਜਾਵੇ ਤਾਂ ਹਾਲਾਤ ਇਸ ਤੋਂ ਵੀ ਭੈੜੇ ਨਜ਼ਰ ਆਉਂਦੇ ਹਨ। ਦੁਨੀਆ ਵਿੱਚ ਸਿਰਫ 1 ਫੀਸਦੀ ਪਲਾਸਟਿਕ ਬੈਗ ਰੀਸਾਈਕਲ ਕੀਤੇ ਜਾਂਦੇ ਹਨ ਅਤੇ ਅਮਰੀਕਾ ਵਿੱਚ ਇਹ ਦਰ 2 ਫੀਸਦੀ ਹੈ। ਹਰ ਸਾਲ ਅਮਰੀਕਾ ਦੇ ਲੋਕ 100 ਅਰਬ (ਬਿਲੀਅਨ) ਪਲਾਸਟਿਕ ਬੈਗ ਕੂੜੇ ਦੇ ਢੇਰ ਉੱਤੇ ਸੁੱਟਦੇ ਹਨ। ਕਿਉਂਕਿ ਉਹ ਪੈਟਰੋਲ ਜਾਂ ਨੈਚੁਰਲ ਗੈਸ ਤੋਂ ਬਣਾਏ ਜਾਂਦੇ ਹਨ ਇਸ ਲਈ 100 ਅਰਬ ਪਲਾਸਟਕਿ ਬੈਗ ਕੂੜੇ 'ਤੇ ਸੁੱਟਣ ਦਾ ਅਰਥ ਹੈ ਤੇਲ ਦੀਆਂ 1 ਕਰੋੜ 20 ਲੱਖ ਬੈਰਲਾਂ ਕੂੜੇ ਦੇ ਢੇਰ 'ਤੇ ਸੁੱਟਣੀਆਂ।

ਕਈ ਮਾਹਰਾਂ ਦਾ ਅਨੁਮਾਨ ਹੈ ਕਿ ਕੂੜਾ ਬਣੀ ਪਲਾਸਟਿਕ ਦਾ ਕਾਫੀ ਵੱਡਾ ਹਿੱਸਾ ਦਰਿਆਵਾਂ, ਨਾਲਿਆਂ ਆਦਿ ਵਿੱਚ ਦੀ ਰੁੜ ਕੇ ਜਾਂ ਲੋਕਾਂ ਵਲੋਂ ਬੀਚਾਂ 'ਤੇ ਸੁੱਟੇ ਜਾਣ ਬਾਅਦ



ਜਾਂ ਸਮੁੰਦਰੀ ਜਹਾਜ਼ਾਂ ਵਿੱਚੋਂ ਸੁੱਟੇ ਜਾਣ ਬਾਅਦ ਸਮੁੰਦਰਾਂ ਤੱਕ ਪਹੁੰਚ ਜਾਂਦਾ ਹੈ। ਲੰਡਨ ਸਥਿਤ ਸੰਸਥਾ ਪਲਾਸਟਿਕ ਓਸ਼ੀਅਨਜ਼ ਅਨੁਸਾਰ ਹਰ ਸਾਲ 47 ਲੱਖ (4.7 ਮਿਲੀਅਨ) ਟਨ ਪਲਾਸਟਿਕ ਸਮੁੰਦਰਾਂ ਤੱਕ ਪਹੁੰਚ ਜਾਂਦੀ ਹੈ।

ਯੂਨਾਈਟਡ ਨੇਸ਼ਨਜ਼ ਇਨਵਾਇਰਮੈਂਟ ਪ੍ਰੋਗਰਾਮ ਅਨੁਸਾਰ ਸਮੁੰਦਰ ਦੇ ਹਰ ਇਕ ਵਰਗ ਮੀਲ ਵਿੱਚ ਤਕਰੀਬਨ ਤਕਰੀਬਨ 46,000 ਪਲਾਸਟਿਕ ਦੇ ਟੁਕੜੇ ਤਰਦੇ ਮਿਲਦੇ ਹਨ। ਅਮਰੀਕਾ ਦੇ ਸੂਬੇ ਕੈਲੇਫੋਰਨੀਆ ਦੇ ਸਮੁੰਦਰੀ ਤੱਟ ਤੋਂ 1000 ਮੀਲ ਦੂਰ ਉੱਤਰੀ ਸ਼ਾਂਤ ਮਹਾਂਸਾਗਰ ਦੀ ਘੁੰਮਣਘੇਰੀ (ਨੌਰਦਰਨ ਪੈਸੇਫਿਕ ਜਾਇਰ) ਵਿੱਚ ਅਮਰੀਕਾ ਦੇ ਟੈਕਸਸ ਸੂਬੇ ਦੇ ਖੇਤਰਫਲ ਤੋਂ ਦੁੱਗਣੇ ਖੇਤਰਫਲ ਦੇ ਘੇਰੇ ਵਿੱਚ ਪਲਾਸਟਿਕ ਇਕੱਠਾ ਹੋਇਆ ਮਿਲਦਾ ਹੈ।

ਇਸ ਤਰਾਂ ਦਾ ਇਕ ਖੇਤਰ ਅੰਧਮਹਾਂਸਾਗਰ (ਨੌਰਥ ਅਟਲਾਂਟਿਕ ਜਾਇਰ) ਵਿੱਚ ਵੀ ਹੈ ਜਿੱਥੇ ਬਹੁਤ ਸਾਰਾ ਪਲਾਸਟਿਕ ਇਕੱਠਾ ਹੋਇਆ ਮਿਲਦਾ ਹੈ। ਮਾਹਰਾਂ ਵਲੋਂ ਇਸ ਖੇਤਰ ਨੂੰ ਨੌਰਥ ਅਟਲਾਂਟਿਕ ਗਾਰਬੇਜ ਪੈਚ ਦਾ ਨਾਂ ਦਿੱਤਾ ਗਿਆ ਹੈ। ਇਸ ਖੇਤਰ ਦਾ ਖੇਤਰਫਲ ਸੈਂਕੜੇ ਕਿਲੋਮੀਟਰਾਂ ਵਿੱਚ ਹੈ। ਵਿਗਿਆਨੀਆਂ ਅਨੁਸਾਰ ਇਸ ਖੇਤਰ ਵਿੱਚ ਇਕ ਵਰਗ ਕਿਲੋਮੀਟਰ ਮਗਰ ਪਲਾਸਟਿਕ ਦੇ ਟੁਕੜਿਆਂ ਦੀ ਮਾਤਰਾ 2 ਲੱਖ ਟੁਕੜਿਆਂ ਤੋਂ ਵੱਧ ਹੈ ਜਿਨਾਂ ਵਿੱਚ ਪਲਾਸਟਕਿ ਬੈਗਾਂ ਵਰਗੀਆਂ ਕੰਜ਼ਿਊਮਰ ਵਸਤਾਂ ਦੇ ਟੁਕੜੇ ਵੀ ਸ਼ਾਮਲ ਹਨ।

ਇੱਥੇ ਇਹ ਗੱਲ ਵੀ ਯਾਦ ਰੱਖਣ ਵਾਲੀ ਹੈ ਕਿ ਪਲਾਸਟਿਕ ਏਨੀ ਛੇਤੀ ਗਲਦਾ ਨਹੀਂ ਅਤੇ ਇਸ ਨੂੰ ਗਲਣ ਲਈ ਕਈ ਦਹਾਕੇ ਲੱਗ ਜਾਂਦੇ ਹਨ। ਇਸ ਦਾ ਭਾਵ ਇਹ ਹੋਇਆ ਜਿਹੜਾ ਪਲਾਸਟਿਕ ਇਕ ਵਾਰ ਧਰਤੀ ਦੇ ਕੂੜੇ 'ਤੇ ਢੇਰ ਉੱਤੇ ਅਤੇ ਸਮੁੰਦਰ ਵਿੱਚ ਪਹੁੰਚ ਗਿਆ ਹੈ ਉਹ ਇਕ ਲੰਮਾ ਸਮਾਂ ਉੱਥੇ ਰਹੇਗਾ।

### ਕੰਜ਼ਿਉਮਰਿਜ਼ਮ ਦੇ ਬੁਨਿਆਦੀ ਕਾਰਨ

ਦੁਨੀਆ ਭਰ ਵਿੱਚ ਵੱਧ ਰਹੇ ਇਸ ਕੰਜ਼ਿਊਮਰਿਜ਼ਮ ਦੇ ਕੀ ਕਾਰਨ ਹਨ ? ਕੀ ਇਨਸਾਨ ਦੇ ਅੰਦਰ ਹੀ ਕੁਝ ਅਜਿਹੀ ਚੀਜ਼ ਹੈ ਜਿਸ ਕਾਰਨ ਉਹ ਵੱਧ ਤੋਂ ਵੱਧ ਵਸਤਾਂ ਦੀ ਪ੍ਰਾਪਤੀ ਲਈ ਦੌੜਿਆ-ਭੱਜਿਆ ਫਿਰਦਾ ਹੈ ਜਾਂ ਸਾਡੇ ਸਮਾਜ ਦੀ ਬਣਤਰ ਅਜਿਹੀ ਹੈ ਜੋ ਉਸ ਵਿੱਚ ਵੱਧ ਤੋਂ ਵੱਧ ਚੀਜ਼ਾਂ ਪਾਉਣ ਦੀਆਂ ਖਾਹਿਸ਼ਾਂ/ਚਾਹਤਾਂ ਪੈਦਾ ਕਰਦੀ

# ਪ੍ਰੋਫੈਸਰ ਗੁਰਮੁਖ ਸਿੰਘ ਦੀ ਖਾਲਸਾ ਪੰਥ ਨੂੰ ਮਹਾਨ ਦੇਣ

**ਪ੍ਰੋਫੈਸਰ ਬਲਵਿੰਦਰ ਪਾਲ ਸਿੰਘ**

ਪ੍ਰੋਫੈਸਰ ਗੁਰਮੁਖ ਸਿੰਘ ਤੇ ਗਿਆਨੀ ਦਿੱਤ ਸਿੰਘ ਵੀਹਵੀਂ ਸਦੀ ਦੇ ਭਾਈ ਜੀਵਨ ਸਿੰਘ, ਭਾਈ ਸੰਗਤ ਸਿੰਘ ਸਨ, ਜੋ ਦਬੇ ਕੁਚਲੇ ਸਮਾਜ ਵਿਚੋਂ ਸਨ। ਸ਼ਾਇਦ ਇਸੇ ਕਾਰਨ ਪੰਥਕ ਸੰਸਥਾਵਾਂ, ਬੁਧੀਜੀਵੀਆਂ ਨੇ ਮਾਨਤਾ ਨਹੀਂ ਦਿੱਤੀ। ਸੰਗਤ ਇਸ ਗੱਲ ਨੂੰ ਸਮਝ ਲਵੇ ਕਿ ਗੁਰੂ ਡੰਮ, ਆਰੀਆ ਸਮਾਜੀਆਂ, ਈਸਾਈਆਂ, ਬਾਹਮਣੀ ਕਰਮਕਾਂਡਾਂ ਵਿਰੁਧ ਇਨਾਂ ਦੋ ਯੋਧਿਆਂ ਨੇ ਲਹਿਰ ਖੜੀ ਕੀਤੀ ਤਾਂ ਜੋ ਗੁਰੂ ਨਾਨਕ ਦਾ ਪੰਥ ਸ਼ੁਧ ਰਹਿ ਸਕੇ। ਡਾਕਟਰ ਅਨੁਰਾਗ ਸਿੰਘ ਲੁਧਿਆਣਾ ਅੱਜ ਕੱਲ ਪ੍ਰੋਫੈਸਰ ਗੁਰਮੁਖ ਸਿੰਘ ਵਿਰੁਧ ਝੂਠੀਆਂ ਅਫਵਾਹਾਂ ਫੈਲਾ ਕੇ ਉਸ ਸਮੇਂ ਦੇ ਗੁਰੂ ਡੰਮੀਆਂ ਦੀ ਤਾਰੀਫ ਕਰਕੇ ਪ੍ਰੋਫੈਸਰ ਗੁਰਮੁਖ ਸਿੰਘ ਦੀ ਬਦਨਾਮੀ ਕਰ ਰਿਹਾ ਹੈ। ਕੀ ਇਹ ਜਾਤੀਵਾਦੀ, ਬਾਹਮਣਵਾਦ ਨਹੀਂ ਹੈ? ਕੀ ਇਹ ਕੇਸਧਾਰੀ ਹਿੰਦੂ ਬਣ ਜਾਣ ਦਾ ਸਫਰ ਨਹੀਂ ਹੈ? ਜੋ ਸਿਖ ਵਿਦਵਾਨ ਸਿੱਖ ਹੱਕਾਂ ਲਈ ਗਰੀਬੀ ਕਟਦਾ ਜੂਝਦਾ ਮਰ ਗਿਆ, ਅਨੁਰਾਗ ਸਿੰਘ ਅਨੁਸਾਰ ਉਹ ਅੰਗਰੇਜ਼ ਦਾ ਟਾਊਟ ਹੋ ਗਿਆ। ਜੋ ਸਾਧ ਗੁਰੂ ਡੰਮੀ ਮਹੰਤਾਂ ਰੂਪ ਵਿਚ ਅੰਗਰੇਜ਼ਾਂ ਦੇ ਸਹਾਰੇ ਗੁਰਦੁਆਰਾ ਤੇ ਤਖਤ ਦੇ ਮਾਲਕ ਬਣ ਗਏ, ਉਹ ਅਨੁਰਾਗ ਸਿੰਘ ਲਈ ਰਬ ਬਣ ਗਏ। ਇਹ ਖਾਲਸਾ ਪੰਥ ਨੇ ਸੋਚਣਾ ਹੈ ਕਿ ਅਜਿਹੇ ਵਿਦਵਾਨਾਂ ਦਾ ਵਿਰੋਧ ਕਰਨਾ ਹੈ ਜਾਂ ਕੇਸਧਾਰੀ ਹਿੰਦੂ ਬਣਾਉਣ ਵਾਲੇ ਵਿਦਵਾਨਾਂ ਨੂੰ ਮਾਨਤਾ ਦੇਣੀ ਹੈ। ਸਿੱਖ ਵਿਦਵਾਨਾਂ ਵਿਚ ਆਇਆ ਬਾਹਮਣਵਾਦ ਤੇ ਜਾਤੀਵਾਦੀ ਸੋਚ ਪੰਥ ਨੂੰ ਖੰਡ ਖੰਡ ਕਰ ਰਹੀ ਹੈ। ਜੇ ਦਬੇ ਕੁਚਲੇ ਮਹਾਪੁਰਖਾਂ ਯੋਧਿਆਂ ਦਾ ਸਤਿਕਾਰ ਨਹੀਂ ਕਰੋਗੇ ਤਾਂ ਨਿਸ਼ਚਿਤ ਹੈ ਪੰਥ ਖੰਡ ਖੰਡ ਹੋਵੇਗਾ। ਪ੍ਰੋ.ਗੁਰਮੁਖ ਸਿੰਘ ਜੀ ਦਾ ਜਨਮ 15 ਅਪ੍ਰੈਲ, ਸੰਨ 1849 ਨੂੰ ਸਰਦਾਰ ਵਸਾਵਾ ਸਿੰਘ ਜੀ ਦੇ ਘਰ (ਕਪੂਰਥਲਾ) ਵਿਖੇ ਹੋਇਆ। ਕਪੂਰਥਲੇ ਦੇ ਕੰਵਰ ਬਿਕ੍ਰਮ ਸਿੰਘ ਜੀ ਸਦਕਾ (1877) ਈਸਵੀ ਨੂੰ ਸੰਸਾਰਕ ਪੜਾਈ ਪੂਰੀ ਕਰਕੇ ਗੁਰਮੁਖ ਸਿੰਘ ਪੰਜਾਬ ਯੂਨੀਵਰਸਿਟੀ ਓਰੀਐਂਟਲ ਕਾਲਜ, ਲਾਹੌਰ ਵਿਚ ਟੀਚਰ ਵਜੋਂ ਨਿਯੁਕਤ ਹੋਏ। 1881 ਈਸਵੀ ਵਿਚ ਅਸਿਸਟੈਂਟ ਪ੍ਰੋਫੈਸਰ ਤੇ 1887 ਵਿਚ ਐਲਿਕਜ਼ੈਂਡਰਾ ਰੀਡਰ ਵਜੋਂ ਨਿਯੁਕਤ ਹੋਏ।

'ਸਿੰਘ ਸਭਾ ਲਾਹੌਰ' ਦੀ ਸਥਾਪਨਾ ਲਈ 1879 ਨੂੰ ਗੁਰਦੁਆਰਾ ਜਨਮ ਅਸਥਾਨ ਸ੍ਰੀ ਗੁਰੂ ਰਾਮ ਦਾਸ ਜੀ ਵਿਖੇ ਸੰਗਤ ਵਿਚ ਵਿਚਾਰ ਹੋਈ। ਵਿਚਾਰ ਉਪਰੰਤ ਇਕ ਕਮੇਟੀ ਬਣਾਈ ਜਿਸ ਦੇ ਪ੍ਰਧਾਨ ਦੀਵਾਨ ਬੂਟਾ ਸਿੰਘ ਅਤੇ ਸਕੱਤਰ ਭਾਈ ਗੁਰਮੁਖ ਸਿੰਘ ਥਾਪੇ ਗਏ। ਅਗਲੇ ਹੀ ਦਿਨ ਇਸ ਕਮੇਟੀ ਦੀ ਮੀਟਿੰਗ ਹੋਈ ਜਿਸ ਵਿਚ 'ਸਿੰਘ ਸਭਾ ਲਾਹੌਰ' ਦੀ ਸਥਾਪਨਾ ਦਾ ਐਲਾਨ ਕੀਤਾ ਗਿਆ।ਗੁਰਮੁਖ ਸਿੰਘ ਜੀ ਦੀ ਪ੍ਰੇਰਨਾ ਸਦਕਾ ਸਿੰਘ ਸਭਾ ਲਾਹੌਰ ਨੇ ਸਪੱਸ਼ਟ ਤੌਰ 'ਤੇ ਆਪਣੇ ਕਰਨ ਯੋਗ ਉਦੇਸ਼ ਨਿਸ਼ਚਿਤ ਕਰ ਲਏ : 1) ਸਿੱਖ ਧਰਮ ਦਾ ਪ੍ਰਚਾਰ ਖਾਲਸ ਰੂਪ ਵਿਚ ਕਰਨਾ ਅਤੇ ਗੁਰਮਤਿ ਦੇ ਪ੍ਰਚਾਰ ਪ੍ਰਸਾਰ ਲਈ ਵੱਧ ਤੋਂ ਵੱਧ ਪ੍ਰਿੰਟ ਮੀਡੀਏ ਦੀ ਵਰਤੋਂ ਕਰਨੀ।

2) ਪੰਜਾਬੀ ਬੋਲੀ ਅਤੇ ਪੰਜਾਬੀ ਸਾਹਿਤ ਨੂੰ ਪਕੇ ਪੈਰੀ ਮਜ਼ਬੂਤ ਕਰਨ ਲਈ ਵੱਧ ਤੋਂ ਵੱਧ ਅਖਬਾਰ ਅਤੇ ਰਸਾਲੇ ਕਢਣੇ।

3) ਇਸੇ ਸੰਦਰਭ ਵਿਚ ਸਿਖ ਸਮਾਜ ਨੂੰ ਪੜਾਈ ਲਿਖਾਈ ਵਿਚ ਨਿਪੁੰਨਤਾ ਹਾਸਲ ਕਰਾਉਣੀ।

4) ਇਸ ਮਕਸਦ ਲਈ ਖਾਲਸਾ ਸਕੂਲਾਂ ਦੀ ਸਥਾਪਨਾ ਕਰਨੀ।

ਪ੍ਰੋ. ਗੁਰਮੁਖ ਸਿੰਘ ਜੀ ਦੀ ਸੂਝ-ਬੂਝ ਸਦਕਾ ਹੀ ਗਿਆਨੀ ਦਿੱਤ ਸਿੰਘ, ਭਾਈ ਜਵਾਹਰ ਸਿੰਘ, ਭਾਈ ਕਾਹਨ ਸਿੰਘ ਨਾਭਾ, ਮਿਸਟਰ ਮੈਕਾਲਿਫ ਆਦਿ ਪ੍ਰਮੁਖ ਹਸਤੀਆਂ ਨੂੰ ਗੁਰਮਤਿ ਪ੍ਰਚਾਰ ਪ੍ਰਸਾਰ ਦੇ ਇਕੋ ਸੂਤਰ ਵਿਚ ਜੋੜ ਦਿੱਤਾ। ਪ੍ਰੋ. ਗੁਰਮੁਖ ਸਿੰਘ ਜੀ ਦੀ ਪ੍ਰੇਰਨਾ ਸਦਕਾ ਹੀ ਗਿਆਨੀ ਦਿੱਤ ਸਿੰਘ ਜੀ ਨੇ ਪਹਿਲਾਂ ਓਰੀਐਂਟਲ ਕਾਲਜ ਲਾਹੌਰ ਤੋਂ ਗਿਆਨੀ ਦੀ ਪ੍ਰੀਖਿਆ ਪਾਸ ਕੀਤੀ ਅਤੇ ਫਿਰ ਇਸੇ ਹੀ ਕਾਲਜ ਵਿਚ ਗੁਰਮੁਖੀ ਦੇ ਸੈਕਿੰਡ ਟੀਚਰ ਨਿਯੁਕਤ ਹੋਏ। ਫਿਰ ਜਿਸ ਸਮੇਂ 1886 ਈਸਵੀ ਵਿਚ ਪ੍ਰੋ. ਗੁਰਮੁਖ ਸਿੰਘ ਜੀ ਨੇ 'ਖਾਲਸਾ ਅਖਬਾਰ' ਪ੍ਰਕਾਸ਼ਿਤ ਕੀਤਾ ਤਾਂ ਕੁਝ ਸਮੇਂ ਪਿਛੋਂ ਹੀ ਇਸ ਦੀ ਜ਼ਿੰਮੇਵਾਰੀ ਗਿਆਨੀ ਦਿੱਤ ਸਿੰਘ ਜੀ ਨੂੰ ਸੌਂਪ ਦਿੱਤੀ। ਗਿਆਨੀ ਦਿੱਤ ਸਿੰਘ ਜੀ ਖਾਲਸਾ ਅਖਬਾਰ ਦੇ ਸੰਪਾਦਕ ਬਣ ਗਏ।




ਪੰਜਾਬੀ ਮਾਂ ਬੋਲੀ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਦੇ ਪ੍ਰਚਾਰ ਪ੍ਰਸਾਰ ਲਈ ਪ੍ਰੋ. ਗੁਰਮੁਖ ਸਿੰਘ ਜੀ ਨੇ ਦਰਅਸਲ ਸਭ ਤੋਂ ਪਹਿਲਾ ਗੁਰਮੁਖੀ ਦਾ ਸਭ ਤੋਂ ਪਹਿਲਾ ਅੰਕ 10 ਨਵੰਬਰ 1880 ਨੂੰ ਪ੍ਰਕਾਸ਼ਿਤ ਕੀਤਾ।ਇਸ ਤੋਂ ਬਾਅਦ ਸਿੰਘ ਸਭਾ ਲਾਹੌਰ ਦੀ ਸਰਪ੍ਰਸਤੀ ਹੇਠ 'ਵਿਦਯਾਰਕ' ਮਾਸਕ ਪਤਰ ਸੰਨ 1881 ਨੂੰ ਪ੍ਰਕਾਸ਼ਿਤ ਕੀਤਾ। 1882 ਨੂੰ 'ਪੰਜਾਬੀ ਪ੍ਰਚਾਰਨੀ ਸਭਾ ਲਾਹੌਰ' ਦੀ ਸਥਾਪਨਾ ਕੀਤੀ ਅਤੇ ਇਸ ਦੇ ਮੁੱਖ ਸਲਾਹਕਾਰ ਹੋਣ ਦੇ ਨਾਤੇ ਸੁਚੱਜੀ ਅਗਵਾਈ ਦਿੱਤੀ। ਥਾਂ ਥਾਂ 'ਤੇ ਸਿੰਘ ਸਭਾਵਾਂ ਕਾਇਮ ਹੋਣੀਆਂ ਸ਼ੁਰੂ ਹੋ ਗਈਆਂ। ਸਿੱਖ ਕੌਮ ਵਿਚ ਧਾਰਮਿਕ ਜਾਗ੍ਰਿਤੀ ਆਉਣੀ ਸ਼ੁਰੂ ਹੋਈ।

ਪ੍ਰੋ. ਗੁਰਮੁਖ ਸਿੰਘ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਨਿਆਰੇ ਸਿਧਾਂਤਾਂ ਤੋਂ ਭਲੀ ਪ੍ਰਕਾਰ ਜਾਣੂ ਸਨ ਅਤੇ ਆਪ ਜੀ ਗੁਰੂ ਡੰਮੀ ਖੇਮ ਸਿੰਘ ਵਰਗੇ ਅਨੇਕਾਂ ਸਾਧਾਂ ਦੀ ਬ੍ਰਾਹਮਣੀ ਮਕੜਜਾਲ ਵਿਚ ਬੁਰੀ ਤਰਾਂ ਫਸ ਚੁਕੀ ਸਿੱਖ ਕੌਮ ਨੂੰ ਬਾਹਰ ਕੱਢ ਕੇ ਇਸ ਨੂੰ ਨਿਰੋਲ ਖਾਲਸਾਈ ਰੰਗਣ ਵਿਚ ਰੰਗਣਾ ਚਾਹੁੰਦੇ ਸਨ।

ਆਪ ਜੀ ਦੀਆਂ ਪ੍ਰਭਾਵਸ਼ਾਲੀ ਲਿਖਤਾਂ ਨੇ ਅਤੇ ਭਾਸ਼ਣਾਂ ਨੇ ਜਿੱਥੇ ਸਿੱਖ ਕੌਮ ਵਿਚ ਕੌਮੀਅਤ ਦਾ ਜਜ਼ਬਾ ਅਤੇ ਆਪਣੇ ਨਿਆਰੇਪਨ ਦੇ ਅਹਿਸਾਸ ਨੂੰ ਜਗਾਇਆ ਉਥੇ ਨਾਲ ਹੀ ਆਪ ਜੀ ਦੀਆਂ ਲਿਖਤਾਂ ਨੇ ਪੁਜਾਰੀਆਂ, ਸੋਢੀਆਂ, ਬੇਦੀਆਂ, ਭੱਲਿਆਂ, ਬਾਵਿਆਂ ਦੇ ਗੁਰਮਤਿ ਵਿਰੋਧੀ ਕਾਰਜਾਂ ਨੂੰ ਨੰਗਾ ਕਰ ਦਿੱਤਾ। ਕਿਉਂਕਿ ਇਹ ਲੋਕ ਆਪਣੇ ਆਪ ਨੂੰ ਗੁਰੂ ਸਾਹਿਬਾਨ ਜੀ ਦੀ ਅੰਸ਼ ਵੰਸ਼ ਅਖਵਾਉਂਦੇ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਤੇ ਦਰਬਾਰ ਸਾਹਿਬ ਵਿਖੇ ਗੱਦੀਆਂ ਲਗਾ ਕੇ ਬੈਠਦੇ ਆਪਣੀ ਪੂਜਾ ਕਰਾਉਂਦੇ..ਆਦਿ, ਭਾਵ ਗੁਰਮਤਿ ਵਿਰੋਧੀ ਹਰ ਇਕ ਕਰਮਕਾਂਡ ਕਰਾਉਣ ਵਿਚ ਸਭ ਤੋਂ ਅੱਗੇ ਸਨ।

ਅੰਮ੍ਰਿਤਸਰ ਧੜੇ ਦੇ ਆਗੂ ਬਾਬਾ ਖੇਮ ਸਿੰਘ ਬੇਦੀ ਆਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਉਚੇਚੇ ਗਦੇਲੇ ਵਿਛਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਬੈਠ ਕੇ ਆਪਣੀ ਪੂਜਾ ਕਰਾਉਂਦੇ ਸਨ। ਪ੍ਰੋ. ਗੁਰਮੁਖ ਸਿੰਘ ਜੀ ਅਤੇ ਇਨਾਂ ਦੇ ਸੰਗੀ ਸਾਥੀਆਂ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ। ਇਹ ਵਿਰੋਧ ਇਥੋਂ ਤੱਕ ਵੱਧ ਗਿਆ ਕਿ ਆਪ ਜੀ ਦੇ ਖਿਲਾਫ ਵਿਰੋਧਤਾ ਦੀ ਇਕ ਮੁਹਿੰਮ ਹੀ ਚਲਾ ਦਿੱਤੀ ਗਈ।

ਆਪ ਜੀ ਦੇ ਉਪਰ ਇਹ ਦੋਸ਼ ਲਗਾਏ ਗਏ : 1) ਪ੍ਰੋ. ਗੁਰਮੁਖ ਸਿੰਘ ਨੇ ਗੁਰੂ ਸਾਹਿਬਾਨ ਦੀ ਅੰਸ਼ ਬੰਸ਼ ਬੇਦੀਆਂ, ਭਲੇ, ਸੋਢੀਆਂ ਅਤੇ ਬਾਵਿਆਂ ਪ੍ਰਤੀ ਨਿਰਾਦਰੀ ਵਿਖਾਈ ਹੈ।

2) ਸਿੰਘ ਸਭਾ ਦੇ ਇਕ ਦੀਵਾਨ ਵਿਚ ਉਨਾਂ ਨੇ ਹਿੰਦੂ ਦੇਵੀ ਦੇਵਤਿਆਂ ਦੇ 24 ਅਵਤਾਰਾਂ ਦੀ ਛਪੀ ਤਸਵੀਰ ਬਾਰੇ ਸਖਤ ਨਿਰਾਦਰੀ ਕੀਤੀ ਹੈ।

3) ਲਾਹੌਰ ਦੀ ਸਿੰਘ ਸਭਾ ਨੇ ਇਕ ਮੁਸਲਮਾਨ ਨੂੰ ਅੰਮ੍ਰਿਤ ਛਕਾ ਕੇ ਸਿੰਘ ਸਜਾ ਲਿਆ ਹੈ।

4) ਅਖੌਤੀ ਨੀਵੀਆਂ ਜਾਤੀਆਂ ਅਤੇ ਮੁਸਲਮਾਨਾਂ ਨੂੰ ਇਕੋ ਬਾਟੇ ਨੂੰ ਮੂੰਹ ਲਾ ਕੇ ਅੰਮ੍ਰਿਤ ਛਕਾਇਆ ਗਿਆ ਹੈ।

5) ਬਾਬਾ ਖੇਮ ਸਿੰਘ ਬੇਦੀ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਉਚੇਚੇ ਗਦੈਲੇ ਲਗਾ ਕੇ ਨਾ ਬੈਠਣ ਦੇਣਾ।

ਇਹ ਦੋਸ਼ ਲਗਾ ਕੇ 1887 ਨੂੰ 'ਸਿੰਘ ਸਭਾ ਅੰਮ੍ਰਿਤਸਰ' ਅਤੇ ਤਖਤਾਂ ਦੇ ਪੁਜਾਰੀਆਂ ਨੇ ਪ੍ਰੋ. ਗੁਰਮੁਖ ਸਿੰਘ ਜੀ ਨੂੰ ਪੰਥ ਵਿਚੋਂ ਛੇਕਣ ਦਾ ਹੁਕਮਨਾਮਾ ਕੱਢ ਦਿੱਤਾ। ਇਸ ਦੇ ਬਾਵਜੂਦ ਵੀ ਪ੍ਰੋ. ਗੁਰਮੁਖ ਸਿੰਘ ਜੀ ਨੇ ਥਾਂ ਥਾਂ ਜਾ ਕੇ ਆਪਣੇ ਗੁਰਮਤਿ ਵਿਖਿਆਨਾਂ ਰਾਹੀਂ ਆਪਣੀਆਂ ਲਿਖਤਾਂ ਰਾਹੀਂ ਗੁਰਮਤਿ ਦਾ ਪ੍ਰਚਾਰ ਜਾਰੀ ਰੱਖਿਆ।ਆਪ ਜੀ ਦੇ ਪ੍ਰਚਾਰ ਦੇ ਸਦਕਾ ਹੀ ਨਿੰਰਕਾਰੀਆਂ ਅਤੇ ਨਾਮਧਾਰੀਆਂ ਦੇ ਦੇਹਧਾਰੀਆਂ ਦੇ ਝੂਠੇ ਦਾਵਿਆਂ ਨੂੰ ਸਿੰਘ ਸਭਾ ਲਾਹੌਰ ਨੇ ਮੂਲੋਂ ਹੀ ਰੱਦ ਕਰ ਦਿੱਤਾ ਅਤੇ ਸਿੱਖ ਕੌਮ ਦੇ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਗਵਾਈ ਨੂੰ ਸਥਾਪਤ ਕਰ ਦਿੱਤਾ।

ਪ੍ਰੋ. ਗੁਰਮੁਖ ਸਿੰਘ ਜੀ ਦੀਆਂ ਕੋਸ਼ਿਸ਼ਾਂ ਦੇ ਸਦਕਾ ਹੀ 1892 ਵਿਚ 'ਖਾਲਸਾ ਕਾਲਜ' ਅੰਮ੍ਰਿਤਸਰ ਦੀ ਨੀਂਹ ਰੱਖੀ ਗਈ।

ਪ੍ਰੋ. ਗੁਰਮੁਖ ਸਿੰਘ ਜੀ ਦੇ ਯਤਨਾ ਸਦਕਾ ਹੀ ਅੰਗਰੇਜ਼ ਅਫਸਰ ਮੈਕਸ ਆਰਥਰ ਮੈਕਾਲਿਫ ਨੇ ਡਿਸਟਿਕਟ ਜੱਜ ਦੀ ਪਦਵੀ ਤੋਂ ਅਸਤੀਫਾ ਦੇ ਕੇ 'ਆਦਿ ਗੁਰੂ ਗ੍ਰੰਥ ਸਾਹਿਬ' ਦਾ ਅੰਗਰੇਜ਼ੀ ਭਾਸ਼ਾ ਵਿਚ ਅਨੁਵਾਦ ਕੀਤਾ। ਕੰਡਾ ਘਾਟ, ਜ਼ਿਲਾ ਸ਼ਿਮਲਾ ਵਿਖੇ 23 ਸਤੰਬਰ ਦੇਰ ਰਾਤ ਤੱਕ ਲਿਖਤ ਪੜਤ ਦਾ ਕੰਮ ਨਿਪਟਾਉਣ ਉਪਰੰਤ ਮੁੜ ਨੀਦ ਵਿਚੋਂ ਉਠੇ ਹੀ ਨਹੀਂ।

ਪ੍ਰੋ. ਗੁਰਮੁਖ ਸਿੰਘ ਜੀ ਦੇ ਅਕਾਲ ਚਲਾਣੇ ਦੇ ਸੌ ਸਾਲ ਬੀਤਣ ਤੋਂ ਬਾਅਦ ਕੌਮ ਨੂੰ ਥੋੜੀ ਜਿਹੀ ਹੋਸ਼ ਆਈ ਕਿ ਸਤੰਬਰ 1995 ਵਿਚ ਹੋਏ ਵਿਸ਼ਵ ਸੰਮੇਲਨ ਵਿਚ ਪ੍ਰੋ. ਗੁਰਮੁਖ ਸਿੰਘ ਜੀ ਨੂੰ ਛੇਕਣ ਵਾਲਾ ਹੁਕਮਨਾਮਾ ਵਾਪਸ ਲਿਆ ਗਿਆ।

# ਸਿੱਖ ਕਿਰਦਾਰ ਸੁਧਾਰ ਲਹਿਰ ਸਮੇਂ ਦੀ ਪ੍ਰਮੁੱਖ ਲੋੜ



**ਅਰਪਿੰਦਰ ਸਿੰਘ ਬਿੱਟੂ**

ਲਗਭਗ 100 ਵਰੇ ਪਹਿਲਾਂ ਇਕ ਲਹਿਰ ਚਲੀ ਗੁਰਦੁਆਰਾ ਸੁਧਾਰ ਲਹਿਰ। ਦਰਅਸਲ ਸੁਧਾਰਨਾ ਤਾਂ ਸਾਨੂੰ ਗੁਰੂਘਰਾਂ ਨੇ ਸੀ ਗੁਰਬਾਣੀ ਗਿਆਨ ਨਾਲ, ਪਰ ਹੋਇਆ ਉਲਟ ਕਿ ਸਮੇਂ ਦੇ ਵਿਦਵਾਨਾਂ ਨੂੰ ਗੁਰਦੁਆਰਾ ਸੁਧਾਰ ਲਹਿਰ ਚਲਾਉਣੀ ਜਾਂ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਚਲਾਉਣੀ ਪਈ ਕਿਉਂਕਿ ਗੁਰੂਘਰਾਂ 'ਤੇ ਕਾਬਜ਼ ਮਸੰਦਾਂ ਦੇ ਕਿਰਦਾਰ ਬੜੇ ਨੀਵੇਂ ਦਰਜੇ ਤੱਕ ਡਿਗ ਚੁੱਕੇ ਸਨ। ਮਹੰਤਾਂ ਦੇ ਹਾਉਮੈ ਹੰਕਾਰ ਤੇ ਲਾਲਚ ਏਨੇ ਵੱਧ ਚੁੱਕੇ ਸਨ ਕਿ ਬਿਰਤੀ ਜਾਨਵਰਾਂ ਵਰਗੀ ਹੋ ਚੁੱਕੀ ਸੀ। ਪਰ ਜਿਹੜੀ ਚੰਗੀ ਗੱਲ ਸੀ ਬਹੁਤਾਤ ਸਿੱਖ ਸੁਚੇਤ ਤੇ ਉੱਚੇ ਕਿਰਦਾਰ ਵਾਲੇ ਸਨ ਤੇ ਹੁਣ ਵਾਂਗ ਹਰ ਜਣਾ ਖਣਾ ਪ੍ਰਧਾਨਗੀ ਦਾ ਦਾਅਵੇਦਾਰ ਨਹੀਂ ਸੀ। ਬੇਸ਼ੱਕ ਭਾਈ ਲਛਮਣ ਸਿੰਘ ਧਾਰੋਵਾਲੀ ਵਰਗਿਆਂ ਯੋਧਿਆਂ ਨੂੰ ਸ਼ਹਾਦਤ ਦੇਣੀ ਪਈ, ਪਰ ਗੁਰੂਘਰ ਮਸੰਦਾ ਤੋਂ ਅਜ਼ਾਦ ਕਰਾ ਸਿੰਘਾਂ ਨੇ ਆਪਣੀ ਸੰਸਥਾ ਸਥਾਪਤ ਕਰ ਲਈ। ਬੜੇ ਬੜੇ ਕਿਰਦਾਰਾਂ ਵਾਲੇ ਲੋਕ ਗੁਰੂਘਰਾਂ ਦੀ ਸੇਵਾ ਵਿੱਚ ਆਏ ਜੋ ਇਕ ਦਮੜਾ ਵੀ ਗੁਰੂਘਰ ਦਾ ਨਜਾਇਜ਼ ਵਰਤਣਾ ਬੱਜਰ ਕੁਰਾਹਿਤ ਸਮਝਦੇ ਸਨ। ਪਰ ਕਿਤੇ ਨਾ ਕਿਤੇ ਨਰੈਣੂ ਮਹੰਤ ਦਾ ਭੂਤ ਵੀ ਗੋਲਕਾਂ ਦੁਆਲੇ ਮੰਡਰਾਉਂਦਾ ਰਿਹਾ।

ਆਧੁਨਿਕ ਯੁੱਗ ਦੀ ਚੱਕਾਚੌਂਧ ਤੇ ਸਮੇਂ ਦੀਆਂ ਲੋੜਾਂ ਨੇ ਸਾਡੇ ਕਿਰਦਾਰ ਏਨੇ ਗਿਰਾ ਦਿੱਤੇ ਕਿ ਸਾਨੂੰ ਗੁਰੂ ਦੀ ਗੋਲਕ ਵੀ ਨਿੱਜੀ ਤਿਜੌਰੀ ਲੱਗਣ ਲੱਗੀ। ਹਾਉਮੈ, ਹੰਕਾਰ, ਨਿੱਜੀ ਲਾਲਸਾਵਾਂ ਅਤੇ ਚੌਧਰ ਦੀ ਭੁੱਖ ਨੇ ਐਸਾ ਨਿਵਾਣਾਂ ਵੱਲ ਧੱਕਿਆ ਕਿ ਅਸੀਂ ਗਿਰਦੇ ਹੀ ਚੱਲੇ ਗਏ। ਗੱਲ ਕਿਸੇ ਪਿੰਡ ਦੇ ਗੁਰੂਘਰ ਦੀ ਹੋਵੇ ਜਾਂ ਸ਼੍ਰੋਮਣੀ ਕਮੇਟੀ ਦੀ, ਤੰਦ ਨਹੀਂ ਤਾਣੀ ਹੀ ਵਿਗੜੀ ਹੋਈ ਹੈ ਤੇ ਵਿਦੇਸ਼ਾਂ ਵਿਚਲੇ ਗੁਰੂਘਰਾਂ ਦਾ ਤੇ ਹਾਲ ਈ ਵੱਸੋ ਬਾਹਰਾ ਹੈ। ਕੋਈ ਹੀ ਗੁਰੂਘਰ ਹੋਵੇਗਾ ਜਿਸਦਾ ਕੇਸ ਕੋਰਟ ਕਚਹਿਰੀਆਂ ਵਿਚ, ਬੀੜੀਆਂ ਪੀਣ ਵਾਲੇ ਜੱਜਾਂ ਦੇ ਸਪੁਰਦ ਨਾਂ ਹੋਵੇ। ਸੰਗਤਾਂ ਦੇ ਪੈਸੇ ਪਾਣੀ ਵਾਂਗ ਆਪਣੇ ਸ਼ਕਤੀ ਪ੍ਰਦਰਸ਼ਨ 'ਤੇ ਵਹਾਏ ਜਾਂਦੇ ਹਨ

ਇਹ ਸਾਡੇ ਕਿਰਦਾਰ ਦੀ ਇਕ ਮਿਸਾਲ ਹੈ ਕਿ ਆਪਾਂ ਆਪਣੀ ਹਉਮੈ ਨੂੰ ਪੱਠੇ ਪਾਉਣ ਲਈ ਆਏ ਦਿਨ ਧੜੇ, ਪਾਰਟੀਆਂ, ਸੰਸਥਾਵਾਂ, ਕਲੱਬਾਂ ਤੇ ਜਥੇਬੰਦੀਆਂ ਬਣਾਉਣੇ ਚਾਹੁੰਦੇ ਰਹਿੰਦੇ ਹਾਂ। ਦੇਸ਼ ਪੰਜਾਬ ਵਿਚ ਸੰਘਰਸ਼ ਦੌਰਾਨ ਉੱਜੜ ਚੁੱਕੇ ਪਰਿਵਾਰਾਂ ਤੇ ਜ਼ਿੱਲਤ ਦੀ ਜ਼ਿੰਦਗੀ ਜੀਅ ਰਹੇ ਧਰਮੀ ਫ਼ੌਜੀਆਂ ਨੂੰ ਆਪਾਂ ਉੱਕਾ ਹੀ ਵਿਸਾਰ ਚੁੱਕੇ ਹਾਂ, ਪਤਾ ਨਹੀ ਆਪਾਂ ਕਿਹੜੀ ਚੜਦੀ ਕਲਾ ਦਾ ਪ੍ਰਚਾਰ ਕਰ ਰਹੇ ਹਾਂ। ਹਰੇਕ ਇਕ ਦੂਸਰੇ ਨੂੰ ਗਦਾਰ, ਏਜੰਸੀਆਂ ਦਾ ਬੰਦਾ ਤੇ ਆਰ ਐਸ ਐਸ ਦਾ ਹੱਥ ਠੋਕਾ ਦੱਸ ਰਿਹਾ ਹੈ ਤੇ ਅਗਲੇ ਪਲ ਹੀ ਅਸੀਂ ਸਾਰੇ ਇਕ ਦੂਜੇ ਨੂੰ ਪੰਥਕ ਹੋਣ ਦੇ ਖਿਤਾਬ ਵੰਡ ਰਹੇ ਹੁੰਦੇ ਹਨ। ਮਾਨਸਿਕ ਦਿਵਾਲੀਆਪਣ ਦੇ ਹੋਰ ਕੀ ਲੱਛਣ ਹੁੰਦੇ ਹਨ, ਇਹ ਸਾਰਾ ਵਰਤਾਰਾ ਵੇਖ ਕੇ ਮਨ ਵਿੱਚ ਆਉਂਦਾ ਬਈ ਲੋੜ ਹੈ ਠੀਕ ਸੌ ਸਾਲ ਪਹਿਲਾਂ ਚੱਲੀ ਗੁਰਦੁਆਰਾ ਸੁਧਾਰ ਲਹਿਰ ਵਾਂਗ 'ਕਿਰਦਾਰ ਸੁਧਾਰ ਲਹਿਰ' ਚਲਾਉਣ ਦੀ।

# ਖ਼ਾਲਸੇ ਦੀ ਮਾਤਾ ਸਾਹਿਬ ਕੌਰ ਜੀ



**ਜੋਰਾਵਰ ਸਿੰਘ ਤਰਸਿੱਕਾ**

ਭਾਈ ਰਾਮਾ ਜੀ ਰੁਹਤਾਸ ਨਗਰ ਜ਼ਿਲਾ ਜੇਹਲਮ ਬੱਸੀ ਖਤਰੀ ਦੇ ਘਰ ਮਾਤਾ ਜੱਸ ਦੇਵੀ ਜੀ ਦੀ ਕੁੱਖੋਂ ਇਕ ਬੱਚੀ 18 ਕੱਤਕ 1681 ਨੂੰ ਜਨਮੀ ਜਿਸ ਦਾ ਨਾਂ ਸਾਹਿਬ ਦੇਵੀ ਰੱਖਿਆ। ਬੀਬੀ ਸਾਹਿਬ ਦੇਵੀ ਇਕ ਚੰਗੇ ਧਾਰਮਿਕ ਵਾਤਾਵਰਣ ਵਾਲੇ ਘਰ ਵਿੱਚ ਪੈਦਾ ਹੋਣ ਕਰਕੇ ਪੂਰਨ ਧਾਰਮਿਕ ਵਿਚਾਰਾਂ ਨੂੰ ਗ੍ਰਹਿਣ ਕਰ ਪੂਰਨ ਗੁਰਮਤਿ ਵਿਚ ਪਰਪੱਕ ਹੋ ਗਈ। ਚੰਗੀ ਸੁੰਦਰ ਸ਼ਕਲ, ਖੁੱਲੇ ਹੱਡ ਪੈਰ, ਖੁੱਲਾ ਮਿਲਾਪੜਾ ਸੁਭਾਅ, ਨੂਰਾਨੀ ਮੁੱਖੜਾ। ਸਾਰੇ ਨਗਰ ਦੀ ਹਰਮਨ ਪਿਆਰੀ, ਮਿਠਬੋਲੜੀ, ਹਸਮੁੱਖ, ਸਹਿਣਸ਼ੀਲ, ਸਿਦਕ ਸਬੂਰੀ ਤੇ ਨਿਮਰਤਾ ਦੀ ਮੂਰਤ, ਘਰ ਵਿਚੋਂ ਗੁਰਮੁੱਖੀ ਪੜ ਜਪੁਜੀ, ਰਹਿਰਾਸ ਤੇ ਕੀਰਤਨ ਸੋਹਿਲਾ ਤੇ ਹੋਰ ਸ਼ਬਦ ਜਬਾਨੀ ਯਾਦ ਕਰ ਲਏ।

ਬਚਪਨ ਤੋਂ ਹੀ ਸਾਹਿਬ ਦੇਵੀ ਪ੍ਰਮਾਤਮਾ ਦੀ ਭਗਤੀ ਵਿਚ ਮਗਨ ਰਹਿੰਦੀ ਹਰ ਵਕਤ ਸਿਮਰਨ ਕਰਦੀ ਰਹਿੰਦੀ ਬੋਲਦੀ ਘੱਟ। ਪਿੰਡ ਦੀ ਧਰਮਸ਼ਾਲਾ ਵਿੱਚ ਜਦੋਂ ਸਿੱਖ ਸੰਗਤ ਇਕੱਤਰ ਹੁੰਦੀ ਸ਼ਬਦ ਕੀਰਤਨ ਕਰਦੀ ਨਾਮ ਸਿਮਰਨ ਕਰਦੀ। ਇਲਾਕੇ ਦਾ ਮਸੰਦ ਧਰਮ ਪ੍ਰਚਾਰ ਕਰਦਾ ਬੀਬੀ ਸਾਹਿਬ ਦੇਵੀ ਸੰਗਤ ਲਈ ਲੰਗਰ ਤਿਆਰ ਕਰਦੀ। ਲੰਗਰ ਛੱਕਾ ਬਰਤਨ ਮਾਂਜਦੀ ਝਾੜੂ ਫੇਰਦੀ। ਸਾਰੀ ਸੰਗਤ ਦੁੱਖ ਸੁੱਖ ਵੇਲੇ ਇਕ ਦੂਜੇ ਦੇ ਭਾਈਵਾਲ ਹੁੰਦੀ ਇਸ ਨਗਰ ਵਿੱਚ ਪਹਿਲੇ ਗੁਰੂ ਸਾਹਿਬ ਤੋਂ ਦਸਮੇਸ਼ ਪਿਤਾ ਜੀ ਤੱਕ ਦੇ ਸ਼ਰਧਾਲੂ ਤੁਰੇ ਆਉਂਦੇ ਸਨ। ਇਥੋਂ ਪਹਿਲਾਂ ਵੀ ਸੰਗਤ ਅਨੰਦਪੁਰ ਦਸਮੇਸ਼ ਪਿਤਾ ਦੇ ਦਰਸ਼ਨਾਂ ਨੂੰ ਜਾਂਦੀ ਰਹੀ ਸੀ। ਹੋ ਸਕਦਾ ਹੈ ਸਾਹਿਬ ਦੇਵਾਂ ਇਸ ਤਰਾਂ ਗੁਰੂ ਜੀ ਦੇ ਦਰਸ਼ਨ ਕੀਤੇ ਹੋਣ।

ਬੀਬੀ ਸਾਹਿਬ ਦੇਵੀ ਜਦੋਂ ਜੁਆਨ ਹੋਈ ਤਾਂ ਭਾਈ ਰਾਮਾ ਜੀ ਨੂੰ ਇਸ ਧਾਰਮਿਕ ਅਵਸਥਾ ਵਾਲੀ ਬਾਲੜੀ ਲਈ ਇਹੋ ਜਿਹਾ ਵਰ ਲੱਭਣ ਵਿੱਚ ਕਠਿਨਾਈ ਆਈ। ਸੋ ਉਨਾਂ ਦਿਨਾਂ ਵਿੱਚ ਸਿੱਖਾਂ ਵਿਚ ਗੁਰੂ ਘਰ ਨਾਲ ਸਬੰਧ ਬਣਾਉਣਾ ਆਪਣੇ ਚੰਗੇ ਭਾਗ ਸਮਝਦੇ ਸਨ। ਇਹੋ ਵਿਚਾਰ ਦਿਲ ਵਿੱਚ ਧਾਰਕੇ ਭਾਈ ਰਾਮਾ ਜੀ ਨੇ ਆਪਣੀ ਪਤਨੀ ਤੇ ਸਬੰਧੀਆਂ ਨਾਲ ਸਲਾਹ ਕਰਕੇ ਬੀਬੀ ਸਾਹਿਬ ਦੇਵੀ ਦਾ ਰਿਸ਼ਤਾ, ਗੁਰੂ ਗੋਬਿੰਦ ਸਿੰਘ ਜੀ ਨਾਲ ਕਰਨ ਲਈ ਪੱਕੀ ਧਾਰ ਲਈ। ਇਹ ਵਿਚਾਰ ਜਦੋ ਮਾਪਿਆਂ ਨੇ ਸਾਹਿਬ ਦੇਵੀ ਨੂੰ ਦੱਸੇ ਤਾਂ ਬੀਬੀ ਜੀ ਨੇ ਹਾ ਕਰ ਦਿੱਤੀ।

ਜਦੋਂ ਪਿੰਡ ਦੀ ਧਰਮਸ਼ਾਲਾ ਵਿੱਚ ਸੰਗਤ ਸ਼ਬਦ ਕੀਰਤਨ ਲਈ ਇਕੱਠੀ ਹੋਈ ਤਾਂ ਰਾਮਾ ਜੀ ਹੱਥ ਜੋੜ ਕੇ ਬੇਨਤੀ ਕੀਤੀ ਕਿ ਸਾਰੀ ਸੰਗਤ ਗੁਰੂ ਨਿਆਈ ਹੈ।ਦਾਸ ਆਪ ਅੱਗੇ ਬੇਨਤੀ ਕਰਦਾ ਹੈ ਕਿ ਸਾਰੀ ਸੰਗਤ ਬਾਲੜੀ ਸਾਹਿਬ ਦੇਵੀ ਦਾ ਰਿਸ਼ਤਾ ਗੁਰੂ ਗੋਬਿੰਦ ਸਿੰਘ ਜੀ ਨਾਲ ਕਰਨ ਲਈ ਇਕ ਮਨ ਹੋ ਕੇ ਅਰਦਾਸ ਕਰੋ। ਸਾਰੀ ਸੰਗਤ ਅਚੰਭਤ ਵੀ ਤੇ ਖੁਸ਼ ਵੀ ਹੋਈ ਕਿ ਗੁਰੂ ਜੀ ਦਾ ਸਬੰਧ ਇਸ ਤਰਾਂ ਪੋਠੋਹਾਰ ਦੀ ਸੰਗਤ ਨਾਲ ਸਿੱਧਾ ਹੀ ਹੋ ਜਾਵੇਗਾ। ਸਾਰਿਆਂ ਹੱਸ ਹੱਸ ਇਹ ਅਰਦਾਸ ਕੀਤੀ ਤੇ ਨਾਲ ਹੀ ਭਾਈ ਰਾਮਾ ਜੀ ਦੀ ਸਿਫ਼ਾਰਸ਼ ਲਈ ਸੰਗਤਾਂ ਨੇ ਅਨੰਦਪੁਰ ਜਾਣ ਲਈ ਤਿਆਰੀਆਂ ਕਰ ਲਈਆਂ। ਹਰ ਸਿੱਖ ਨੇ ਆਪਣੇ ਆਪਣੇ ਦਸਵੰਧ ਦੀ ਰਕਮ ਇਕੱਠੀ ਕਰ ਚਾਲੇ ਪਾ ਲਏ। ਭਾਈ ਰਾਮਾ ਜੀ ਆਪਣੇ ਸਾਕਾਂ ਸਬੰਧੀਆਂ ਸਮੇਤ ਵਿਆਹ ਦਾ ਸਾਮਾਨ ਕੱਪੜੇ, ਗਹਿਣਾ ਗੱਟਾ ਆਦਿ ਲੈ ਮੰਜ਼ਲਾਂ ਮਾਰਦੇ ਸੰਗਤ ਦੇ ਰੂਪ ਵਿੱਚ ਸ਼ਬਦ ਚੌਕੀ ਕਰਦੇ ਅਨੰਦਪੁਰ ਸਾਹਿਬ ਜਾ ਪੁੱਜੇ।

ਅਨੰਦਪੁਰ ਸਾਹਿਬ ਪੁਜਦਿਆਂ ਭਾਈ ਰਾਮਾ ਜੀ ਤੇ ਸੰਗਤ ਨੇ ਆਪਣੇ ਦਸਵੰਧ ਭਾਈ ਭਗਵਾਨ ਸਿੰਘ ਦੀਵਾਨ ਪਾਸ ਜਮਾ ਕਰਾਇਆ। ਲਾਗੇ ਬੈਠੇ ਭਾਈ ਮਨੀ ਸਿੰਘ ਜੀ ਨੂੰ ਆਪਣੀ ਸਾਰੀ ਵਿਚਾਰ ਦੱਸੀ। ਇਨਾਂ ਦੋਵਾਂ ਭਾਈ ਰਾਮਾ ਜੀ ਨੂੰ ਯਕੀਨ ਦੁਆਇਆ ਕਿ ਉਹ ਉਸ ਦੀ ਲੜਕੀ ਦੇ ਗੁਰੂ ਜੀ ਨਾਲ ਰਿਸ਼ਤਾ ਕਰਨ ਦੀ ਗੁਰੂ ਜੀ ਨਾਲ ਗੱਲ ਤੋਰਨਗੇ। ਜਦੋਂ ਸਵੇਰੇ ਗੁਰੂ ਜੀ ਬਿਸ਼ਰਾਮ ਕਰ ਰਹੇ ਸਨ ਤਾਂ ਭਾਈ ਰਾਮਾ ਜੀ ਖੜੇ ਹੋ ਕੇ ਗਲ਼ ਵਿਚ ਪੱਲਾ ਪਾ ਹੱਥ ਜੋੜ ਤੇ ਸੰਗਤ ਵੀ ਨਾਲ ਹੱਥ ਜੋੜ ਖੜੀ ਹੋ ਗਈ। ਬੋਲਣ ਕੁਝ ਨਾ। ਅੰਤਰਯਾਮੀ ਨੇ ਇਸ ਤਰਾਂ ਖੜਨ ਦਾ ਕਾਰਨ ਪੁਛਿਆ ਤਾਂ ਭਾਈ ਮਨੀ ਸਿੰਘ ਜੀ ਨੇ ਵਿਚੋਲਗੀ ਕਰਦਿਆਂ ਹੱਥ ਜੋੜਦੇ ਖੜੇ ਹੋ ਕਿਹਾ ਕਿ ਦੀਨ ਦੁਨੀ ਦੇ ਮਾਲਕ ਇਹ ਸੰਗਤ ਭਾਈ ਰਾਮਾ ਜੀ ਦੀ ਸਪੁੱਤਰੀ ਸਾਹਿਬ ਦੇਵੀ ਦਾ ਰਿਸ਼ਤਾ ਆਪ ਜੀ ਨਾਲ ਕਰਨ ਆਈ ਹੈ। ਕੁਝ ਚਿਰ ਚੁਪ ਰਹਿ ਗੁਰੂ ਜੀ ਬਚਨ ਕੀਤਾ ਕਿ 'ਮੈਂ ਅੰਮ੍ਰਿਤ ਤਿਆਰ ਕਰਨ ਵੇਲੇ ਬ੍ਰਹਮਚਾਰਜ ਧਾਰਨ ਕਰ ਲਿਆ ਸੀ। ਸੋ ਮੈਂ ਇਸ ਦੇ ਨਾਲ ਵਿਆਹ ਕਰਵਾਉਣ ਤੋਂ ਅਸਮਰਥ ਹਾਂ। 'ਭਾਈ ਸੰਤੋਖ ਸਿੰਘ ਲਿਖਦੇ ਹਨ : ਤਬ ਤੋਂ ਹਿਸਤ ਕਰਨ ਹਮ ਛੋਰਾ। ਬ੍ਰਹਮ ਚਰਜ ਮਹਿ ਨਿੱਤ ਮਨ ਜੋਰਾ ॥

ਯਾਤੇ ਬਨੈ ਨਹੀਂ ਇਹ ਬਾਤੇ। ਛਪਯੋ ਬ੍ਰਿਤਾਂਤ ਨਾ ਸਭ ਬਖਿਆਤ ॥ ਗੁਰੂ ਜੀ ਦੇ ਇਹ ਬਚਨ ਸੁਣ ਭਾਈ ਰਾਮਾ ਜੀ ਤੇ ਪੋਠੋਹਾਰੀ ਸੰਗਤ ਇਹ ਬੜੀ ਨਿਰਾਸ਼ ਤੇ ਮਾਯੂਸ ਹੋਈ। ਇਨਾਂ ਨੂੰ ਦੁਖੀ ਹੋਏ ਵੇਖ ਭਾਈ ਭਗਵਾਨ ਸਿੰਘ ਜੀ ਭਾਈ ਮਨੀ ਸਿੰਘ ਜੀ ਹੋਰਾਂ ਗੁਰੂ ਜੀ ਅਗੇ ਫਿਰ ਬੇਨਤੀ ਕੀਤੀ ਕਿ 'ਗਰੀਬ ਨਿਵਾਜ਼, ਆਪ ਦਾ ਬ੍ਰਹਮ ਚਰਜ ਦਾ ਧਾਰਨ ਵੀ ਠੀਕ ਹੈ ਪਰ ਇਸ ਸੰਗਤ ਦੀ ਪਿੰਡੋਂ ਤੁਰਨ ਲਗਿਆਂ ਦੀ ਕੀਤੀ ਅਰਦਾਸ ਬਾਰੇ ਫਿਰ ਵਿਚਾਰ ਕਰਨ ਦੀ ਖੇਚਲ ਕਰੋ ਕਿ ਇਹ ਕਿੱਡੀ ਦੂਰੋਂ ਵਾਟਾਂ ਮਾਰਦੇ ਆਪ ਤੇ ਸ਼ਰਧਾ ਧਾਰ ਆਏ ਹਨ। ਇਨਾਂ ਦੀ ਬੱਚੀ ਨੂੰ ਆਪਣੇ ਚਰਨਾਂ ਵਿਚ ਥਾਂ ਦੇ ਕੇ ਧੀਰਜ ਦਿਓ। ਭਾਈ ਰਾਮਾਂ ਜੀ ਫਿਰ ਬੜੀ ਤਰਸਯੋਗ ਹਾਲਤ ਵਿੱਚ ਤਰਲਾ ਮਾਰਦਿਆਂ ਕਿਹਾ 'ਮਹਾਰਾਜ, ਕੋਈ ਬਿਧ ਬਣਾ ਦਿਉ।' ਗੁਰੂ ਜੀ ਨੇ ਭਾਈ ਰਾਮਾ ਜੀ ਤੇ ਸੰਗਤ ਦੀ ਬੇਨਤੀ ਤਾਂ ਸਵੀਕਾਰ ਕਰ ਲਈ ਪਰ ਸ਼ਰਤ ਇਹ ਰੱਖ ਦਿੱਤੀ ਕਿ ਇਹ ਕਵਾਰਾ ਡੋਲਾ ਬਣਕੇ ਮਹਿਲਾਂ ਵਿਚ ਵਿਚਰ ਸਕਦੀ ਹੈ ਪਰ ਇਸ ਨਾਲ ਕੋਈ ਸੰਸਾਰਕ ਸੰਬਧ ਨਹੀਂ ਹੋਣਗੇ। ਕੇਸਰ ਸਿੰਘ ਛਿੱਬਰ ਲਿਖਦਾ ਹੈ : – ਰਹੈ ਕੁਆਰਾ ਡੋਰਾ ਰਾਮੂ (ਰਾਮਾ ਜੀ), ਕਰਹਿ ਸੇਵ ਬਾਸਹੂ ਹਮ ਧਾਮੂ।

ਗੁਰੂ ਜੀ ਦੇ ਮੁਖਾਰਬਿੰਦ ਤੋਂ ਉਪ੍ਰੋਕਤ ਬਚਨ ਸੁਣ ਸਾਰੀ ਸੰਗਤ ਤੇ ਭਾਈ ਰਾਮਾ ਜੀ ਖੁਸ਼ ਹੋ ਗਏ। ਭਾਈ ਰਾਮਾ ਜੀ ਤੇ ਮਾਤਾ ਜੱਸ ਦੇਵੀ ਨੂੰ ਇਸ ਖੁਸ਼ੀ ਤੇ ਵਧਾਈਆਂ ਮਿਲਣ ਲੱਗੀਆਂ ਹੁਣ ਗੁਰੂ ਜੀ ਹੋਰਾਂ ਪਹਿਲਾਂ ਸਾਹਿਬ ਦੇਵੀ ਤੇ ਇਸ ਦੇ ਮਾਪਿਆਂ ਤੇ ਸੰਗਤ ਨੂੰ ਅੰਮ੍ਰਿਤ ਛਕਣ ਲਈ ਸ਼ਰਤ ਲਾਈ। ਇਨਾਂ ਸਾਰਿਆਂ ਨੇ ਅੰਮ੍ਰਿਤ ਪਾਨ ਕਰ ਲਿਆ। ਸਾਹਿਬ ਦੇਵੀ ਤੋਂ ਸਾਹਿਬ ਕੌਰ ਬਣਾ ਮਹਿਲਾ ਵਿਚ ਪ੍ਰਵੇਸ਼ ਕਰ ਦਿੱਤਾ। ਸਾਹਿਬ ਕੌਰ ਦੀ ਆਯੂ ਉਸ ਸਮੇਂ ਉਨੀ ਸਾਲ ਦੀ ਤੇ ਗੁਰੂ ਜੀ ਦੀ 34 ਸਾਲ ਸੀ। ਵਿਆਹ ਤੋਂ ਪਹਿਲਾਂ ਮਾਤਾ ਸਾਹਿਬ ਕੌਰ ਨੂੰ ਦੁਲਹਨ ਬਣਾਇਆ ਗਿਆ। ਸਾਰੇ ਸਾਕ ਸਬੰਧੀ ਤੇ ਸੰਗਤ ਬੜੀ ਖੁਸ਼ ਸਨ। 18 ਵਿਸਾਖ 1695 : ਨੂੰ ਭਾਈ ਰਾਮ ਕੋਇਰ (ਗੁਰਬਖਸ਼ ਸਿੰਘ) ਜੀ ਜਿਹੜੇ ਬਾਬਾ ਬੁੱਢਾ ਜੀ ਦੇ ਪੜਪੋਤੇ ਸਨ ਨੇ ਪੂਰਨ ਗੁਰ ਮਰਿਯਾਦਾ ਅਨੁਸਾਰ ਗੁਰੂ ਜੀ ਦਾ ਮਾਤਾ ਸਾਹਿਬ ਕੌਰ ਜੀ ਨਾਲ ਅਨੰਦ ਕਾਰਜ ਦੀ ਰੀਤੀ ਨਿਭਾਈ ਤੇ ਪਿਛੋਂ ਮਾਤਾ ਗੁਜਰੀ ਕੌਰ ਜੀ ਆਪਣੀ ਨੂੰਹ ਮਾਤਾ ਸਾਹਿਬ ਕੌਰ ਨੂੰ ਆਪਣੇ ਨਾਲ ਮਹਿਲਾਂ ਵਿਚ ਪੱਕੇ ਤੌਰ 'ਤੇ ਲੈ ਗਏ। ਸੰਗਤ ਮਹੀਨੇ ਉਪਰੰਤ ਅਨੰਦਪੁਰ ਰਹਿ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰ ਛੁੱਟੀਆਂ ਲੈ ਚਲ ਪਈ। ਪਰ ਮਾਤਾ ਸਾਹਿਬ ਕੌਰ ਦਾ ਭਰਾ ਸਾਹਿਬ ਸਿੰਘ ਏਥੋਂ ਗੁਰੂ ਜੀ ਪਾਸ ਰਹਿ ਸੇਵਾ ਵਿਚ ਜੁੱਟ ਪਿਆ। ਮਹਿਲਾਂ ਵਿਚ ਆਉਂਦਿਆਂ ਮਾਤਾ ਸਾਹਿਬ ਕੌਰ ਦੇ ਆਪਣੇ ਮਿੱਠਬੋਲੜੇ, ਮਿਲਾਪੜੇ ਨਿਰਮਤਾ ਭਰਪੂਰ ਸੁਭਾਅ ਨੇ ਮਾਤਾ ਗੁਜਰ ਕੌਰ ਤੇ ਮਾਤਾ ਸੁੰਦਰ ਕੌਰ ਦਾ ਦਿਲ ਜਿੱਤ ਲਿਆ। ਘਰ ਦਾ ਕੰਮ ਕਰਨ ਤੋਂ ਉਪਰੰਤ ਸਾਹਿਬਜ਼ਾਦਿਆਂ ਦੀ ਸੇਵਾ ਸੰਭਾਲ ਦਾ ਕੰਮ ਆਪਣੇ ਜ਼ਿਮੇ ਲੈ ਲਿਆ। ਬੜੇ ਪਿਆਰ ਤੇ ਸਧਰਾਂ ਨਾਲ ਪਾਲਦੇ ਲਾਡ ਲੁਡਾਂਦੇ। ਆਪਣੇ ਮੁਢਲੇ ਸੁਭਾਅ ਅਨੁਸਾਰ ਅੰਮ੍ਰਿਤ ਵੇਲੇ ਉੱਠ ਇਸ਼ਨਾਨ ਕਰ ਜੁਬਾਨੀ ਨਿੱਤਨੇਮ ਕਰਦੇ ਪਾਣੀ ਲਿਆ ਮਾਤਾ ਗੁਜਰ ਕੌਰ ਜੀ ਦਾ ਇਸ਼ਨਾਨ ਕਰਾਉਂਦੇ। ਫਿਰ ਘਰ ਦੇ ਕੰਮਕਾਜ ਵਿਚ ਜੁੱਟ ਜਾਂਦੇ। ਆਪਣੇ ਮਨ ਵਿਚ ਮਾਤਾ ਸਾਹਿਬ ਕੌਰ ਨੇ ਇਹ ਪ੍ਰਤਿਗਿਆ ਕਰ ਲਈ ਕਿ ਜਿਨਾਂ ਚਿਰ ਗੁਰੂ ਜੀ ਦੇ ਦਰਸ਼ਨ ਨਾ ਕਰ ਲੈਣ ਉਨਾਂ ਚਿਰ ਮੂੰਹ ਨਹੀਂ ਜੂਠਾਲਣਾ ਇਨਾਂ ਦੇ ਪ੍ਰੇਮ ਦੇ ਬੱਧੇ ਗੁਰੂ ਜੀ ਇਕ ਵਾਰੀ ਮਹਿਲਾਂ ਵਿਚ ਜ਼ਰੂਰ ਸਵੇਰੇ ਚਰਨ ਪਾਉਂਦੇ। ਜਿਸ ਦੀ ਗਵਾਹੀ ਇਤਿਹਾਸ ਭਰਦਾ ਹੈ : ਜੇ ਕਿਸੇ ਕਾਰਨ ਦਰਸ਼ਨ ਨਾ ਹੋਇ ਉਸ ਦਿਨ ਖਾਇ ਆਹਾਰ ਨਾ ਹੋਇ ॥ ਮਾਤਾ ਸਾਹਿਬ ਕੌਰ ਤੇ ਗੁਰੂ ਜੀ ਦਾ ਪ੍ਰਵਾਰਿਕ ਜੀਵਨ ਰੂਹਾਨੀ ਤੇ ਆਦਰਸ਼ਕ ਪ੍ਰੇਮ ਰੂਪੀ ਜੀਵਨ ਦੀ ਉਧਾਰਨ ਸੀ। ਜਿਸ ਵਿਚ ਮਾਤਾ ਜੀ ਨੇ ਗੁਰੂ ਜੀ ਨੂੰ ਨਿੱਤ ਪਹਿਲ ਦਿੱਤੀ ਤੇ ਨਿਤ ਗੁਰੂ ਜੀ ਦੀਆਂ ਖੁਸ਼ੀਆਂ ਤੇ ਚੜਦੀਆਂ ਕਲਾਂ ਲੋਚਦੇ ਰਹੇ। ਮਾਤਾ ਜੀ ਨੇ ਗੁਰੂ ਜੀ ਦੇ ਅਰਾਮ ਲਈ ਮਹਿਲਾਂ ਵਿਚ ਇਕ ਪਲੰਘ ਸਜਾ ਕੇ ਰੱਖਿਆ ਹੋਇਆ ਸੀ। ਜਿੱਥੇ ਆ ਕੇ ਗੁਰੂ ਜੀ (ਮਾਤਾ ਗੁਜਰੀ ਕੌਰ ਜੀ ਦੇ ਚਰਨ ਬੰਦਨਾ ਕਰ) ਬਿਰਾਜ ਜਾਂਦੇ ਸਨ ਤੇ ਮਾਤਾ ਸਾਹਿਬ ਕੌਰ ਗੁਰੂ ਜੀ ਦੇ ਚਰਨ ਤੇ ਲੱਤਾਂ ਘੱਟਣ ਦੀ ਸੇਵਾ ਕਰਨ ਲੱਗ ਜਾਂਦੇ।ਇਕ ਦਿਨ ਨਿਤ ਪ੍ਰਤੀ ਸੇਵਾ ਕਰਦੇ ਕੁਝ ਅਸ਼ਾਂਤ ਜਿਹੇ ਸਨ, ਮਨ ਵਿਚ ਕੁਝ ਬੇਚੈਨੀ ਜਿਹੀ ਅਨੁਭਵ ਕਰ ਰਹੇ ਸਨ। ਅੰਤਰਜਾਮੀ ਨੇ ਪੁਛ ਹੀ ਲਿਆ ਕਿ 'ਭਲੀਏ ਲੋਕੇ! ਜਿਹੜੀ ਤੇਰੇ ਦਿਲ ਵਿਚ ਗੱਲ ਹੈ। ਖੁਲ ਕੇ ਦੱਸ, ਬੁੱਲਾਂ ਤੇ ਲਿਆ, ਝਿਜਕ ਨਾ।'

ਮਾਤਾ ਜੀ ਨੈਣਾਂ ਵਿਚ ਹੰਝੂ ਭਰ ਕਿਹਾ ਕਿ 'ਦਾਸੀ ਦੇ ਵੀ ਕੋਈ ਪੁੱਤਰ ਝੋਲੀ ਪਾਓ ਜੀ ਬਚਨ ਕੀਤਾ ਜਾ। ਅੱਜ ਤੋਂ ਖਾਲਸਾ ਤੇਰੀ ਝੋਲੀ ਪਾਉਂਦੇ ਹਾਂ। ਤੇਰਾ ਇਹ ਪੁੱਤਰ ਜੁਗਾਂ ਜੁਗਾਂਤਰਾਂ ਤੱਕ ਰਹਿਣ ਵਾਲਾ ਹੈ। ਸੋ ਗੁਰੂ ਜੀ ਨੇ 'ਖਾਲਸਾ' ਮਾਤਾ ਜੀ ਦੀ ਝੋਲੀ ਪਾ ਸਦਾ ਲਈ ਪੁੱਤਰਾਂ ਵਾਲੀ ਬਣਾ ਦਿੱਤਾ। ਅੰਮ੍ਰਿਤ ਛਕਣ ਵੇਲੇ ਹਰ ਪ੍ਰਾਣੀ ਨੂੰ ਕਿਹਾ ਜਾਂਦਾ ਹੈ ਕਿ 'ਅੱਜ ਤੋਂ ਤੇਰਾ ਪਿਤਾ ਗੁਰੂ ਗੋਬਿੰਦ ਸਿੰਘ ਜੀ ਤੇ ਮਾਤਾ ਸਾਹਿਬ ਕੌਰ ਤੇ ਪਿੰਡ ਅਨੰਦਪੁਰ ਹੋਇਆ।' ਮਾਤਾ ਜੀ ਖਾਲਸਾ ਦੀ ਮਾਤਾ ਬਨਣ ਕਰਕੇ ਸਿੱਖ ਜਗਤ ਵਿਚ ਬੜੇ ਸਤਿਕਾਰੇ ਗਏ ਮਾਤਾ ਜੀ ਨੇ ਖਾਲਸਾ ਦੀ ਮਾਤਾ ਬਣ ਕੇ ਆਪਣੇ ਬਚਪਨ ਤੋਂ ਗ੍ਰਹਿਣ ਕੀਤੇ ਸਾਰੇ ਗੁਣ ਜਿਵੇਂ ਸੰਜਮ, ਸਿਦਕ, ਸੰਤੋਖ, ਸਬਰ, ਸਹਿਣਸ਼ੀਲਤਾ, ਸੇਵਾ ਸਿਮਰਨ, ਨਿਰਭੈਅਤਾ, ਨਿਰਮਤਾ, ਸਦਾਚਾਰੀ, ਪਰਉਪਕਾਰੀ, ਨਿਆਂਕਾਰੀ, ਆਗਿਆਕਾਰੀ ਜਿਹੇ ਗੁਣ ਆਪਣੇ ਪੁੱਤਰ ਖਾਲਸੇ ਵਿਚ ਭਰਨੇ ਸ਼ੁਰੂ ਕਰ ਦਿੱਤੇ। ਮਾਤਾ ਦਾ ਪੁੱਤਰ ਖਾਲਸਾ ਵੀ ਆਪਣੇ ਮਾਂ ਵਾਂਗ ਜਤੀ ਸਤੀ ਰਿਹਾ। ਤਾਂ ਹੀ ਤਾਂ ਨੂਰ ਦੀਨ ਵਰਗਾ ਕੱਟੜ ਲਿਖਾਰੀ ਸਿੱਖਾਂ ਬਾਰੇ ਇਉਂ ਲਿਖਦਾ ਹੈ ਕਿ ਇਹ ਸਗ ਅਰਥ (ਕੁੱਤਾ) ਘਿਰਣਾ ਦਾ ਸ਼ਬਦ) ਵੈਰੀ ਦੀ ਮਾਂ ਧੀ ਨੂੰ ਆਪਣੀ ਮਾਂ ਧੀ ਸਮਝਦੇ ਹਨ। ਇਨਾਂ ਵਿਚ ਦੁਰਾਚਾਰੀ ਤੇ ਵਿਭਚਾਰੀ ਜਿਹੀ ਕੋਈ ਚੀਜ਼ ਨਹੀਂ ਹੈ। ਇਹ ਭੱਜੇ ਜਾਂਦੇ, ਜ਼ਖ਼ਮੀ ਤੇ ਸੁੱਤੇ ਹੋਏ ਵੈਰੀ ਤੇ ਕਦੀ ਹਮਲਾ ਨਹੀਂ ਕਰਦੇ। ਅਨੰਦਪੁਰ ਤਿਆਗਣ ਵੇਲੇ ਸਰਸਾ ਨਦੀ ਕੰਢੇ ਗੁਰੂ ਜੀ ਦਾ ਪ੍ਰਵਾਰ ਤਿੰਨਾਂ ਭਾਗਾਂ ਵਿਚ ਵੰਡਿਆ ਗਿਆ। ਗੁਰੂ ਜੀ ਤੇ ਵੱਡੇ ਸਾਹਿਬਜ਼ਾਦੇ ਚਮਕੌਰ ਵੱਲ ਚਲੇ ਗਏ। ਮਾਤਾ ਗੁਜਰੀ ਕੌਰ ਤੇ ਛੋਟੇ ਸਾਹਿਬਜ਼ਾਦੇ ਗੰਗੂ ਨਾਲ ਚਲੇ ਗਏ। ਮਾਤਾਵਾਂ ਸਾਹਿਬ ਕੌਰ, ਸੁੰਦਰ ਕੌਰ ਜੀ ਸਰਸਾ ਪਾਰ ਕਰ ਭਾਈ ਮਨੀ ਸਿੰਘ ਜੀ, ਭਾਈ ਧੰਨਾ ਸਿੰਘ ਤੇ ਭਾਈ ਜਵਾਹਰ ਸਿੰਘ ਦਿੱਲੀ ਨਿਵਾਸੀਆਂ ਨਾਲ ਦਿੱਲੀ ਚਲੇ ਗਏ। ਏਥੇ ਦਿੱਲੀ ਵਾਲਿਆਂ ਸਿੱਖਾਂ ਨੇ ਇਨਾਂ ਦਾ ਉਤਾਰਾ ਕੂਚਾ ਦਿਲ ਵਾਲੀ ਅਜਮੇਰੀ ਗੇਟ ਕਰਵਾਇਆ। ਪਿਛੋਂ ਫਿਰ ਇਕ ਲਾਲ ਪੱਥਰ ਦੀ ਬਣੀ ਹਵੇਲੀ ਵਿਚ ਰਹਿਣ ਲੱਗ ਪਏ। ਮਾਤਾਵਾਂ ਦਿੱਲੀ ਆ ਪ੍ਰਵਾਰ ਦਾ ਬੜਾ ਫਿਕਰ ਕਰਨ ਲੱਗੀਆਂ। ਜਦੋਂ ਮਾਤਾ ਗੁਜਰ ਕੌਰ ਤੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਪਤਾ ਲੱਗਾ ਤਾਂ ਭਾਣੇ ਨੂੰ ਸਿਰ ਮੱਥੇ ਮੰਨ ਕੇ ਭਾਈ ਜਵਾਹਰ ਸਿੰਘ ਨੂੰ ਕਹਿ ਕੇ ਇਨਾਂ ਸ਼ਹੀਦਾਂ ਦੇ ਨਮਿਤ ਪਾਠ ਦਾ ਭੋਗ ਪਵਾਇਆ। ਜਦੋਂ ਮਾਤਾਵਾਂ ਨੂੰ ਗੁਰੂ ਜੀ ਦੇ ਤਲਵੰਡੀ ਸਾਬੋ ਪੁੱਜਣ ਦੀ ਖਬਰ ਮਿਲੀ ਤਾਂ ਗਿਆਨੀ ਗਿਆਨ ਸਿੰਘ ਦੀ ਲਿਖਤ ਅਨੁਸਾਰ ' ਮਾਤਾ ਸੁੰਦਰ ਕੌਰ, ਮਾਤਾ ਸਾਹਿਬ ਕੌਰ ਤੇ ਕ੍ਰਿਪਾਲ ਸਿੰਘ ਰੱਥ ਕਰਾਏ ਤੇ ਰੱਥ ਕਰ ਭਾਈ ਮਨੀ ਸਿੰਘ ਜੀ ਨਾਲ ਤਲਵੰਡੀ ਚੱਲ ਪਏ। ਜਦੋਂ ਉਥੇ ਪੁੱਜੇ ਤਾਂ ਮਾਤਾ ਗੁਜਰ ਕੌਰ ਤੇ ਸਾਹਿਬਜ਼ਾਦਿਆਂ ਬਾਰੇ ਖਿਆਲ ਆਇਆ ਤਾਂ ਅੱਖਾਂ ਵਿਚ ਹੰਝੂ ਭਰ ਆਇਆ, ਪੁੱਤਰਾਂ ਬਾਰੇ ਪੁੱਛਿਆ। ਗੁਰੂ ਜੀ ਧੀਰਜ ਦੇਂਦਿਆਂ ਸਿੱਖਾਂ ਵੱਲ ਇਸ਼ਾਰਾ ਕਰਦਿਆਂ ਫੁਰਮਾਇਆ : 'ਇਨ ਪੁਤਰਨ ਕੇ ਸੀਸ ਪੁਰ ਵਾਰ ਦੀਏ ਸੁਤ ਚਾਰ। ਚਾਰ ਮੁਏ ਤੋ ਕਿਆ ਭਇਆ, ਜੀਵਤ ਕਈ ਹਜਾਰ।'

ਜਦੋਂ ਮਾਤਾਵਾਂ ਇੱਥੇ ਪੁੱਜੀਆਂ ਤਾਂ ਭਾਈ ਡੱਲੇ ਨੂੰ ਗੁਰੂ ਜੀ ਨੇ ਇਨਾਂ ਦੇ ਰਹਿਣ ਲਈ ਤੰਬੂ ਦਾ ਪ੍ਰਬੰਧ ਕਰਨ ਲਈ ਕਿਹਾ। ਪਰ ਡੱਲੇ ਨੇ ਇਨਾਂ ਨੂੰ ਆਪਣੀ ਵੱਡੀ ਹਵੇਲੀ ਵਿਚ ਆਰਾਮ ਨਾਲ ਰਹਿਣ ਲਈ ਗੁਰੂ ਜੀ ਅੱਗੇ ਬੇਨਤੀ ਕੀਤੀ। ਪਰ ਮਾਤਾਵਾਂ ਨੇ ਹਵੇਲੀ ਦਾ ਆਰਾਮ ਤਿਆਗ ਬਾਹਰ ਭੁੰਜੇ ਜ਼ਮੀਨ ਤੇ ਵਿਛਾਉਣਾ ਕਰ ਗੁਰੂ ਜੀ ਦੇ ਚਰਨਾਂ ਵਿਚ ਰਹਿਣਾ ਸਵੀਕਾਰ ਕੀਤਾ। ਭਾਈ ਸੰਤੋਖ ਸਿੰਘ ਲਿਖਦੇ ਹਨ : ਦੋਹੋ ਸੁਨ ਭਾਖਯੋ ਇਹ ਬਲੋ। ਪ੍ਰਭ ਕੇ ਪ੍ਰਾਨ ਬਿਖੇ ਹੈ ਭਲੋ। ਜਿੱਥੇ ਮਾਤਾਵਾਂ ਦਾ ਤੰਬੂ ਲੱਗਾ ਸੀ ਉਥੇ ਇਨਾਂ ਦੀ ਯਾਦ ਵਿਚ ਗੁਰਦੁਆਰਾ ਬਣਿਆ ਹੋਇਆ ਹੈ। ਸਾਬੋ ਦੀ ਤਲਵੰਡੀ ਨੂੰ ਅੱਜ ਕੱਲ ਦਮਦਮਾ ਸਾਹਿਬ ਕਹਿੰਦੇ ਹਨ। ਇੱਥੇ ਹੀ ਗੁਰੂ ਜੀ ਹੋਰਾਂ ਅੰਤਰ ਧਿਆਨ ਹੋ ਕੇ ਭਾਈ ਮਨੀ ਸਿੰਘ ਜੀ ਪਾਸੋਂ (ਤੰਬੂ ਲਵਾ ਕੇ) ਵਿਚ ਆਸਣ ਲਾ ਆਦਿ ਗ੍ਰੰਥ ਦਾ ਉਤਾਰਾ ਕਰਾਇਆ ਤੇ ਵਿਚ ਨਾਵੇਂ ਗੁਰੂ ਜੀ ਦੀ ਬਾਣੀ ਵੀ ਰਾਗਾਂ ਅਨੁਸਾਰ ਦਰਜ ਕੀਤੀ। ਭਾਈ ਦੀਪ ਸਿੰਘ ਜੀ ਨੇ ਕਲਮਾਂ ਘੜਣ, ਸਿਆਹੀ ਤਿਆਰ ਤੇ ਕਾਗਜ ਤਿਆਰ ਕਰਨ ਦੀ ਸੇਵਾ ਨਿਭਾਈ। ਇੱਥੇ ਹੀ ਗੁਰੂ ਜੀ ਹੋਰਾਂ ਭਾਈ ਦੀਪ ਸਿੰਘ ਜੀ ਭਾਈ ਮਨੀ ਸਿੰਘ ਜੀ ਤੇ ਹੋਰਾਂ ਨੂੰ ਆਦਿ ਗ੍ਰੰਥ ਦੇ ਵਿਆਖਿਆ ਸਹਿਤ ਅਰਥ ਸਮਝਾਏ। ਇਸ ਕਾਰਜ ਲਈ ਇਕ ਵਿਦਿਆਲਾ ਖੋਹਲਿਆ ਗਿਆ ਜਿਸ ਨੂੰ 'ਟਕਸਾਲ' ਦਾ ਨਾਮ ਦਿੱਤਾ ਗਿਆ। ਇੱਥੇ ਗੁਰੂ ਜੀ ਦਸ ਮਹੀਨੇ ਟਿਕੇ। ਮਾਲਵੇ ਵਿਚ ਨਸ਼ਿਆਂ, ਤੰਮਾਕੂ, ਅਫੀਮ ਦਾ ਬਹੁਤ ਰਿਵਾਜ ਸੀ। ਗੁਰੂ ਜੀ ਨੇ ਪ੍ਰਚਾਰ ਦੀਆਂ ਵਹੀਰਾਂ ਚਲਾਈਆਂ ਪਿੰਡ ਪੱਧਰ ਤੇ ਪ੍ਰਚਾਰ ਕੀਤਾ ਗਿਆ। ਸਿੱਖ ਧਰਮ ਬਲਵਾਨ ਹੋਇਆ। ਮਾਤਾਵਾਂ ਇੱਥੇ ਗੁਰੂ ਜੀ ਪਾਸ ਰਹਿ ਕੇ ਹਰ ਪ੍ਰਕਾਰ ਦੀ ਸੇਵਾ ਤੇ ਸਹੂਲਤ ਪ੍ਰਦਾਨ ਕੀਤੀ। ਦਮਦਮਾ ਸਾਹਿਬ ਤੋਂ ਗੁਰੂ ਜੀ ਨੇ 'ਜ਼ਫਰਨਾਮਾ' ਫਤਹਿ ਦੀ ਚਿੱਠੀ ਲਿਖ ਕੇ ਭਾਈ ਦਯਾ ਸਿੰਘ ਤੇ ਭਾਈ ਧਰਮ ਸਿੰਘ ਰਾਹੀਂ ਦੱਖਣ ਵਿਚ ਔਰੰਗਜ਼ੇਬ ਨੂੰ ਭੇਜਿਆ ਜਿਸ ਵਿਚ ਉਸ ਦੇ ਕਰਿੰਦਿਆਂ ਦੀਆਂ ਕਰਤੂਤਾਂ ਤੇ ਸਿੱਖਾਂ ਤੇ ਢਾਹੇ ਗਏ ਜ਼ੁਲਮਾਂ ਦਾ ਵਰਨਣ ਸੀ। ਇਹ ਚਿੱਠੀ ਪੜ ਕੇ ਬਾਦਸ਼ਾਹ ਨੇ ਗੁਰੂ ਜੀ ਨੂੰ ਉਸ ਨੂੰ ਮਿਲਣ ਲਈ ਸੱਦ ਭੇਜਿਆ।ਹੁਣ ਗੁਰੂ ਜੀ ਨੇ ਭਾਈ ਦੀਪ ਸਿੰਘ ਜੀ ਨੂੰ ਟਕਸਾਲ ਦੀ ਸੌਂਪਣਾ ਕਰਕੇ ਮਾਤਾਵਾਂ ਨੂੰ ਭਾਈ ਮਨੀ ਸਿੰਘ ਤੇ ਨਾਲ ਭਾਈ ਸਾਹਿਬ ਸਿੰਘ ਸਮੇਤ ਦਿੱਲੀ ਵੱਲ ਤੋਰ ਦਿੱਤਾ। ਆਪ ਅਜੇ ਰਾਜਸਥਾਨ ਹੀ ਪੁੱਜੇ ਸਨ ਕਿ ਔਰੰਗਜ਼ੇਬ ਦੀ ਮੌਤ ਦੀ ਖਬਰ ਮਿਲ ਗਈ। ਦੱਖਣ ਵੱਲ ਜਾਣ ਦੀ ਬਜਾਏ ਗੁਰੂ ਜੀ ਸਿੱਧੇ ਦਿੱਲੀ ਵੱਲ ਚਲ ਪਏ। ਔਰੰਗਜ਼ੇਬ ਦੇ ਪੁੱਤਰਾਂ ਵਿਚ ਤਖ਼ਤ ਪ੍ਰਾਪਤ ਕਰਨ ਦੀ ਲੜਾਈ ਚਲ ਪਈ। ਬਹਾਦਰ ਸ਼ਾਹ ਨੇ ਸਿੱਖਾਂ ਦੀ ਬਹਾਦਰੀ ਦੀਆਂ ਸਾਖੀਆਂ ਸੁਣੀਆਂ ਹੋਈਆਂ ਸਨ। ਇਸ ਨੇ ਗੁਰੂ ਜੀ ਅੱਗੇ ਆਪਣੀ ਸਹਾਇਤਾ ਲਈ ਬੇਨਤੀ ਕੀਤੀ। ਗੁਰੂ ਜੀ ਹੇਠ ਲਿਖੀਆਂ ਸ਼ਰਤਾਂ ਤੇ ਬਹਾਦਰ ਸ਼ਾਹ ਦੀ ਸਹਾਇਤਾ ਲਈ ਤਿਆਰ ਹੋ ਗਏ।

ਪਹਿਲਾ ਬਾਦਸ਼ਾਹ ਸਿੱਖਾਂ ਹਿੰਦੂਆਂ ਨੂੰ ਮੁਸਲਮਾਨਾਂ ਸਮਾਨ ਹੱਕ ਪ੍ਰਦਾਨ ਕਰੇ, ਦੂਜਾ ਹਰ ਇਕ ਨੂੰ ਨਿਆਂ ਮਿਲੇ, ਤੀਜਾ ਕਿਸੇ ਧਰਮ ਦੀ ਅਜ਼ਾਦੀ ਵਿਚ ਦਖ਼ਲ ਨਾ ਦਿੱਤਾ ਜਾਵੇ, ਚੌਥਾ ਬੇਦੋਸ਼ੇ ਸਿੱਖਾਂ ਤੇ ਜ਼ੁਲਮ ਕਰਨ ਵਾਲਿਆਂ ਨੂੰ ਸਜ਼ਾਵਾਂ ਦਿੱਤੀਆਂ ਜਾਣ। ਇਹ ਸ਼ਰਤਾਂ ਮੰਨੇ ਜਾਣ ਤੇ ਗੁਰੂ ਜੀ ਜੇਜੋਂ ਦੁਆਬੇ ਦੀ ਲੜਾਈ ਵਿਚ ਗੁਰੂ ਜੀ ਦੇ ਤੀਰ ਨਾਲ ਇਸ ਦਾ ਭਰਾ ਆਜਿਮ ਮਾਰਿਆ ਗਿਆ। ਇਸ ਜਿੱਤ ਨੇ ਬਹਾਦਰ ਸ਼ਾਹ ਨੂੰ ਦਿੱਲੀ ਦਾ ਬਾਦਸ਼ਾਹ ਬਣਾ ਦਿੱਤਾ। ਇਸ ਜਿੱਤ ਉਪਰੰਤ ਬਹਾਦਰ ਸ਼ਾਹ ਨੇ ਗੁਰੂ ਜੀ ਨੂੰ ਨਾਲ ਦਿੱਲੀ ਲੈ ਆਂਦਾ। ਸ਼ਾਹੀ ਮਹਿਮਾਨ ਦੇ ਤੌਰ 'ਤੇ ਗੁਰੂ ਜੀ ਦਾ ਸੁਵਾਗਤ ਕੀਤਾ ਗਿਆ। ਦਿੱਲੀ ਦੇ ਸਿੱਖ ਇਸ ਤਰਾਂ ਗੁਰੂ ਜੀ ਦਾ ਸ਼ਾਹੀ ਮਹਿਮਾਨ ਬਣ ਆਏ ਸੁਣ ਬੜੇ ਖੁਸ਼ ਹੋਏ। ਮਾਤਾਵਾਂ ਵੀ ਫੂਲੇ ਨਾ ਸਮਾਉਂਦੀਆਂ ਇਨਾਂ ਨੇ ਭਾਈ ਮਨੀ ਸਿੰਘ ਜੀ ਤੇ ਭਾਈ ਸਾਹਿਬ ਸਿੰਘ ਨੂੰ ਨਾਲ ਲੈ ਆਣ ਗੁਰੂ ਜੀ ਦੇ ਚਰਨ ਪਰਸੇ। ਦਿੱਲੀ ਦੇ ਸਿੱਖਾਂ ਗੁਰੂ ਜੀ ਵੱਲ ਵਹੀਰਾਂ ਘੱਤ ਦਿੱਤੀਆਂ ਰੌਣਕਾਂ ਬੱਝ ਗਈਆਂ। ਹੁਣ ਬਾਦਸ਼ਾਹ ਨੂੰ ਸੂਚਨਾ ਮਿਲੀ ਕਿ ਇਸ ਦੇ ਭਰਾ ਨੇ ਦੱਖਣ ਵਿਚ ਵਿਦਰੋਹ ਖੜਾ ਕਰ ਦਿੱਤਾ ਹੈ। ਇਸ ਨੇ ਗੁਰੂ ਜੀ ਨੂੰ ਆਪਣੀ ਸਹਾਇਤਾ ਲਈ ਨਾਲ ਦੱਖਣ ਵਿੱਚ ਜਾਣ ਲਈ ਤਿਆਰ ਕਰ ਲਿਆ। ਸੰਗਤ ਤੇ ਮਾਤਾਵਾਂ ਮਾਯੂਸ ਹੋ ਗਈਆਂ, ਮਾਤਾਵਾਂ ਗੁਰੂ ਜੀ ਨਾਲੋਂ ਵਿਛੜਨਾ ਨਹੀਂ ਚਾਹੁੰਦੀਆਂ ਸਨ। ਮਾਤਾ ਸਾਹਿਬ ਕੌਰ ਦੇ ਜਿੱਦ ਕਰਨ ਤੇ ਗੁਰੂ ਜੀ ਹੋਰਾਂ ਮਾਤਾ ਭਾਗ ਕੌਰ (ਭਾਗੋ) ਝਬਾਲ ਜ਼ਿੰਦਾ ਸ਼ਹੀਦ ਮਾਤਾ ਸਾਹਿਬ ਕੌਰ ਇਨਾਂ ਦਾ ਭਰਾ ਸਾਹਿਬ ਸਿੰਘ ਤੇ ਭਾਈ ਮਨੀ ਸਿੰਘ ਜੀ ਹੋਰੀ ਨਾਲ ਲੈ ਲਏ। ਦਿੱਲੀ ਤੋਂ ਚਲ ਰਾਹ ਵਿਚ ਪ੍ਰਚਾਰ ਕਰਦੇ ਗੁਰੂ ਜੀ ਭਰਤਗੜ, ਬਿੰਦਰਾ ਬੰਨ, ਮੱਥਰਾ, ਆਗਰਾ, ਇੰਦੌਰ, ਨਾਗਪੁਰ, ਅਮਰਾਵਤੀ ਅਤੇ ਹਿੰਗੋਲ ਹੁੰਦੇ ਹੋਏ ਨਾਂਦੇੜ ਪੁੱਜੇ। ਰਾਹ ਵਿਚ ਇਕੱਠੀਆਂ ਹੋਈਆਂ ਬੀਬੀਆਂ ਨੂੰ ਮਾਤਾ ਜੀ ਸਿੱਖ ਧਰਮ ਦਾ ਪ੍ਰਚਾਰ ਕਰਦੇ ਗਏ ਤੇ ਗੁਰਮਤਿ ਦੇ ਲੜ ਲਾਉਂਦੇ ਗਏ। ਇੱਥੇ ਗੋਦਾਵਰੀ ਕੰਢੇ ਮਾਤਾ ਸਾਹਿਬ ਕੌਰ ਦੀ ਯਾਦ ਵਿਚ ਇਕ ਗੁਰਦੁਆਰਾ ਬਣਿਆ ਹੋਇਆ ਹੈ। ਇੱਥੇ ਮਾਤਾ ਜੀ ਅੰਮ੍ਰਿਤ ਵੇਲੇ ਉਠ ਇਸ਼ਨਾਨ ਕਰ ਨਿਤਨੇਮ ਕਰਦਿਆਂ ਸਾਰੀ ਸੰਗਤ ਦਾ ਲੰਗਰ ਤਿਆਰ ਕਰਦੇ।ਕੀਰਤਨ ਦਾ ਬੜਾ ਪ੍ਰਵਾਹ ਚਲਦਾ। ਬਾਲਕ ਜੱਸਾ ਸਿੰਘ ਆਹਲੂਵਾਲੀਆ ਵੀ ਸੰਗਤ ਨਾਲ ਆਇਆ ਹੋਇਆ ਸੀ। ਆਪਣੇ ਮਨੋਹਰ ਤੇ ਸੁਰੀਲੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕਰਦਾ। ਇੱਥੇ ਹੀ ਗੁਰੂ ਜੀ ਨੇ ਆਪ ਨੂੰ ਪੰਥ ਦੀ ਸੇਵਾ ਕਰਨ ਦੀ ਅਸ਼ੀਰਵਾਦ ਦਿੱਤੀ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਅੰਤਮ ਸਮਾਂ ਨੇੜੇ ਆਇਆ ਵੇਖ ਮਾਤਾ ਸਾਹਿਬ ਕੌਰ ਪਾਸੋਂ ਲੰਗਰ ਛਕਦੇ ਬਚਨ ਕੀਤਾ ਕਿ 'ਅਕਾਲ ਪੁਰਖ ਤੇ ਪੂਰੀ ਸ਼ਰਧਾ ਰੱਖਣੀ। ਨਿਤ ਸਿਮਰਨ ਕਰਨਾ ਤੇ ਆਪਣੇ ਪੁੱਤਰ ਖਾਲਸੇ ਦੀ ਚੜਦੀ ਕਲਾ ਲਈ ਬਾਕੀ ਦਾ ਜੀਵਨ ਅਰਪਨ ਕਰਨਾ। ਮਾਤਾ ਜੀ ਆਖਰੀ ਸਮੇਂ ਤੱਕ ਗੁਰੂ ਜੀ ਪਾਸ ਵਿਚਰਨਾ ਚਾਹੁੰਦੇ ਸਨ ਵਿਛੜਨਾ ਨਹੀਂ ਸਨ ਚਾਹੁੰਦੇ। ਮਾਤਾ ਜੀ ਗੁਰੂ ਜੀ ਪਾਸੋਂ ਪੁਛਿਆ ਕਿ ਆਪ ਦੀ ਦਾਸੀ ਨੂੰ ਆਪ ਦੇ ਦਰਸ਼ਨ ਕਿਵੇਂ ਹੋਇਆ ਕਰਨਗੇ।' ਮਾਤਾ ਜੀ ਵਲੋਂ ਵਾਰ ਵਾਰ ਇਹ ਬੇਨਤੀ ਸੁਣ। ਗੁਰੂ ਜੀ ਹੋਰਾਂ ਪੰਜ ਸ਼ਸਤਰ ਮਾਤਾ ਜੀ ਦੇ ਹਵਾਲੇ ਕਰਦਿਆਂ ਬਚਨ ਕੀਤਾ ਕਿ ਇਹ ਬੜੇ ਸਤਿਕਾਰ ਤੇ ਅਦਬ ਨਾਲ ਰੱਖਣੇ ਹਨ।

ਬਾਕੀ ਸਫ਼ਾ 25 'ਤੇ

# ਹਿੰਦੂਆਂ ਦੇ ਹੱਕ 'ਚ ਫੈਸਲਾ ਸੁਣਾਉਣ ਕਾਰਨ ਮੌਲਵੀਆਂ ਵਲੋਂ ਜੱਜ ਨੂੰ ਧਮਕੀ

**ਰਜਿੰਦਰ ਸਿੰਘ ਪੁਰੇਵਾਲ**

ਕੱਟੜਵਾਦੀ ਮੌਲਾਨਿਆਂ ਤੇ ਭਗਵੇਂਵਾਦੀਆਂ ਵਿਚ ਕੋਈ ਅੰਤਰ ਨਹੀਂ। ਦੋਵੇਂ ਮਨੁਖਤਾ ਦੇ ਵੈਰੀ ਹਨ। ਮੌਲਾਣੇ ਜੋ ਪਾਕਿਸਤਾਨ ਵਿਚ ਕਰ ਰਹੇ ਹਨ ਉਹੀ ਭਾਰਤ ਵਿਚ ਮਨੂਵਾਦੀ ਹਿੰਦੂਤਵੀ ਕਰ ਰਹੇ ਹਨ। ਦੰਗੇ ਕਰਨਾ ਤੇ ਨਫਰਤ ਫੈਲਾਉਣਾ ਇਨਾਂ ਸ਼ੈਤਾਨੀ ਤਾਕਤਾਂ ਦਾ ਕੰਮ ਹੈ। ਹੁਣੇ ਜਿਹੇ ਪਾਕਿਸਤਾਨ ਸੁਪਰੀਮ ਕੋਰਟ ਦੇ ਮੁੱਖ ਜੱਜ ਗੁਲਜ਼ਾਰ ਅਹਿਮਦ ਨੇ ਹਿੰਦੂ ਫਿਰਕੇ ਦੇ ਲੋਕਾਂ ਦੇ ਪੱਖ ਵਿਚ ਦੋ-ਤਿੰਨ ਫੈਸਲੇ ਕੀ ਦਿੱਤੇ, ਸਮੂਹ ਕੱਟੜਪੰਥੀਆਂ ਨੇ ਗੁਲਜ਼ਾਰ ਅਹਿਮਦ ਨੂੰ ਪਾਕਿਸਤਾਨ ਛੱਡ ਕੇ ਭਾਰਤ ਚਲੇ ਜਾਣ ਤੱਕ ਦੀ ਧਮਕੀ ਦੇ ਦਿੱਤੀ। ਸੂਤਰਾਂ ਅਨੁਸਾਰ ਪਾਕਿਸਤਾਨ ਸੁਪਰੀਮ ਕੋਰਟ ਦੇ ਮੁੱਖ ਜੱਜ ਗੁਲਜ਼ਾਰ ਅਹਿਮਦ ਬੀਤੇ ਦਿਨੀਂ ਇਸਲਾਮਾਬਾਦ ਦੇ ਹਿੰਦੂਆਂ ਵੱਲੋਂ ਆਯੋਜਿਤ ਇਕ ਧਾਰਮਿਕ ਪ੍ਰੋਗਰਾਮ ਵਿਚ ਮੁੱਖ ਮਹਿਮਾਨ ਦੇ ਰੂਪ ਵਿਚ ਸ਼ਾਮਲ ਹੋਏ ਸਨ। ਉਨਾਂ ਆਪਣੇ ਸੰਬੋਧਨ 'ਚ ਸਪੱਸ਼ਟ ਕਿਹਾ ਸੀ ਕਿ ਪਾਕਿਸਤਾਨ ਦੇ ਸੰਵਿਧਾਨ ਅਨੁਸਾਰ ਸਾਰਿਆਂ ਨੂੰ ਆਪਣੇ-ਆਪਣੇ ਧਰਮ ਅਨੁਸਾਰ ਪੂਜਾ-ਅਰਚਨਾ ਕਰਨ ਦਾ ਅਧਿਕਾਰ ਹੈ ਤੇ ਉਹ ਕੋਸ਼ਿਸ ਕਰਨਗੇ ਕਿ ਹਿੰਦੂ ਦੇ ਧਾਰਮਿਕ ਸਥਾਨਾਂ ਤੋਂ ਕਬਜ਼ੇ ਖਤਮ ਕਰ ਕੇ ਹਿੰਦੂਆਂ ਨੂੰ ਸੌਂਪੇ ਜਾਣ। ਉਸ ਤੋਂ ਬਾਅਦ ਉਨਾਂ ਨੇ 30 ਦਸੰਬਰ 2020 ਨੂੰ ਇਕ ਹਿੰਦੂ ਮੰਦਰ ਨੂੰ ਕੱਟੜਪੰਥੀਆਂ ਵੱਲੋਂ ਤੋੜਨ ਸਬੰਧੀ ਹਿੰਦੂ ਤੇ ਮੁਸਲਿਮਾਂ ਵਿਚ ਸਮਝੌਤਾ ਹੋ ਜਾਣ ਦੇ ਬਾਵਜੂਦ ਮੰਦਰ ਤੋੜਨ ਵਾਲੇ ਸਾਰੇ 123 ਦੋਸ਼ੀਆਂ ਤੋਂ ਪ੍ਰਤੀ ਦੋਸ਼ੀ 2 ਲੱਖ 68 ਹਜ਼ਾਰ ਰੁਪਏ 3 ਦਿਨ ਵਿਚ ਵਸੂਲਣ ਤੇ ਰਾਸ਼ੀ ਨਾ ਦੇਣ ਵਾਲਿਆਂ ਦੀ ਜਾਇਦਾਦ ਕੁਰਕ ਕਰਨ ਦਾ ਹੁਕਮ ਦਿੱਤਾ ਸੀ। ਬੀਤੇ ਦਿਨ ਕਰਾਚੀ ਦੀ ਹਿੰਦੂ ਜਿਮਖਾਨਾ ਕਲੱਬ ਹਿੰਦੂਆਂ ਨੂੰ ਤੁਰੰਤ ਸੌਂਪਣ ਦਾ ਹੁਕਮ ਜਾਰੀ ਕੀਤਾ ਸੀ।

ਹੁਣ ਕੱਟੜਪੰਥੀਆਂ ਤੇ ਮੌਲਵੀਆਂ ਦੀ ਇਕ ਮੀਟਿੰਗ ਇਸਲਾਮਾਬਾਦ ਵਿਚ ਮੀਆਂ ਮਿੱਠੂ ਨਾਮਕ ਮੌਲਵੀ ਦੀ ਅਗਵਾਈ 'ਚ ਹੋਈ, ਜਿਸ ਵਿਚ 300 ਤੋਂ ਜ਼ਿਆਦਾ ਮੌਲਵੀ ਤੇ ਕੱਟੜਪੰਥੀ ਸ਼ਾਮਲ ਹੋਏ। ਮੀਆਂ ਮਿੱਠੂ ਨੇ ਕਿਹਾ ਕਿ ਮੌਜੂਦਾ ਹਾਲਾਤ ਵਿਚ ਤਾਂ ਮੁੱਖ ਜੱਜ ਗੁਲਜ਼ਾਰ ਅਹਿਮਦ ਨੂੰ ਹਿੰਦੂ ਧਰਮ ਕਬੂਲ ਕਰ ਕੇ ਪਾਕਿਸਤਾਨ ਛੱਡ ਕੇ ਭਾਰਤ ਚਲੇ ਜਾਣਾ ਚਾਹੀਦਾ ਹੈ। ਅਸੀਂ ਜੱਜ ਦੀ ਮਨਮਰਜ਼ੀ ਪਾਕਿਸਤਾਨ ਵਿਚ ਨਹੀਂ ਚੱਲਣ ਦਿਆਂਗੇ। ਸਰਬਸੰਮਤੀ ਨਾਲ ਮਤਾ ਪਾਸ ਕਰ ਕੇ ਇਮਰਾਨ ਸਰਕਾਰ ਨੂੰ ਭੇਜ ਕੇ ਗੁਲਜ਼ਾਰ ਅਹਿਮਦ ਨੂੰ ਅਹੁਦੇ ਤੋਂ ਹਟਾਉਣ ਦੀ ਮੰਗ ਕਰਨ ਦਾ ਫੈਸਲਾ ਲਿਆ ਗਿਆ। ਮੰਗ ਸਵੀਕਾਰ ਨਾ ਹੋਣ 'ਤੇ ਸੰਘਰਸ਼ ਦਾ ਰਸਤਾ ਅਪਣਾਉਣ ਦਾ ਫੈਸਲਾ ਲਿਆ ਗਿਆ। ਇਸ ਤੋਂ ਸਪਸ਼ਟ ਹੈ ਕਿ ਫਿਰਕਾਪ੍ਰਸਤਾਂ ਦੇ ਮਨ ਵਿਚ ਧਰਮ, ਸੰਵਿਧਾਨ ਤੇ ਮਨੁੱਖਤਾ ਦੀ ਕੋਈ ਕਦਰ ਨਹੀਂ।

**ਅਕਾਲੀ ਦਲ ਦੇ ਦੋ ਸੰਵਿਧਾਨ ਦਾ ਮਾਮਲਾ**

ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਸੀਨੀਅਰ ਆਗੂ ਅਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਅਕਾਲੀ ਦਲ ਦੇ ਸੰਵਿਧਾਨ ਨਾਲ ਜੁੜੇ ਇੱਕ ਕੇਸ ਵਿੱਚ ਹੁਸ਼ਿਆਰਪੁਰ ਦੀ ਇਕ ਅਦਾਲਤ ਨੇ ਸੰਮਨ ਕੀਤਾ ਹੈ।ਇਸ ਕੇਸ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਬੁਲਾਰੇ ਦਲਜੀਤ ਸਿੰਘ ਚੀਮਾ ਨੂੰ ਅਦਾਲਤ ਪਹਿਲਾਂ ਹੀ ਸੰਮਨ ਕਰ ਚੁੱਕੀ ਹੈ। ਇਹ ਦੋਵੇਂ ਆਗੂ ਪੇਸ਼ ਵੀ ਹੋ ਚੁੱਕੇ ਹਨ। ਹੁਸ਼ਿਆਰਪੁਰ ਦੀ ਇੱਕ ਅਦਾਲਤ ਵਿੱਚ ਇਹ ਕੇਸ ਬਲਵੰਤ ਸਿੰਘ ਖੇੜਾ ਵੱਲੋਂ ਕੀਤਾ ਗਿਆ ਸੀ।ਉਨਾਂ ਨੇ ਸ਼ਿਕਾਇਤ ਕੀਤੀ ਸੀ ਕਿ ਸ਼੍ਰੋਮਣੀ ਅਕਾਲੀ ਦਲ ਨੇ ਦੋ ਵੱਖ-ਵੱਖ ਸੰਵਿਧਾਨ ਇਲੈਕਸ਼ਨ ਕਮਿਸ਼ਨ ਆਫ ਇੰਡੀਆ ਅਤੇ ਗੁਰਦੁਆਰਾ ਇਲੈਕਸ਼ਨ ਕਮਿਸ਼ਨ ਨੂੰ ਦਿੱਤੇ ਹਨ। ਅਕਾਲੀ ਦਲ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਦੋ ਸੰਵਿਧਾਨ ਹੋਣ ਦੇ ਦਾਅਵੇ ਨੂੰ ਖਾਰਜ ਕੀਤਾ ਹੈ।

ਪ੍ਰਕਾਸ਼ ਸਿੰਘ ਬਾਦਲ ਨੂੰ 28 ਨਵੰਬਰ ਨੂੰ ਪੇਸ਼ ਹੋਣ ਲਈ ਸੰਮਨ ਭੇਜੇ ਗਏ ਹਨ। ਇਸ ਸੰਮਨ ਬਾਰੇ ਅਕਾਲੀ ਦਲ ਦੇ ਬੁਲਾਰੇ ਦਲਜੀਤ ਸਿੰਘ ਚੀਮਾ ਨੇ ਦੱਸਿਆ ਕਿ ਹਾਈ ਕੋਰਟ ਨੇ ਉਨਾਂ ਦੀ ਉਮਰ ਕਾਰਨ ਉਨਾਂ ਨੂੰ ਕੋਰਟ ਵਿੱਚ ਪੇਸ਼ ਹੋਣ ਤੋਂ ਛੋਟ ਦਿੱਤੀ ਹੈ।

ਸੰਮਨ ਦੀ ਤਰੀਕ ਤੋਂ ਪਹਿਲਾਂ ਇਹ ਆਰਡਰ ਹੁਸ਼ਿਆਰਪੁਰ ਦੀ ਅਦਾਲਤ ਵਿਚ ਅਕਾਲੀ ਦਲ ਵੱਲੋਂ ਪੇਸ਼ ਕੀਤੇ ਜਾ ਸਕਦੇ ਹਨ।

**ਪੰਥਕ ਅਤੇ ਧਰਮ ਨਿਰਪੱਖ ਸੰਵਿਧਾਨ ਦਾ ਮਾਮਲਾ**

ਖੇੜਾ ਮੁਤਾਬਕ ਸ਼੍ਰੋਮਣੀ ਅਕਾਲੀ ਦਲ ਨੇ ਚੋਣ ਕਮਿਸ਼ਨ ਨੂੰ ਜਾਣਕਾਰੀ ਦਿੱਤੀ ਸੀ ਕਿ ਉਨਾਂ ਦੀ ਪਾਰਟੀ ਨੇ ਆਪਣੇ ਸੰਵਿਧਾਨ ਵਿੱਚ ਬਦਲਾਅ ਕੀਤੇ ਹਨ। ਧਰਮ ਨਿਰਪੱਖਤਾ ਅਤੇ ਸਮਾਜਵਾਦ ਨੂੰ ਆਪਣੇ ਸੰਵਿਧਾਨ ਵਿਚ ਸ਼ਾਮਿਲ ਕੀਤਾ ਗਿਆ ਹੈ ਜਦੋਂਕਿ ਪਾਰਟੀ ਗੁਰਦੁਆਰਾ ਚੋਣਾਂ ਦਾ ਹਿੱਸਾ ਵੀ ਲਗਾਤਾਰ ਹਿੱਸਾ ਲੈਂਦੀ ਰਹੀ ਹੈ।

2019 ਵਿੱਚ ਹੁਸ਼ਿਆਰਪੁਰ ਦੇ ਐਡੀਸ਼ਨਲ ਚੀਫ ਜੁਡੀਸ਼ੀਅਲ ਮੈਜਿਸਟ੍ਰੇਟ ਵੱਲੋਂ ਸੰਮਨ ਕੀਤੇ ਜਾਣ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਦਲਜੀਤ ਸਿੰਘ ਚੀਮਾ ਹਾਈ ਕੋਰਟ ਪੁੱਜੇ ਸਨ।

ਹੁਣ ਹਾਈਕੋਰਟ ਨੇ ਪਟੀਸ਼ਨ ਖਾਰਿਜ ਕਰਦੇ ਹੋਏ ਉਨਾਂ ਨੂੰ ਹੇਠਲੀ ਅਦਾਲਤ ਵਿੱਚ ਪੇਸ਼ ਹੋਣ ਲਈ ਆਖਿਆ ਸੀ।

ਇਸ ਮਾਮਲੇ ਵਿੱਚ ਸਤੰਬਰ 2020 ਵਿੱਚ ਸੁਖਬੀਰ ਸਿੰਘ ਬਾਦਲ ਅਦਾਲਤ ਵਿੱਚ ਪੇਸ਼ ਹੋਏ। ਇੱਕ ਲੱਖ ਰੁਪਏ ਦੇ ਜ਼ਮਾਨਤੀ ਬਾਂਡ ਭਰ ਕੇ ਸੁਖਬੀਰ ਸਿੰਘ ਬਾਦਲ ਦੀ ਜ਼ਮਾਨਤ ਹੋਈ ਸੀ।

ਬਲਵੰਤ ਸਿੰਘ ਖੇੜਾ ਵੱਲੋਂ 2009 ਵਿੱਚ ਅਦਾਲਤ ਵਿੱਚ ਕੇਸ ਕੀਤਾ ਗਿਆ ਸੀ। ਖੇੜਾ ਨੇ ਇਸ ਆਧਾਰ 'ਤੇ ਅਪਰਾਧਿਕ ਰਿੱਟ ਦਾਇਰ ਕੀਤੀ ਸੀ ਕਿ ਸ਼੍ਰੋਮਣੀ ਅਕਾਲੀ ਦਲ ਕੋਲ ਦੋ ਤਰਾਂ ਦੇ ਸੰਵਿਧਾਨ ਹਨ।

ਇੱਕ ਸੰਵਿਧਾਨ ਪਾਰਟੀ ਵੱਲੋਂ ਗੁਰਦੁਆਰਾ ਚੋਣ ਕਮਿਸ਼ਨ ਨੂੰ 2004 ਵਿੱਚ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਤੋਂ ਪਹਿਲਾਂ ਅਤੇ ਦੂਸਰਾ ਭਾਰਤੀ ਚੋਣ ਕਮਿਸ਼ਨ ਕੋਲ 2008 ਵਿੱਚ ਪੇਸ਼ ਕੀਤਾ ਗਿਆ ਸੀ।

ਇਹ ਕੇਸ ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ, ਸੁਖਦੇਵ ਸਿੰਘ ਢੀਂਡਸਾ, ਦਲਜੀਤ ਸਿੰਘ ਚੀਮਾ ਅਤੇ ਹੁਸ਼ਿਆਰਪੁਰ ਦੇ ਪਾਰਟੀ ਪ੍ਰਧਾਨ ਉੱਪਰ ਕੀਤਾ ਗਿਆ ਸੀ। ਅਦਾਲਤ ਵੱਲੋਂ ਬਾਦਲ ਅਤੇ ਦਲਜੀਤ ਸਿੰਘ ਚੀਮਾ ਨੂੰ ਹੀ ਸੰਮਨ ਭੇਜੇ ਗਏ ਹਨ।

ਦਲਜੀਤ ਸਿੰਘ ਚੀਮਾ ਅਨੁਸਾਰ ਸੰਵਿਧਾਨ ਨਾਲ ਸਬੰਧਿਤ ਇਸ ਮਾਮਲੇ ਵਿਚ ਅਕਾਲੀ ਦਲ ਸੁਪਰੀਮ ਕੋਰਟ ਜਾਣ ਦੀ ਤਿਆਰੀ ਕਰ ਰਿਹਾ ਹੈ ਜਿਸ ਦੀ ਜਾਣਕਾਰੀ ਨੇ ਦਿੱਤੀ। ਡਾ. ਚੀਮਾ ਨੇ ਦੱਸਿਆ ਕਿ ਚੋਣ ਕਮਿਸ਼ਨ ਪਹਿਲਾਂ ਹੀ ਇਨਾਂ ਅਰਜ਼ੀਆਂ ਨੂੰ ਰੱਦ ਕਰ ਚੁੱਕਿਆ ਹੈ। ਉਨਾਂ ਨੇ ਦੱਸਿਆ ਕਿ ਚੋਣ ਕਮਿਸ਼ਨ ਨੇ ਕਿਹਾ ਸੀ ਕਿ ਮੈਨੇਜਮੈਂਟ ਦੀਆਂ ਚੋਣਾਂ ਕੋਈ ਵੀ ਪਾਰਟੀ ਲੜ ਸਕਦੀ ਹੈ।

ਇਸ ਦੇ ਨਾਲ ਹੀ ਉਨਾਂ ਨੇ ਦੱਸਿਆ ਕਿ ਦਿੱਲੀ ਗੁਰਦੁਆਰਾ ਮੈਨੇਜਮੈਂਟ ਕਮੇਟੀ, ਸ਼੍ਰੋਮਣੀ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੀਆਂ ਚੋਣਾਂ ਗ੍ਰਹਿ ਮੰਤਰਾਲੇ ਵੱਲੋਂ ਸੰਵਿਧਾਨ ਦੇ ਅਧੀਨ ਕਰਵਾਈਆਂ ਜਾਂਦੀਆਂ ਹਨ। ਡਾ. ਦਲਜੀਤ ਸਿੰਘ ਚੀਮਾ ਨੇ ਆਖਿਆ ਕਿ ਇਸ ਤਰਾਂ ਦੀਆਂ ਗਤੀਵਿਧੀਆਂ ਪਾਰਟੀ ਦੇ ਖ਼ਿਲਾਫ਼ ਇੱਕ ਤਰਾਂ ਦਾ ਪ੍ਰਾਪੇਗੰਡਾ ਹੈ।

ਡਾ. ਦਲਜੀਤ ਸਿੰਘ ਚੀਮਾ ਨੇ ਬਲਵੰਤ ਸਿੰਘ ਬਾਰੇ ਕਿਹਾ, 'ਉਨਾਂ ਕੋਲ ਪਾਰਟੀ ਦੇ ਸੰਵਿਧਾਨ ਦੀ ਪੁਰਾਣੀ ਕਾਪੀ ਹੈ। 1996 ਦੇ ਮੋਗਾ ਡੈਕਲੇਰੇਸ਼ਨ ਮੌਕੇ ਸ਼੍ਰੋਮਣੀ ਅਕਾਲੀ ਦਲ ਨੇ ਖ਼ੁਦ ਨੂੰ ਪੰਜਾਬ ਦੇ ਹਰ ਵਰਗ ਦੇ ਪੰਜਾਬੀਆਂ ਦੀ ਪਾਰਟੀ ਆਖਿਆ ਸੀ।ਦੇਸ਼ ਦੇ ਸੰਵਿਧਾਨ ਮੁਤਾਬਕ ਧਰਮ ਦੇ ਆਧਾਰ 'ਤੇ ਪਾਰਟੀ ਨਹੀਂ ਬਣ ਸਕਦੀ ਅਤੇ ਅਕਾਲੀ ਦਲ ਨੇ ਵੀ ਇਸ ਦੀ ਪਾਲਣਾ ਕੀਤੀ ਹੈ।ਅਕਾਲੀ ਦਲ ਨੇ ਆਪਣੇ ਸੰਵਿਧਾਨ ਵਿਚ ਬਦਲਾਅ ਬਾਰੇ ਚੋਣ ਕਮਿਸ਼ਨ ਨੂੰ ਨੋਟੀਫਾਈ ਕੀਤਾ ਹੋਇਆ ਹੈ।'

ਅਸਲ ਵਿਚ ਸ਼੍ਰੋਮਣੀ ਕਮੇਟੀ ਚੋਣਾਂ ਰਾਜਨੀਤਕ ਪਾਰਟੀ ਨੂੰ ਨਹੀਂ ਲੜਨੀਆਂ ਚਾਹੀਦੀਆਂ, ਕਿਉਂਕਿ ਇਸ ਨਾਲ ਧਰਮ ਦਾ ਸਿਆਸੀ ਕਰਨ ਹੁੰਦਾ ਹੈ।ਧਾਰਮਿਕ ਵਿਕਾਸ ਰੁਕਦਾ ਹੈ।ਅਕਾਲੀ ਦਲ ਸਪਸ਼ਟ ਨਹੀਂ ਹੈ।ਸਿਖ ਧਰਮ ਦਾ ਮਾਮਲਾ ਗੁਰੂ ਗਰੰਥ ਸਾਹਿਬ ਦੇ ਆਦੇਸ਼ ਮੁਤਾਬਕ ਹੈ ਨਾ ਕਿ ਭਾਰਤੀ ਸੰਵਿਧਾਨ ਮੁਤਾਬਕ।

---

## ਖ਼ਾਲਸੇ ਦੀ ਮਾਤਾ...

ਇਸ਼ਨਾਨ ਪੂਜਾ ਪਾਠ ਕਰ ਇਨਾਂ ਸ਼ਸਤਰਾਂ ਦਾ ਧਿਆਨ ਕਰ ਸਾਨੂੰ ਯਾਦ ਕਰਨਾ ਹੈ । ਅਵੱਸ਼ ਸਾਡੇ ਦਰਸ਼ਨ ਹੋਣਗੇ । ਨਾਲ ਹੀ ਆਪਣੇ ਨਾਂ ਦੀ ਬਣੀ ਹੋਈ ਮੋਹਰ ਗੁਰੂ ਜੀ ਨੇ ਮਾਤਾ ਜੀ ਹਵਾਲੇ ਕਰ ਦਿੱਤੀ। ਇਸ ਦੇ ਵਰਤਨ ਦੀ ਆਗਿਆ ਕੇਵਲ ਮਾਤਾ ਜੀ ਨੂੰ ਹੀ ਦਿੱਤੀ । ਇਹ ਸ਼ਸਤਰ (ਕ੍ਰਿਪਾਨ) ਖੰਜਰ, ਜਮਧਰ ਅਤੇ ਦੋ ਖੰਡੇ ਜਿਹੜੇ ਅੱਜ ਕਲ ਤਖ਼ਤ ਸ੍ਰੀ ਕੇਸਗੜ ਸਾਹਿਬ ਅਨੰਦਪੁਰ ਸੁਭਾਇਮਾਨ ਹਨ ।

ਗੁਰੂ ਜੀ ਹੋਰਾਂ ਇਕ ਪਾਲਕੀ ਵਿਚ ਮਾਤਾ ਸਾਹਿਬ ਕੌਰ ਦੂਸਰੀ ਪਾਲਕੀ ਵਿਚ ਇਹ ਪੰਜ ਸ਼ਸਤਰ ਰੱਖੇ ਤੇ ਪੰਜ ਤੀਰ ਜਿਹੜੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਦਿੱਤੇ ਸਨ ਇਸ ਵਿਚ ਰੱਖ ਦਿੱਤੇ। ਮਾਮਾ ਕਿਰਪਾਲ ਸਿੰਘ ਭਾਈ ਸਾਹਿਬ ਸਿੰਘ ਜੀ ਬਾਲਕ ਜੱਸਾ ਸਿੰਘ ਆਹਲੂਵਾਲੀਆ ਭਾਈ ਮਨੀ ਸਿੰਘ ਨੂੰ ਸੰਗਤ ਦੀ ਸ਼ਕਲ ਵਿਚ ਦਿੱਲੀ ਤੋਰ ਦਿੱਤਾ ਗਿਆ। ਜਦੋਂ ਮਾਤਾ ਜੀ ਵਾਪਸ ਦਿੱਲੀ ਪੁੱਜੇ ਤਾਂ ਮਾਤਾ ਸੁੰਦਰ ਕੌਰ ਜੀ ਦਿੱਲੀ ਦੀ ਸੰਗਤ ਮੋਹਰੇ ਜਾ ਕੇ ਨਿੱਘਾ ਸਵਾਗਤ ਕੀਤਾ। ਮਾਤਾ ਸਾਹਿਬ ਕੌਰ ਨੇ ਗੁਰੂ ਜੀ ਦੇ ਸਾਰੇ ਕੌਤਕ ਦੱਸੇ । ਸੰਗਤਾਂ ਸੁਣ ਸੁਣ ਨਿਹਾਲ ਹੁੰਦੀਆਂ । ਦਿੱਲੀ ਦੀ ਸਾਰੀ ਸਿੱਖ ਸੰਗਤ ਮਾਤਾ ਜੀ ਪਾਸੋਂ ਗੁਰੂ ਜੀ ਬਾਰੇ ਜਾਨਣ ਆਉਂਦੀ । ਰੌਣਕਾਂ ਲੱਗ ਗਈਆਂ ਹਰ ਵਕਤ ਸਤਿਸੰਗ ਲੱਗਾ ਰਹਿੰਦਾ। ਬਾਲਕ ਜੱਸਾ ਸਿੰਘ ਆਹਲੂਵਾਲੀਆ ਦਾ ਮਨੋਹਰ ਰਸ ਭਿੰਨਾ ਕੀਰਤਨ ਸੁਣ ਸੰਗਤ ਨਿਹਾਲ ਹੁੰਦੀ।

ਹੁਣ ਉਹ ਦਿਹਾੜਾ ਵੀ ਆ ਗਿਆ, ਜਿਸ ਦਿਨ ਗੁਰੂ ਜੀ ਦੇ ਜੋਤੀ ਜੋਤਿ ਸਮਾਉਣ ਦੀ ਹਿਰਦੇਵੇਦਿਕ ਖਬਰ ਵੀ ਮਾਤਾਵਾਂ ਤੇ ਸੰਗਤਾਂ ਨੂੰ ਪੁਜ ਗਈ। ਇਹ ਵੀ ਪਤਾ ਲੱਗਾ ਕਿ ਅੱਗੇ ਤੋਂ ਗੁਰਗੱਦੀ ਗ੍ਰੰਥ ਸਾਹਿਬ ਨੂੰ ਸੌਂਪ ਗਏ ਹਨ ।

ਇਹ ਹਿਰਦੇਵੇਦਿਕ ਖ਼ਬਰ ਸੁਣ ਮਾਤਾ ਸਾਹਿਬ ਕੌਰ ਦੇ ਨੈਣਾਂ 'ਚੋਂ ਬਰਸਾਤ ਦੀ ਝੜੀ ਲੱਗ ਗਈ । ਸਮਾਧੀ ਗਤਿ ਹੋ ਬੈਠ ਗਏ । ਕਈ ਦਿਨ ਕੁਝ ਆਹਾਰ ਨਾ ਕੀਤਾ । ਬੜੇ ਦੁਰਬਲ ਤੇ ਕਮਜ਼ੋਰ ਹੋ ਗਏ । ਭਾਈ ਸੰਤੋਖ ਸਿੰਘ ਜੀ ਲਿਖਦੇ ਹਨ : ਦੁਰਬਲ ਦੇਹ ਦਸਾ ਬਹੁ ਕੀਨੀ ਕਹੇ ਸੁੰਦਰੀ ਬਹੁਤ ਸਮਝਾਇ ॥ ਤਦਪ ਅਲਪ ਹੀ ਭੋਜਨ ਖਾਇ ॥ ਸਾਹਿਬ ਕੌਰ ਸਦਾ ਸਚੰਤ ॥ ਮਾਤਾ ਸਾਹਿਬ ਕੌਰ ਆਪ ਭਾਵੇਂ ਬਹੁਤ ਘੱਟ ਖਾਂਦੇ ਪਰ ਸੰਗਤ ਦਾ ਬਹੁਤ ਖਿਆਲ ਰੱਖਦੇ। ਹਰ ਵਕਤ ਸੇਵਾ ਸਿਮਰਨ ਵਿਚ ਗਲਤਾਨ ਰਹਿੰਦੇ। ਗੁਰੂ ਕਾ ਅਤੁੱਟ ਲੰਗਰ ਚਲਾਉਂਦੇ । ਦੋਵਾਂ ਮਾਤਾਵਾਂ ਦਾ ਭਾਈ ਮਨੀ ਸਿੰਘ ਜੀ ਪਾਸੋਂ ਗੁਰੂ ਜੀ ਦੀ ਬਾਣੀ ਇਕੱਤਰ ਕਰਾ ਦਸਮ ਗ੍ਰੰਥ ਤਿਆਰ ਕਰਾਨਾ ਖਾਲਸਾ ਪੰਥ ਤੇ ਇਕ ਮਹਾਨ ਪਰਉਪਕਾਰੀ ਗੱਲ ਹੈ। ਜਿਹੜਾ ਕਿ ਪੰਥ ਕਦੇ ਨਹੀਂ ਭੁਲਾ ਸਕਦਾ । ਹੁਣ ਭਾਈ ਮਨੀ ਸਿੰਘ ਜੀ ਨੂੰ ਸ੍ਰੀ ਹਰਿਮੰਦਰ ਸਾਹਿਬ ਦਾ ਮੁੱਖ ਗ੍ਰੰਥੀ ਥਾਪ ਕੇ ਭੇਜਿਆ । ਜਿਹੜੀ ਸੇਵਾ ਉਨਾਂ ਅੰਤਮ ਸਮੇਂ ਤਕ ਨਿਭਾਈ । ਗੁਰੂ ਗੋਬਿੰਦ ਸਿੰਘ ਜੀ ਦੇ ਬਹਾਦਰ ਸ਼ਾਹ ਉਪਰ ਕੀਤੇ ਪਰਉਪਕਾਰਾਂ ਬਦਲੇ ਇਸ ਨੇ ਮਾਤਾਵਾਂ ਨੂੰ ਜਾਗੀਰ ਲਾ ਦਿੱਤੀ । ਜਦੋਂ ਬੰਦਾ ਸਿੰਘ ਬਹਾਦਰ ਨੇ ਸਿੱਖਾਂ ਦੇ ਦੋਸ਼ੀਆਂ ਨੂੰ ਸੋਧਨਾ ਸ਼ੁਰੂ ਕਰ ਦਿੱਤਾ। ਜਿਹੜੀ ਇਕ ਸ਼ਰਤ ਸੀ ਬਹਾਦਰ ਸ਼ਾਹ ਪਾਸੋਂ ਗੁਰੂ ਜੀ ਉਸ ਦੀ ਸਹਾਇਤਾ ਲਈ ਮਨਾਈ ਸੀ । ਬਾਦਸ਼ਾਹ ਨੇ ਮਾਤਾਵਾਂ ਤੇ ਦਬਾ ਪਾ ਕੇ ਬੰਦਾ ਸਿੰਘ ਬਹਾਦਰ ਨੂੰ ਸਰਹੰਦ ਦੀ ਇੱਟ ਨਾਲ ਇੱਟ ਖੜਕਾਉਣ ਤੋਂ ਰੋਕਣਾ ਚਾਹਿਆ । ਮਾਤਾ ਸਾਹਿਬ ਕੌਰ ਨੇ ਬਾਦਸ਼ਾਹ ਨੂੰ ਉੱਤਰ ਭੇਜਿਆ ਕਿ 'ਸਭ ਕੁਝ ਖੁਦਾ ਦੀ ਰਜ਼ਾ ਵਿਚ ਹੋ ਰਿਹਾ ਹੈ । ਅਸੀਂ ਅੱਲਾ ਤਾਲਾ ਦੀ ਮਨਸਾ ਵਿਚ ਦਖਲ ਨਹੀਂ ਦੇ ਸਕਦੇ । ਮਾਤਾ ਜੀ ਦਾ ਇਹ, ਨਿਰਭੈ ਤੇ ਨਿਧੜਕ ਉਤਰ ਸੁਣ ਉਹ ਅਬਗੋਲਾ ਹੋ ਗਿਆ । ਮਾਤਾਵਾਂ ਦੀ ਜਾਗੀਰ ਬੰਦ ਕਰ ਲੰਗਰ ਬੰਦ ਕਰਾਉਣ ਦੀ ਕੋਝੀ ਹਰਕਤ ਕੀਤੀ ਤੇ ਨਾਲ ਹੀ ਸਿੱਖਾਂ ਦੀ ਦਿਲੀ ਵਿਚ ਕਤਲੇਆਮ ਸ਼ੁਰੂ ਕਰ ਦਿੱਤਾ । ਸਿੱਖਾਂ ਦਾ ਕਤਲੇਆਮ ਦੀਆਂ ਖਬਰਾਂ ਸੁਣ ਮਾਤਾਵਾਂ ਬੜਾ ਦੁਖੀ ਤੇ ਚਿੰਤਾਤਰ ਹੋਈਆਂ।

ਦਿੱਲੀ ਸਿੱਖਾਂ ਤੇ ਢਾਏ ਜਾ ਰਹੇਂ ਅੱਤਿਆਚਾਰ ਦੇ ਭਿਆਨਕ ਤੇ ਨਾਜ਼ੁਕ ਹਾਲਾਤ ਵੇਖ ਕੇ ਦਿੱਲੀ ਛੱਡ ਆਪਣੇ ਸਿੱਖਾਂ ਸਮੇਤ ਮੱਥਰਾ ਚਲੇ ਗਏ । ਪਰ ਗੁਰੂ ਜੀ ਦੇ ਪੰਜੇ ਸ਼ਸਤਰ ਭਾਈ ਜਵਾਹਰ ਸਿੰਘ ਦੇ ਹਵਾਲੇ ਕਰ ਗਏ । ਇਥੋਂ ਦੋਵੇਂ ਮਾਤਾਵਾਂ ਜੈਪੁਰ ਦੇ ਰਾਜੇ ਪਾਸ ਚਲੀਆਂ ਗਈਆਂ । ਜਿਥੇ ਗੁਰੂ ਗੋਬਿੰਦ ਸਿੰਘ ਜੀ ਨਾਂਦੇੜ ਜਾਂਦਿਆਂ ਠਹਿਰੇ ਸਨ ਤੇ ਗੁਰੂ ਜੀ ਦੀ ਬਹੁਤ ਸੇਵਾ ਕੀਤੀ ਸੀ । ਰਾਜੇ ਨੇ ਮਾਤਾਵਾਂ ਦੀ ਬਹੁਤ ਸੇਵਾ ਤੇ ਆਦਰ ਮਾਣ ਕੀਤਾ । ਇਨਾਂ ਦੇ ਰਹਿਣ ਲਈ ਜਮਨਾ ਦਰਿਆ ਕੰਢੇ ਇਕ ਸੁੰਦਰ ਮਹੱਲ ਬਣਵਾ ਦਿੱਤਾ। ਖਰਚੇ ਲਈ ਦੋ ਪਿੰਡਾਂ ਦੀ ਜਾਗੀਰ ਲਾ ਦਿੱਤੀ । ਰਾਜੇ ਜੈ ਸਿੰਘ ਨੇ ਇਨਾਂ ਲਈ ਗੋਲੀਆਂ ਕਾਂਮੀਆਂ ਰੱਖ ਦਿੱਤੀਆਂ ਤਾਂ ਕਿ ਇਨਾਂ ਨੂੰ ਕੋਈ ਦਿੱਕਤ ਪੇਸ਼ ਨਾ ਆਵੇ । ਮਾਤਾਵਾਂ ਕਈ ਸਾਲ ਇਥੇ ਟਿਕੀਆਂ ਰਹੀਆਂ। ਇੱਥੇ ਅੱਜ ਤੱਕ 'ਮਾਤਾਵਾਂ ਦੀ ਹਵੇਲੀ' ਕਰਕੇ ਇਹ ਥਾਂ ਪ੍ਰਸਿੱਧ ਹੈ। ਮੁਹੰਮਦ ਸ਼ਾਹ ਰੰਗੀਲੇ ਦੇ ਤਖ਼ਤ ਤੇ ਬੈਠਣ ਨਾਲ ਕੁਝ ਹਾਲਾਤ ਸੁਧਾਰੇ ਤਾਂ ਮਾਤਾਵਾਂ ਫਿਰ ਭਾਈ ਜਵਾਹਰ ਸਿੰਘ ਦੀ ਹਵੇਲੀ ਤੁਰਕਮਾਨ ਦਰਵਾਜ਼ੇ ਦਿੱਲੀ ਆ ਗਈਆਂ ਦੋਵੇਂ ਬੜੇ ਪਿਆਰ ਨਾਲ ਜੀਵਨ ਬਤੀਤ ਕਰਨ ਲੱਗੀਆਂ । ਏਥੇ ਖਾਲਸਾ ਪੰਥ ਦੇ ਮਸਲਿਆਂ ਬਾਰੇ ਬੜੇ ਠਰੱਮੇ ਤੇ ਸਿਆਣਪ ਨਾਲ ਵਿਚਾਰ ਕਰਕੇ ਫੈਸਲਾ ਦੇਂਦੇ । ਗੁਰੂ ਜੀ ਦਾ ਅੰਤਮ ਵੇਲੇ ਮਾਤਾ ਸਾਹਿਬ ਕੌਰ ਜੀ ਨੂੰ ਗੁਰੂ ਨੇ ਆਪਣੀ ਮੋਹਰ ਦੇਣ ਦਾ ਕੋਈ ਖਾਸ ਮਕਸਦ ਸੀ । ਜਿਹੜਾ ਮਾਤਾ ਜੀ ਨੇ ਬੜੇ ਸੁਚੱਜੇ ਢੰਗ, ਚਤੁਰਾਈ ਤੇ ਸਿਆਣਪ ਨਾਲ ਨਿਭਾਇਆ ਤੇ ਖਾਲਸਾ ਪੰਥ ਦੀ ਯੋਗ ਅਗਵਾਈ ਕਰ ਚੜਦੀਆਂ ਕਲਾਂ ਵੱਲ ਲਿਆਂਦਾ । ਡਾ. ਗੰਡਾ ਸਿੰਘ ਅਨੁਸਾਰ ਮਾਤਾ ਸਾਹਿਬ ਕੌਰ ਜੀ ਨੇ ਨੌ ਹੁਕਮਨਾਮੇ ਜਾਰੀ ਕੀਤੇ । ਜਿਨਾਂ ਤੋਂ ਆਪ ਵਿਚ ਖਾਲਸੇ ਦੀ ਮਾਂ ਦੀ ਹੋਂਦ ਤੇ ਰੂਪ ਦਰਸਾਉਂਦੇ ਹਨ । ਇਹ ਹੁਕਮਨਾਮਾ ਰਕਮ ਦੀ ਉਗਰਾਹੀ ਬਾਰੇ ਲਿਖਿਆ ਗਿਆ ਹੈ ਜਾਂ ਲੰਗਰ ਜਾਂ ਲੋਕਭਲਾਈ ਖੂਹ ਆਦਿ ਲਵਾ ਕੇ ਲੋਕਾਂ ਨੂੰ ਦੇਣ, ਗਰੀਬਾਂ ਦੀਆਂ ਕੰਨਿਆਵਾਂ ਦੀ ਸਹਾਇਤਾ ਲਈ ਹਨ । ਇਨਾਂ ਵਿਚ ਪੁੱਤਰੋ, ਤੁਸੀਂ ਮੇਰੇ ਪੁੱਤਰੋ, ਜਾਂ ਫਰਜ਼ੰਦ (ਫਾਰਸੀ) ਅਰਥ (ਪੁੱਤਰ) ਸ਼ਬਦ ਵਰਤੇ ਹਨ । ਹੁਕਮਨਾਮਿਆਂ ਵਿਚੋਂ ਗੁਰੂ ਗੁਰੂ ਜਪਣਾ। ਦਸਾਂ ਨੌਹਾਂ ਕਿ ਕਿਰਤ ਕਮਾਈ ਵਿਚ ਬਰਕਤ ਪਾਉਣ ਲਈ ਅਸੀਸਾਂ ਭਰੀਆਂ ਪਈਆਂ ਹਨ। ਇਕ ਹੁਕਮਨਾਮੇ 'ਚੋਂ ਇਹ ਪ੍ਰਤੀਤ ਹੁੰਦਾ ਹੈ ਕਿ ਕਿਸੇ ਮਨਚਲੇ ਮਸੰਦ ਨੇ ਦੋਵਾਂ ਮਾਤਾਵਾਂ ਵਿਚ ਪਾਟਿਕ ਪਾਉਣ ਦੀ ਕੋਸ਼ਿਸ਼ ਕੀਤੀ । ਇਸ ਹੁਕਮਨਾਮੇ ਵਿਚ ਉਸ ਨੂੰ ਦਬਕਿਆ ਗਿਆ ਹੈ ਕਿ ਗੁਰੂ ਘਰ ਇਕ ਹੀ ਸਮਝਣਾ ਹੈ । ਉਨਾਂ ਨੂੰ ਇਵੇਂ ਲਿਖਿਆ ਗਿਆ ਹੈ ਪਹਿਲਾਂ ਹੁਕਮਨਾਮਾ ਭਾਈ ਦੌਨਾ, ਭਾਈ ਸਭਾ, ਭਾਈ ਆਲਾ ਦੇ ਕਬੀਲੇ ਨਾਲ ਸਬੰਧਤ ਹੈ। ਸ੍ਰੀ ਮਾਤਾ ਸਾਹਿਬ ਦੇਵਾਂ ਜੀ ਵਲੋਂ ਭਾਈ ਦੁੱਨਾ ਸਭ ਤੁਸੀਂ ਅਸਾਡੀ ਵਲੋਂ ਫਿਰ ਰਹੇ ਹੋ ਅਰ ਕਾਰ ਭੇਟ ਲੰਗਰ ਤੇ ਕਦੀ ਕਿਛੁ ਨਹੀਂ ਭੇਜਦੇ ਕਿਆ ਤੁਸੀਂ ਮਾਤਾ ਸੁੰਦਰੀ ਦੇ ਬਖਰੇ ਆਏ ਹੋ । ਅਸਾਂ ਤੁਸਾਡੇ ਘਰ ਤੋਂ ਨਿਰਾਸਿ ਨਾਹ ਕਿਆ ਗੁਰੂ ਕਾ ਘਰ ਇਕ ਜਾਨਣਾ .... (ਹੁਕਮਨਾਮਾ ਪੰਨਾ ੨੦੯ ਹੁਕਮਨਾਮਾ ੭੪) ਇਕ ਹੁਕਮਨਾਮੇ ਵਿਚ ਗਿਆਰਾਂ ਰੁਪੈ ਦੀ ਹੁੰਡੀ ਕਰਾ ਲੰਗਰ ਦੀ ਸੇਵਾ ਲਈ ਘਲਣ ਵਾਸਤੇ ਕਿਹਾ । ਨੌਸ਼ਹਿਰਾ ਪਨੂੰ (ਤਰਨ ਤਾਰਨ) ਤੋਂ ਬਾਰਾਂ ਮੀਲ ਦੀ ਵਿੱਥ 'ਤੇ ਹੈ । ਸ੍ਰੀ ਮਾਤਾ ਸਾਹਿਬ ਕੌਰ ਜੀ ਵਲੋਂ ਖਾਲਸਾ ਵਾਸੀ ਨਓ ਸ਼ਹਰਾ ਪਨੂਆ ਜੋਗ । 11 'ਯਾਰਾਂ ਰੁਪਏ ਲੰਗਰ ਦੇ ਖਰਚ ਨੂੰ ਤੁਸਾਡੇ ਉਪਰ ਫਰਮਾਇਸ਼ ਹੋਈ ਹੈ। ਅੱਗੇ ਕਾਰ ਭੇਟ ਸੁਖ ਮਨੰਤ ਦਸਵੰਧ ਸਭ ਤੋਂ ਅੰਤਲਾ ਹੁਕਮਨਾਮਾ ਜਿਸ ਵਿਚ ਲੰਗਰ ਲਈ ਪੈਸੇ ਹੁੰਡੀ ਕਰਾ ਕੇ ਘਲਣ ਲਈ ਕਿਹਾ ਹੈ । ਸ੍ਰੀ ਮਾਤਾ ਸਾਹਿਬ ਦੇਵੀ ਜੀ ਵਲੋਂ ਭਾਈ ਆਲਮ ਸਿੰਘ ਜੰਮਾਇਤ ਦਾਰ, ਜੋਗੁ । 'ਗੁਰੂ ਪੂਰਾ ਤੁਸਾਡੀ ਦੇਗ ਤੇਗ ਫਤਹ ਕਰੇਲੰਗਰ ਵਾਸਤੇ ਫਰਮਾਇਸ਼ ਦੇਖਦੇ ਹੀ ਸਿੰਘਾਂ ਪਾਸੋਂ ਕਾਰ ਕਰ ਕੇ ਹੁੰਡੀ ਕਰਵਾਏ ਮੇਵੜੇ ਕੋ ।' ਇਨਾਂ ਹੁਕਮਨਾਮਿਆਂ ਰਾਹੀਂ ਮਾਤਾ ਜੀ ਨੇ ਖਾਲਸਾ ਪੰਥ ਦੀ ਮਾਤਾ ਬਣ ਕੇ ਮਾਤਾ ਖੀਵੀ ਜੀ ਦੇ ਲੰਗਰ ਪ੍ਰਥਾ ਨੂੰ ਕਾਇਮ ਰੱਖਦਿਆਂ ਸਿੱਖ ਸੰਗਤ ਨੂੰ ਗੁਰੂਘਰ ਨਾਲ ਜੋੜੀ ਰੱਖਿਆ ਤੇ ਖਾਲਸਾ ਪੰਥ ਨੂੰ ਵੇਲੇ ਕੁਵੇਲੇ ਸੇਧ ਦੇਂਦੇ ਰਹੇ ।

ਹੁਣ ਮਾਤਾ ਸਾਹਿਬ ਕੌਰ ਨੇ ਅੰਤਮ ਸਮਾਂ ਨੇੜੇ ਆਇਆ ਵੇਖ ਪਹਿਲਾਂ ਗੁਰੂ ਜੀ ਦੇ ਪੂਜਨੀਕ ਪੰਜ ਸ਼ਸਤਰ ਆਪਣੀ ਭੈਣ ਮਾਤਾ ਸੁੰਦਰੀ ਜੀ ਦੇ ਅਰਪਨ ਕੀਤੇ। ਫਿਰ ਆਪ ਨੇ ਇਸ਼ਨਾਨ ਕਰ ਸਫੈਦ ਪੁਸ਼ਾਕ ਪਹਿਣ ਸੁਰਤ ਗੁਰੂ ਜੀ ਦੇ ਚਰਨਾਂ ਨਾਲ ਜੋੜ ਸਮਾਧੀ ਲਾ ਲਈ। ਕੁਝ ਸਮੇਂ ਬਾਅਦ ਮਾਤਾ ਸੁੰਦਰ ਕੌਰ ਜੀ ਨੂੰ ਪਤਾ ਲੱਗਾ ਕਿ ਉਸ ਦੀ ਭੈਣ ਦੀ ਰੂਹ ਉਡਾਰੀ ਲਾ ਚੁੱਕੀ ਹੈ। ਇਸ ਦਿਨ ਮਾਘ ਦੀ ਇਕਾਦਸ਼ੀ 1747 ਸੀ । ਮਾਤਾ ਜੀ 66 ਸਾਲ ਦੇ ਸਨ 39 ਸਾਲ ਗੁਰੂ ਜੀ ਦਾ ਵਿਛੋੜਾ ਬਰਦਾਸ਼ਤ ਕੀਤਾ । ਮਾਤਾ ਸੁੰਦਰ ਕੌਰ ਜੀ ਦੇ ਹੁਕਮ ਅਨੁਸਾਰ ਇਨਾਂ ਦੇ ਸਸਕਾਰ ਲਈ ਗੁਰੂ ਹਰਿਕ੍ਰਿਸ਼ਨ ਜੀ ਦੇ ਦੇਹੋਰੇ ਲਾਗੇ ਚਿਖਾ ਚਿਣ ਦਿੱਤੀ। ਮਾਤਾ ਜੀ ਦੇ ਸਰੀਰ ਨੂੰ ਬੜੇ ਸੁੰਦਰ ਬਿਬਾਨ ਵਿਚ ਸਜਾ ਢੋਲਕੀ ਛੈਣਿਆਂ ਨਾਲ ਸ਼ਬਦ ਕੀਰਤਨ ਕਰਦੀ ਸੰਗਤ ਉਥੇ ਲੈ ਗਈ। ਮਾਤਾ ਸੁੰਦਰੀ ਜੀ ਨੇ ਭਿੱਜੇ ਨੈਣਾਂ ਨਾਲ ਆਪਣੇ ਪ੍ਰਵਾਰ ਦੇ ਆਖਰੀ ਜੀ ਨੂੰ ਆਪਣੇ ਹੱਥਾਂ ਨਾਲ ਦਾਗ ਦਿੱਤਾ । ਇਸ ਤੋਂ ਪਹਿਲਾਂ ਆਪਦੇ ਪ੍ਰਵਾਰ ਦੇ ਕਿਸੇ ਜੀ ਨੂੰ ਅੰਤਮ ਸਮੇਂ ਆਪ ਦਾ ਹੱਥ ਤੱਕ ਨਹੀਂ ਸੀ ਲੱਗਾ। ਫਿਰ ਮਾਤਾ ਸੁੰਦਰ ਕੌਰ ਇਨਾਂ ਦੇ ਨਮਿਤ ਪਾਠ ਦਾ ਭੋਗ ਪਵਾਇਆ ॥ ਮਾਤਾ ਸਾਹਿਬ ਕੌਰ ਜੀ ਦਾ ਜੀਵਨ ਸੇਵਾ, ਸਿਮਰਨ, ਸਿਦਕ ਤੇ ਸਬਰ ਸਹਿਣਸ਼ੀਲਤਾ ਆਗਿਆਕਾਰੀ, ਪਰਉਪਕਾਰੀ, ਸਦਾਚਾਰੀ ਤੇ ਜਤ ਸਤ ਦਾ ਪ੍ਰਤੀਕ ਹੈ । ਆਪ ਨੇ ਇਹ ਸਾਰੇ ਗੁਣ ਆਪਣੇ ਪੁੱਤਰ ਖਾਲਸੇ ਵਿਚ ਪ੍ਰਵੇਸ਼ ਕੀਤੇ । ਸਾਰੇ ਸੰਸਾਰ ਵਿਚ ਇਨਾਂ ਦਾ ਜੀਵਨ ਅਦੁੱਤੀ ਤੇ ਲਾਸਾਨੀ ਹੈ। ਇਨਾਂ ਦੀ ਉਦਾਹਰਣ ਮਿਲਣੀ ਅਸੰਭਵ ਹੈ ਕਿ ਆਪਣੇ ਪਤੀ ਦੇ ਹੁੰਦਿਆਂ ਆਪ ਨੇ ਪੂਰਨ ਜਤ ਸਤ ਤੇ ਬ੍ਰਹਮਚਾਰਜ ਜੀਵਨ ਬਤੀਤ ਕਰ। ਉਨਾਂ ਦੀ ਏਨੀ ਸੇਵਾ ਕੀਤੀ ਹੋਵੇ ਕਿ ਪਿਛੋਂ ਉਨਾਂ ਦੇ ਦੱਸੇ ਮਾਰਗ ਤੇ ਚਲ ਕੇ ਏਡੀ ਮਹਾਨ ਜ਼ਿੰਮੇਵਾਰੀ ਨਿਭਾਈ ਹੋਵੇ। ਇਹ ਮਾਣ ਕੇਵਲ ਖਾਲਸਾ ਦੀ ਮਾਤਾ ਨੂੰ ਹੀ ਪ੍ਰਾਪਤ ਹੈ। ਆਪ ਨੂੰ ਗੁਰਪਤੀ ਦੀ ਸੇਵਾ ਕਰਨ ਲਈ ਕੇਵਲ ਸੱਤ ਸਾਲ ਪ੍ਰਾਪਤ ਹੋਏ । ਪਰ ਉਨਾਂ ਦੇ ਦਿੱਤੇ ਸ਼ਸਤਰਾਂ ਦੀ ਸੇਵਾ ਸੰਭਾਲ ਕਰਨ ਤੇ ਵਿਛੋੜਾ ਝੱਲਣ ਲਈ 39 ਸਾਲ ਦਾ ਲੰਮਾ ਸਮਾਂ ਮਿਲਿਆ । ਆਪ ਦੇ ਜਤ ਸਤ, ਸਿਦਕ ਸੰਤੋਖ ਸੰਜਮ ਆਦਿ ਗੁਣਾਂ ਦਾ ਖਾਲਸਾ ਧਾਰਨੀ ਹੋ ਗਿਆ। ਹੇ ਖਾਲਸਾ ਦੇ ਮਾਤਾ ਜੀ, ਆਪ ਨੂੰ ਦੋਵੇਂ ਹੱਥ ਜੋੜ ਕੇ ਫਤਹਿ, ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ ਜੀ ।।

# ਯਾਦਾਂ ਤੇਰੀਆਂ ਆਉਂਦੀਆਂ ਨੇ...

## ਕਵਾਲੀ ਕਿੰਗ ਨੁਸਰਤ ਫ਼ਤਹਿ ਅਲੀ ਖ਼ਾਨ

**ਗੁਰਪ੍ਰੀਤ ਸਿੰਘ ਰਤਨ**

ਨੁਸਰਤ ਫ਼ਤਹਿ ਅਲੀ ਖ਼ਾਨ ਦਾ ਜਨਮ 13 ਅਕਤੂਬਰ 1948 ਨੂੰ ਲਾਇਲਪੁਰ (ਹੁਣ ਫੈਸਲਾਬਾਦ, ਪਾਕਿਸਤਾਨ) ਵਿੱਚ ਹੋਇਆ। ਉਸ ਦਾ ਪਹਿਲਾ ਨਾਂ ਪਰਵੇਜ਼ (ਪੇਜੀ) ਸੀ, ਪਰ ਗੁਲਾਮ ਗੌਸ ਸਾਮਦਾਨੀ ਦੇ ਇਤਰਾਜ਼ ਕਰਨ 'ਤੇ ਨਾਂ ਨੁਸਰਤ ਰੱਖਿਆ ਗਿਆ। ਬਚਪਨ ਤੋਂ ਹੀ ਭਾਰੇ ਜੁੱਸੇ ਵਾਲੇ ਨੁਸਰਤ ਨੂੰ ਸੰਗੀਤ ਦਾ ਸ਼ੌਕ ਸੀ, ਪਰ ਉਸ ਦੇ ਪਿਤਾ ਉਸਤਾਦ ਫ਼ਤਹਿ ਅਲੀ ਖ਼ਾਨ ਜੋ ਨਾਤ, ਗ਼ਜ਼ਲ, ਠੁਮਰੀ, ਦਾਦਰਾ, ਤਰਾਨਾ, ਖ਼ਿਆਲ ਅਤੇ ਕਲਾਸੀਕਲ ਗਾਇਕੀ ਵਿੱਚ ਮਾਹਰ ਸਨ, ਉਸ ਨੂੰ ਡਾਕਟਰ ਬਣਾਉਣਾ ਚਾਹੁੰਦੇ ਸਨ।

ਮਗਰੋਂ ਹਾਲਾਤ ਕੁਝ ਅਜਿਹੇ ਬਣੇ ਕਿ ਪਿਤਾ ਨੇ ਨੁਸਰਤ ਨੂੰ ਆਪ ਹੀ ਸੰਗੀਤ ਸਿੱਖਣ ਦੀ ਇਜਾਜ਼ਤ ਦੇ ਦਿੱਤੀ। ਪਹਿਲਾਂ ਉਸ ਨੇ ਤਬਲਾ ਵਾਦਨ ਸਿੱਖਿਆ ਅਤੇ ਮਗਰੋਂ ਆਪਣੇ ਪਿਤਾ ਕੋਲੋਂ ਹੀ ਗਾਇਕੀ ਦੀ ਤਾਲੀਮ ਹਾਸਲ ਕੀਤੀ। 1964 ਵਿੱਚ ਪਿਤਾ ਦੀ ਮੌਤ ਹੋਣ ਮਗਰੋਂ ਉਸ ਨੇ ਬਾਕੀ ਸੰਗੀਤਕ ਬਾਰੀਕੀਆਂ ਆਪਣੇ ਤਾਇਆ ਮੁਬਾਰਕ ਅਲੀ ਖ਼ਾਨ ਅਤੇ ਸਲਾਮਤ ਅਲੀ ਖ਼ਾਨ ਕੋਲੋਂ ਸਿੱਖੀਆਂ। ਫ਼ਤਹਿ ਅਲੀ ਖ਼ਾਨ ਅਤੇ ਮੁਬਾਰਕ ਅਲੀ ਖ਼ਾਨ ਦੀ ਜੋੜੀ ਦਾ ਉਸ ਵੇਲੇ ਆਪਣਾ ਹੀ ਮੁਕਾਮ ਸੀ।

ਨੁਸਰਤ ਪੜਾਈ ਵਿੱਚ ਬਹੁਤਾ ਚੰਗਾ ਨਹੀਂ ਸੀ, ਫਿਰ ਵੀ ਉਸ ਨੇ ਖਿੱਚ-ਧੂਹ ਕੇ ਮੈਟ੍ਰਿਕ ਤੱਕ ਪੜਾਈ ਕੀਤੀ। ਬਾਅਦ ਵਿੱਚ ਗਾਇਕੀ ਦੀ ਬਦੌਲਤ ਉਸ ਨੂੰ ਡਾਕਟਰੇਟ ਅਤੇ ਪ੍ਰੋਫ਼ੈਸਰ ਵਰਗੇ ਖ਼ਿਤਾਬਾਂ ਨਾਲ ਸਨਮਾਨਿਆ ਗਿਆ। ਪਿਤਾ ਦੀ ਮੌਤ ਮਗਰੋਂ ਉਸ ਨੇ ਕੱਵਾਲ ਪਾਰਟੀ ਦੀ ਕਮਾਂਡ ਸਾਂਭ ਲਈ ਅਤੇ ਹੌਲੀ-ਹੌਲੀ ਤਾਇਆ ਉਸਤਾਦ ਮੁਬਾਰਕ ਅਲੀ ਖ਼ਾਨ ਦੇ ਬੇਟੇ ਮੁਜਾਹਦ ਅਲੀ ਖ਼ਾਨ, ਉਸਤਾਦ ਸਲਾਮਤ ਅਲੀ ਖ਼ਾਨ ਦੇ ਬੇਟੇ ਅਸਦ ਅਲੀ ਖ਼ਾਨ, ਚਾਚਾ ਨਵਾਜ਼ਿਸ਼ ਅਲੀ ਖ਼ਾਨ ਦੇ ਬੇਟੇ ਕੌਕਬ ਅਲੀ ਖ਼ਾਨ ਸਮੇਤ ਹੋਰਾਂ ਨੂੰ ਪਾਰਟੀ ਵਿੱਚ ਸ਼ਾਮਲ ਕਰ ਲਿਆ। 23 ਮਾਰਚ 1965 ਵਿੱਚ ਰੇਡੀਓ ਪਾਕਿਸਤਾਨ ਦੇ ਪ੍ਰੋਗਰਾਮ 'ਜਸ਼ਨ-ਏ-ਬਹਾਰਾ' ਵਿੱਚ ਉਸ ਨੇ ਅਮੀਰ ਖੁਸਰੋ ਦੀ ਰਚਨਾ ਗਾ ਕੇ ਆਪਣੀ ਪਹਿਲੀ ਪੇਸ਼ਕਾਰੀ ਦਿੱਤੀ। ਇਸ ਦੌਰਾਨ ਨੁਸਰਤ ਨੇ ਜੋ ਗਾਇਕੀ ਦਿਖਾਈ, ਉਸ ਨੂੰ ਦੇਖ ਕੇ ਸਭ ਦੰਗ ਰਹਿ ਗਏ। ਇਸ ਪ੍ਰੋਗਰਾਮ ਵਿੱਚ ਰੌਸ਼ਨ ਆਰਾ ਬੇਗਮ, ਉਸਤਾਦ ਸਲਾਮਤ ਅਲੀ ਖ਼ਾਨ, ਨਜ਼ਾਕਤ ਅਲੀ ਖ਼ਾਨ ਤੇ ਅਮੀਰ ਅਲੀ ਖ਼ਾਨ ਵਰਗੇ ਮਹਾਨ ਕਲਾਕਾਰਾਂ ਨੇ ਫ਼ਨ ਦਾ ਮੁਜ਼ਾਹਰਾ ਕੀਤਾ, ਪਰ ਸੁਣਨ ਵਾਲੇ ਨੁਸਰਤ ਦੀ ਆਵਾਜ਼ ਅਤੇ ਗਾਇਕੀ ਵੱਲ ਖਿੱਚੇ ਗਏ। ਇਹ ਉਹ ਦਿਨ ਸੀ ਜਿਸ ਮਗਰੋਂ ਨੁਸਰਤ ਨੇ ਪਿੱਛੇ ਮੁੜ ਕੇ ਨਹੀਂ ਦੇਖਿਆ ਅਤੇ ਆਪਣੇ ਪਰਿਵਾਰ ਦੀ 600 ਸਾਲਾਂ ਤੋਂ ਚੱਲੀ ਆ ਰਹੀ ਕੱਵਾਲੀ ਦੀ ਰੀਤ ਨੂੰ ਅੱਗੇ ਤੋਰਦਿਆਂ ਇਸ ਵਿੱਚ ਆਪਣਾ ਨਵਾਂ ਰੰਗ ਭਰਿਆ।

1980ਵਿਆਂ 'ਚ ਆਈ ਅੰਗਰੇਜ਼ੀ ਫ਼ਿਲਮ 'ਦਿ ਲਾਸਟ ਟੈਂਪਟੇਸ਼ਨ ਆਫ ਕਰਾਈਸਟ' ਦੇ ਸਾਊਂਡਟਰੈਕ ਰਾਹੀਂ ਉਸ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਕਮਰਸ਼ਲ ਖੇਤਰ ਵਿੱਚ ਪਹਿਲੀ ਬਰੇਕ ਮਿਲੀ। ਨੈਚੁਰਲ ਬੋਰਨ ਕਿਲਰਜ਼ ਵਿੱਚ ਪੀਟਰ ਗੈਬਰੀਅਲ ਨਾਲ ਕੰਮ ਕਰਨ ਤੋਂ ਬਾਅਦ ਉਸ ਨੇ ਮਿਊਜ਼ਿਕਲ ਫਿਊਜ਼ਨ ਸ਼ੁਰੂ ਕੀਤਾ। ਇੰਨੇ ਨੂੰ ਉਹ ਲੰਡਨ ਦੇ ਵੋਮੈਡ ਮੇਲੇ, ਪੈਰਿਸ, ਜਾਪਾਨ ਅਤੇ ਨਿਊਯਾਰਕ ਦੀ ਬਰੁਕਲਿਨ ਅਕੈਡਮੀ ਆਫ ਮਿਊਜ਼ਿਕ ਵਿੱਚ ਸ਼ੋਅ ਕਰ ਚੁੱਕਿਆ ਸੀ। ਇਨ੍ਹਾਂ ਥਾਵਾਂ 'ਤੇ ਉਸ ਨੇ ਅਜਿਹਾ ਜਲਵਾ ਬਿਖੇਰਿਆ ਕਿ ਉੱਥੋਂ ਦੇ ਲੋਕ ਉਸ ਦੀ ਗਾਇਨ ਸ਼ੈਲੀ ਦੇ ਸ਼ੁਦਾਈ ਹੋ ਗਏ। ਜਾਪਾਨ ਦੇ ਲੋਕ ਤਾਂ ਉਸ ਨੂੰ 'ਦੇਵਤਾ' ਮੰਨਣ ਲੱਗ ਪਏ। ਉੱਥੋਂ ਦੇ ਲੋਕ ਉਸ ਨੂੰ 'ਸਿੰਗਿੰਗ ਬੁੱਧਾ' ਕਹਿੰਦੇ ਸਨ।

ਉਂਜ ਉਹ 1980 ਵਿੱਚ ਰਾਜ ਕੁਮਾਰ ਦੇ ਬੇਟੇ ਦੇ ਵਿਆਹ ਉਤੇ ਭਾਰਤ ਆ ਚੁੱਕਿਆ ਸੀ, ਪਰ 1996 ਵਿੱਚ ਆਈ ਐਲਬਮ 'ਬੈਂਡਿਟ ਕੁਈਨ' ਤੋਂ ਬਾਅਦ ਉਸ ਨੂੰ ਭਾਰਤ ਵਿੱਚ ਕਾਫ਼ੀ ਪ੍ਰਸਿੱਧੀ ਮਿਲੀ। ਇਸ ਮਗਰੋਂ ਉਸ ਨੇ ਭਾਰਤੀ ਫ਼ਿਲਮਾਂ ਲਈ ਕੰਪੋਜ਼ਿੰਗ ਕਰਨੀ ਸ਼ੁਰੂ ਕੀਤੀ। ਇਸ ਵੇਲੇ ਕੱਵਾਲੀ ਨੂੰ ਇੰਨੀ ਪ੍ਰਸਿੱਧ ਮਿਲ ਗਈ ਸੀ ਕਿ ਜਿਹੜੀ ਕੱਵਾਲੀ ਪਹਿਲਾਂ ਸਿਰਫ਼ ਦਰਗਾਹਾਂ ਆਦਿ ਵਿੱਚ ਸੁਣੀ ਜਾਂਦੀ ਸੀ, ਉਹ ਹੁਣ ਘਰ-ਘਰ ਸੁਣੀ ਜਾਣ ਲੱਗ ਪਈ। ਉਸ ਨੇ ਸੂਫ਼ੀ ਅਤੇ ਮੁਸਲਿਮ ਭਾਈਚਾਰੇ ਨਾਲ ਸਬੰਧਤ ਰਚਨਾਵਾਂ ਦੇ ਨਾਲ ਨਾਲ ਭਗਤ ਰਵਿਦਾਸ, ਭਗਤ ਕਬੀਰ, ਗੁਰੂ ਨਾਨਕ ਦੀ ਬਾਣੀ ਅਤੇ ਮੀਰਾ ਦੇ ਭਜਨ ਵੀ ਗਾਏ। ਇੱਕ ਅਜਿਹਾ ਵੇਲਾ ਵੀ ਆਇਆ ਜਦੋਂ ਮੁਸਲਿਮ ਭਾਈਚਾਰੇ ਦੀ ਬਹੁ-ਗਿਣਤੀ ਵਾਲੇ ਦੇਸ਼ ਪਾਕਿਸਤਾਨ ਵਿੱਚ ਨੁਸਰਤ ਵੱਲੋਂ ਗਾਇਆ ਗਿਆ ਮੀਰਾ ਦਾ ਭਜਨ 'ਸਾਂਸੋਂ ਕੀ ਮਾਲਾ ਪੇ ਸਿਮਰੂ ਮੈਂ ਪੀ ਕਾ ਨਾਮ' ਵੱਜ ਰਿਹਾ ਸੀ ਅਤੇ ਦੂਜੇ ਪਾਸੇ ਭਾਰਤ ਵਿੱਚ 'ਦਮ ਮਸਤ ਕਲੰਦਰ ਮਸਤ ਮਸਤ' ਦੇ ਰਿਕਾਰਡ ਵੱਜ ਰਹੇ ਸਨ।



ਇਹ ਕਲਾਕਾਰ ਕਿੰਨੀਆਂ ਖ਼ੂਬੀਆਂ ਦਾ ਮਾਲਕ ਸੀ। ਜਦੋਂ ਸਟੇਜ 'ਤੇ ਚੜਦਾ ਸੀ ਤਾਂ ਸਾਰੇ ਉਸ ਵੱਲ ਖਿੱਚੇ ਜਾਂਦੇ। ਉਹ ਆਪਣੇ ਹੁਨਰ ਦੇ ਦਮ 'ਤੇ ਮਿੰਟ ਵਿੱਚ ਸਰੋਤਿਆਂ ਨੂੰ ਨਚਾ ਦਿੰਦਾ ਸੀ ਅਤੇ ਮਿੰਟ ਵਿੱਚ ਹੀ ਰੋਣ ਲਾ ਦਿੰਦਾ। ਉਸ ਨੇ ਭਾਵੇਂ ਵਿਦੇਸ਼ੀ ਕਲਾਕਾਰਾਂ ਨਾਲ ਕਈ ਕੋਲੈਬੋਰੇਸ਼ਨਜ਼ ਕੀਤੀਆਂ, ਪਰ ਮਲਿਕਾ-ਏ-ਤਰੰਨੁਮ ਨੂਰਜਹਾਂ ਨਾਲ ਉਸ ਵੱਲੋਂ ਗਾਏ ਗੀਤ 'ਤੇਰੇ ਬਿਨਾਂ ਰੋਗੀ ਹੋਏ ਪਿਆਸੇ ਨੈਣ' ਅਤੇ 'ਮੇਰੀ ਜ਼ਿੰਦਗੀ ਤੇਰਾ ਪਿਆਰ' ਦਾ ਆਪਣਾ ਹੀ ਪੱਧਰ ਹੈ। ਨੂਰਜਹਾਂ ਨੁਸਰਤ ਦੇ ਕਰੀਬੀਆਂ 'ਚੋਂ ਇੱਕ ਸੀ। ਜਦੋਂ ਨੁਸਰਤ ਨੂੰ ਇਲਾਜ ਲਈ ਲੰਡਨ ਲਿਜਾਇਆ ਗਿਆ ਤਾਂ ਨੂਰਜਹਾਂ ਉਸ ਨੂੰ ਹਸਪਤਾਲ ਮਿਲਣ ਗਈ। ਨੁਸਰਤ ਦੇ ਮੈਨੇਜਰ ਹਾਜੀ ਇਕਬਾਲ ਨਕੀਬੀ ਦੱਸਦੇ ਹਨ ਕਿ ਅਮਰੀਕੀ ਗਾਇਕਾ ਮੈਡੋਨਾ ਅਤੇ ਮਾਈਕਲ ਜੈਕਸਨ ਵੀ ਨੁਸਰਤ ਨਾਲ ਕੋਲੈਬੋਰੇਸ਼ਨ ਕਰਨਾ ਚਾਹੁੰਦੇ ਸਨ। ਇਸ ਸਬੰਧੀ ਉਨ੍ਹਾਂ ਦਾ ਇਕਰਾਰਨਾਮਾ ਵੀ ਹੋ ਗਿਆ ਸੀ, ਪਰ ਨੁਸਰਤ ਦੇ ਬਿਮਾਰ ਹੋਣ ਕਾਰਨ ਇਹ ਪ੍ਰਾਜੈਕਟ ਸਿਰੇ ਨਹੀਂ ਚੜ ਸਕੇ।

1997 ਵਿੱਚ ਉਸ ਨੂੰ ਗ੍ਰੈਮੀ ਪੁਰਸਕਾਰ ਲਈ ਨਾਮਜ਼ਦ ਕੀਤਾ ਗਿਆ। 2001 ਵਿੱਚ 125 ਤੋਂ ਵੱਧ ਕੱਵਾਲੀ ਐਲਬਮਾਂ ਦੀਆਂ ਰਿਕਾਰਡਿੰਗਜ਼ ਲਈ ਗਿੰਨੀਜ਼ ਵਰਲਡ ਰਿਕਾਰਡ ਵਿੱਚ ਉਸ ਦਾ ਨਾਂ ਦਰਜ ਕੀਤਾ ਗਿਆ। 6 ਨਵੰਬਰ 2006 ਦੇ ਅੰਕ ਵਿੱਚ 'ਟਾਈਮ' ਮੈਗਜ਼ੀਨ ਉਸ ਨੂੰ ਪਿਛਲੇ 60 ਸਾਲਾਂ ਵਿੱਚ ਚੋਟੀ ਦੇ 12 ਕਲਾਕਾਰਾਂ 'ਚੋਂ ਇੱਕ ਵਜੋਂ ਸੂਚੀਬੱਧ ਕਰਦਾ ਹੈ। ਅਮਰੀਕਾ ਦੇ ਰੇਡੀਓ ਐੱਨਪੀਆਰ ਵੱਲੋਂ ਉਸ ਨੂੰ 50 ਮਹਾਨ ਆਵਾਜ਼ਾਂ ਦੀ ਸੂਚੀ ਵਿੱਚ ਰੱਖਿਆ ਗਿਆ।

ਨੁਸਰਤ ਲੰਮੇ ਸਮੇਂ ਤੋਂ ਸਿਹਤ ਨਾਲ ਜੂਝ ਰਿਹਾ ਸੀ, ਪਰ ਜਦੋਂ ਅੰਤ ਆਇਆ ਤਾਂ ਜ਼ਿਆਦਾ ਜਲਦੀ ਹੀ ਆ ਗਿਆ। ਅਗਸਤ 1997 ਵਿੱਚ ਇਲਾਜ ਲਈ ਉਸ ਨੂੰ ਪਾਕਿਸਤਾਨ ਤੋਂ ਲੰਡਨ ਲਿਜਾਇਆ ਗਿਆ, ਜਿੱਥੇ 48 ਸਾਲ ਦੀ ਉਮਰ ਵਿੱਚ ਦਿਲ ਦਾ ਦੌਰਾ ਪੈਣ ਕਾਰਨ ਉਸ ਦੀ ਮੌਤ ਹੋ ਗਈ। ਮੌਤ ਤੋਂ ਬਾਅਦ ਉਸ ਦੇ ਸ਼ਾਗਿਰਦਾਂ ਰਾਹਤ ਫ਼ਤਹਿ ਅਲੀ ਖ਼ਾਨ (ਭਤੀਜਾ), ਰਿਜ਼ਵਾਨ-ਮੁਅੱਜ਼ਮ (ਭਤੀਜੇ), ਨਵੀਦ-ਜਾਵੇਦ (ਪਿਤਾ ਫ਼ਤਹਿ ਅਲੀ ਖ਼ਾਨ ਦੇ ਸ਼ਾਗਿਰਦ ਬਖ਼ਸ਼ੀ ਸਲਾਮਤ ਦੇ ਲੜਕੇ), ਕਾਲੇ ਖ਼ਾਨ (ਸਾਥੀ ਅੱਤਾ ਫਰੀਦ ਦਾ ਲੜਕਾ) ਅਤੇ ਜ਼ੈਨ-ਜ਼ੋਹੇਬ (ਨੁਸਰਤ ਨਾਲ ਦੂਜੇ ਹਾਰਮੋਨੀਅਮ 'ਤੇ ਸਾਥ ਦੇਣ ਵਾਲੇ ਹਾਜੀ ਰਹਿਮਤ ਅਲੀ ਖ਼ਾਨ ਦੇ ਪੋਤੇ) ਨੇ ਉਸ ਦੀ ਰੀਤ ਅੱਗੇ ਤੋਰਨ ਦੀ ਕੋਸ਼ਿਸ਼ ਕੀਤੀ, ਪਰ ਕੋਈ ਵੀ ਉਸ ਵੱਲੋਂ ਸਰ ਕੀਤੀਆਂ ਮੰਜ਼ਲਾਂ ਤੱਕ ਨਹੀਂ ਪਹੁੰਚ ਸਕਿਆ। ਉਸ ਦੀ ਮੌਤ ਦੇ ਇੰਨੇ ਸਾਲਾਂ ਬਾਅਦ ਵੀ ਉਸ ਦੀ ਪ੍ਰਸਿੱਧੀ ਅਤੇ ਉਸ ਨੂੰ ਸੁਣਨ ਵਾਲਿਆਂ ਵਿੱਚ ਕਮੀ ਨਹੀਂ ਆਈ। ਸਗੋਂ ਮੌਜੂਦਾ ਸਮੇਂ ਉਸ ਨੂੰ ਪਹਿਲਾਂ ਨਾਲੋਂ ਵੱਧ ਹੀ ਸੁਣਿਆ ਜਾਂਦਾ ਹੈ।

# ਚੜਦੀ ਕਲਾ ਵਾਲੇ ਸਦੈਵ ਜਿਉਂਦੇ

**ਹਰਪ੍ਰੀਤ ਸਿੰਘ ਜਵੰਦਾ**

ਸੁਬਰਾਮਨੀਅਮ ਸਵਾਮੀ ਦੱਸਦਾ ਕੇ ਪਾਰਲੀਮੈਂਟ ਦੀਆਂ ਪੌੜੀਆਂ ਚੜਦੀ ਇੰਦਰਾ ਮੈਨੂੰ ਵੇਖ ਅਕਸਰ ਹੀ ਖਲੋ ਜਾਇਆ ਕਰਦੀ।

ਮੇਰੀ ਸੰਤਾਂ ਨਾਲ ਨੇੜਤਾ ਤੋਂ ਵਾਕਿਫ ਉਹ ਅਕਸਰ ਹੀ ਨਿੱਕੀਆਂ ਮੋਟੀਆਂ ਕਨਸੋਆਂ ਜਿਹੀਆਂ ਲੈਣ ਲੱਗਦੀ।

ਮੈਂ ਚੇਤਾਵਨੀ ਦਿੰਦਾ ਕਿਸੇ ਦੀ ਚੁੱਕ ਵਿਚ ਆ ਕੇ ਓਥੇ ਫੌਜ ਭੇਜਣ ਦੀ ਗਲਤੀ ਨਾ ਕਰ ਲਵੀਂ..ਪਰ ਉਹ ਨਹੀਂ ਟਲੀ।

ਫੇਰ ਅਗਸਤ ਚੁਰਾਸੀ ਵਿਚ ਓਸੇ ਥਾਂ ਫੇਰ ਮਿਲ ਪਈ, ਆਖਣ ਲੱਗੀ ਸਵਾਮੀ ਜੀ ਗਲਤੀ ਹੋ ਗਈ , ਅੱਬ ਬਤਾਈਏ ਕਯਾ ਹੋ ਸਕਤਾ, ਮੈਂ ਆਖਿਆ ਅਬ ਤੋਂ ਕੁਛ ਨਹੀਂ ਹੋ ਸਕਤਾ।

ਇੰਦਿਰਾ ਦਾ ਸਲਾਹਕਾਰ ਮੱਖਣ ਲਾਲ ਫੋਤੇਦਾਰ ਦੱਸਦਾ ਉਹ ਜਦੋਂ ਵੀ ਟੈਨਸ਼ਨ ਵਿਚ ਹੁੰਦੀ ਤਾਂ ਸ਼੍ਰੀਨਗਰ ਕੋਲ ਇੱਕ ਮਜਾਰ ਤੇ ਮੱਥਾ ਟੇਕਣ ਜਰੂਰ ਜਾਇਆ ਕਰਦੀ।

ਅਕਤੂਬਰ ਦੀ ਵੀਹ ਤਰੀਕ ਦੇ ਲਗਭਗ ਓਸੇ ਮਜਾਰ ਤੇ ਗਈ, ਓਥੇ ਮਿਲਿਆ ਪ੍ਰਸ਼ਾਦ ਹੱਥੋਂ ਹੇਠਾਂ ਜਾ ਪਿਆ, ਬਦਸ਼ਗਨੀ ਮਗਰੋਂ ਉਸਨੇ ਮੇਰੇ ਵੱਲ ਵੇਖਿਆ, ਫੇਰ ਕੋਲ ਹੀ ਇੱਕ ਹੋਰ ਮੰਦਿਰ ਵਿਚ ਵੀ ਇੰਝ ਹੀ ਹੋਇਆ।

**ਕਲਮਾਂ ਦੇ ਜਜ਼ਬਾਤ**

ਇਸ ਵਾਰ ਆਖਣ ਲੱਗੀ ਫੋਤੇਦਾਰ ਜੀ ਲਗਤਾ ਕੁਝ ਹੋਣੇ ਵਾਲਾ ਹੈ। ਫੇਰ ਹਫਤੇ ਬਾਅਦ ਜੋ ਹੋਇਆ ਸਭ ਜਾਣਦੇ ਹਾਂ।

ਭਾਈ ਸਤਵੰਤ ਸਿੰਘ ਦੇ ਵਕੀਲ ਆਰ.ਐਸ. ਸੋਢੀ ਦੱਸਦੇ ਜਦੋਂ ਜੱਜ ਨੇ ਫਾਂਸੀ ਦਾ ਐਲਾਨ ਕੀਤਾ ਤਾਂ ਮੈਂ ਇੱਕ ਦਮ ਕੋਲ ਬੈਠੇ ਸਤਵੰਤ ਦੇ ਹਾਵ ਭਾਵ ਪੜਨ ਲਈ ਇਸਦੇ ਚਿਹਰੇ ਵੱਲ ਵੇਖਿਆ। ਉਹ ਮੁਸਕੁਰਾ ਰਿਹਾ ਸੀ, ਪੁੱਛਿਆ ਤੈਨੂੰ ਪਤਾ ਜੱਜ ਨੇ ਕੀ ਕਿਹਾ ? ਆਖਣ ਲੱਗਾ ਜੀ ਬਿਲਕੁਲ ਪਤਾ, ਮੈਨੂੰ ਤੇ ਪਹਿਲੋਂ ਹੀ ਪਤਾ ਸੀ ਕਿ ਇਹੋ ਹੋਣਾ, ਇਹ ਤਾਂ ਤੁਸੀਂ ਗੱਲ ਸਾਲ ਪਿੱਛੇ ਪਾ ਦਿੱਤੀ, ਮੈਂ ਚੜਦੀ ਕਲਾ ਵਿਚ ਹਾਂ ਤੇ ਤੁਸੀਂ ਵੀ ਚੜਦੀ ਕਲਾ ਵਿਚ ਰਿਹਾ ਕਰੋ।

ਸੋਢੀ ਦੱਸਦਾ ਕਿ ਅੱਜ ਵੀ ਜਦੋਂ ਕੋਈ ਪੁੱਛਦਾ ਸੋਢੀ ਸਾਬ ਕੀ ਹਾਲ ਏ ਤਾਂ ਪਤਾ ਨੀ ਕਿਥੋਂ ਸਤਵੰਤ ਸਿੰਘ ਸਾਹਮਣੇ ਆਣ ਖਲੋਂਦਾ ਏ ਤੇ ਮੂੰਹੋਂ ਆਪ ਮੁਹਾਰੇ ਹੀ 'ਚੜਦੀ ਕਲਾ ਵਿਚ ਹਾਂ' ਨਿੱਕਲ ਜਾਂਦਾ ਏ।

ਦੋਸਤੋ ਪੀੜਾਂ ਦੁੱਖਾਂ ਅਤੇ ਕਿਸੇ ਤਰਾਂ ਦੇ ਦੁਨਿਆਵੀ ਡਰ ਤੋਂ ਮੁਕਤ ਹੋ ਗਿਆ ਦਸਮ ਪਿਤਾ ਵੱਲੋਂ ਬਖ਼ਸ਼ਿਆ 'ਚੜਦੀ ਕਲਾ ਵਾਲਾ' ਬਹੁਮੁੱਲਾ ਜਿਹਾ ਸਿਧਾਂਤ ਫਾਂਸੀ ਦੇ ਰੱਸੇ ਤੇ ਲਮਕ ਕੇ ਵੀ ਕਦੇ ਖਤਮ ਨਹੀਂ ਹੁੰਦਾ ਅਤੇ ਦੂਜੇ ਪਾਸੇ ਦੁਨੀਆ ਨੂੰ ਸ਼ਾਹੀ ਜਿੰਦਗੀ ਜੀ ਰਿਹਾ ਲੱਗਦਾ 'ਝੂਠ ਅਤੇ ਫਰੇਬ' ਇੱਕ ਦਿਨ ਵਿਚ ਪਤਾ ਨਹੀਂ ਕਿੰਨੀ ਵੇਰ ਦਮ ਤੋੜਦਾ ਹੈ।






# ਬੋਲੇ ਸੋ ਨਿਹਾਲ

**ਹੰਸਰਾਜ ਰਹਿਬਰ**
**(ਅਨੁਵਾਦ: ਮਹਿੰਦਰ ਬੇਦੀ, ਜੈਤੋ**

ਬ੍ਰਿਟਿਸ਼ ਸਾਮਰਾਜਵਾਦੀਆਂ ਨੇ ਇਹ ਮਿਥਿਆ ਧਾਰਨਾ ਫੈਲਾਈ ਕਿ ਹਿੰਦੁਸਤਾਨੀਆਂ ਵਿਚ ਵਿਰੋਧ ਕਰਨ ਦੀ ਤਾਕਤ ਤੇ ਰਾਜ ਕਰਨ ਦੀ ਯੋਗਤਾ ਨਹੀਂ, ਇਸ ਲਈ ਉਹ ਹਮੇਸ਼ਾ ਵਿਦੇਸ਼ੀਆਂ ਦੁਆਰਾ ਹਰਾਏ ਜਾਂਦੇ ਰਹੇ। ਪਹਿਲਾਂ ਆਰੀਆ ਆਏ, ਫੇਰ ਤੁਰਕ, ਮੁਗਲ ਆਏ ਤੇ ਫੇਰ ਅਸੀਂ ਆ ਗਏ। ਅਫ਼ਸੋਸ ਦੀ ਗੱਲ ਹੈ ਕਿ ਸਾਡੇ ਬੁੱਧੀਜੀਵੀ ਅਕਸਰ ਇਸ ਮਿਥਿਆ ਧਾਰਨਾ ਨੂੰ ਸਹੀ ਮੰਨ ਲੈਂਦੇ ਨੇ। ਕੀ ਇਹ ਇਤਿਹਾਸ ਨੂੰ ਝੁਠਿਆਉਣਾ ਨਹੀਂ ?

ਹੱਥਲੀ ਪੁਸਤਕ ਦਾ ਉਦੇਸ਼ ਇਸ ਮਿਥਿਆ ਧਾਰਨਾ ਨੂੰ ਨਿਰਆਧਾਰ ਸਿੱਧ ਕਰਨਾ ਹੈ।

ਪਹਿਲਾਂ ਤਾਂ ਆਰੀਆਵਾਂ ਨੂੰ ਤੁਰਕਾਂ, ਮੁਗਲਾਂ ਤੇ ਅੰਗਰੇਜ਼ਾਂ ਵਾਂਗ ਬਾਹਰੋਂ ਆਏ ਦੱਸਣਾ ਸਹੀ ਨਹੀਂ। ਦੂਜਾ ਮੁਗਲਾਂ ਪਿੱਛੋਂ ਅੰਗਰੇਜ਼ ਆਏ, ਕਹਿਣਾ ਵੀ ਤੱਥਾਂ ਦੇ ਵਿਪਰੀਤ ਹੈ। ਮੁਗਲਾਂ ਨੇ ਤਾਂ ਅੰਗਰੇਜ਼ਾਂ ਦੇ ਖ਼ਿਲਾਫ਼ ਇਕ ਲੜਾਈ ਵੀ ਨਹੀਂ ਲੜੀ। ਉਹ ਮਰਾਠਿਆਂ ਨੇ ਲੜੀ ਤੇ ਸਿੱਖਾਂ ਨੇ ਲੜੀ। ਮੁਗਲਾਂ ਨੂੰ ਤਾਂ ਅਠਾਰਵੀਂ ਦੇ ਅੱਧ ਵਿਚ ਹੀ ਸਿਫਰ ਬਣਾ ਦਿੱਤਾ ਗਿਆ ਸੀ। ਉਸ ਪਿੱਛੋਂ ਅਹਿਮਦ ਸ਼ਾਹ ਦੁਰਾਨੀ ਨਾਲ ਵੀ ਮਰਾਠੇ ਲੜੇ ਤੇ ਫੇਰ ਸਿੱਖ ਲੜੇ।

ਸਿੱਖਾਂ ਨੇ ਦੁਰਾਨੀ ਨੂੰ ਹਰਾ ਕੇ ਜਿਹੜਾ ਰਾਜ ਕਾਇਮ ਕੀਤਾ, ਉਹ ਜਮਨਾ ਤੋਂ ਪੇਸ਼ਾਵਰ ਤਕ ਤੇ ਸਿੰਧ ਤੋਂ ਤਿੱਬਤ ਤਕ ਫੈਲਿਆ ਹੋਇਆ ਸੀ। ਉਹ ਸਿੱਖ ਰਾਜ ਏਨਾ ਪੱਕੇ-ਪੈਰੀਂ ਤੇ ਸ਼ਕਤੀ ਸ਼ਾਲੀ ਸੀ ਕਿ ਜਦੋਂ ਤਕ ਮਹਾਰਾਜਾ ਰਣਜੀਤ ਸਿੰਘ ਜਿਊਂਦੇ ਰਹੇ, ਅੰਗਰੇਜ਼ਾਂ ਦੀ ਉਸ ਵੱਲ ਅੱਖ ਚੁੱਕੇ ਕੇ ਦੇਖਣ ਦੀ ਹਿੰਮਤ ਨਹੀਂ ਪਈ।

ਇਸ ਨਾਵਲ ਦਾ ਸਮਾਂ 1739 ਵਿਚ ਨਾਦਰ ਸ਼ਾਹ ਦੇ ਹਮਲੇ ਤੋਂ 1765 ਵਿਚ ਲਾਹੌਰ ਉੱਤੇ ਸਿੱਖਾਂ ਦੇ ਕਬਜੇ ਤਕ ਦਾ ਹੈ। ਖਾਲਸੇ ਨੇ ਪਹਿਲਾਂ ਮੁਗਲਾਂ ਨਾਲ ਲੋਹਾ ਲਿਆ ਤੇ ਫੇਰ ਫਿਰੰਗੀਆਂ ਤੇ ਦੁਰਾਨੀਆਂ ਦਾ ਮੁਕਾਬਲਾ ਕੀਤਾ। ਉਨਾਂ ਜਿਸ ਬਹਾਦੁਰੀ ਦਾ ਸਬੂਤ ਦਿੱਤਾ ਤੇ ਜਿਹੜੀਆਂ ਕੁਰਬਾਨੀਆਂ ਦਿੱਤੀਆਂ, ਇਤਿਹਾਸ ਵਿਚ ਉਨਾਂ ਦੀ ਦੂਜੀ ਮਿਸਾਲ ਨਹੀਂ ਮਿਲਦੀ।

ਰਾਸ਼ਟਰ ਕਵੀ ਮੈਥਿਲੀਸ਼ਰਣ ਗੁਪਤ ਦਾ ਇਹ ਕਹਿਣਾ ਕਿ ਅੰਗਰੇਜ਼ਾਂ ਨੇ ਸਾਨੂੰ ਯਵਨਾ ਦੇ ਅਤਿਆਚਾਰ ਤੋਂ ਮੁਕਤੀ ਦਿਵਾਈ, ਗਲਤ, ਸਰਾਸਰ ਗਲਤ ਹੈ। ਖੁਸ਼ਾਮਦ ਹੈ।

ਤੇ ਇਤਿਹਾਸ ਗਵਾਹ ਹੈ ਕਿ ਜਾਲਮ ਦੁਸ਼ਮਨ ਦਾ ਦਿਲ ਕਦੀ ਵੀ ਨਹੀਂ ਪਿਘਲਦਾ। ਉਹ ਸਿਰਫ ਤਲਵਾਰ ਦੀ ਭਾਸ਼ਾ ਸਮਝਦਾ ਹੈ ਤੇ ਤਲਵਾਰ ਦੀ ਭਾਸ਼ਾ, ਠੰਡੇ ਲੋਹੇ ਦੀ ਭਾਸ਼ਾ, ਵਿਚ ਹੀ ਉਸਨੂੰ ਸਮਝਾਉਣਾ ਪੈਂਦਾ ਹੈ।

ਪਾਠਕ ਇਸ ਨੂੰ ਸਿਰਫ ਨਾਵਲ ਸਮਝ ਕੇ ਨਾ ਪੜਨ, ਮੇਰੀ ਨਜ਼ਰ ਵਿਚ ਇਹ ਨਾਵਲ ਨਾਲੋਂ ਵੱਧ ਇਤਿਹਾਸ ਹੈ, ਜਿਹੜਾ ਨਾਵਲ ਨਾਲੋਂ ਕਿਤੇ ਵੱਧ ਦਿਲਚਸਪ ਹੈ। ਦਿਲ-ਚਸਪੀ ਦੇ ਇਲਾਵਾ ਪਾਠਕ ਇਸ ਦੇ ਲਿਖਣ-ਮੰਤਵ ਨੂੰ ਵੀ ਸਮਝਣ।

ਪ੍ਰਸਿੱਧ ਪ੍ਰਕਾਸ਼ਕ ਸਵਰਗੀ ਸ਼੍ਰੀ ਰਾਮਲਾਲ ਪੁਰੀ ਨੇ 1956 ਵਿਚ ਮੈਨੂੰ ਇਤਿਹਾਸ ਦੇ ਇਸ ਹਿੱਸੇ ਉੱਪਰ ਪੁਸਤਕ ਲਿਖਣ ਲਈ ਕਿਹਾ ਸੀ। ਮੈਂ ਕੋਸ਼ਿਸ਼ ਕੀਤੀ, ਪਰ ਲਿਖ ਨਹੀਂ ਸਕਿਆ। ਬੱਤੀ-ਤੇਤੀ ਸਾਲ ਬਾਅਦ ਮੈਂ ਖ਼ੁਦ ਇਸ ਦੀ ਲੋੜ ਮਹਿਸੂਸ ਕੀਤੀ ਤੇ ਹੁਣ ਮੈਂ ਲਿਖਣ ਲਈ ਪੂਰੀ ਤਰਾਂ ਤਿਆਰ ਵੀ ਸਾਂ। ਇੰਜ ਉਹਨਾਂ ਦੀ ਇੱਛਾ ਪੂਰੀ ਹੋਈ। ਮੈਂ ਆਪਣੀ ਇਹ ਕਿਰਤ ਉਹਨਾਂ ਦੀਆਂ ਯਾਦਾਂ ਦੇ ਨਾਂ ਕਰਦਾ ਹਾਂ।

**29.05.1989— ਹੰਸਰਾਜ ਰਹਿਬਰ।**

### ਬੋਲੇ ਸੋ ਨਿਹਾਲ

ਮਈ, 1739 ਦੀ ਹਨੇਰੇ ਪੱਖ ਦੀ ਰਾਤ ਸੀ। ਅਸਮਾਨ ਬਿਲਕੁਲ ਸਾਫ ਸੀ। ਸਿੱਖ ਗੁਰੀਲੇ ਤਾਰਿਆਂ ਦੀ ਮਿੰਨੀ-ਮਿੰਨੀ ਲੋਅ ਵਿਚ ਸੰਘਣਾ ਜੰਗਲ ਪਾਰ ਕਰ ਰਹੇ ਸਨ। ਉਹ ਜੰਗਲ ਵਿਚ ਰਹਿਣ ਦੇ ਆਦੀ ਹੋ ਚੁੱਕੇ ਸਨ ਤੇ ਆਪਣੀ ਧਰਤੀ ਦੇ ਚੱਪੇ-ਚੱਪੇ ਦੇ ਸਿਆਣੂ ਸਨ। ਉਹਨਾਂ ਦੇ ਸਧੇ ਹੋਏ ਘੁੜਿਆਂ ਦੇ ਪੈਰਾਂ ਨੇ ਇਹ ਸਾਰੇ ਰਸਤੇ ਮਿਣੇ ਹੋਏ ਸਨ, ਇਸੇ ਕਰਕੇ ਸੰਘਣੇ ਹਨੇਰੇ ਦੇ ਬਾਵਜ਼ੂਦ ਉਹਨਾਂ ਨੂੰ ਜੰਗਲ ਪਾਰ ਕਰਨ ਵਿਚ ਕੋਈ ਔਖ ਨਹੀਂ ਸੀ ਹੋ ਰਹੀ। ਇਹ ਕੋਈ ਵੀਹ-ਤੀਹ ਨਹੀਂ, ਸੈਂਕੜਿਆਂ ਦੀ ਗਿਣਤੀ ਵਿਚ ਸਨ ਤੇ ਆਪਣਾ ਪਿਆਰਾ ਯੁੱਧ-ਗੀਤ ਗਾ ਰਹੇ ਸਨ।

'ਜੋ ਲੜੇ ਦੀਨ ਕੇ ਹੇਤੁ
ਸੂਰਾ ਸੋਈ, ਸੂਰਾ ਸੋਈ।'

(ਜਿਹੜਾ ਧਰਮ ਲਈ ਯੁੱਧ ਕਰਦਾ ਹੈ ਉਹੀ ਸੂਰਾ ਹੈ, ਉਹੀ ਬਹਾਦੁਰ ਯੋਧਾ ਹੁੰਦਾ ਹੈ)

ਘੋੜਿਆਂ ਦੇ ਸੁੰਮਾਂ ਦੀ ਟਾਪ ਦਾ ਖੜਾਕ ਤੇ ਉਸ ਗੀਤ ਦੇ ਬੋਲ ਇਕ-ਸੁਰ ਹੋ ਕੇ ਰਾਤ ਦੀ ਚੁੱਪ ਨੂੰ ਲੀਰੋ-ਲੀਰ ਕਰਦੇ ਜੰਗਲ ਵਿਚ ਗੂੰਜ ਰਹੇ ਸਨ। ਝਾੜੀਆਂ ਵਿਚ ਲੁਕੇ ਖ਼ਰਗੋਸ਼, ਗਿੱਦੜ ਤੇ ਲੂੰਬੜ ਆਦਿ ਨਿੱਕਲ-ਨਿੱਕਲ ਕੇ ਭੱਜ ਰਹੇ ਸਨ। ਇਹ ਯੁੱਧ-ਗੀਤ ਉਹਨਾਂ ਦੇ ਦ੍ਰਿੜ ਇਰਾਦਿਆਂ ਦਾ ਪ੍ਰਤੀਕ ਸੀ। ਉਹ ਇਸ ਯੁੱਧ ਦੇ ਗੀਤ ਨੂੰ ਵਾਰੀ-ਵਾਰੀ ਦੁਹਰਾਅ ਰਹੇ ਸਨ ਤੇ ਪੱਕੇ-ਪੈਰੀਂ ਨਿਸ਼ਾਨੇ ਵੱਲ ਵਧ ਰਹੇ ਸਨ। ਉਹਨਾਂ ਦੇ ਘੋੜੇ ਵਾਰੀ ਨਾਲ ਹਿਣਹਿਣਾਉਣ ਲੱਗ ਪੈਂਦੇ, ਜਿਵੇਂ ਉਹ ਵੀ ਇਸ ਐਲਾਨੇ-ਜੰਗ ਦਾ ਸਮਰਥਨ ਕਰ ਰਹੇ ਹੋਣ ਤੇ ਉਹਨਾਂ ਨੇ ਵੀ ਧਰਮ ਹਿੱਤ ਯੁੱਧ ਕਰਨ ਦਾ ਸੰਕਲਪ ਲਿਆ ਹੋਇਆ ਹੋਵੇ। ਰਾਤ ਅੱਧੀ ਇਧਰ, ਅੱਧੀ ਉਧਰ ਸੀ। ਕਿਸੇ ਨੂੰ ਉੱਕਾ ਹੀ ਖਬਰ ਨਹੀਂ ਸੀ ਕਿ ਇਹ ਸਿੱਖ ਗੁਰੀਲੇ ਕਿੱਧਰੋਂ ਆਏ ਸਨ ਤੇ ਕਿੱਧਰ ਜਾ ਰਹੇ ਹਨ। ਜੰਗਲ ਪਾਰ ਕਰਕੇ ਉਹ ਖੁੱਲੇ ਮੈਦਾਨ ਵਿਚ ਆ ਗਏ। ਮੈਦਾਨ ਵਿਚ ਪਹੁੰਚਦਿਆਂ ਹੀ ਯੁੱਧ-ਗੀਤ ਬੰਦ ਕਰ ਦਿੱਤਾ ਗਿਆ ਤੇ ਘੋੜਿਆਂ ਦੀ ਚਾਲ ਵੀ ਆਪਣੇ-ਆਪ ਮੱਠੀ ਪੈ ਗਈ।

ਦੋ ਘੋੜ ਸਵਾਰ ਇਕ ਦੂਜੇ ਦੇ ਨਜ਼ਦੀਕ ਆਏ। ਉਹਨਾਂ ਵਿਚੋਂ ਇਕ ਦਾ ਨਾਂ ਜੱਸਾ ਸਿੰਘ ਆਹਲੂਵਾਲੀਆ ਸੀ ਤੇ ਉਹ ਇਸ ਮੁਹਿੰਮ ਦਾ ਸੈਨਾਪਤੀ ਸੀ। ਦੂਜੇ ਦਾ ਨਾਂ ਹੀਰਾ ਸਿੰਘ ਸੀ ਤੇ ਉਹ ਉਪ-ਸੈਨਾਪਤੀ ਸੀ।

'ਆਦਮੀ ਜ਼ੋਰਾਵਰ ਏ।' ਉਪ-ਸੈਨਾਪਤੀ ਨੇ ਕਿਹਾ।

'ਹਾਂ, ਇਸ ਵਿਚ ਕੀ ਸ਼ੱਕ ਏ। ਜ਼ੋਰਾਵਰ ਨਾ ਹੁੰਦਾ ਤਾਂ ਕਾਬਲ ਤੇ ਪੰਜਾਬ ਨੂੰ ਲਿਤੜਦਾ ਹੋਇਆ, ਦਿੱਲੀ ਕਿੰਜ ਜਾ ਪਹੁੰਚਦਾ ?'

'ਮੁਗਲਾਂ ਦੀ ਸਾਰੀ ਸ਼ਾਨ ਮਿੱਟੀ ਵਿਚ ਰੋਲ ਦਿੱਤੀ ਏ।'

'ਮੁਗਲਾਂ ਦੀ ਈ ਨਹੀਂ ਪੂਰੇ ਦੇਸ਼ ਦੀ ਸ਼ਾਨ ਮਿੱਟੀ 'ਚ ਰੋਲ ਦਿੱਤੀ ਏ। ਧਨ-ਦੌਲਤ, ਇੱਜਤ-ਮਾਨ, ਸਭੋ ਕੁਝ ਲੁੱਟ ਲਿਐ।' ਸੈਨਾਪਤੀ ਨੇ ਨਮੋਸ਼ੀ ਤੇ ਹਿਰਖ ਪਰੁੱਚੀ ਆਵਾਜ਼ ਵਿਚ ਕਿਹਾ। ਕੁਝ ਪਲ ਲਈ ਚੁੱਪ ਵਾਪਰ ਗਈ। ਫੇਰ ਹਵਾ ਦਾ ਇਕ ਬੁੱਲਾ ਆਇਆ, ਜਿਸ ਨਾਲ ਰੁੱਖਾਂ ਦੇ ਪੱਤਿਆਂ ਦੀ ਸਰਸਰਾਹਟ ਸੁਣਾਈ ਦਿੱਤੀ।

'ਗੱਲ ਤਾਂ ਤਦ ਬਣਦੀ ਏ।' ਜੱਸਾ ਸਿੰਘ ਫੇਰ ਬੋਲੇ। ਉਨਾਂ ਦੀ ਆਵਾਜ਼ ਰਤਾ ਖਰਵੀ ਪਰ ਗੰਭੀਰ ਸੀ, 'ਜਦ ਅਸੀਂ ਇਸ ਈਰਾਨੀ ਯੋਧੇ ਦੀ ਸ਼ਾਨ ਨੂੰ ਧੂੜ ਵਿਚ ਮਧੋਲ ਦੇਈਏ ਤੇ ਸਾਬਤ ਕਰ ਵਿਖਾਈਏ ਕਿ ਪੰਜਾਬ ਦਾ ਪਾਣੀ ਅਜੇ ਮਰਿਆ ਨਹੀਂ, ਤੇ ਨਾ ਕਦੀ ਮਰ ਸਕਦਾ ਏ।'

ਦੋਹਾਂ ਦੇ ਘੋੜੇ ਇਕੱਠੇ ਹਿਣਹਿਣਾਏ। ਜੱਸਾ ਸਿੰਘ ਦੇ ਘੋੜੇ ਦਾ ਰੰਗ ਚਿੱਟਾ, ਪਰ ਪੂਛ ਦੇ ਵਾਲ ਕਾਲੇ ਸਨ। ਹੀਰਾ ਸਿੰਘ ਦੇ ਘੋੜੇ ਦਾ ਰੰਗ ਗੂੜਾ ਲਾਲ ਸੀ, ਪਰ ਉਹ ਆਪਣੇ ਕੱਦ-ਕਾਠ ਪੱਖੋਂ ਜੱਸਾ ਸਿੰਘ ਦੇ ਘੋੜੇ ਜਿੱਡਾ ਹੀ ਸੀ। ਦੋਹਾਂ ਘੋੜਿਆਂ ਦੇ ਕੰਨ ਹਿਰਨ ਦੇ ਕੰਨਾਂ ਵਾਂਗ ਖੜੇ ਸਨ ਤੇ ਉਹ ਅਣਥੱਕ ਤੀਬਰ ਗਤੀ ਨਾਲ ਇਕ ਦਿਨ ਵਿਚ ਸੌ, ਸਵਾ-ਸੌ ਮੀਲ ਦਾ ਪੈਂਡਾ ਕਰ ਸਕਦੇ ਸਨ ਅਤੇ ਛੋਟੇ ਮੋਟੇ ਖਾਲ-ਖਾਲੀਆਂ ਤੇ ਬੂਝੇ-ਝੜੀਆਂ ਨੂੰ ਆਸਾਨੀ ਨਾਲ ਟੱਪ ਜਾਂਦੇ ਸਨ।

ਇਹਨਾਂ ਦੋਹਾਂ ਘੋੜਿਆਂ ਦੀ ਰੀਸ ਨਾਲ ਦੂਜੇ ਘੋੜੇ ਵੀ ਹਿਣਹਿਣਾਉਣ ਲੱਗ ਪਏ, ਇਹ 'ਅਸੀਂ ਹਮਲੇ ਲਈ ਤਿਆਰ ਹਾਂ' ਦਾ ਸੂਚਕ ਸੀ।

ਏਸ਼ੀਆ ਦੇ ਇਤਿਹਾਸ ਦੇ ਪ੍ਰਸਿੱਧ ਸੈਨਾਪਤੀ ਨਾਦਰ ਸ਼ਾਹ ਨੇ ਜਨਵਰੀ ਦੇ ਸ਼ੁਰੂ ਵਿਚ, ਆਪਣੀ ਵਿਸ਼ਾਲ ਜੁਝਾਰੂ ਸੈਨਾ ਨਾਲ, ਹਿੰਦੁਸਤਾਨ ਉਪਰ ਹਮਲਾ ਕੀਤਾ ਸੀ। ਹੁਣ ਉਹ ਦਿੱਲੀ, ਮਥਰਾ ਤੇ ਬਿੰਦਰਾਬਨ ਨੂੰ ਲੁੱਟ ਕੇ ਆਪਣੇ ਵਤਨ ਵਾਪਸ ਪਰਤ ਰਿਹਾ ਸੀ, ਇਹ ਸਿੱਖ ਗੁਰੀਲੇ ਉਸਨੂੰ ਭਾਜੀ ਮੋੜਨ ਆਏ ਸਨ।



ਨਾਦਰ ਦਾ ਪਿਤਾ ਭੇਡਾਂ-ਬੱਕਰੀਆਂ ਚਰਾਉਣ ਵਾਲਾ ਗਰੀਬ ਆਜੜੀ ਸੀ। ਇਹ ਕਿੱਤਾ ਉਸਨੂੰ ਪਿਤਾ ਕੋਲੋਂ ਵਿਰਸੇ ਵਿਚ ਮਿਲਿਆ। ਜਦੋਂ ਉਹ ਵੱਡਾ ਹੋਇਆ ਤਾਂ ਨਰੋਏ ਜੁੱਸੇ ਤੇ ਲੰਮੇ-ਉਚੇ ਕੱਦ ਦਾ ਕਦਾਵਰ ਨੌਜਵਾਨ ਨਿਕਲਿਆ। ਆਪਣੀ ਤਿੱਖੀ-ਬੁੱਧੀ ਤੇ ਹਿਉਂ ਸਦਕਾ ਉਸਨੂੰ ਆਜੜੀਆਂ ਵਾਲਾ, ਰੁਲਿਆ-ਖੁਲਿਆ, ਜੀਵਨ ਚੰਗਾ ਨਹੀਂ ਸੀ ਲੱਗਾ। ਉਸਨੇ ਆਪਣੇ ਵਰਗੇ ਦਲੇਰ ਤੇ ਹੱਟੇ-ਕੱਟੇ ਨੌਜਵਾਨਾ ਦਾ ਇਕ ਟੋਲਾ ਤਿਆਰ ਕੀਤਾ, ਜਿਸ ਦਾ ਪੇਸ਼ਾ ਭੇਡ-ਬੱਕਰੀਆਂ ਚਰਾਉਣਾ ਨਹੀਂ, ਲੁੱਟ-ਮਾਰ ਕਰਨਾ ਸੀ। ਉਸ ਸਮੇਂ ਈਰਾਨ ਵੱਖ-ਵੱਖ ਕਬੀਲਿਆਂ ਵਿਚ ਵੰਡਿਆ ਹੋਇਆ ਸੀ। ਇਹਨਾਂ ਕਬੀਲਿਆਂ ਦੇ ਆਪੋ-ਆਪਣੇ ਸਰਦਾਰ ਸਨ। ਪਰ ਹੁਣ ਨਾਦਰ ਦੇ ਰੂਪ ਵਿਚ ਇਕ ਨਵਾਂ ਸਰਦਾਰ ਪੈਦਾ ਹੋ ਗਿਆ ਸੀ। ਜਿਸਦੀ ਸ਼ਕਤੀ ਸਾਹਵੇਂ ਸਾਰੇ ਕਬੀਲੇ ਕੰਨ ਭੰਨਦੇ ਸਨ। ਹੁੰਦੀ-ਹੁੰਦੀ ਉਸਦੀ ਸ਼ੋਹਰਤ ਈਰਾਨ ਦੇ ਬਾਦਸ਼ਾਹ ਤੱਕ ਜਾ ਪਹੁੰਚੀ। ਉਸਦੇ ਡਾਕੂ-ਗਿਰੋਹ ਦੀ ਜੁਝਾਰੂ ਸ਼ਕਤੀ ਦੇ ਕਿੱਸੇ ਸੁਣ ਕੇ ਬਾਦਸ਼ਾਹ ਦੇ ਮਨ ਵਿਚ ਵੀ ਭੈ ਪੈਦਾ ਹੋ ਗਿਆ, ਸੋ ਉਸ ਨੇ ਨਾਦਰ ਸ਼ਾਹ ਨੂੰ ਆਪਣਾ ਦੋਸਤ ਬਣਾਅ ਲਿਆ। ਓਨੀਂ ਦਿਨੀਂ ਅਫਗਾਨਸਤਾਨ ਵੱਲੋਂ ਹਮਲਾ ਹੋਇਆ। ਨਾਦਰ ਆਪਣੀ ਲੜਾਕੂ ਟੋਲੀ ਨੂੰ ਲੈ ਕੇ ਮੈਦਾਨ ਵਿਚ ਉਤਰਿਆ ਤੇ ਅਫਗਾਨੀ ਹਮਲੇ ਨੂੰ ਨਿਸਫਲ ਕਰ ਦਿੱਤਾ। ਇਸ ਜਿੱਤ ਨਾਲ ਉਹ ਬਾਦਸ਼ਾਹ ਦਾ ਭਰੋਸੇ ਯੋਗ ਆਦਮੀ ਤੇ ਉਸਦੀ ਸੈਨਾ ਦਾ ਪ੍ਰਧਾਨ-ਸੈਨਾਪਤੀ ਬਣ ਗਿਆ। ਉਸਨੇ ਜਲਦੀ ਹੀ ਅਫਗਾਨਸਤਾਨ ਉੱਤੇ ਕਬਜਾ ਕਰਕੇ ਉਸ ਨੂੰ ਆਪਣੇ ਰਾਜ ਵਿਚ ਮਿਲਾ ਲਿਆ।

ਈਰਾਨ ਦੀ ਬੰਜਰ ਧਰਤੀ ਨੇ ਲੜਾਕੂ ਤੇ ਯੋਧੇ ਤਾਂ ਬੜੇ ਪੈਦਾ ਕੀਤੇ ਸਨ, ਪਰ ਆਮਦਨ ਦੇ ਸਾਧਨ ਬੜੇ ਸੀਮਤ ਸੀ। ਆਮ ਲੋਕ ਭੇਡ-ਬੱਕਰੀਆਂ ਪਾਲ ਕੇ ਉਹਨਾਂ ਵਰਗਾ ਜੀਵਨ ਹੀ ਬਿਤਾਉਂਦੇ ਸਨ। ਨਾਦਰ ਕੋਲ ਹੁਣ ਇਕ ਵੱਡਾ ਰਾਜ ਤੇ ਵਿਸ਼ਾਲ ਸੈਨਾ ਸੀ। ਸਵਾਲ ਇਹ ਸੀ ਕਿ ਏਡੀ ਵੱਡੀ ਸੈਨਾ ਦੀ ਤਨਖਾਹ ਦੇਣ ਤੇ ਹੋਰ ਰਾਜ ਕਾਰਜਾਂ ਨੂੰ ਚਲਾਉਣ ਖਾਤਰ ਧਨ ਕਿੱਥੋਂ ਆਵੇਗਾ ? ਇਸ ਥੁੜ ਨੂੰ ਪੂਰਾ ਕਰਨ ਲਈ ਉਸਨੇ 'ਸੋਨੇ ਦੀ ਚਿੜੀ' ਹਿੰਦੁਸਤਾਨ ਉੱਤੇ ਚੜਾਈ ਕਰ ਦਿੱਤੀ।

ਕਾਬਲ ਦੇ ਸੂਬੇਦਾਰ ਨਾਸਰ ਖਾਂ ਤੇ ਪੰਜਾਬ ਦੇ ਸੂਬੇਦਾਰ ਜ਼ਕਰੀਆਂ ਖਾਂ ਨੇ ਵਿਰੋਧ ਕੀਤਾ, ਪਰ ਉਹ ਈਰਾਨੀ ਸੈਨਾ ਸਾਹਵੇਂ ਟਿਕ ਨਹੀਂ ਸਕੇ। ਕਈ ਵਾਰੀ ਕਹਿਣ ਦੇ ਬਾਵਜੂਦ ਵੀ ਦਿੱਲੀ ਸਰਕਾਰ ਦੇ ਕੰਨ 'ਤੇ ਜੂੰ ਨਹੀਂ ਸੀ ਸਰਕੀ। ਦਿੱਲੀ ਦੇ ਬਾਦਸ਼ਾਹ ਮੁਹੰਮਦ ਸ਼ਾਹ ਰੰਗੀਲਾ ਨੂੰ ਰਾਜ-ਭਾਗ ਦੇ ਕਾਰਜਾਂ ਵਿਚ ਕੋਈ ਦਿਲਚਸਪੀ ਨਹੀਂ ਸੀ। ਉਹ ਐਸ਼ਪ੍ਰਸਤੀ ਵਿਚ ਖੁੱਭਿਆ, ਰੰਗ-ਰਲੀਆਂ ਮਨਾਅ ਰਿਹਾ ਸੀ ਤੇ ਦਰਬਾਰ ਦੇ ਵੱਖ-ਵੱਖ ਧੜਿਆਂ ਵਿਚ ਆਪੋ-ਆਪਣੀ ਤਾਕਤ ਵਧਾਉਣ ਦਾ ਸੰਘਰਸ਼ ਚੱਲ ਰਿਹਾ ਸੀ। ਸਰਕਾਰ ਚਲਾਉਣ ਲਈ ਜ਼ਿੰਮੇਵਾਰ ਉਮਰਾ, ਦੋ ਧੜਿਆਂ ਵਿਚ ਵੰਡੇ ਹੋਏ ਸਨ। ਇਕ ਦਾ ਨਾਂ ਹਿੰਦੁਸਤਾਨੀ-ਦਲ ਸੀ, ਉਸ ਵਿਚ ਹਿੰਦੂ-ਉਮਰਾ ਤੇ ਹਿੰਦੁਸਤਾਨੀ ਮੁਸਲਮਾਨ ਸ਼ਾਮਲ ਸਨ। ਦੂਜਾ ਵਿਦੇਸ਼ੀ ਉਮਰਾਵਾਂ ਦਾ ਮੁਗਲ-ਦਲ ਸੀ। ਪਰ ਉਹ ਇਕ ਨਾ ਰਹਿ ਕੇ ਤੁਰਾਨੀ-ਦਲ ਅਤੇ ਈਰਾਨੀ-ਦਲ ਵਿਚ ਵੰਡੇ ਹੋਏ ਸਨ। ਮੱਧ ਏਸ਼ੀਆ ਦੇ ਤੁਰਕਿਸਤਾਨ ਤੇ ਤਾਸ਼ਕਦ ਤੋਂ ਆਏ ਉਮਰਾ, ਤੁਰਾਨੀ-ਦਲ ਵਿਚ ਸ਼ਾਮਲ ਸਨ ਤੇ ਉਹ ਧਾਰਮਕ ਸੰਸਕਾਰਾਂ ਪੱਖੋਂ 'ਸੂਨੀ' ਕਹਾਉਂਦੇ ਸਨ। ਜਿਹੜੇ ਈਰਾਨ ਤੋਂ ਆਏ ਸਨ, ਧਰਮ ਦੇ ਨਾਤੇ 'ਸ਼ੀਆ' ਅਖਵਾਉਂਦੇ ਸਨ ਤੇ ਉਹ ਈਰਾਨੀ-ਦਲ ਵਿਚ ਸ਼ਾਮਲ ਸਨ। ਜਦੋਂ ਹਿੰਦੁਸਤਾਨੀ-ਦਲ ਦੇ ਸੱਯਦ ਭਰਾਵਾਂ ਨੇ ਫਾਰੂੱਖ ਸੀਯਰ ਨੂੰ ਅੰਨਿਆਂ ਕਰਕੇ, ਮੌਤ ਦੀ ਨੀਂਦ ਸੁਆ ਦਿੱਤਾ ਤੇ ਇਕ ਪਿੱਛੋਂ ਇਕ ਮੁਗਲ ਸ਼ਹਿਜਾਦਿਆਂ ਨੂੰ ਕਠਪੁਤਲੀ-ਬਾਦਸਾਹ ਬਣਾ ਕੇ ਸੱਤਾ ਆਪਣੇ ਹੱਥਾਂ ਵਿਚ ਲੈ ਲਈ ਤਾਂ ਈਰਾਨੀ-ਦਲ ਤੇ ਤੁਰਾਨੀ-ਦਲ ਨੇ ਇਕੱਠੇ ਹੋ ਕੇ ਸੱਯਦ ਭਰਾਵਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਹੁਣ ਸੱਤਾ ਉਨਾਂ ਦੇ ਹੱਥਾਂ ਵਿਚ ਸੀ ਤੇ ਰੰਗੀਲਾ ਸਿਰਫ ਨਾਂ ਦਾ ਹੀ ਬਾਦਸ਼ਾਹ ਸੀ। ਪਰ ਇਹਨਾਂ ਈਰਾਨੀ ਤੇ ਤੁਰਾਨੀ, ਦੋਹਾਂ ਦਲਾਂ ਵਿਚ ਵੀ ਸੱਤਾ ਹਥਿਆਉਣ ਦੀ ਦੌੜ ਲੱਗੀ ਹੋਈ ਸੀ। ਨਿੱਤ ਨਵੀਂ ਕਿਸਮ ਦੀਆਂ ਸਾਜਿਸ਼ਾਂ ਰਚੀਆਂ ਜਾ ਰਹੀਆਂ ਸਨ। ਸਿੱਟ ਇਹ ਹੋਇਆ ਕਿ ਰਾਜ ਦਾ ਪੂਰਾ ਤੰਤਰ ਚਰਮਰਾ ਗਿਆ ਤੇ ਔਰੰਗਜੇਬ ਦੀ ਮੌਤ ਤੋਂ ਦੋ ਦਹਾਕੇ ਬਾਅਦ ਹੀ ਕੇਂਦਰ ਏਨਾ ਕਮਜ਼ੋਰ ਹੋ ਗਿਆ ਕਿ ਇਕ ਤੋਂ ਪਿੱਛੋਂ ਇਕ, ਕਈ ਸੂਬਿਆਂ ਨੇ ਆਪਣੇ ਆਪ ਨੂੰ ਆਜਾਦ-ਸੂਬਾ ਹੋਣ ਦਾ ਐਲਾਨ ਕਰ ਦਿੱਤਾ ਤੇ ਬਾਗੀ ਸ਼ਕਤੀਆਂ ਪ੍ਰਬਲ ਹੁੰਦੀਆਂ ਗਈਆਂ। ਦਖੱਣ, ਅਵਧ ਤੇ ਬੰਗਾਲ, ਕੇਂਦਰ ਨਾਲੋਂ ਸੰਬੰਧ ਤੋੜ ਕੇ ਵੱਖਰੇ-ਰਾਜ ਬਣ ਗਏ। ਮਰਾਠੇ ਆਪਣੀ ਸੱਤਾ ਦਾ ਵਿਸਥਾਰ ਕਰ ਰਹੇ ਸਨ, ਆਗਰੇ ਦੇ ਕੋਲ ਜਾਟਾਂ ਨੇ ਆਪਣਾ ਸੁਤੰਤਰ-ਰਾਜ ਕਾਇਮ ਕਰ ਲਿਆ ਸੀ। ਰੂਹੇਲਾ ਪਠਾਨਾ ਨੇ ਗੰਗਾ ਦੇ ਉਤਰੀ ਮੈਦਾਨ ਵਿਚ ਰੂਹੇਲਖੰਡ ਨਾਂ ਦਾ ਸੁਤੰਤਰ-ਰਾਜ ਸਥਾਪਤ ਕਰ ਲਿਆ ਸੀ ਤੇ ਪੰਜਾਬ ਵਿਚ ਸਿੱਖ ਜਬਰਦਸਤ ਚੁਣੌਤੀ ਬਣੇ ਹੋਏ ਸਨ।

ਜਦੋਂ ਨਾਦਰ ਸ਼ਾਹ ਨੇ ਦੱਰਾ ਖੈਬਰ ਪਾਰ ਕੀਤਾ, ਹਿੰਦੁਸਤਾਨ ਦੀ ਇਹ ਸਥਿਤੀ ਸੀ। ਸੀਮਾ-ਸੁਰੱਖਿਆ ਦਾ ਕੋਈ ਪ੍ਰਬੰਧ ਨਹੀਂ ਸੀ। ਕੋਈ ਵੀ ਬਿਨਾਂ ਰੋਕ-ਟੋਕ, ਆ-ਜਾ ਸਕਦਾ ਸੀ। ਸਰਕਾਰ ਤਕ ਖਬਰਾਂ ਭੇਜਣ ਵਾਲਾ ਜਾਸੂਸੀ ਢਾਂਚਾ, ਪੂਰੀ ਤਰਾਂ ਠੁੱਸ ਹੋ ਚੁੱਕਿਆ ਸੀ। ਐਸ਼ਪ੍ਰਸਤ ਸਮਰਾਟ ਤੇ ਸਵਾਰਥੀ ਉਮਰਾ ਦੀ ਨੀਂਦ ਤਦ ਟੁੱਟੀ ਜਦ ਈਰਾਨੀ ਸੈਨਾ ਪੰਜਾਬ ਨੂੰ ਲਿਤੜਤੀ ਹੋਈ ਦਿੱਲੀ ਦੇ ਐਨ ਨੇੜੇ ਜਾ ਢੁੱਕੀ। ਹਫੜਾ-ਦਫੜੀ ਵਿਚ ਇਕੱਠੀ ਕੀਤੀ ਮੁਗਲ ਸੈਨਾ ਕਰਨਾਲ ਪਹੁੰਚੀ ਤੇ ਈਰਾਨੀ ਸੈਨਾ ਨਾਲ ਹੋਈ ਮੁੱਠ-ਭੇੜ ਵਿਚ ਉਸਦੇ ਅਧਿਓਂ ਵਧ ਸਿਪਾਹੀ ਰਣਭੂਮੀ ਵਿਚ ਹੀ ਰਹਿ ਗਏ ਤੇ ਬਾਕੀ ਜਾਨਾਂ ਬਚਾਅ ਕੇ ਏਧਰ-ਉਧਰ ਨੱਠ ਗਏ। ਨਾਦਰ ਸ਼ਾਹ ਦੀ ਜੈਤੂ ਸੈਨਾ ਕਰਨਾਲ ਤੋਂ ਸਿੱਧੀ ਦਿੱਲੀ ਜਾ ਪਹੁੰਚੀ।

ਦਿੱਲੀ ਵਿਚ ਜਿਹੜਾ ਖ਼ੂਨ-ਖਰਾਬਾ ਹੋਇਆ ਤੇ ਅੱਠ ਹਫਤੇ ਤਕ ਲੁੱਟ-ਮਾਰ ਚੱਲੀ ਤੇ ਸਾੜ-ਫੂਕ ਹੋਈ, ਉਹ ਇਤਿਹਾਸ ਦੀ ਇਕ ਦਰਦਨਾਕ ਘਟਨਾ ਹੈ। ਇਸ ਲੁੱਟ-ਮਾਰ ਵਿਚ ਹੀਰੇ-ਜਵਾਹਰ ਤੇ ਕਰੋੜਾਂ ਰੁਪਏ ਦੇ ਇਲਾਵਾ ਸ਼ਾਹਜਹਾਂ ਦਾ ਪ੍ਰਸਿੱਧ ਤਖ਼ਤੇ-ਤਾਊਸ ਤੇ ਰੰਗੀਲਾ ਦੁਆਰਾ ਤਿਆਰ ਕਰਵਾਈ ਗਈ ਹਿੰਦੁਸਤਾਨੀ ਸੰਗੀਤ ਦੀ ਇਕ ਸਚਿੱਤਰ ਪੁਸਤਕ ਵੀ ਸੀ। ਅਖੀਰ ਮੁਹੰਮਦ ਸ਼ਾਹ ਰੰਗੀਲਾ ਦੀ ਬੇਨਤੀ ਉਤੇ ਸੁਲਾਹ ਹੋਈ ਤੇ ਦਰਬਾਰੇ ਖਾਸ ਵਿਚ ਸ਼ਰਾਬ ਅਤੇ ਨਾਚ-ਗਾਣੇ ਦੀ ਮਹਿਫਲ ਸਜ ਗਈ। ਮੁਹੰਮਦ ਸ਼ਾਹ, ਨਾਦਰ ਸ਼ਾਹ ਦੇ ਨਾਲ ਬੈਠਾ ਹੋਇਆ ਸੀ ਤੇ ਉਸਦੀ ਦਸਤਾਰ ਵਿਚ ਦੁਨੀਆਂ ਦਾ ਪ੍ਰਸਿੱਧ ਤੇ ਅਣਮੋਲ ਹੀਰਾ 'ਕੋਹੇਨੂਰ' ਜਗਮਗਾ ਰਿਹਾ ਸੀ। ਨਾਦਰ ਸ਼ਾਹ ਦੀ ਨਜ਼ਰ ਹੀਰੇ ਉੱਤੇ ਪਈ ਤੇ ਮਨ ਉਸ ਨੂੰ ਪ੍ਰਾਪਤ ਕਰਨ ਲਈ ਲਲਚਾ ਗਿਆ। ਉਹ ਜਿੰਨਾਂ ਬਹਾਦਰ ਸੀ, ਓਨਾਂ ਹੀ ਬੁੱਧੀਮਾਨ ਤੇ ਕੂਟਨੀਤਕ ਵੀ ਸੀ। ਸੁਲਾਹ ਪਿੱਛੋਂ ਉਸਨੇ ਸ਼ਕਤੀ ਦਾ ਪ੍ਰਯੋਗ ਕਰਨਾ ਠੀਕ ਨਹੀਂ ਸੀ ਸਮਝਿਆ ਤੇ ਨਾਲੇ ਬਾਦਸ਼ਾਹੀ-ਪਦਵੀ ਦਾ ਆਦਰ-ਮਾਣ ਰੱਖਣਾ ਵੀ ਬਣਦਾ ਸੀ। ਉਸਨੇ ਆਪਣੇ ਪਿਆਲੇ ਵਿਚੋਂ ਸ਼ਰਾਬ ਦਾ ਇਕ ਘੁੱਟ ਭਰਿਆ ਤੇ ਚਿਹਰੇ ਉਪਰ ਇਕ ਮਿੱਠੀ ਮੁਸਕਾਨ ਖਿਲਾਰ ਕੇ ਬੋਲਿਆ, 'ਭਰਾ ਰੰਗੀਲਿਆ, ਹੁਣ ਅਸੀਂ ਦੋਸਤ ਤਾਂ ਬਣ ਈ ਗਏ ਹਾਂ ਨਾ ? ਫੇਰ ਕਿਉਂ ਨਾ ਇਸ ਦੋਸਤੀ ਨੂੰ ਪੱਕਿਆਂ ਰਿਸ਼ਤਿਆਂ ਵਿਚ ਬੰਨ ਲਈਏ ਤੇ ਆਪਸ ਵਿਚ ਪੱਗ-ਵਟ ਭਰਾ ਬਣ ਜਾਈਏ ?' ਉਸਨੇ ਆਪਣੀ ਪਗੜੀ ਲਾਹ ਕੇ ਮੁਹੰਮਦ ਸ਼ਾਹ ਵੱਲ ਵਧਾ ਦਿੱਤੀ।

'ਜਹੇ ਕਿਸਮਤ, ਤੁਹਾਡੇ ਨਾਲ ਦਸਤਾਰ ਬਦਲਣੀ ਮੇਰੇ ਲਈ ਬੜੇ ਮਾਣ ਵਾਲੀ ਗੱਲ ਏ।' ਨਸ਼ੇ ਵਿਚ ਰਗੀਲਾ ਮਿਨਮਿਣਾਇਆ। ਉਸ ਦੀ ਹਸਤੀ ਵਿਚ ਬਾਬਰੀ-ਸ਼ਾਨ ਵਾਲੀ ਕੋਈ ਗੱਲ ਬਾਕੀ ਨਹੀਂ ਸੀ ਦਿੱਸਦੀ।

ਇਸ ਪਿੱਛੋਂ ਮਥਰਾ ਤੇ ਬਿੰਦਰਾਬਨ ਨੂੰ ਖੂਬ ਲੁੱਟਿਆ ਗਿਆ। ਨਾਦਰ ਸ਼ਾਹ 5 ਮਈ ਨੂੰ ਜਦੋਂ ਦਿੱਲੀ ਤੋਂ ਤੁਰਿਆ ਤਾਂ ਉਸ ਕੋਲ ਹੀਰੇ-ਜਵਾਹਰ ਤੇ ਹੋਰ ਕੀਮਤੀ ਚੀਜਾਂ ਦੇ ਇਲਾਵਾ 15 ਕਰੋੜ ਰੁਪਏ ਨਕਦ, 300 ਹਾਥੀ, ਦਸ ਹਜ਼ਾਰ ਘੋੜੇ ਤੇ ਏਨੇ ਹੀ ਊਠ ਸਨ। ਹਜ਼ਾਰਾਂ ਹਿੰਦੂ-ਮੁਸਲਮਾਨ, ਮਰਦ-ਔਰਤਾਂ ਨੂੰ ਕੈਦੀ ਬਣਾਇਆ ਹੋਇਆ ਸੀ, ਜਿਨਾਂ ਵਿਚ ਦੋ ਸੌ ਕਾਰੀਗਰ ਵੀ ਸਨ। ਈਰਾਨੀ ਸੈਨਕ ਕਿਉਂਕਿ ਮੈਦਾਨੀ ਇਲਾਕੇ ਦੀ ਲੂ ਤੇ ਧੁੱਪ ਨਹੀਂ ਸਨ ਬਰਦਾਸ਼ਤ ਕਰ ਸਕਦੇ, ਇਸ ਲਈ ਉਹ ਸਰਹੰਦ ਤੇ ਸ਼ਿਵਾਲਕ ਦੀਆਂ ਪਹਾੜੀਆਂ ਦੇ ਨਾਲ ਨਾਲ ਸਫਰ ਕਰਦੇ ਤੇ ਲੁੱਟਮਾਰ ਕਰਦੇ ਹੋਏ ਇਕ ਲੰਮਾਂ ਸਫਰ ਕਰਕੇ, ਮਈ ਦੇ ਅਖੀਰਲੇ ਹਫਤੇ, ਜੇਹਲਮ ਦੇ ਕਿਨਾਰੇ ਜਾ ਪਹੁੰਚੇ। ਉਪਰੋਂ ਰਾਤ ਘਿਰ ਆਈ ਸੀ। ਅਗਲੇ ਦਿਨ ਸਵੇਰੇ ਨਦੀ ਪਾਰ ਕਰਨ ਦਾ ਫੈਸਲਾ ਕਰਕੇ ਉਨਾਂ ਉੱਥੇ ਹੀ ਡੇਰੇ ਲਾ ਲਏ। ਹੁਣ ਉਹ ਗੂੜੀ ਨੀਂਦ ਸੁੱਤੇ ਹੋਏ ਸਨ। ਉਨਾਂ ਦੀ ਨੀਂਦ ਏਨੀ ਗੂੜੀ ਤੇ ਚਿੰਤਾ-ਮੁਕਤ ਸੀ ਕਿ ਉਸ ਵਿਚ ਸੁਪਨਿਆਂ ਨੂੰ ਵੀ ਵਿਘਨ ਪਾਉਣ ਦੀ ਹਿੰਮਤ ਨਹੀਂ ਸੀ। ਇਹ ਜੈਤੂ ਸੈਨਾ ਲੁੱਟ ਦੇ ਮਾਲ ਨਾਲ ਮਾਲਾ-ਮਾਲ ਸੀ ਤੇ ਜਿਸ ਦੇਸ਼ ਤੇ ਦੇਸ਼ਵਾਸੀਆਂ ਨੂੰ ਲੁੱਟਿਆ ਗਿਆ ਸੀ ਉਹ, ਉਸਦੀ ਨਜ਼ਰ ਵਿਚ ਏਨੇ ਅਪਾਹਿਜ ਤੇ ਸੱਤਿਆਹੀਣ ਸਨ ਕਿ ਉਨਾਂ ਤੋਂ ਡਰਨ ਦੀ ਲੋੜ ਨਹੀਂ ਸੀ ਸਮਝੀ ਗਈ।

ਸਿੱਖ ਯੋਧਿਆਂ ਨੇ ਉਨਾਂ ਦੇ ਇਸੇ ਭਰਮ ਨੂੰ ਮਿਟਾਉਣ ਦੀ ਧਾਰੀ ਹੋਈ ਸੀ। ਉਨਾਂ ਕੋਲ ਆਪਣੇ ਸੂਹੀਆਂ ਰਾਹੀਂ ਈਰਾਨੀ ਸੈਨਾ ਦੀਆਂ ਸਾਰੀਆਂ ਗਤੀਵਿਧੀਆਂ ਦੀ ਖਬਰ, ਹਰ ਪਲ,

ਪਹੁੰਚ ਰਹੀ ਸੀ।...ਤੇ ਹੁਣ ਉਹ, ਉਸਨੂੰ ਲੁੱਟ ਲੈਣ ਦੇ ਮੰਸ਼ੇ ਨਾਲ ਮੁਹਿੰਮ 'ਤੇ ਨਿਕਲੇ ਸਨ। ਮੈਦਾਨ ਵਿਚ ਪਹੁੰਚਦਿਆਂ ਹੀ ਉਹ ਤਿੰਨ ਵੱਖ-ਵੱਖ ਟੋਲਿਆਂ ਵਿਚ ਵੰਡੇ ਗਏ ਤੇ ਈਰਾਨੀ-ਸੈਨਾ ਉਤੇ ਤਿੰਨ ਪਾਸਿਓਂ ਇਕੋ ਸਮੇਂ ਹੱਲਾ ਬੋਲ ਦਿੱਤਾ, ਇਸ ਤੋਂ ਪਹਿਲਾਂ ਕਿ ਉਹ ਜਾਗਦੇ ਤੇ ਸੰਭਲਦੇ, ਉਹ ਆਪਣਾ ਕੰਮ ਕਰਕੇ ਜਿਸ ਤੇਜ਼ੀ ਨਾਲ ਆਏ ਸਨ ਉਸੇ ਤੀਬਰ ਗਤੀ ਨਾਲ ਜੰਗਲ ਵਿਚ ਜਾ ਕੇ ਛਿਪਣ ਹੋ ਗਏ।

ਅਚਾਨਕ ਹਮਲੇ ਕਰਨ ਦਾ ਇਹ ਸਿਲਸਿਲਾ ਜੇਹਲਮ, ਸਿੰਧ ਤੇ ਚਨਾਬ ਪਾਰ ਕਰਨ ਤਕ, ਤਿੰਨੋਂ ਰਾਤਾਂ, ਲਗਾਤਾਰ ਚਲਦਾ ਰਿਹਾ। ਆਪਣੀ ਪੂਰੀ ਸਾਵਧਾਨੀ, ਚੇਤੰਨਤਾ ਤੇ ਦਲੇਰੀ ਦੇ ਬਾਵਜੂਦ ਨਾਦਰ ਸ਼ਾਹ ਸਿੱਖ ਗੁਰੀਲਿਆਂ ਤੋਂ ਜਾਨ ਤੇ ਮਾਲ ਦੀ ਰੱਖਿਆ ਕਰਨ ਵਿਚ ਅਸਫਲ ਰਿਹਾ ਤੇ ਅਸਮਰਥ ਦਿਖਾਈ ਦਿੱਤਾ। ਉਹ ਹਨੇਰੀ ਵਾਂਗ ਆਉਂਦੇ ਤੇ ਵਰੋਲੇ ਵਾਂਗ ਪਰਤ ਜਾਂਦੇ। ਸੰਘਣੇ ਜੰਗਲ ਵਿਚ ਉਨਾਂ ਦਾ ਪਿੱਛਾ ਕਰਨਾ ਸੰਭਵ ਨਹੀਂ ਸੀ। ਇਹ ਉਹਨਾਂ ਦੀ ਆਪਣੀ ਧਰਤੀ ਸੀ, ਜਿਸ ਦਾ ਚੱਪਾ-ਚੱਪਾ ਤੇ ਕਣ-ਕਣ ਉਨਾਂ ਦਾ ਜਾਣਿਆਂ-ਪਛਾਣਿਆਂ ਸੀ, ਜਿਸਦੀ ਗੋਦ ਨੂੰ ਉਨਾਂ ਦੀ ਹਮੇਸ਼ਾ ਉਡੀਕ ਰਹਿੰਦੀ ਸੀ। ਪਰ ਨਾਦਰ ਸ਼ਾਹ ਤੇ ਉਸਦੀ ਸੈਨਾ ਲਈ ਇਹ ਧਰਤੀ ਅਣਜਾਣ ਤੇ ਓਪਰੀ ਸੀ। 'ਜਾਂਦੇ ਚੋਰ ਦੀ ਪੱਗ..' ਵਾਲੀ ਕਹਾਵਤ ਨੂੰ ਸਾਰਥਕ ਕਰਦਿਆਂ ਹੋਇਆਂ ਸਿੱਖ ਗੁਰੀਲਿਆਂ ਨੇ, ਈਰਾਨੀ ਸੈਨਾ ਨੂੰ ਜਿੰਨਾ ਸੰਭਵ ਹੋ ਸਕਿਆ ਓਨਾਂ ਹੀ ਲੁੱਟਿਆ। ਜਿਨਾਂ ਜਵਾਨ ਮਰਦ ਔਰਤਾਂ ਨੂੰ ਕੈਦੀ ਬਣਾ ਕੇ ਨਾਲ ਲਿਜਾਇਆ ਜਾ ਰਿਹਾ ਸੀ, ਉਨਾਂ ਵਿਚੋਂ ਬਹੁਤ ਸਾਰਿਆਂ ਨੂੰ ਮੁਕਤ ਕਰਵਾ ਲਿਆ ਗਿਆ।

25 ਮਈ 1739 ਨੂੰ ਨਾਦਰ ਸ਼ਾਹ ਚਨਾਬ ਦਰਿਆ ਦੇ ਪੂਰਬੀ ਕੰਢੇ ਉੱਤੇ ਸਥਿਤ ਅਖਨੂਰ ਪਹੁੰਚਿਆ। ਉੱਥੇ ਉਸਨੇ ਸਿੱਖਾਂ ਹੱਥੋਂ ਖਾਧੇ ਨੁਕਸਾਨ ਦਾ ਹਿਸਾਬ-ਕਿਤਾਬ ਲਾਇਆ ਤਾਂ ਜ਼ਕਰੀਆ ਖਾਂ ਨੂੰ, ਜਿਹੜਾ ਉਸਦੇ ਨਾਲ ਉਸਨੂੰ ਵਿਦਾਅ ਕਰਨ ਆਇਆ ਸੀ, ਪੁੱਛਿਆ 'ਤੁਹਾਡੇ ਰਾਜ ਵਿਚ ਇਹ ਬਾਗ਼ੀ ਕੌਣ ਨੇ ?'

'ਜਹਾਂਪਨਾਹ, ਇਹ ਹਿੰਦੂ ਫਕੀਰਾਂ ਦਾ ਇਕ ਫਿਰਕਾ ਏ। ਉਹ ਲੰਮੇਂ-ਲੰਮੇਂ ਵਾਲ ਰੱਖਦੇ ਨੇ ਤੇ ਨਾਨਕ ਨਾਂਅ ਦੇ ਇਕ ਪੀਰ ਨੂੰ ਗੁਰੂ ਮੰਨਦੇ ਨੇ।' ਭਿੱਜੀ ਬਿੱਲੀ ਬਣੇ ਜ਼ਕਰੀਆ ਨੇ ਉਤਰ ਦਿੱਤਾ।

'ਇਨਾਂ ਦੇ ਘਰ-ਬਾਰ ਕਿੱਥੇ ਨੇ ? ਉਨਾਂ ਨੂੰ ਲੁੱਟ ਲਓ, ਤਬਾਹ ਕਰ ਛੱਡੋ।' ਨਾਦਰ ਸ਼ਾਹ ਦਾ ਮੱਥਾ ਵੱਟੋ-ਵੱਟ ਸੀ ਤੇ ਆਵਾਜ਼ ਵਿਚ ਕੁਸੈਲ। ਜ਼ਕਰੀਆਂ ਖਾਂ ਨੇ ਇਕ ਨਜ਼ਰ ਨਾਦਰ ਸ਼ਾਹ ਵੱਲ ਦੇਖਿਆ। ਉਸਦੀ ਦਸਤਾਰ ਵਿਚ ਕੋਹੇਨੂਰ ਹੀਰਾ ਚਮਕ ਰਿਹਾ ਸੀ, ਜਿਸ ਨੂੰ ਦੇਖ ਕੇ ਨਮੋਸ਼ੀ ਮਹਿਸੂਸ ਹੁੰਦੀ ਸੀ ਤੇ ਹਾਰ ਦਾ ਜ਼ਖਮ ਟਸਕਦ ਲੱਗ ਪੈਂਦਾ ਸੀ।

'ਜਹਾਂਪਨਾਹ, ਇਨਾਂ ਦੇ ਘਰ ਇਨਾਂ ਦੇ ਘੋੜਿਆਂ ਦੀਆਂ ਕਾਠੀਆਂ 'ਤੇ ਈ ਨੇ। ਸਾਲ ਵਿਚ ਦੋ ਵਾਰੀ ਅੰਮ੍ਰਿਤਸਰ ਵਿਚ ਇਕੱਤਰ ਹੁੰਦੇ ਨੇ ਤੇ ਉੱਥੇ ਇਕ ਤਲਾਅ ਵਿਚ ਨਹਾਉਂਦੇ ਨੇ, ਜਿਸਨੂੰ ਉਹ ਮਕੱਦਸ (ਪਵਿੱਤਰ) ਮੰਨਦੇ ਨੇ।'

ਕੁਝ ਪਲ ਮੌਨ ਵਿਚ ਲੰਘੇ। ਨਾਦਰ ਨੇ ਬੜੇ ਗਹੁ ਨਾਲ ਇਧਰ-ਉਧਰ ਦੇਖਿਆ, ਸੋਚਿਆ ਤੇ ਫੇਰ ਗੰਭੀਰ ਆਵਾਜ਼ ਵਿਚ ਕਿਹਾ :

'ਫੇਰ ਮੇਰੀ ਇਹ ਗੱਲ ਚੇਤੇ ਰੱਖਣਾ ਕਿ ਹਕੂਮਤ ਤੁਸੀਂ ਨਹੀਂ, ਉਹ ਲੋਕ ਕਰਨਗੇ।'

ਦਿੱਲੀ ਦੇ ਅੰਤਲੇ ਸਾਹਾਂ 'ਤੇ ਪਹੁੰਚੇ ਤੁਰਕ-ਅਫਗਾਨ ਰਾਜ ਦੀ ਕਬਰ ਤੈਮੂਰਲੰਗ ਨੇ ਪੁੱਟੀ ਸੀ ਤੇ ਮੁਗਲਾਂ ਦੇ ਸਹਿਕ ਰਹੇ ਰਾਜ ਦੀ ਕਬਰ ਨਾਦਰ ਸ਼ਾਹ ਨੇ ਪੁੱਟੀ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਸਿੱਖ ਸਮੇਂ ਦੀ ਹਕੂਮਤ ਦੇ ਬਾਗੀ ਸਨ, ਪਰ ਉਹਨਾਂ ਦਾ ਮਕਸਦ ਸੀ ਪੰਜਾਬ ਨੂੰ ਵਿਦੇਸ਼ੀ ਗ਼ੁਲਾਮੀ ਤੋਂ ਆਜ਼ਾਦ ਕਰਵਾਉਣਾ। ਉਹ ਵੀ ਜਾਣਦੇ ਸਨ ਕਿ ਆਜ਼ਾਦੀ ਮੁਫ਼ਤ ਵਿਚ ਨਹੀਂ ਮਿਲਦੀ, ਇਸ ਲਈ ਕੁਰਬਾਨੀਆਂ ਦੇਣੀਆਂ ਪੈਂਦੀਆਂ ਨੇ। ਇਸ ਲਈ ਉਨਾਂ ਆਪਣੇ ਘਰ ਘੋੜਿਆਂ ਦੀਆਂ ਕਾਠੀਆਂ ਉਪਰ ਬਣਾ ਲਏ ਸਨ ਜਾਂ ਇੰਜ ਕਹਿ ਲਓ ਬਣਾਉਣੇ ਹੀ ਪੈਣੇ ਸਨ, ਕਿਉਂਕਿ ਮੁਗਲ ਸਰਕਾਰ ਉਹਨਾਂ ਦਾ ਨਾਂ-ਨਿਸ਼ਾਨ ਮਿਟਾਉਣ ਉੱਤੇ ਤੁਲੀ ਹੋਈ ਸੀ। 1716 ਵਿਚ ਬੰਦਾ ਬਹਾਦਰ ਦੀ ਸ਼ਹਾਦਤ ਪਿੱਛੋਂ ਦਿੱਲੀ ਦੇ ਬਾਦਸ਼ਾਹ ਫ਼ਰੁੱਖ਼ ਸੀਯਰ ਨੇ ਇਹ ਹੁਕਮ ਜਾਰੀ ਕੀਤਾ ਕਿ ਸਿੱਖ ਜਿੱਥੇ ਵੀ ਮਿਲੇ, ਉਸਨੂੰ ਤੁਰੰਤ ਗ੍ਰਿਫ਼ਤਾਰ ਕਰ ਲਓ। ਉਸ ਲਈ ਦੋ ਹੀ ਹੁਕਮ ਸਨ : ਜਾਂ ਤਾਂ ਉਹ ਮੁਸਲਮਾਨ ਬਣਨਾ ਸਵੀਕਾਰ ਕਰੇ ਜਾਂ ਫੇਰ ਉਸੇ ਸਮੇਂ ਬਿਨਾਂ ਕਿਸੇ ਪੁੱਛ-ਦੱਸ ਦੇ ਕਤਲ ਕਰ ਦਿੱਤਾ ਜਾਵੇ। ਹਰ ਸਿੱਖ ਦੇ ਸਿਰ ਦਾ ਮੁੱਲ ਮਿਥ ਦਿੱਤਾ ਗਿਆ।

ਦਲੇਰ ਜੰਗ ਅਬਦੁਲ ਸਮਦ ਖਾਂ ਬੰਦਾ ਬਹਾਦੁਰ ਨੂੰ ਗੁਰਦਾਸਪੁਰ ਤੋਂ ਗਿਰਫ਼ਤਾਰ ਕਰਕੇ ਦਿੱਲੀ ਲੈ ਆਇਆ ਸੀ। ਉਸਦੀ ਇਸ ਬਹਾਦਰੀ 'ਤੇ ਖੁਸ਼ ਹੋ ਕੇ ਉਸਨੂੰ ਪੰਜਾਬ ਦਾ ਸੂਬੇਦਾਰ ਬਣਾ ਦਿੱਤਾ ਗਿਆ ਸੀ। ਸਰਹੰਦ ਤੇ ਜੰਮੂ ਦੇ ਫੌਜਦਾਰ ਉਸਦੇ ਸਹਿਯੋਗੀ ਸਨ। ਤਿੰਨੇ ਜਗਾ ਇਹ ਐਲਾਨ ਕਰ ਦਿੱਤਾ ਗਿਆ ਸੀ ਕਿ ਸਿੱਖਾਂ ਦੀਆਂ ਗਤੀਵਿਧੀਆਂ ਬਾਰੇ ਖਬਰ ਦੇਣ ਵਾਲੇ ਨੂੰ 10 ਰੁਪਏ, ਫੜਾਉਣ ਵਾਲੇ ਨੂੰ 25 ਰੁਪਏ, ਗ੍ਰਿਫ਼ਤਾਰ ਕਰਕੇ ਥਾਨੇ ਪਹੁੰਚਾਉਣ ਵਾਲੇ ਨੂੰ 50 ਤੇ ਸਿਰ ਕੱਟ ਕੇ ਲਿਆਉਦ ਵਾਲੇ ਨੂੰ 100 ਰੁਪਏ ਦਿੱਤੇ ਜਾਣਗੇ। ਪਿੰਡਾਂ ਦੇ ਨੰਬਰਦਾਰਾਂ ਤੇ ਚੌਧਰੀਆਂ ਨੂੰ ਹਦਾਇਤ ਕਰ ਦਿੱਤੀ ਗਈ ਕਿ ਉਹ ਸਿੱਖਾਂ ਨੂੰ ਵੱਸਣ ਲਈ ਜਗਾ ਨਾ ਦੇਣ। ਜੇ ਉਹ ਆਪ ਗਿਰਫ਼ਤਾਰ ਨਾ ਕਰ ਸਕਣ ਤਾਂ ਸਰਕਾਰ ਨੂੰ ਸੂਚਨਾ ਦੇਣ। ਹਰ ਜਗਾ ਮੁਖਬਰ ਤੇ ਜਾਸੂਸ ਮੰਡਲਾਉਣ ਲੱਗੇ। ਸਿੱਖਾਂ ਲਈ ਕਿਤੇ ਵੀ ਸਿਰ ਛੁਪਾਉਣਾ ਮੁਸ਼ਕਲ ਹੋ ਗਿਆ। ਉਹਨਾਂ ਨੂੰ ਫੜ-ਫੜ ਕੇ ਕਤਲ ਕੀਤਾ ਜਾਣ ਲੱਗਿਆ। ਕੁਝ ਲੋਕ ਵਾਲ ਕਟਵਾ ਕੇ ਤੇ ਸਿੱਖ ਪੰਥ ਦੇ ਨਿਸ਼ਾਨਾਂ ਨੂੰ ਤਜ ਕੇ ਆਮ ਲੋਕਾਂ ਵਾਂਗ ਰਹਿਣ ਲੱਗ ਪਏ ਪਰ ਜਿਹੜੇ ਧਰਮ ਤੇ ਦੇਸ਼-ਸੇਵਾ ਲਈ ਪ੍ਰੀਤੀਬੱਧ ਸਨ ਤੇ ਕਿਸੇ ਹਾਲਤ ਵਿਚ ਹਥਿਆਰ ਸੁੱਟਣ ਲਈ ਤਿਆਰ ਨਹੀਂ ਸਨ, ਉਹ ਸ਼ਿਵਾਲਿਕ ਦੀਆਂ ਪਹਾੜੀਆਂ, ਲੱਖੀ ਦੇ ਸੰਘਣੇ ਜੰਗਲਾਂ ਤੇ ਬੀਕਾਨੇਰ ਦੇ ਰੇਤਲੇ ਟਿੱਬਿਆਂ ਵੱਲ ਨਿਕਲ ਗਏ। ਸਿੱਖਾਂ ਲਈ ਇਹ ਭਾਰੀ ਸੰਕਟ ਦਾ ਸਮਾਂ ਸੀ। ਸ਼ਾਹੀ ਹੁਕਮ ਦੀ ਮੁਨਿਆਦੀ ਹੁੰਦਿਆਂ ਹੀ ਸਾਰੇ ਸਰਕਾਰੀ ਕਰਮਚਾਰੀ, ਵੱਡੇ ਅਫਸਰਾਂ ਨੂੰ ਖੁਸ਼ ਕਰਨ ਲਈ; ਤੇ ਸਰਕਾਰ-ਪ੍ਰਸਤ ਤੇ ਮੌਕਾਪ੍ਰਸਤ, ਇਨਾਮ ਦੇ ਲਾਲਚ ਵਿਚ ਹੱਥ ਧੋ ਕੇ ਸਿੱਖਾਂ ਦੇ ਪਿੱਛੇ ਪੈ ਗਏ। ਸਿੱਖਾਂ ਦੇ ਟੋਲੇ ਦੇ ਟੋਲੇ ਫੜ-ਫੜ ਕੇ ਲਾਹੌਰ ਭੇਜੇ ਜਾਣ ਲੱਗੇ, ਜਿੱਥੇ ਉਹਨਾਂ ਨੂੰ ਤਰਾਂ-ਤਰਾਂ ਦੇ ਤਸੀਹੇ ਦੇ ਕੇ ਕਤਲ ਕਰ ਦਿੱਤਾ ਜਾਂਦਾ ਸੀ। ਜਿਹੜੇ ਸਿੱਖ ਜੰਗਲਾਂ ਤੇ ਪਹਾੜਾਂ ਵਿਚ ਜਾ ਛੁਪੇ ਸਨ, ਉੱਥੇ ਉਨਾਂ ਦੇ ਰੋਟੀ ਕਪੜੇ ਦਾ ਕੋਈ ਵਸੀਲਾ ਨਹੀਂ ਸੀ। ਇਸ ਦੇ ਇਲਾਵਾ ਇਕੱਲੇ-ਇਕੱਲੇ ਰਹਿਣ ਵਿਚ ਫੜੇ ਜਾਣ ਦਾ ਖਤਰਾ ਵੀ ਸੀ। ਇਸ ਲਈ ਰੋਟੀ ਕਪੜਾ ਪ੍ਰਾਪਤ ਕਰਨ ਤੇ ਦੁਸ਼ਮਣਾ ਤੋਂ ਆਪਣੀ ਰੱਖਿਆ ਕਰਨ ਲਈ ਉਹਨਾਂ ਜੱਥੇ ਬਣਾ ਲਏ। ਸ਼ੁਰੂ ਵਿਚ ਇਹ ਜੱਥੇ ਛੋਟੇ-ਛੋਟੇ ਸਨ, ਪਰ ਜਿਵੇਂ-ਜਿਵੇਂ ਮੈਦਾਨਾਂ ਵਿਚੋਂ ਆ ਕੇ ਹੋਰ ਲੋਕ ਇਹਨਾਂ ਨਾਲ ਰਲਦੇ ਰਹੇ, ਜੱਥੇ ਵੱਡੇ ਹੁੰਦੇ ਗਏ। ਇਹਨਾਂ ਜੱਥਿਆਂ ਨੂੰ ਧਾੜਵੀ-ਜੱਥੇ ਕਿਹਾ ਜਾਂਦਾ ਸੀ। ਉਹ ਆਪਣੇ ਸੁਰੱਖਿਅਤ ਠਿਕਾਣਿਆਂ 'ਚੋਂ ਨਿਕਲ ਕੇ ਆਸੇ-ਪਾਸੇ ਦੇ ਪਿੰਡਾਂ ਵਿਚ 'ਛਾਪੇ' ਮਾਰਦੇ ਤੇ ਸਰਕਾਰੀ ਅਧਿਕਾਰੀਆਂ ਤੇ ਅਮੀਰਾਂ ਨੂੰ ਲੁੱਟ ਕੇ ਲੈ ਜਾਂਦੇ। ਜਿਹੜਾ ਵੀ ਉਹਨਾਂ ਦੇ ਵਿਰੁੱਧ ਸਰਕਾਰ ਦੀ ਮਦਦ ਕਰਦਾ ਜਾਂ ਜਾਸੂਸੀ, ਮੁਖਬਰੀ ਕਰਦਾ, ਉਹ ਉਸਦੇ ਖੇਤ ਉਜਾੜ ਦਿੰਦੇ ਤੇ ਉਸਦੇ ਪੂਰੇ ਪਰਿਵਾਰ ਦਾ ਸਫਾਇਆ ਕਰ ਦਿੰਦੇ। ਨਤੀਜਾ ਇਹ ਕਿ ਉਨਾਂ ਦਾ ਆਤੰਕ ਏਨਾ ਛਾ ਗਿਆ ਕਿ ਜੇ ਕਿਤੇ ਕੋਈ ਸਿੱਖ ਨਜ਼ਰ ਆ ਜਾਂਦਾ ਤਾਂ ਲੋਕ 'ਸ਼ੀਂਹ ਆਇਆ, ਸ਼ੀਂਹ ਆਇਆ' ਦਾ ਰੌਲਾ ਪਾਉਂਦੇ ਏਧਰ-ਉਧਰ ਭੱਜ ਖੜੇ ਹੁੰਦੇ।

ਅਬਦੁੱਲ ਸਮਦ ਕੋਲ ਜਿੰਨੀ ਫੌਜ ਸੀ, ਉਹ ਸਾਰੀ ਲਾਹੌਰ ਵਿਚ ਸੀ, ਬਾਕੀ ਸਿੱਖਾਂ ਨੂੰ ਫੜਨ ਲਈ ਦੌੜਾਈ ਜਾ ਰਹੀ ਸੀ ਪਰ ਸਿੱਖ ਉਸਦੇ ਹੱਥ ਨਹੀਂ ਸੀ ਆਉਂਦੇ। ਇਕ ਤਾਂ ਉਸ ਵੇਲੇ ਆਵਾਜਾਈ ਦੇ ਸਾਧਨ ਬੜੇ ਸੀਮਿਤ ਸਨ, ਦੂਜਾ ਸਿੱਖ ਗੁਰੀਲਿਆਂ ਦੀ ਨੀਤੀ ਇਹ ਸੀ ਕਿ ਜੇ ਅੱਜ ਉਹ ਇੱਥੇ ਧਾਵਾ ਬੋਲਦੇ ਹਨ, ਤਾਂ ਕੱਲ 25-30 ਕੋਹ ਦੇ ਫਾਸਲੇ ਉਪਰ ਕਿਸੇ ਹੋਰ ਜਗਾ ਜਾ ਕੇ ਧਾਵਾ ਬੋਲਦੇ ਸਨ। ਸਰਕਾਰ ਪ੍ਰੇਸ਼ਾਨ ਸੀ। ਉਸਦੇ ਕੋਰੇ-ਅਤੰਕ ਨੂੰ ਸਿੱਖਾਂ ਦੇ ਕ੍ਰਾਂਤੀਕਾਰੀ-ਆਤੰਕ ਨੇ ਮਾਤ ਪਾ ਦਿੱਤੀ ਸੀ। ਸਿੱਖ ਖਤਮ ਹੋਣ ਦੇ ਬਜਾਏ ਵਧ ਰਹੇ ਸਨ, ਕਿਉਂਕਿ ਸਰਕਾਰੀ ਸਖਤੀ ਤੇ ਸਿੱਖਾਂ ਦੀ ਬਹਾਦਰੀ ਦੇਖ ਕੇ ਸਵੈਮਾਨ ਵਾਲੇ ਜਾਟ ਨੌਜਵਾਨ ਘਰ-ਬਾਰ ਛੱਡ ਕੇ ਉਹਨਾਂ ਨਾਲ ਜਾ ਰਲਦੇ ਸਨ। ਇਹ ਦੇਖ ਕੇ ਅਬਦੁੱਲ ਸਮਦ ਨੇ ਆਪਣੀ ਨੀਤੀ ਬਦਲੀ। ਉਸਦੀ ਸਖਤੀ ਸਿਰਫ ਉਨਾਂ ਦੇ ਖ਼ਿਲਾਫ਼ ਰਹਿ ਗਈ ਜਿਹੜੇ ਬੰਦਾ ਬਹਾਦਰ ਦੇ ਸਾਥੀ ਰਹਿ ਚੁੱਕੇ ਸਨ ਤੇ ਜੱਥੇਬੰਦ ਹੋ ਕੇ ਧਾਵੇ ਬੋਲਦੇ ਸਨ, ਇਨਾਂ ਨੂੰ ਰਾਠ-ਸਿੰਘ ਕਿਹਾ ਜਾਂਦਾ ਸੀ। ਜਿਹੜੇ ਸਿੱਖ ਪਿੰਡਾਂ ਵਿਚ ਖੇਤੀ, ਵਪਾਰ ਜਾਂ ਦਸਤਕਾਰੀ ਕਰਦੇ ਸਨ, ਭਾਵੇਂ ਉਹ ਸਰਕਾਰ ਵਿਰੁੱਧ ਪ੍ਰਤੱਖ ਰੂਪ ਵਿਚ ਕੁਝ ਵੀ ਨਹੀਂ ਸਨ ਕਰਦੇ, ਪਰ ਉਨਾਂ ਦੀ ਦਿਲੀ-ਹਮਦਰਦੀ ਉਹਨਾਂ ਰਾਠ-ਸਿੱਖਾਂ ਨਾਲ ਹੀ ਸੀ ਜਿਹੜੇ ਦੇਸ਼ ਤੇ ਧਰਮ ਦੀ ਰੱਖਿਆ ਖਾਤਰ ਸਰਕਾਰੀ ਜ਼ੁਲਮ ਤੇ ਭਾਂਤ-ਭਾਂਤ ਦੀਆਂ ਮੁਸੀਬਤਾਂ ਝੱਲ ਰਹੇ ਸਨ। ਉਹ ਉਨਾਂ ਨੂੰ ਚੁੱਪਚਾਪ ਰਸਦ-ਪਾਣੀ ਪਹੁੰਚਾ ਆਉਂਦੇ ਸਨ। ਇਨਾਂ ਨੂੰ ਵੀ ਗ੍ਰਿਫਤਾਰ ਕਰ ਲਿਆ ਜਾਂਦਾ ਸੀ। ਪਰ ਹੁਣ ਇਨਾਂ ਦੇ ਵਿਰੁੱਧ ਤੇ ਉਹ ਜਿਹੜੇ ਪਹਾੜਾਂ ਜੰਗਲਾਂ ਵਿਚੋਂ ਨਿਕਲ ਕੇ ਘਰਾਂ ਵਿਚ ਆ ਵੱਸੇ ਸਨ, ਕਾਰਵਾਈ ਬੰਦ ਕਰ ਦਿੱਤੀ ਗਈ ਸੀ।

ਇਸੇ ਦੌਰਾਨ ਫ਼ਰੁੱਖ ਸੀਯਰ ਦੀ ਹੱਤਿਆ ਪਿੱਛੋਂ ਜਿਹੜਾ ਗ੍ਰਹਿ-ਯੁੱਧ ਛਿੜਿਆ, ਉਹ ਕਈ ਸਾਲ ਤਕ ਚੱਲਦਾ ਰਿਹਾ। ਦਿੱਲੀ ਸਰਕਾਰ ਨੂੰ ਗ੍ਰਹਿ-ਯੁੱਧ ਵਿਚ ਉਲਝਿਆਂ ਦੇਖ ਕੇ ਮੰਝ-ਤਿਹਾੜ ਦੇ ਈਸਾ ਖਾਂ, ਕਸੂਰ ਦੇ ਹੁਸੈਨ ਖਾਂ ਖੇਰੂਗੀ ਤੇ ਕਸ਼ਮੀਰ ਦੇ ਸਰਫੁੱਦੀਨ ਨੇ ਬਗਾਵਤ ਕਰ ਦਿੱਤੀ। ਇਹਨਾਂ ਬਗਾਵਤਾਂ ਨੂੰ ਦਬਾਉਣ ਦੀ ਜ਼ਿੰਮੇਵਾਰੀ ਅਬਦੁੱਲ ਸਮਦ 'ਤੇ ਆ ਪਈ। ਹੁਣ ਉਸਨੇ ਸਿੱਖਾਂ ਦੇ ਵਿਰੁੱਧ ਆਪਣੀ ਨੀਤੀ ਇੱਥੋਂ ਤਕ ਨਰਮ ਕਰ ਦਿੱਤੀ ਕਿ ਉਨਾਂ ਨੂੰ ਸਰਕਾਰੀ ਅਹੁਦਿਆਂ ਉਪਰ ਰੱਖਣਾ ਸ਼ੁਰੂ ਕਰ ਦਿੱਤਾ। ਪਿੰਡਾਂ ਵਿਚ ਰਹਿਣ ਵਾਲੇ ਸਿੱਖ, ਜਿਹੜੇ ਚੋਰੀ-ਛਿੱਪੇ ਰਸਦ ਪਹੁੰਚਾਉਂਦੇ ਸਨ, ਉਨਾਂ ਤੋਂ ਨਿਗਰਾਨੀ ਹਟ ਗਈ ਤੇ ਜਿਹੜੇ ਸਿੱਖ ਅਹੁਦਿਆਂ ਉਪਰ ਰੱਖੇ ਸਨ ਉਨਾਂ ਰਾਹੀਂ ਸਰਕਾਰੀ ਕਾਰਵਾਈਆਂ ਦੀ ਖਬਰ ਮਿਲਣ ਲੱਗੀ, ਜਿਸ ਨਾਲ ਧਾੜਵੀ ਜੱਥੇ ਸਮੇਂ ਸਿਰ ਚੌਕਸ ਹੋ ਜਾਂਦੇ। ਪਿੰਡਾਂ ਵਿਚ ਵੱਸਣ ਵਾਲੇ ਸਿੱਖਾਂ ਨੂੰ 'ਗੁਰਸਿੱਖ' ਤੇ ਅਹੁਦਿਆਂ ਉਤੇ ਲੱਗਿਆਂ ਨੂੰ ਖਾਲਸਾਈ ਭਾਸ਼ਾ ਵਿਚ 'ਚਕਰੈਲ' ਆਖਿਆ ਜਾਣ ਲੱਗਿਆ। ਗੁਰਸਿੱਖਾਂ ਤੇ ਚਕਰੈਲਾਂ ਦੀ ਮਦਦ ਦਾ ਰਾਠ-ਸਿੱਖਾਂ ਨੂੰ ਕਾਫੀ ਲਾਭ ਹੋਇਆ।

ਅਬਦੁੱਲ ਸਮਦ ਜਦੋਂ ਕਸ਼ਮੀਰ ਦੀ ਬਗਾਵਤ ਨੂੰ ਦਬਾਉਣ ਵਿਚ ਉਲਝਿਆ ਹੋਇਆ ਸੀ, ਉਦੋਂ ਹੀ ਪੱਛਮੀ ਪੰਜਾਬ ਵਿਚ ਮੁਲਤਾਨ ਦੇ ਇਲਾਕੇ ਵਿਚ ਹਫੜਾ-ਦਫੜੀ ਮੱਚ ਗਈ। ਇਸ ਹਫੜਾ-ਦਫੜੀ ਵਿਚ ਪਹਾੜੀ ਖੇਤਰ ਦੇ ਕਬਾਇਲੀਆਂ ਨੇ ਮਾਰ-ਧਾੜ ਸ਼ੁਰੂ ਕਰ ਦਿੱਤੀ। ਮਾਲਵੇ, ਸਿਰਸੇ ਤੇ ਦੁੱਲੇ ਦੀ ਵਾੜ ਵਿਚ ਭੱਟੀ, ਡੋਗਰ, ਸਿਆਲ, ਖਰਲ ਤੇ ਬਲੂਚਾਂ ਨੇ ਪਿੰਡਾਂ ਦੇ ਪਿੰਡ ਲੁੱਟ ਲਈ। ਇਹ ਸਾਰੇ ਉਤਪਾਤ ਸਿੱਖਾਂ ਦੇ ਨਾਂ ਪੈ ਜਾਂਦੇ ਸਨ। ਇਸ ਹਫੜਾ-ਦਫੜੀ ਨੂੰ ਰੋਕਣ ਲਈ ਅਬਦੁੱਲ ਸਮਦ ਤੋਂ ਕੁਝ ਵੀ ਨਾ ਕੀਤਾ ਜਾ ਸਕਿਆ, ਉਹ ਬੁੱਢਾ ਹੋ ਚੁੱਕਿਆ ਸੀ।

ਅਬਦੁੱਲ ਸਮਦ ਦੇ ਪੁੱਤਰ ਜ਼ਕਰੀਆ ਖਾਂ ਨੇ ਦਿੱਲੀ ਜਾ ਕੇ ਨਵੇਂ ਬਾਦਸ਼ਾਹ ਮੁਹੰਮਦ ਸ਼ਾਹ ਨੂੰ ਕਿਹਾ ਕਿ ਪੰਜਾਬ ਦਾ ਸੂਬੇਦਾਰ ਮੈਨੂੰ ਬਣਾਇਆ ਜਾਏ। ਮੈਂ ਬਹੁਤ ਜਲਦੀ ਅਮਨ ਬਹਾਲ ਕਰ ਦਿਆਂਗਾ। ਪ੍ਰਧਾਨ ਮੰਤਰੀ ਕਮਰੁੱਦੀਨ ਦੀ ਸਿਫਾਰਸ਼ ਉਪਰ, ਜਿਸ ਦਾ ਜ਼ਕਰੀਆ ਖਾਂ ਜੀਜਾ ਸੀ, ਇਹ ਗੱਲ ਮੰਨ ਲਈ ਗਈ। ਪੰਜਾਬ ਨੂੰ ਦੋ ਹਿੱਸਿਆਂ ਵਿਚ ਵੰਡ ਕੇ ਜ਼ਕਰੀਆ ਖਾਂ ਨੂੰ ਲਾਹੌਰ ਦਾ ਤੇ ਅਬਦੁੱਲ ਸਮਦ ਨੂੰ ਮੁਲਤਾਨ ਦਾ ਸੂਬੇਦਾਰ ਬਣਇਆ ਗਿਆ, ਜਿੱਥੇ ਉਸ ਦੀ ਮੌਤ ਹੋ ਗਈ।

ਜ਼ਕਰੀਆ ਖਾਂ ਨੇ ਲਾਹੌਰ ਦਾ ਸੂਬੇਦਾਰ ਬਣਦਿਆਂ ਹੀ 20000 ਫੌਜੀ ਭਰਤੀ ਕੀਤੇ। ਉਹਨਾਂ ਵਿਚੋਂ ਦਸ ਹਜ਼ਾਰ ਲਾਹੌਰ ਵਿਚ ਰੱਖੇ। ਬਾਕੀ ਦੇ ਦਸ ਹਜ਼ਾਰ ਨੂੰ ਹਜ਼ਾਰ-ਹਜ਼ਾਰ ਦੇ ਦਸਤਿਆਂ ਵਿਚ ਵੰਡ ਦਿੱਤਾ। ਉਹਨਾਂ ਨੂੰ ਤੇਜ਼ ਚੱਲਣ ਵਾਲੇ ਘੋੜੇ-ਊਠ ਦੇ ਕੇ ਤੇ ਜੰਬੂਰਕ ਨਾਂ ਦੀਆਂ ਹਲਕੀਆਂ ਤੋਪਾਂ ਨਾਲ ਲੈਸ ਕਰ ਕੇ ਪੂਰੇ ਰਾਜ ਵਿਚ ਫੈਲਾ ਦਿੱਤਾ। ਇਹ 1721 ਦੀ ਗੱਲ ਹੈ। ਇਹਨਾਂ ਦਸਤਿਆਂ ਨੂੰ ਗਸ਼ਤੀ-ਫੌਜ ਕਿਹਾ ਜਾਂਦਾ ਸੀ। ਇਹਨਾਂ ਨੂੰ ਹੁਕਮ ਸੀ ਕਿ ਜਿੱਥੇ ਵੀ ਸਿੱਖ ਮਿਲਣ, ਉਹਨਾਂ ਨੂੰ ਫੜ ਕੇ ਲਾਹੌਰ ਭੇਜ ਦਿੱਤਾ ਜਾਵੇ।

ਜ਼ਕਰੀਆ ਖਾਂ ਸਿੱਖਾਂ ਨੂੰ ਮਿਟਾਉਣ ਉਪਰ ਤੁਲਿਆ ਹੋਇਆ ਸੀ। ਉਸ ਦੀ ਗਸ਼ਤੀ-ਫੌਜ ਪਿੰਡ-ਪਿੰਡ ਗਸ਼ਤ ਕਰਨ ਲੱਗੀ। ਨੰਬਰਦਾਰਾਂ, ਚੌਧਰੀਆਂ ਤੇ ਮੁੱਕਦਮਾਂ ਨੂੰ ਫੇਰ ਸਤਰਕ ਕੀਤਾ ਗਿਆ ਤੇ ਸਿੱਖਾਂ ਨੂੰ ਗਿਰਫ਼ਤਾਰ ਕਰਵਾਉਣ ਤੇ ਮਰਵਾਉਣ ਲਈ ਫੇਰ ਲਾਲਚ ਦਿੱਤੇ ਗਏ। ਉਹਨਾਂ ਨਾਲ ਹਮਦਰਦੀ ਰੱਖਣ ਤੇ ਮਦਦ ਕਰਨ ਵਾਲਿਆਂ ਨੂੰ ਵੀ ਨਹੀਂ ਸੀ ਬਖ਼ਸ਼ਿਆ ਜਾਂਦਾ। ਸੈਂਕੜੇ ਸਿੱਖ ਫੜ ਕੇ ਆਏ ਦਿਨ ਲਾਹੌਰ ਲਿਆਏ ਜਾਂਦੇ ਸਨ ਤੇ ਉਹਨਾਂ ਨੂੰ ਖੁੱਲੇਆਮ ਲੋਕਾਂ ਦੇ ਸਾਹਮਣੇ, ਦਿੱਲੀ ਦਰਵਾਜ਼ੇ ਦੇ ਬਾਹਰ, ਨਖਾਸ ਚੌਕ ਵਿਚ ਸ਼ਹੀਦ ਕਰ ਦਿੱਤਾ ਜਾਂਦਾ ਸੀ, ਤਾਂ ਕਿ ਦੂਜਿਆਂ ਨੂੰ ਨਸੀਹਤ ਹੋਵੇ। ਨਖਾਸ ਚੌਕ ਨੂੰ 'ਘੋੜਾ ਮੰਡੀ' ਵੀ ਕਿਹਾ ਜਾਂਦਾ ਸੀ ਪਰ ਪਿੱਛੋਂ ਇਹਨਾਂ ਸ਼ਹੀਦੀਆਂ ਸਦਕਾ ਉਸ ਦਾ ਨਾਂ ਸ਼ਹੀਦ-ਗੰਜ ਪੈ ਗਿਆ।

ਰਾਠ-ਸਿੱਖਾਂ ਦਾ ਜੰਗਲਾਂ ਤੇ ਪਹਾੜੀਆਂ ਵਿਚ ਵੀ ਪਿੱਛਾ ਕੀਤਾ ਜਾਂਦਾ ਸੀ ਪਰ ਉਹ ਗਸ਼ਤੀ ਫੌਜ ਦੀ ਪਹੁੰਚ ਤੋਂ ਬਹੁਤ ਦੂਰ ਨਿਕਲ ਜਾਂਦੇ ਸਨ। ਉਹ ਬੀਕਾਨੇਰ ਦੇ ਰੇਤ ਦੇ ਟਿੱਬਿਆਂ ਵਿਚ ਰਹਿਣ ਦੇ ਆਦਿ ਵੀ ਸਨ, ਜਿੱਥੇ ਦੂਰ-ਦੂਰ ਤਕ ਪਾਣੀ ਨਹੀਂ ਮਿਲਦਾ ਸੀ। ਜੰਗਲੀ ਫਲ, ਸਾਗ ਸਬਜ਼ੀਆਂ ਤੇ ਸ਼ਿਕਾਰ, ਜੋ ਵੀ ਮਿਲਦਾ, ਉਸੇ ਉੱਤੇ ਗੁਜਾਰਾ ਕਰ ਲੈਂਦੇ ਸਨ। ਕੁਝ ਨਾ ਮਿਲਦਾ ਤਾਂ 'ਲੰਗਰ-ਮਸਤ' ਭਾਵ ਫਾਕੇ ਵਿਚ ਹੀ ਮਸਤੀ ਮਾਰਦੇ ਸਨ। ਉਹ ਮੁਸੀਬਤਾਂ ਵਿਚ ਮੁਸਕਰਾਉਣ ਤੇ ਮੌਤ ਨਾਲ ਮਖੌਲਾਂ ਕਰਨ ਵਾਲੇ ਅਜਿਹੇ ਖੁਸ਼ਮਿਜਾਜ਼ ਤੇ ਮਨਮੌਜੀ ਜੀਵ ਸਨ, ਜਿਹੜੇ ਕਿਸੇ ਵੀ ਹਾਲਤ ਵਿਚ ਢੇਰੀ ਨਹੀਂ ਸੀ ਢਾਉਂਦੇ। ਥੁੜਾਂ ਦੀ ਪੂਰਤੀ ਖਾਤਰ ਉਹਨਾਂ ਰਸਹੀਣ ਛੋਟੀਆਂ-ਛੋਟੀਆਂ ਵਸਤਾਂ ਦੇ ਵੱਡੇ-ਵੱਡੇ ਰਸਭਰੇ ਤੇ ਰੌਚਕ ਨਾਂ ਰੱਖ ਲਏ ਸਨ, ਉਹ ਖਾਲੀ ਪਰਾਤਾਂ ਤੇ ਬੁਝੇ ਹੋਏ ਚੁੱਲਿਆਂ ਨੂੰ 'ਲੰਗਰ-ਭਰਪੂਰ', ਉਬਾਲੇ ਹੋਏ ਪੱਤਿਆਂ ਦੇ ਸਾਗ ਨੂੰ 'ਸਬਜ਼-ਪੁਲਾਅ', ਭੁੱਜੇ ਹੋਏ ਦਾਣਿਆਂ ਨੂੰ 'ਖੁਸ਼ਕ-ਪੁਲਾਅ', ਕਣਕ ਦੇ ਕੱਚੇ ਦਾਣਿਆਂ ਨੂੰ 'ਸੌਗੀ', ਭੁੱਜੇ ਹੋਏ ਛੋਲਿਆਂ ਨੂੰ 'ਬਾਦਾਮ', ਲੂਣ ਨੂੰ 'ਸਰਵ-ਰਸ', ਗੁੜ ਨੂੰ 'ਸੂਬੇਦਾਰ' ਕੜੀ ਨੂੰ 'ਅੰਮ੍ਰਿਤੀ', ਕਟੀਰ ਦੇ ਫਲ ਨੂੰ 'ਅੰਗੂਰ', ਬੇਰਾਂ ਨੂੰ 'ਸਿਓ' ਗੰਢੇ ਨੂੰ 'ਰੂਪਾ-ਪ੍ਰਸ਼ਾਦ' ਤੇ ਬੈਂਗਣ ਨੂੰ 'ਰਾਮ ਬਟੇਰਾ' ਕਹਿੰਦੇ ਸਨ। ਇੰਜ ਉਨਾਂ ਸੈਂਕੜੇ ਚੀਜਾਂ ਦੇ ਆਪਣੇ ਵੱਖਰੇ ਨਾਂ ਰੱਖੇ ਹੋਏ ਸਨ। ਪਿਸ਼ਾਬ ਕਰਨ ਜਾਂਦੇ ਤਾਂ ਕਹਿੰਦੇ ਕਿ 'ਚੀਤਾ ਮਾਰਨ ਜਾ ਰਹੇ ਹਾਂ'। ਜੰਗਲ ਪਾਣੀ ਜਾਣਾ ਹੁੰਦਾ ਤਾਂ 'ਕਾਜੀ ਨੂੰ ਭੋਜਨ ਕਰਾਉਣ ਜਾ ਰਿਹਾਂ'। ਵਿਦੇਸ਼ੀ ਹਾਕਮਾਂ ਦੇ ਪ੍ਰਤੀ ਉਹਨਾਂ ਦੇ ਮਨ ਵਿਚ ਜੋ ਨਫ਼ਰਤ ਸੀ ਉਸਨੂੰ ਪ੍ਰਗਟ ਕਰਨ ਦਾ ਵੀ ਉਨਾਂ ਦਾ ਆਪਣਾ ਹੀ ਢੰਗ ਸੀ। ਰਾਤ ਨੂੰ ਉਹ ਖੁੱਲੇ ਅਸਮਾਨ ਹੇਠ ਪਏ ਹੇਕਾਂ ਲਾ ਲਾ ਗਾਉਂਦੇ...।

'ਨੀਂ ਮੁਗਲਾਂ ਦੀਏ ਮਾਏਂ ਸੁਣ।
ਆਏ ਤੇਰੇ ਜਵਾਈ ਹੁਣ।।
ਤੂੰ ਵੀ ਸੁਣ ਲੈ ਮੁਗਲ ਦੀ ਭੈਣੇ।
ਹੀਰੇ ਮੋਤੀ ਅਸਾਂ ਨੇ ਖੋਹ ਲੈਣੇ।।'

ਮੌਤ ਦਾ ਭੈ ਮਨਾਂ ਵਿਚੋਂ ਕੱਢ ਸੁੱਟਿਆ ਸੀ। ਪੰਜਾਬ ਦੇ ਇਹਨਾਂ ਯੋਧਿਆਂ ਨੇ ਇਹ ਫੈਸਲਾ ਕਰ ਲਿਆ ਸੀ ਕਿ ਜੇ ਮਰਨਾ ਹੀ ਹੈ ਤਾਂ ਮੁਫ਼ਤ ਵਿਚ ਕਿਉਂ ਮਰੀਏ, ਦੁਸ਼ਮਣ ਦੇ ਜਿੰਨੇ ਆਦਮੀ ਮਾਰੇ ਜਾ ਸਕਦੇ ਹਨ, ਉਨਾਂ ਨੂੰ ਮਾਰ ਕੇ ਹੀ ਮਰੀਏ। ਇਹ ਫੈਸਲਾ ਬੁਜ਼ਦਿਲਾਂ ਨੂੰ ਵੀ ਬਹਾਦਰ ਬਣਾ ਦਿੰਦਾ ਸੀ। ਉਹ ਦੁਸ਼ਮਣ ਦਾ ਸਾਹਮਣਾ ਕਰਨ ਸਮੇਂ ਸ਼ੇਰ ਵਾਂਗ ਗੱਜਦੇ ਤੇ ਉਸ ਉੱਤੇ ਚੀਤੇ ਵਾਂਗ ਝਪਟ ਪੈਂਦੇ। ਸੰਘਰਸ਼ ਦੀ ਕੁਠਾਲੀ ਵਿਚ ਤਪੇ ਖਾੜਕੂ ਯੋਧੇ ਸਨ ਉਹ। ਉਦੇਸ਼ ਉੱਚਾ ਸੀ ਤੇ ਵਿਚਾਰ ਪੂਰੀ ਤਰਾਂ ਨਿੱਖਰੇ ਹੋਏ।...ਉਹ ਦੁਸ਼ਮਣ ਲਈ ਜਿੰਨੇ ਖਤਰਨਾਕ ਸਨ, ਆਪੂ ਵਿਚ ਤੇ ਸੱਜਣਾਂ-ਪਿਆਰਿਆਂ ਲਈ ਓਨੇਂ ਹੀ ਸੱਜਣ-ਪੁਰਖ ਸਨ।

ਮਾਝੇ ਦੇ ਕਿਸਾਨਾਂ ਨੂੰ ਬਿਲਕੁਲ ਉਜਾੜ ਦਿੱਤਾ ਗਿਆ। ਉਹ ਤੰਗ ਆ ਕੇ ਧਾੜਵੀ ਜੱਥਿਆਂ ਨਾਲ ਆ ਮਿਲੇ। ਗਿਣਤੀ ਵਧੀ, ਸ਼ਕਤੀ ਵਧੀ ਤੇ ਹੌਂਸਲਾ ਵੀ ਵਧਿਆ। ਉਹ ਮੈਦਾਨਾਂ ਵਿਚ ਆ ਕੇ ਮੁਗਲ ਅਫਸਰਾਂ ਤੇ ਅਮੀਰਾਂ ਨੂੰ ਲੁੱਟ ਕੇ ਲੈ ਜਾਂਦੇ। ਜ਼ਕਰੀਆ ਖਾਂ ਨੇ ਤੋਪਾਂ ਨਾਲ ਲੈਸ ਜਿਹੜੀ ਫੌਜ ਤਿਆਰ ਕੀਤੀ ਸੀ, ਉਸ ਵਿਚ ਵੀ ਇਹਨਾਂ ਧਾੜਵੀ ਜੱਥਿਆਂ ਦੀ ਦਹਿਸ਼ਤ ਫੈਲ ਗਈ ਸੀ। ਦੋ ਤਿੰਨ ਜੱਥੇ ਇਕੱਠੇ ਰਲ ਕੇ ਇਸ ਗਸ਼ਤੀ ਫੌਜ ਉਪਰ ਅਚਾਨਕ ਹਮਲਾ ਕਰਦੇ। ਉਸਦੇ ਹਥਿਆਰ, ਘੋੜੇ ਤੇ ਰਸਦ ਵਗੈਰਾ ਖੋਹ ਕੇ ਲੈ ਜਾਂਦੇ। ਹੁਣ ਇਸ ਫੌਜ ਲਈ ਗਸ਼ਤ ਲਾਉਣਾ ਆਸਾਨ ਨਹੀਂ ਸੀ ਰਹਿ ਗਿਆ। ਬਾਗੀਆਂ ਨੂੰ ਫੜਨ ਦੀ ਬਜਾਏ, ਖ਼ੁਦ ਉਹਨਾਂ ਨੂੰ ਆਪਣੀ ਸੁਰੱਖਿਆ ਦੀ ਚਿੰਤਾ ਪੈ ਗਈ ਸੀ। ਸਿੱਖ ਗੁਰੀਲੇ ਪਤਾ ਨਹੀਂ ਕਦੋਂ ਤੇ ਕਿੱਧਰੋਂ ਹੱਲਾ ਬੋਲ ਦੇਣ। ਹਰ ਪਲ ਭੈ ਵਿਚ ਲੰਘਦਾ ਤੇ ਰਾਤ ਨੂੰ ਵੀ ਸੌਣਾ ਨਸੀਬ ਨਹੀਂ ਸੀ ਹੁੰਦਾ। ਇਕ ਵਾਰੀ ਧਾੜਵੀ ਜੱਥਿਆਂ ਨੇ ਤਰਨ ਤਾਰਨ ਲਾਗੇ ਉਹ ਸ਼ਾਹੀ ਖਜਾਨਾ ਲੁੱਟ ਲਿਆ, ਜਿਸ ਨੂੰ ਇਕ ਹਜ਼ਾਰ ਸਿਪਾਹੀ ਲਾਹੌਰ ਤੋਂ ਦਿੱਲੀ ਲਿਜਾਅ ਰਹੇ ਸਨ।

ਹੌਲੀ-ਹੌਲੀ ਇਹਨਾਂ ਧਾੜਵੀ ਜੱਥਿਆਂ ਦੇ ਹੌਂਸਲੇ ਏਨੇ ਵਧ ਗਏ ਕਿ ਮੈਦਾਨਾਂ ਵਿਚ ਉਤਰ ਕੇ ਮੁਗਲ ਸੈਨਾ ਨਾਲ ਸਿੱਧੀ ਟੱਕਰ ਲੈਣ ਲੱਗ ਪਏ। ਬੰਦਾ ਬਹਾਦਰ ਦੇ ਜਮਾਨੇ ਵਿਚ ਹੀ ਸ਼ਕਤੀਸ਼ਾਲੀ ਦੁਸ਼ਮਣ ਨਾਲ ਲੜਨ ਦਾ ਉਹਨਾਂ ਇਕ ਨਵਾਂ ਤਰੀਕਾ ਇਜਾਦ ਕਰ ਲਿਆ ਸੀ, ਜਿਸ ਦਾ ਨਾਂ ਸੀ 'ਧਾਏ (ਢਾਈ) ਫਟ'।

ਉਹ ਜੰਗਲ ਵਿਚੋਂ ਅਚਾਨਕ ਨਿਕਲ ਆਉਂਦੇ। ਮੁਗਲ ਸੈਨਾ ਉਤੇ ਬਾਜ ਵਾਂਗ ਝਪਟਦੇ ਤੇ ਲੁੱਟ ਮਾਰ ਕਰਕੇ ਜਿੰਨੀ ਫੁਰਤੀ ਨਾਲ ਆਉਂਦੇ, ਓਨੀਂ ਫੁਰਤੀ ਨਾਲ ਹੀ ਨੱਸ ਜਾਂਦੇ। ਦੁਸ਼ਮਣ ਪਿੱਛਾ ਕਰਦਾ ਤਾਂ ਪਲਟ ਕੇ ਫੇਰ ਹਮਲਾ ਕਰਦੇ ਤੇ ਫੇਰ ਨੱਸ ਪੈਂਦੇ। ਉਹਨਾਂ ਦੇ ਘੋੜੇ ਵੀ ਪੂਰੇ ਸਧੇ ਹੋਏ ਸਨ। ਉਹਨਾਂ ਨੂੰ ਅੱਡੀ ਲਾਉਣ ਜਾਂ ਲਗਾਮ ਖਿੱਚਣ ਦੀ ਲੋੜ ਨਹੀਂ ਸੀ ਪੈਂਦੀ। ਉਹ ਆਵਾਜ਼ੀ-ਇਸ਼ਾਰਿਆਂ ਨਾਲ ਹੀ ਭੱਜ ਪੈਂਦੇ, ਪਲਟਦੇ ਤੇ ਫੇਰ ਪਰਤ ਜਾਂਦੇ ਸਨ।

ਸ਼ਹਿਰਾਂ ਤੇ ਕਸਬਿਆਂ ਵਿਚ ਮੁਗਲਾਂ ਦਾ ਰਾਜ ਸੀ ਪਰ ਜੰਗਲ ਵਿਚ ਸਿੱਖਾਂ ਦਾ ਰਾਜ ਸੀ, ਜਿੱਥੇ ਉਹ ਆਪਣੇ ਆਪ ਨੂੰ ਆਜ਼ਾਦ ਮਹਿਸੂਸ ਕਰਦੇ ਤੇ ਸਿਰ ਚੁੱਕ ਕੇ ਤੁਰਦੇ। ਗਸ਼ਤੀ-ਫੌਜ ਦੇ ਸਿਪਾਹੀ ਉਹਨਾਂ ਦਾ ਪਿੱਛਾ ਕਰਨ ਦੇ ਬਜਾਏ ਆਮ ਲੋਕਾਂ ਨੂੰ ਲੁੱਟਦੇ ਤੇ ਤੰਗ ਕਰਦੇ ਸਨ। ਸਰਕਾਰ ਕੋਲ ਉਹਨਾਂ ਨੂੰ ਤਨਖਾਹ ਦੇਣ ਲਈ ਪੈਸੇ ਨਹੀਂ ਸੀ। ਇਸ ਲਈ ਬਗਾਵਤ, ਅਸੰਤੋਖ ਤੇ ਰੋਸ ਦੀ ਅਜਿਹੀ ਹਨੇਰੀ ਉਠੀ ਕਿ ਚਾਰੇ ਪਾਸੇ ਹਫੜਾ-ਦਫੜੀ ਮੱਚ ਗਈ। ਜ਼ਕਰੀਆ ਖਾਂ ਦੀ ਦਮਨ ਨੀਤੀ ਅਸਫਲ ਹੋ ਗਈ। ਉਸ ਲਈ ਰਾਜ-ਭਾਗ ਚਲਾਉਣਾ ਅਸੰਭਵ ਹੋ ਗਿਆ। ਖਜਾਨਾ ਖਾਲੀ ਸੀ। ਸੈਨਾ ਨੂੰ ਤਨਖਾਹ ਦਿੱਤੀ ਜਾਏ ਤਾਂ ਕਿਵੇਂ ਦਿੱਤੀ ਜਾਏ ? ਲਗਾਨ ਕਿਸ ਤੋਂ ਉਗਰਾਇਆ ਜਾਏ ? ਖੇਤੀ, ਵਪਾਰ ਸਭ ਚੌਪਟ ਹੋ ਚੁੱਕਿਆ ਸੀ। ਜਿਹੜਾ ਮਾਮਲਾ ਉਗਰਾਹ ਕੇ ਦਿੱਲੀ ਭੇਜਿਆ ਜਾਂਦਾ ਸੀ, ਉਹ ਵੀ ਜਾਣਾ ਬੰਦ ਹੋ ਗਿਆ ਸੀ।

ਸਿੱਖਾਂ ਨੂੰ ਖਤਮ ਕਰਨ ਦਾ ਸੁਪਨਾ ਚੂਰ-ਚੂਰ ਹੋ ਗਿਆ। ਉਹਨਾਂ ਦੀ ਗਿਣਤੀ ਹੁਣ ਉਸ ਗਿਣਤੀ ਨਾਲੋਂ ਦੁੱਗਣੀ ਹੋ ਚੁੱਕੀ ਸੀ, ਜਿਹੜੀ ਬੰਦਾ ਬਹਾਦਰ ਦੇ ਪੰਜਾਬ ਆਉਣ ਵੇਲੇ ਸੀ।

(ਚਲਦਾ...)

## ਸਿੰਘੂ ਬਾਰਡਰ 'ਤੇ...

ਅਤੇ ਇੱਕ ਟਰੈਕਟਰ ਉਪਰ ਵੀ ਅਜਿਹੇ 'ਪ੍ਰੈਸ਼ਰ ਵਾਲੇ' ਪ੍ਰਬੰਧ ਕੀਤੇ ਹੋਏ ਹੋਣ ਕਰਕੇ ਅੱਗ ਕਾਬੂ ਕਰਨ 'ਚ ਕਾਮਯਾਬੀ ਹਾਸਲ ਕੀਤੀ। ਫਾਇਰ ਬ੍ਰਿਗੇਡ ਦੀ ਗੱਡੀ ਤੇ ਸਥਾਨਕ ਪੁਲੀਸ ਵੀ ਬਾਅਦ ਵਿੱਚ ਮੌਕੇ ਉਪਰ ਪਹੁੰਚੀ। ਭਾਰਤੀ ਕਿਸਾਨ ਯੂਨੀਅਨ (ਡਕੌਂਦਾ) ਦੇ ਜਨਰਲ ਸਕੱਤਰ ਜਗਮੋਹਨ ਸਿੰਘ ਪਟਿਆਲਾ ਤੇ ਬੀਕੇਯੂ (ਕਾਦੀਆਂ) ਦੇ ਬਲਵਿੰਦਰ ਸਿੰਘ ਸਾਬੀ ਨੇ ਕਿਹਾ ਕਿ ਪਹਿਲਾਂ ਹੀ ਵਾਲੰਟੀਅਰ ਚੌਕਸ ਸਨ ਅਤੇ ਅੱਗ ਕਾਬੂ ਕਰਨ ਮਗਰੋਂ ਵਾਲੰਟੀਅਰਾਂ ਨੇ ਡਿਊਟੀਆਂ ਦਿੱਤੀਆਂ। ਉਨ੍ਹਾਂ ਕਿਹਾ ਕਿ ਪੁਲੀਸ ਨੇ ਅਜੇ ਤੱਕ ਕੋਈ ਕਾਰਵਾਈ ਨਹੀਂ ਕੀਤੀ।

## ਨਵਜੋਤ ਸਿੱਧੂ ਸੀਐੱਮ...

ਸਿੱਧੂ ਨੇ ਗੁਰਦੁਆਰਾ ਸਾਹਿਬ ਵਿਖੇ ਅਰਦਾਸ ਕਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਦੋਸ਼ੀਆਂ ਲਈ ਮਿਸਾਲੀ ਸਜ਼ਾਵਾਂ ਦੀ ਅਰਦਾਸ ਕੀਤੀ। ਇਸ ਤੋਂ ਬਾਅਦ ਉਨ੍ਹਾਂ ਪਿੰਡ ਵਾਸੀਆਂ ਨਾਲ ਵੀ ਗੱਲਬਾਤ ਕੀਤੀ। ਉਨ੍ਹਾਂ ਕਿਹਾ ਕਿ ਦੋਸ਼ੀਆਂ ਨੂੰ ਅਜਿਹੀ ਸਜ਼ਾ ਮਿਲਣੀ ਚਾਹੀਦੀ ਹੈ ਕਿ ਉਨ੍ਹਾਂ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਯਾਦ ਰੱਖਣ।

ਜ਼ਿਕਰਯੋਗ ਹੈ ਕਿ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਦੇ ਇਸੇ ਗੁਰਦੁਆਰਾ ਸਾਹਿਬ ਤੋਂ 1 ਜੂਨ 2015 ਨੂੰ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਸਰੂਪ ਚੋਰੀ ਕੀਤਾ ਗਿਆ ਸੀ ਤੇ ਕੁਝ ਸਮੇਂ ਬਾਅਦ 12 ਅਕਤੂਬਰ 2015 ਨੂੰ ਬਰਗਾੜੀ ਦੇ ਗੁਰਦੁਆਰਾ ਸਾਹਿਬ ਦੇ ਬਾਹਰ ਪਾਵਨ ਸਰੂਪ ਦੀ ਬੇਅਦਬੀ ਕੀਤੀ ਗਈ। ਪੰਜਾਬ ਕਾਂਗਰਸ ਦਾ ਪ੍ਰਧਾਨ ਬਣਨ ਤੋਂ ਪਹਿਲਾਂ ਵੀ ਸਿੱਧੂ ਨੇ ਵਿਸਾਖੀ ਮੌਕੇ ਬੁਰਜ ਜਵਾਹਰ ਸਿੰਘ ਵਾਲਾ ਦੇ ਗੁਰਦੁਆਰਾ ਸਾਹਿਬ ਪਹੁੰਚ ਕੇ ਮੱਥਾ ਟੇਕਿਆ ਸੀ ਤੇ ਬੇਅਦਬੀ ਦੀਆਂ ਘਟਨਾਵਾਂ 'ਚ ਇਨਸਾਫ਼ ਦਿਵਾਉਣ ਦਾ ਸੰਕਲਪ ਕੀਤਾ ਸੀ।

**ਸਿੱਧੂ ਵਲੋਂ ਕੈਪਟਨ ਦੀ ਤਿਖੀ ਆਲੋਚਨਾ**

ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ 'ਤੇ ਤਕੜੇ ਹਮਲੇ ਕੀਤੇ ਤੇ ਕਿਹਾ ਕਿ ਕੈਪਟਨ ਹੁਣ ਇਕੱਲਾ ਹੈ ਤੇ ਉਸ ਦੀ ਪਤਨੀ ਤੱਕ ਵੀ ਨਾਲ ਨਹੀਂ ਹੈ । ਸਿੱਧੂ ਨੇ ਕਿਹਾ ਕਿ ਕੈਪਟਨ ਚੱਲਿਆ ਕਾਰਤੂਸ ਹੈ ਤੇ ਉਹ (ਸਿੱਧੂ) ਕਿਸੇ ਚੱਲੇ ਹੋਏ ਕਾਰਤੂਸ ਨਾਲ ਕਦੇ ਗੱਲ ਨਹੀਂ ਕਰਦੇ । ਪ੍ਰਦੇਸ਼ ਕਾਂਗਰਸ ਪ੍ਰਧਾਨ ਨੇ ਕਿਹਾ ਕਿ ਕੈਪਟਨ ਦੀ ਹਾਲਤ ਤਾਂ ਅਜਿਹੀ ਹੋ ਗਈ ਹੈ ਕਿ ਉਸ ਦੇ ਨਾਲ ਇਕ ਕੌਂਸਲਰ ਤੱਕ ਖੜ੍ਹਾ ਨਹੀਂ ਦਿਖ ਰਿਹਾ । ਸਿੱਧੂ ਨੇ ਕਿਹਾ ਕਿ ਪੰਜਾਬ ਵਿਚ ਛੇਤੀ ਹੀ ਨਵੀਆਂ ਲੋਕ ਹਿੱਤੂ ਨੀਤੀਆਂ ਬਣਾਈਆਂ ਜਾਣਗੀਆਂ, ਜਿਨ੍ਹਾਂ ਨਾਲ ਸੂਬੇ 'ਚ ਸੁਧਾਰ ਹੋਵੇਗਾ ਙ ਇਸ ਤੋਂ ਇਲਾਵਾ ਰੇਤ ਦੇ ਰੇਟ ਨਿਰਧਾਰਿਤ ਕੀਤੇ ਜਾਣਗੇ, ਜਿਸ ਨਾਲ ਪੰਜਾਬੀਆਂ ਨੂੰ ਇਮਾਰਤ ਉਸਾਰੀ ਵਿਚ ਵੱਡੀ ਰਾਹਤ ਮਿਲੇਗੀ । ਉਨ੍ਹਾਂ ਕਿਹਾ ਕਿ ਸ਼ਰਾਬ, ਰੇਤ, ਟਰਾਂਸਪੋਰਟ ਆਦਿ ਮਾਫੀਆ ਨੂੰ ਜੜੋਂ ਖ਼ਤਮ ਕਰਕੇ ਪੰਜਾਬ ਦੇ ਖ਼ਜ਼ਾਨੇ ਨੂੰ ਭਰਨ ਲਈ ਚੰਗੀ ਨੀਤੀ ਤੇ ਨੀਅਤ ਚਾਹੀਦੀ ਹੈ, ਜਿਸ ਦੀ ਤਾਜ਼ਾ ਉਦਾਹਰਣ ਕੈਬਨਿਟ ਮੰਤਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਪੇਸ਼ ਕਰਦੇ ਹੋਏ ਸਿਰਫ ਕੁਝ ਦਿਨਾਂ 'ਚ ਹੀ ਪੰਜਾਬ ਰੋਡਵੇਜ਼ ਨੂੰ ਰੋਜ਼ਾਨਾ 50 ਲੱਖ ਰੁਪਏ ਦਾ ਮੁਨਾਫਾ ਕਮਾਉਣ ਦੇ ਕਾਬਿਲ ਬਣਾ ਦਿੱਤਾ ਹੈ ਙ ਉਨ੍ਹਾਂ ਕੈਪਟਨ ਅਮਰਿੰਦਰ ਸਿੰਘ ਤੇ ਸ਼੍ਰੋਮਣੀ ਅਕਾਲੀ ਦਲ 'ਤੇ ਵਰ੍ਹਦਿਆਂ ਕਿਹਾ ਕਿ ਸੱਤਾ ਦੌਰਾਨ ਇਨ੍ਹਾਂ ਲੋਕਾਂ ਨੇ ਕੁਦਰਤੀ ਸ੍ਰੋਤਾਂ ਦੀ ਅੰਨ੍ਹੇਵਾਹ ਲੁੱਟ ਕਰਕੇ ਪੰਜਾਬ ਨੂੰ ਬਦਹਾਲੀ ਦੇ ਕਿਨਾਰੇ ਲਿਆ ਕੇ ਖੜ੍ਹਾ ਕਰ ਦਿੱਤਾ ਹੈ ।ਉਨ੍ਹਾਂ ਤੰਜ ਕੱਸਦੇ ਹੋਏ ਕਿਹਾ ਕਿ ਜੇਕਰ ਕੈਪਟਨ ਨੂੰ ਰੇਤ ਮਾਫੀਆ ਸਬੰਧੀ ਜਾਣਕਾਰੀ ਸੀ ਤਾਂ ਉਨ੍ਹਾਂ ਠੋਸ ਕਾਰਵਾਈ ਨਾ ਕਰਦੇ ਹੋਏ ਆਪਣੀ ਕਾਇਰਤਾ ਤੇ ਬੁਜ਼ਦਿਲੀ ਦਾ ਸਬੂਤ ਦਿੱਤਾ ।

## ਬੰਦੀ ਸਿੱਖਾਂ ਦੀ ਰਿਹਾਈ...

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦਿੱਲੀ ਕਮੇਟੀ ਦੇ ਸਾਬਕਾ ਮੈਂਬਰ ਚਮਨ ਸਿੰਘ ਸ਼ਾਹਪੁਰਾ ਨੇ ਅਫਸੋਸ ਪ੍ਰਗਟ ਕੀਤਾ ਕਿ ਸਾਡੀ ਲੀਡਰਸ਼ਿਪ ਦੀ ਅਣਗਹਿਲੀ ਕਾਰਨ ਅੱਜ ਸਿੱਖ ਕੈਦੀਆਂ ਨੂੰ ਰਿਹਾਅ ਨਹੀਂ ਕੀਤਾ ਜਾ ਰਿਹਾ। ਸਿੱਖ ਕੈਦੀਆਂ ਦੇ ਬੇਲੋੜੇ ਜੇਲ੍ਹਾਂ ਵਿੱਚ ਬੰਦ ਰਹਿਣ ਪਿੱਛੇ ਸਿਆਸੀ ਆਗੂਆਂ ਦੀ ਆਪਣੇ ਨਿੱਜੀ ਹਿੱਤਾਂ ਲਈ ਰਖੀ ਚੁੱਪੀ ਵੀ ਵੱਡਾ ਕਾਰਨ ਹੈ। ਪਰਮਿੰਦਰ ਪਾਲ ਸਿੰਘ ਨੇ ਦੱਸਿਆ ਕਿ ਆਮ ਤੌਰ 'ਤੇ ਜੇਲ੍ਹਾਂ ਵਿੱਚ ਬੰਦ ਕੈਦੀਆਂ ਨੂੰ ਚੰਗੇ ਆਚਰਣ ਕਾਰਨ ਸਜ਼ਾਵਾਂ ਅਤੇ ਪੈਰੋਲ ਆਦਿ ਵਿੱਚ ਕਟੌਤੀ ਮਿਲਦੀ ਹੈ। ਪਰ ਸਿੱਖ ਕੈਦੀਆਂ ਨੂੰ ਇਹ ਅਧਿਕਾਰ ਦੇਣ ਵਿੱਚ ਵੀ ਜੇਲ੍ਹ ਪ੍ਰਸ਼ਾਸਨ ਢਿੱਲਮੱਠ ਕਰ ਰਿਹਾ ਹੈ। ਸੀ.ਬੀ.ਆਈ ਜਾਂਚ ਵਾਲੇ ਕੇਸਾਂ ਆਦਿ ਦੇ ਬਹਾਨੇ ਸਿੱਖ ਕੈਦੀਆਂ ਨੂੰ ਜੇਲ੍ਹ ਮੈਨੂਅਲ ਵਿਚ ਦੱਸੇ ਨਿਯਮਾਂ ਦੀ ਪਾਲਣਾ ਕਰਨ ਤੋਂ ਰੋਕਿਆ ਜਾਂਦਾ ਹੈ। ਇਸ ਮੌਕੇ ਅਰਦਾਸ ਵਿੱਚ ਸ਼ਾਮਲ ਸਮੂਹ ਸਮਾਜਿਕ ਕਾਰਕੁੰਨਾ ਨੇ ਕੇਂਦਰ ਸਰਕਾਰ ਤੋਂ ਸਿੱਖ ਬੰਦੀਆਂ ਦੀ ਤੁਰੰਤ ਰਿਹਾਈ ਦੀ ਮੰਗ ਕੀਤੀ।

## 21ਵੀਂ ਸਦੀ ਦਾ ਨਵਾਂ...

ਖਾਣੇ ਦੇ ਟੇਬਲ 'ਤੇ ਜਦੋਂ ਸਾਰਾ ਪਰਿਵਾਰ ਇਕੱਠਾ ਹੁੰਦਾ ਹੈ ਤਾਂ ਇਹ ਕੀਮਤੀ ਸਮਾਂ ਆਪਸ ਵਿੱਚ ਗੱਲਾਂ ਕਰਨ ਲਈ ਹੋਣਾ ਚਾਹੀਦਾ ਹੈ ਨਾ ਕਿ ਮੂੰਹ ਚਲਾਉਂਦੇ ਹੋਏ ਟੀ.ਵੀ. ਸਕਰੀਨ ਵੱਲ ਦੇਖਣ ਦਾ। ਖਾਣ ਸਮੇਂ ਟੀ.ਵੀ. ਦਾ ਸਵਿੱਚ ਬੰਦ ਕਰਨ ਵਿੱਚ ਹੀ ਭਲਾਈ ਹੈ।

* ਬੱਚਿਆਂ ਦੇ ਬੈੱਡਰੂਮ ਵਿੱਚ ਕਦੇ ਵੀ ਟੀ.ਵੀ. ਨਹੀਂ ਹੋਣਾ ਚਾਹੀਦਾ ਅਤੇ ਕੋਸ਼ਿਸ਼ ਕਰੋ ਕਿ ਤੁਹਾਡੇ ਬੈੱਡਰੂਮ ਵਿੱਚ ਵੀ ਨਾ ਹੋਵੇ।

ਯਕੀਨਨ ਸਕਰੀਨ ਨੂੰ ਅਸੀਂ ਆਪਣੀ ਅਤੇ ਆਪਣੇ ਬੱਚਿਆਂ ਦੀ ਜ਼ਿੰਦਗੀ 'ਚੋਂ ਮਨਫੀ ਤਾਂ ਨਹੀਂ ਕਰ ਸਕਦੇ, ਪਰ ਸਕਰੀਨ ਟਾਈਮ 'ਤੇ ਕੰਟਰੋਲ ਕਰਨਾ ਹੁਣ ਇੱਕ ਜ਼ਰੂਰਤ ਬਣ ਗਿਆ ਹੈ। ਜੇ ਤੁਸੀਂ ਹਾਲੇ ਇਸ ਬਾਰੇ ਨਹੀਂ ਸੋਚਿਆ ਤਾਂ ਦੇਰੀ ਨਾ ਕਰੋ।

## ਕਮਾਲ ਦੀ ਸੀ ਜਸਦੇਵ...

ਕਈ ਪੀੜੀਆਂ ਨੂੰ ਉਨਾਂ ਵਰਗੀ ਮਜ਼ੇਦਾਰ ਕੁਮੈਂਟੇਟਰ ਦੇ ਅਨੁਸਾਰ, ਇਹ ਕਲਾ, ਇਹ ਫ਼ਨ ਲਗਨ ਨਾਲ ਆਉਂਦਾ ਹੈ। ਕੁਮੈਂਟਰੀ ਦੇ ਰੂਪ ਵਿਚ ਅੱਖੀਂ ਡਿੱਠਾ ਹਾਲ ਸੁਣਾਉਣ ਵਾਲੀ ਇਕ ਸੰਸਥਾ ਦੇ ਰੂਪ ਵਿਚ ਸਾਨੂੰ ਜਸਦੇਵ ਸਿੰਘ ਦਿਖਾਈ ਦਿੰਦੇ ਹਨ। ਉਨਾਂ ਅਨੁਸਾਰ ਉਨਾਂ ਤੋਂ ਬਾਅਦ ਉਨਾਂ ਨੂੰ ਸਫਲ ਕੁਮੈਂਟਰੀ ਕਰਨ ਵਾਲੀ ਕੋਈ ਪੀੜੀ ਦਿਖਾਈ ਨਹੀਂ ਦਿੰਦੀ ਕਿਉਂਕਿ ਬੋਲਚਾਲ ਦੀ ਭਾਸ਼ਾ ਵੱਲ ਕਿਸੇ ਦਾ ਧਿਆਨ ਨਹੀਂ। ਖੇਡ ਦੀ ਤਾਰੀਫ਼ ਕਰੋ, ਖਿਡਾਰੀ ਦੀ ਤਾਰੀਫ਼ ਕਰੋ, ਖੇਡ ਦੇ ਅੰਦਾਜ਼ ਦੀ ਪ੍ਰਸੰਸਾ ਕਰੋ, ਬਜਾਏ ਇਸ ਦੇ ਕਿ ਨਤੀਜੇ 'ਤੇ ਜਾਓ। ਸੁੰਦਰ ਭਾਸ਼ਾ ਸ਼ੈਲੀ ਦਾ ਪ੍ਰਯੋਗ ਕਰੋ। 49 ਵਾਰੀ ਗਣਤੰਤਰ ਦਿਵਸ ਅਤੇ 49 ਵਾਰੀ ਹੀ ਅਜ਼ਾਦੀ ਦਿਵਸ ਪਰੇਡ 'ਤੇ ਕੁਮੈਂਟਰੀ ਕਰਨ ਵਾਲੇ ਜਸਦੇਵ ਸਿੰਘ ਨੇ ਦੱਸਿਆ ਕਿ ਭਾਰਤ ਦੀ ਕੌਮੀ ਖੇਡ ਹਾਕੀ ਦੀ ਬਦੌਲਤ ਹੀ ਉਹ ਵਿਸ਼ਵ ਦੇ ਇਕੋ ਇਕ ਐਸੇ ਵਿਅਕਤੀ ਬਣੇ ਜਿਨਾਂ ਨੂੰ ਹਿੰਦੀ ਖੇਡ ਕੁਮੈਂਟਰੀ ਲਈ 'ਉਲੰਪਿਕ ਆਰਡਰ' ਦਾ ਸਨਮਾਨ ਮਿਲਿਆ। ਮਹਾਰਾਜਾ ਕਾਲਜ ਜੈਪੁਰ ਦੇ ਇਸ ਵਿਦਿਆਰਥੀ ਨੂੰ ਹਮੇਸ਼ਾ ਲਾਲ ਰੰਗ ਦੀ ਪਗੜੀ ਬੰਨ ਕੇ ਹੀ ਕੁਮੈਂਟਰੀ ਕਰਨਾ ਪਸੰਦ ਸੀ। ਜੈਪੁਰ ਦੇ ਨੇੜੇ ਕਸਬੇ ਚਾਕਸ ਤੋਂ ਪੜੇ, ਪਿਤਾ ਸ: ਭਗਵੰਤ ਸਿੰਘ ਅਤੇ ਮਾਤਾ ਮਿਸਿਜ਼ ਰਜਵੰਤ ਕੌਰ ਦੇ ਬੇਟੇ ਜਸਦੇਵ ਸਿੰਘ ਨੇ ਦੁਨੀਆ ਭਰ ਦੇ ਹਾਕੀ ਪ੍ਰੇਮੀਆਂ ਦਾ ਧੰਨਵਾਦ ਕਰਨਾ ਚਾਹਿਆ, ਜਿਨਾਂ ਦੇ ਪਿਆਰ ਅਤੇ ਪਸੰਦਗੀ ਕਰਕੇ ਹੀ ਉਨਾਂ ਨੂੰ ਵਿਸ਼ਵ ਪੱਧਰ 'ਤੇ ਸ਼ੁਹਰਤ ਅਤੇ ਸਤਿਕਾਰ ਮਿਲਿਆ। ਜਾਣਾ ਤਾਂ ਹਰ ਜੀਵ ਨੇ ਹੁੰਦੈ, ਇਹ ਇਕ ਅਟੱਲ ਸਚਾਈ ਹੈ ਪਰ ਹਾਕੀ ਜਗਤ ਅੰਦਰ ਉਸ ਵੇਲੇ ਸੁੰਨ ਪਸਰ ਗਈ ਜਦੋਂ ਹਾਕੀ ਪ੍ਰੇਮੀਆਂ ਦੇ ਕੰਨੀਂ ਇਹ ਖ਼ਬਰ ਪਈ ਕਿ 25 ਸਤੰਬਰ, 2018 ਨੂੰ ਭਾਰਤੀ ਹਾਕੀ ਦੀ ਅਵਾਜ਼ ਜਸਦੇਵ ਸਿੰਘ ਕੁਮੈਂਟੇਟਰ ਨਹੀਂ ਰਹੇ।

## ਨਾਰਨੌਂਦ ਵਿੱਚ ਕੱਲ੍ਹ 3...

ਇਸ 'ਤੇ ਜਲਦੀ ਕਾਬੂ ਪਾ ਲਿਆ ਗਿਆ ਸੀ ਅਤੇ ਇਹ ਸਪੱਸ਼ਟ ਨਹੀਂ ਹੋ ਸਕਿਆ ਕਿ ਅੱਗ ਕਿਵੇਂ ਲੱਗੀ। ਹਾਲਾਂਕਿ ਪ੍ਰਦਰਸ਼ਨਕਾਰੀ ਕਿਸਾਨ ਅਜਿਹੇ ਹਾਦਸਿਆਂ ਅਤੇ ਹੋਰ ਕਈ ਤਰ੍ਹਾਂ ਦੀਆਂ ਮੁਸੀਬਤਾਂ ਤੋਂ ਬੇਖ਼ਬਰ ਹਨ।

ਆਪਣੀਆਂ ਲਿਖਤਾਂ ਰਾਹੀਂ ਇਨਕਲਾਬੀ ਅਤੇ ਦਲਿਤ ਚੇਤਨਾ ਜਗਾਉਣ ਵਾਲੇ ਪੰਜਾਬੀ ਕਵੀ ਸੰਤ ਰਾਮ ਉਦਾਸੀ ਦੀ ਅੱਜ 25ਵੀਂ ਬਰਸੀ ਹੈ। ਉਹ ਮਜ਼ਦੂਰ-ਕਿਸਾਨ ਏਕਤਾ ਦੇ ਪ੍ਰਤੀਕ ਸਨ ਅਤੇ ਸੰਯੁਕਤ ਕਿਸਾਨ ਮੋਰਚਾ ਉਹਨਾਂ ਨੂੰ ਸ਼ਰਧਾਂਜਲੀ ਭੇਟ ਕਰਦਾ ਹੈ।

ਵੱਖ-ਵੱਖ ਹਿੱਸਿਆਂ ਵਿੱਚ ਕਿਸਾਨਾਂ ਨੂੰ ਡੀਏਪੀ ਅਤੇ ਹੋਰ ਖਾਦਾਂ ਤੱਕ ਪਹੁੰਚਣ ਵਿੱਚ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਘਾਟ ਨਾਲ ਸਬੰਧਤ ਮੌਤਾਂ ਅਤੇ ਖੁਦਕੁਸ਼ੀਆਂ ਦੀਆਂ ਘਟਨਾਵਾਂ ਲਗਾਤਾਰ ਸਾਹਮਣੇ ਆ ਰਹੀਆਂ ਹਨ ਅਤੇ ਮੋਰਚਾ ਮੰਗ ਕਰਦਾ ਹੈ ਕਿ ਭਾਰਤ ਸਰਕਾਰ ਬਿਨਾਂ ਕਿਸੇ ਕਾਲਾਬਾਜ਼ਾਰੀ ਦੇ ਸਥਿਰ ਅਤੇ ਸਮੇਂ ਸਿਰ ਸਪਲਾਈ ਯਕੀਨੀ ਬਣਾਏ।

ਕਿਸਾਨ ਖ਼ੁਦਕੁਸ਼ੀਆਂ ਬਾਰੇ ਭਾਰਤ ਸਰਕਾਰ ਦਾ ਹਾਲ ਹੀ ਵਿੱਚ ਜਾਰੀ ਕੀਤਾ ਐਨਸੀਆਰਬੀ ਡੇਟਾ ਬਹੁਤ ਹੀ ਸ਼ੱਕੀ ਹੈ, ਜਿਵੇਂ ਕਿ ਕਈ ਮਾਹਰਾਂ ਦੁਆਰਾ ਦਰਸਾਇਆ ਗਿਆ ਹੈ। ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ, ਕਈ ਰਾਜਾਂ ਜਿਵੇਂ ਬਿਹਾਰ, ਪੱਛਮੀ ਬੰਗਾਲ, ਉਤਰਾਖੰਡ, ਤ੍ਰਿਪੁਰਾ ਆਦਿ ਵਿੱਚ ਜ਼ੀਰੋ ਕਿਸਾਨ ਖੁਦਕੁਸ਼ੀਆਂ ਹੋਣ ਦੀ ਰਿਪੋਰਟ ਹੈ, ਜੋ ਕਿ ਸਿਰਫ ਅੰਕੜਿਆਂ ਦੀ ਹੇਰਾਫੇਰੀ ਹੈ। ਇਸ ਤੋਂ ਇਲਾਵਾ, ਜ਼ਿਆਦਾਤਰ ਰਾਜਾਂ ਵਿੱਚ, ਉਦਾਹਰਨ ਲਈ, ਪੰਜਾਬ ਦੀਆਂ ਯੂਨੀਵਰਸਿਟੀਆਂ ਦੁਆਰਾ ਕੀਤੇ ਗਏ ਇੱਕ ਵਿਆਪਕ ਸਰਵੇਖਣ ਸਮੇਤ ਹੋਰ ਸਰੋਤਾਂ ਦੁਆਰਾ ਇਕੱਤਰ ਕੀਤੇ ਗਏ ਅੰਕੜਿਆਂ ਦੀ ਤੁਲਨਾ ਵਿੱਚ ਸੰਖਿਆਵਾਂ ਨੂੰ ਕਾਫ਼ੀ ਹੱਦ ਤੱਕ ਦਬਾਇਆ ਜਾਂਦਾ ਹੈ। ਐਨਸੀਆਰਬੀ ਨੰਬਰ ਅਜਿਹੇ ਸਰਵੇਖਣਾਂ ਰਾਹੀਂ ਪ੍ਰਾਪਤ ਕੀਤੇ ਗਏ ਅੰਕੜਿਆਂ ਨਾਲੋਂ ਅੱਧੇ ਤੋਂ ਵੀ ਘੱਟ ਹਨ। ਸੰਯੁਕਤ ਕਿਸਾਨ ਮੋਰਚਾ ਇੱਕ ਵਾਰ ਫਿਰ ਦੱਸਦਾ ਹੈ ਕਿ ਐਮਐਸਪੀ ਦੀ ਕਾਨੂੰਨੀ ਗਾਰੰਟੀ ਦੇ ਆਲੇ-ਦੁਆਲੇ ਇਸਦੀ ਮੁੱਖ ਮੰਗ ਕਿਸਾਨਾਂ ਨੂੰ ਹੋ ਰਹੀ ਪ੍ਰੇਸ਼ਾਨੀ ਨੂੰ ਹੱਲ ਕਰਨ ਲਈ ਇੱਕ ਮਹੱਤਵਪੂਰਨ ਹੱਲ ਹੋਵੇਗੀ, ਅਤੇ ਭਾਰਤ ਸਰਕਾਰ ਨੂੰ ਬਿਨਾਂ ਕਿਸੇ ਦੇਰੀ ਦੇ ਇਸ ਮੰਗ ਨੂੰ ਪੂਰਾ ਕਰਨ ਲਈ ਕਹਿੰਦਾ ਹੈ।

## 'ਸੁਪਨੇ ਆਇਆ...

ਦੁਨਿਆਵੀ ਵਿਅਕਤੀ ਜੋ ਹਰ ਸਮੇਂ ਚੰਗੇ ਮਾੜੇ ਕਰਮਾਂ ਵਿੱਚ ਆਪਣਾ ਜੀਵਨ ਬਤੀਤ ਕਰ ਰਿਹਾ ਹੈ ਜਦੋਂ ਉਸ ਦੀ ਮੌਤ ਹੁੰਦੀ ਹੈ ਤਾਂ ਦੋਸ਼ ਦੇ ਇਨਾਂ ਚੰਗੇ ਮਾੜੇ ਕਰਮਾਂ ਦਾ ਹੀ ਲੇਖਾ ਜੋਖਾ ਇਸ ਦੁਨਿਆਵੀ ਸੁਪਨੇ ਵਿਚੋਂ ਨਿਕਲ ਕੇ ਸੱਚ ਦੀ ਰੋਸ਼ਨੀ ਨੂੰ ਦੇਣਾ ਪੈਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਵਿਚਲੀ ਗੁਰਬਾਣੀ ਵੀ ਫਰਮਾਉਂਦੀ ਹੈ ਕੀ ਇਸ ਸੰਸਾਰ ਵਿੱਚ ਕੋਈ ਵੀ ਸਥਿਰ ਨਹੀਂ ਰਿਹਾ ਜਿਸ ਨੇ ਵੀ ਜਨਮ ਲਿਆ ਹੈ ਉਸ ਦੀ ਮੌਤ ਨਿਸ਼ਚਿਤ ਹੈ ।

ਰਾਮੁ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰੁ ॥ ਕਹੁ ਨਾਨਕ ਥਿਰੁ ਕਛੁ ਨਹੀ ਸੁਪਨੇ ਜਿਉ ਸੰਸਾਰੁ ।।

ਸੋ ਇਸ ਸੁਪਨਿਆਂ ਦੇ ਸੰਸਾਰ ਵਿੱਚ ਵਿਚਰਦੇ ਹੋਏ ਉਸ ਅਕਾਲ ਪੁਰਖ ਨਾਲ ਵੀ ਆਪਣੀ ਰੂਹ ਨੂੰ ਇਕਮਿਕ ਕਰ ਕੇ ਆਨੰਦਮਈ ਜੀਵਨ ਬਤੀਤ ਕਰਦੇ ਹੋਏ ਆਪਣੇ ਜੀਵਨ ਦਾ ਸਫ਼ਰ ਤੈਅ ਕਰੀਏ ਤਾਂ ਜੋ ਇਸ ਸੁਪਨਿਆਂ ਵਾਲੇ ਸੰਸਾਰ ਵਿੱਚ ਰਹਿ ਕੇ ਹੀ ਉਸ ਅਕਾਲ ਪੁਰਖ ਨੂੰ ਪਾਇਆ ਜਾ ਸਕੇ ।

## ਭਾਰਤੀ ਰਾਜਨੀਤੀ ਵਿਚ...

ਰਵਾਇਤ ਪੱਖੋਂ ਪੰਜਾਬ ਦੀ ਰਾਜਨੀਤੀ ਵਿਚ ਦੋ ਹੀ ਪ੍ਰਮੁੱਖ ਪਾਰਟੀਆਂ ਕਾਂਗਰਸ ਅਤੇ ਅਕਾਲੀ ਦਲ ਦੀ ਪ੍ਰਧਾਨਤਾ ਰਹੀ ਹੈ ।੨੦੧੭ ਵਿਚ ਪੰਜਾਬ ਨੇ ਆਮ ਆਦਮੀ ਪਾਰਟੀ ਦੇ ਰੂਪ ਵਿਚ ਤੀਜੀ ਧਿਰ ਸ਼ਕਤੀਸ਼ਾਲੀ ਤਰੀਕੇ ਨਾਲ ਉੱਭਰਦੀ ਦੇਖੀ ।ਆਮ ਆਦਮੀ ਪਾਰਟੀ ਨੇ ਪੰਜਾਬ ਦੇ ਪੇਂਡੂ ਖੇਤਰਾਂ ਵਿਚ ਆਪਣੇ ਲਈ ਜਗ੍ਹਾ ਬਣਾ ਲਈ ਹੈ ਜਿੱਥੇ ਉਨ੍ਹਾਂ ਦਾ ਉਦੇਸ਼ ਕਿਸਾਨ ਅੰਦੋਲਨ ਦਾ ਸਮਰਥਨ ਕਰਨਾ ਹੈ ।ਪਰ ਆਮ ਆਦਮੀ ਪਾਰਟੀ ਦਾ ਲੀਡਰਸ਼ਿਪ ਦਾ ਗੰਭੀਰ ਮੁੱਦਾ ਹੈ।

ਦੂਜੀਆਂ ਪਾਰਟੀਆਂ ਦੀ ਤਰਾਂ ਅਕਾਲੀ ਦਲ ਲੀਡਰਸ਼ਿਪ ਦੇ ਕਿਸੇ ਵੀ ਤਰਾਂ ਦੇ ਸੰਕਟ ਦਾ ਸਾਹਮਣਾ ਨਹੀਂ ਕਰ ਰਿਹਾ ਕਿਉਂਕਿ ਬਾਦਲ ਪਰਿਵਾਰ ਦਾ ਪਾਰਟੀ ਉੱਪਰ ਪੂਰਣ ਕੰਟਰੋਲ ਹੈ ।ਪਰ ਸਿਰਫ ਇਹੀ ਗੱਲ ਪਾਰਟੀ ਨੂੰ ਮੁੜ ਪੰਜਾਬ ਵਿਚ ਆਪਣੇ ਪੈਰ ਜਮਾਉਣ ਵਿਚ ਸਹਾਈ ਨਹੀਂ ਹੋ ਸਕਦੀ ਕਿਉਂਕਿ ਪੇਂਡੂ ਇਲਾਕਿਆਂ ਵਿਚ ਇਸ ਨੇ ਆਪਣਾ ਕਾਫੀ ਸਾਰਾ ਆਧਾਰ ਗੁਆ ਲਿਆ ਹੈ ।ਪੰਜਾਬ ਦੇ ਨਵੇਂ ਰਾਜਨੀਤਿਕ ਪਾਤਰਾਂ ਅਤੇ ਵੋਟਰਾਂ ਵਿਚ ਪੈਦਾ ਹੋ ਰਹੀ ਚੇਤਨਾ ਕਰਕੇ ਅਕਾਲੀ ਦਲ ਦੀ ਰਣਨੀਤੀ ਨੂੰ ਚੁਣੌਤੀ ਮਿਲ ਰਹੀ ਹੈ ।ਅਕਾਲੀ ਦਲ ਸਿੱਖਾਂ ਦੇ ਹਿੱਤਾਂ ਦਾ ਇਕੋ-ਇਕ ਰਾਖਾ ਹੋਣ ਦਾ ਦਾਅਵਾ ਕਰਦਾ ਰਿਹਾ ਹੈ, ਪਰ ਇਸ ਦੁਆਰਾ ਆਪਣੇ ਪੰਥਕ ਏਜੰਡੇ ਨੂੰ ਛੱਡਣਾ, ਆਨੰਦਪੁਰ ਸਾਹਿਬ ਦੇ ਮਤੇ ਨੂੰ ਨਿਰਸਤ ਕਰਨ, ਕਿਸਾਨੀ ਦੀਆਂ ਸਮੱਸਿਆਵਾਂ ਦਾ ਕੋਈ ਹੱਲ ਨਾ ਲੱਭ ਪਾਉਣਾ, ਅਕਾਲ ਤਖਤ ਦੇ ਜੱਥੇਦਾਰਾਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਕਮਜ਼ੋਰ ਹੋਣਾ ਅਤੇ ਅਕਾਲੀ ਦਲ ਦੇ ਪ੍ਰਧਾਨ ਦੁਆਰਾ ਕੋਈ ਠੋਸ ਚੁਣਾਵੀ ਰਣਨੀਤੀ ਨਾ ਪੇਸ਼ ਕਰਨ ਸਕਣ ਜਿਹੇ ਮੁੱਦਿਆਂ ਨੇ ਪਾਰਟੀ ਨੂੰ ਕਾਫੀ ਧੱਕਾ ਪਹੁੰਚਾਇਆ ਹੈ ।੨੦੧੭ ਵਿਚ ਅਕਾਲੀ ਦਲ ਦੀ ਹਾਰ ਲੰਮੇ ਸਮੇਂ ਤੋਂ ਇਸ ਵਿਚ ਹੋ ਰਹੇ ਪਤਨ ਦਾ ਠੋਸ ਰੂਪ ਸੀ ।੨੦੧੭ ਵਿਚ ਚੋਣਾਂ ਤੋਂ ਬਾਅਦ ਸੀਐਸਡੀਐਸ ਦੁਆਰਾ ਕਰਵਾਏ ਗਏ ਸਰਵੇ ਵਿਚ ਕਿਹਾ ਗਿਆ ਸੀ ਕਿ ਪੰਜਾਹ ਪ੍ਰਤੀਸ਼ਤ ਲੋਕ ਮੰਨਦੇ ਸਨ ਕਿ ਪਾਰਟੀ ਸਿੱਖਾਂ ਦੇ ਵਿਸ਼ਵਾਸ ਨੂੰ ਬਣਾਈ ਰੱਖਣ ਵਿਚ ਕਾਮਯਾਬ ਨਹੀਂ ਹੋਈ ਹੈ।

ਆਉਣ ਵਾਲੀਆਂ ਚੋਣਾਂ ਵਿਚ ਕਿਸਾਨ ਅੰਦੋਲਨ ਵੀ ਬਹੁਤ ਮਹੱਤਵਪੂਰਣ ਭੂਮਿਕਾ ਅਦਾ ਕਰੇਗਾ ।ਕੇਂਦਰ ਦੇ ਤਿੰਨ ਕਿਸਾਨੀ ਬਿੱਲਾਂ ਦੇ ਵਿਰੋਧ ਵਿਚ ਸਭ ਤੋਂ ਜਿਆਦਾ ਸਮਰਥਨ ਅੰਦੋਲਨ ਨੂੰ ਪੰਜਾਬ ਵਿਚੋਂ ਹੀ ਮਿਲਿਆ ਹੈ ।ਪਰ ਹੁਣ ਤੱਕ ਪੰਜਾਬ ਦੇ ਕਿਸਾਨਾਂ ਨੇ ਕਿਸੇ ਵੀ ਰਾਜਨੀਤਿਕ ਪਾਰਟੀ ਵੱਲ ਆਪਣਾ ਝੁਕਾਅ ਨਹੀਂ ਦਿਖਾਇਆ ਹੈ ।ਇਸ ਵਿਚ ਵੋਟਰਾਂ ਦੀ ਰਾਜਨੀਤਿਕ ਸਮਝ ਦਾ ਵੀ ਕਿਸਾਨ ਅੰਦੋਲਨ ਉੱਪਰ ਕਾਫੀ ਅਸਰ ਪਵੇਗਾ ।ਕਿਸਾਨ ਅੰਦੋਲਨ ਨਾਲ ਸੰਬੰਧਿਤ ਕੋਈ ਵੀ ਸਮਝੌਤਾ ਕੈਪਟਨ ਅਮਰਿੰਦਰ ਸਿੰਘ ਦੀਆਂ ਰਾਜਨੀਤਿਕ ਅਭਿਲਾਸ਼ਾਵਾਂ ਨੂੰ ਵੀ ਨਿਰਧਾਰਿਤ ਕਰੇਗਾ ।ਪੰਜਾਬ ਦੀ ਰਾਜਨੀਤਿਕ ਸ਼ਤਰੰਜ ਵਿਚ ਸਭ ਤੋਂ ਜਿਆਦਾ ਨੁਕਸਾਨ ਕੇਂਦਰ ਦੇ ਚਹੇਤੇ ਵਿਅਕਤੀ ਨੂੰ ਹੀ ਹੋਵੇਗਾ ।ਪੇਂਡੂ ਅਤੇ ਸ਼ਹਿਰੀ ਖੇਤਰਾਂ ਦੇ ਆਰਥਿਕ ਹਿੱਤਾਂ ਦੇ ਇਕ ਹੋ ਜਾਣ ਕਰਕੇ ਦਿੱਲੀ ਦੇ ਨੇਤਾਵਾਂ ਨਾਲ ਕਿਸੇ ਵੀ ਤਰਾਂ ਦੀ ਸਾਂਠ-ਗਾਂਠ ਉਨ੍ਹਾਂ ਲਈ ਪੰਜਾਬ ਵਿਚ ਨੁਕਸਾਨਦਾਈ ਸਿੱਧ ਹੋ ਸਕਦੀ ਹੈ।

ਇਕ ਗੱਲ ਪੂਰੀ ਤਰਾਂ ਸਪੱਸ਼ਟ ਹੈ ਕਿ ਪੰਜਾਬ ਦੀਆਂ ਸਾਰੀਆਂ ਹੀ ਪਾਰਟੀਆਂ ਨੂੰ ਚੁਣੌਤੀਆਂ ਦਾ ਸਾਹਮਣਾ ਕਰਨਾ ਪਵੇਗਾ ਕਿਉਂਕਿ ਉਨ੍ਹਾਂ ਦੇ ਸਾਹਮਣੇ ਪੰਜਾਬ ਉੱਪਰ ਕਰਜੇ ਦੀ ਪੰਡ, ਸੂਬੇ ਦੇ ਖਜਾਨੇ ਉੱਪਰ ਭਾਰ ਪਾ ਕੇ ਘੋਸ਼ਿਤ ਕੀਤੀਆਂ ਲੋਕ-ਲੁਭਾਵੀ ਨੀਤੀਆਂ ਉੱਪਰ ਰੋਕ ਲਗਾਉਣਾ, ਨਸ਼ੇ ਦੀ ਸਮੱਸਿਆ, ਬੇਰੋਜ਼ਗਾਰੀ, ਧਰਤੀ ਦਾ ਜ਼ਹਿਰੀਲਾ ਹੋਣਾ, ਡੂੰਘਾ ਹੋ ਰਹੇ ਪਾਣੀ, ਖੇਤੀ ਖੇਤਰ ਦੀਆਂ ਸਮੱਸਿਆਵਾਂ, ਉਦਯੋਗਾਂ ਦੀ ਅਸਫਲਤਾ ਅਤੇ ਭਾਰੀ ਗਿਣਤੀ ਵਿਚ ਪੰਜਾਬ ਤੋਂ ਬਾਹਰ ਪਲਾਇਨ ਕਰਦਾ ਨੌਜਵਾਨ ਵਰਗ ਜਿਹੇ ਭਾਰੀ ਮੁੱਦੇ ਹਨ ।ਦੁੱਖ ਦੀ ਗੱਲ ਇਹ ਹੈ ਕਿ ਪੰਜਾਬ ਦੇ ਰਾਜਨੇਤਾਵਾਂ ਦੇ ਸਰੋਕਾਰ ਮਹਿਜ਼ ਆਉਣ ਵਾਲੀਆਂ ਚੋਣਾਂ ਅਤੇ ਆਪਣੇ ਨਿੱਜੀ ਹਿੱਤਾਂ ਨਾਲ ਹੀ ਜੁੜੇ ਹੋਏ ਹਨ।

ਇਥੇ ਇਸ਼ਤਿਹਾਰ ਲਗਾਉਣ ਲਈ ਕਾਲ ਕਰੋ:
510-240-5949
Email:asrtimes@gmail.com

## FUEL DISCOUNTS

UPTO 80 CENTS PER GALLON DISCOUNT

MAJOR NETWORK OF TRUCK STOPS

## FUEL CARDS

NO CREDIT - NO PROBLEM

BEST CUSTOMER SERVICE






FLEET ONE FACTORING

WE WANT TO MAKE FACTORING EASY FOR YOU

SAME-DAY FUNDING - NO HIDDEN FEES

COMPETITIVE RATES - 97% ADVANCE RATE

## YOU BREAK DOWN

WE SHOW UP

24-HOUR ROADSIDE ASSISTANCE

## TRUCK REPAIR & TIRE DISCOUNTS

GET NATIONAL ACCOUNT

NEARLY 3,000 HIGHLY SKILLED TECHNICIANS COAST TO COAST

## FUEL MANAGEMENT

DAILY FUEL RATES IN PHONE APP

CALL FOR MORE INFO

**(855)641-6955, (888)795-7035**


jus HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE + 1-718-752-9293 | CALL TO SUBSCRIBE +1-800-246-6242
www.jusbroadcasting.com